PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
28th May - 4th June 2026 • Issue No. 3132
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com



IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!


Immigration Advice Bureau
Tel: 020 8571 6680
www.iabl.co.uk


## ਜੂਨ 1984 ਘੱਲੂਘਾਰੇ ਦੀ ਯਾਦ

### 42 ਸਾਲ ਬੀਤ ਜਾਣ ਬਾਅਦ ਵੀ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਅਤੇ ਸਿੱਖ ਕੌਮ ਨੂੰ ਇਨਸਾਫ ਨਹੀਂ ਮਿਲਿਆ !



ਸੰਨ ਚੌਰਾਸੀ ਉਨੀ ਸੌ ਸੀ ਜੂਨ ਮਹੀਨਾ । ਹਿੰਦ ਫੌਜ ਨੇ ਆ ਬੀੜੀਆਂ ਸੀ ਗੰਨ ਮਸ਼ੀਨਾ।
ਹਰਿਮੰਦਰ ਸਾਹਿਬ ਨੂੰ ਜ਼ਾਲਮਾਂ ਆ ਘੇਰਾ ਪਾਇਆ। ਸ਼ਹੀਦੀ ਪੁਰਬ ਤੇ ਚੰਦੂਆਂ, ਮੁੜ ਕਹਿਰ ਕਮਾਇਆ।
ਬਰਾੜ ਸੁੰਦਰਜੀ ਜਰਨੈਲ ਦੋ ਆ ਗਏ ਸੀ ਧਾਹ ਕੇ। ਵੈਰੀ ਜ਼ੁਲਮ ਕਮਾਉਣ ਲਈ, ਸਿੱਖ ਸੰਗਤ ਤੇ ਆ ਕੇ।
ਦਿੱਲੀ ਤਖ਼ਤ ਦਾ ਹੁਕਮ ਸੀ ਖਾਲੀ ਨਹੀਂ ਆਉਣਾ। ਸੰਤ ਜਿਉਂਦੇ ਪਕੜਨੇ ਜਾਂ ਮਾਰ ਮੁਕਾਉਣਾ ।
ਬਚ ਕੇ ਕੋਈ ਵੀ ਜਾਏ ਨਾ, ਕਰ ਦਿਓ ਸਫਾਇਆ। ਖਤਰੇ ਵਿੱਚ ਹੈ ਹਿੰਦ ਨੂੰ ਸਿੱਖਾਂ ਨੇ ਪਾਇਆ।

*ਸ਼ਾਇਰ: ਨਰਾਇਣ ਸਿੰਘ (ਜੰਗਨਾਮਾ ਜੂਨ ਚੌਰਾਸੀ)*

## ਆਪਣੇ ਦਾਦੇ ਵਾਂਗ ਰਵਨੀਤ ਬਿੱਟੂ ਵੀ ਸ਼ਰੇਆਮ ਹਿੰਸਾ ਤੇ ਉਤਰ ਆਇਆ !

ਪਿਛਲੇ ਦਿਨੀਂ ਨਗਰ ਨਿਗਮ ਤੇ ਕੌਂਸਲ ਦੀਆਂ ਚੋਣਾਂ ਦੌਰਾਨ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁੰਮਾਇੰਦਿਆਂ ਤੇ ਵਰਕਰਾਂ ਦੀਆਂ ਜਿੱਥੇ ਝੜਪਾਂ ਦੇਖਣ ਨੂੰ ਮਿਲੀਆਂ ਓਥੇ ਪੁਲਿਸ ਦੇ ਨਾਲ ਤੂੰ ਤੂੰ - ਮੈਂ ਮੈਂ ਹੋਣ ਦੌਰਾਨ ਕਾਂਗਰਸ ਤੋਂ ਭਾਜਪਾ ਵਿੱਚ ਗਏ ਬੇਅੰਤ ਸਹੁੰ ਦੇ ਪੋਤਰੇ ਰਾਜ ਸਭਾ ਮੈਂਬਰ ਰਵਨੀਤ ਬਿੱਟੂ ਦਾ ਪੁਲਿਸ ਨਾਲ ਟਕਰਾਓ ਹੋ ਗਿਆ । ਤੇ ਇਸ ਦੌਰਾਨ ਰਵਨੀਤ ਨੇ ਪੁਲਿਸ ਅਫਸਰ ਦੇ ਘਸੁੰਨ ਜੜ ਕੇ ਕਿਹਾ ਕਿ 4 ਮਹੀਨੇ ਬਾਅਦ ਮੈਂ ਬਣਨਾ ਪੰਜਾਬ ਦਾ ਮੁੱਖ ਮੰਤਰੀ ਫੇਰ ਸਿੱਝੂੰ ਤੁਹਾਡੇ ਨਾਲ ।

ਸਧਾਰਣ ਲੋਕ ਸੋਚ ਰਹੇ ਨੇ, ਕਿ ਜੇ ਰੇਲਵੇ ਮੰਤਰੀ ਦੀ ਸੋਚ ਇਹੋ ਜਿਹੀ ਹੈ ਤਾਂ ਆਮ ਵਿਅਕਤੀ ਦਾ ਕੀ ਹਾਲ ਹੋਵੇਗਾ! ਅਜੇ ਤਾਂ ਪੰਜਾਬ 'ਚ ਇਹਨਾਂ ਦੀ ਸਰਕਾਰ ਵੀ ਨਹੀਂ, ਜਦੋਂ ਸਰਕਾਰ ਬਣ ਗਈ ਤਾਂ ਸੋਚੋ ਕੀ ਹੋਵੇਗਾ ??



## ਡੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ




## ਵਡਾਲਾ ਕਲਾਂ ਦੀਆਂ ਯੂ ਕੇ ਵਾਸੀ ਸੰਗਤਾਂ ਵੱਲੋਂ ਸਮੂਹ ਨਗਰ ਨਿਵਾਸੀਆਂ ਤੇ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਲਈ ਅਖੰਡ ਪਾਠ ਕਰਵਾਇਆ ਗਿਆ

ਹੋਰ ਤਸਵੀਰਾਂ ਆਖਰੀ ਪੰਨੇ ਤੇ ਦੇਖੋ



# ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026



## ਜਾਣੋ, ਕਿਉਂ ਹੈ ਸਿੱਖ ਕੌਮ ਨੂੰ ਇਤਰਾਜ਼?

0 **ਪੰਜਾਬ ਸਰਕਾਰ ਵੱਲੋਂ ਬਣਾਏ ਐਕਟ ਵਿੱਚ ਦਰਜ ਸ਼ਬਦ "ਕਸਟੋਡੀਅਨ"** – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਕ ਧਿਰ – ਗ੍ਰੰਥੀ ਤੇ ਅਖੰਡ ਪਾਠੀ ਸਿੰਘਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪਾਠ ਕਰਵਾਉਣ ਵਾਲੀ ਸੰਗਤ (ਸ਼ਰਧਾਲੂ ਸਿੱਖਾਂ) ਨੂੰ ਸਿੱਧੇ ਤੌਰ 'ਤੇ ਬੇਅਦਬੀ ਜਾਂ ਮਰਯਾਦਾ ਦੀ ਉਲੰਘਣਾ ਦੇ ਮਾਮਲੇ ਵਿੱਚ ਜ਼ਿੰਮੇਵਾਰ ਬਣਾ ਕੇ ਉਨ੍ਹਾਂ ਨੂੰ ਪੰਜ ਸਾਲ ਦੀ ਕੈਦ ਅਤੇ 10 ਲੱਖ ਰੁਪਏ ਤੱਕ ਜੁਰਮਾਨੇ ਦੇ ਘੇਰੇ ਵਿੱਚ ਲਿਆਉਂਦਾ ਹੈ।

0 ਐਕਟ ਵਿੱਚ **ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਨੂੰ ਕਾਨੂੰਨੀ ਉਲੰਘਣਾ ਵਜੋਂ ਦੋਸ਼ ਦੇ ਘੇਰੇ ਵਿੱਚ** ਲਿਆ ਕੇ ਸਜ਼ਾ ਦੇਣ ਦਾ ਵਿਧਾਨ ਬਣਾਇਆ ਗਿਆ ਹੈ, ਜਿਸ ਨਾਲ ਸੰਗਤ ਅੰਦਰ ਵੱਡਾ ਡਰ ਪੈਦਾ ਹੋਇਆ ਹੈ। ਜਦੋਂ ਕਿ ਮਰਯਾਦਾ ਦਾ ਮਾਮਲਾ ਸਿੱਖ ਕੌਮ ਦਾ ਆਪਣਾ ਅੰਦਰੂਨੀ ਮਾਮਲਾ ਹੈ ਜਿਸ ਨੂੰ ਨਜਿੱਠਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਹਨ ਅਤੇ ਸਰਕਾਰ ਦਾ ਦਖਲ ਕੌਮੀ ਪਰੰਪਰਾਵਾਂ ਤੇ ਰਵਾਇਤਾਂ ਦੀ ਉਲੰਘਣਾ ਹੈ।

0 ਐਕਟ ਅਨੁਸਾਰ ਮਰਯਾਦਾ ਦੀ ਉਲੰਘਣਾ ਦੇ ਮਾਮਲੇ ਵਿੱਚ **ਪੁਲਿਸ ਗੁਰਦੁਆਰਾ ਸਾਹਿਬਾਨ ਅੰਦਰ ਸਿੱਧਾ ਦਖਲ ਦੇਵੇਗੀ** ਅਤੇ ਕਿਸੇ ਵੀ **ਸਿੱਖ 'ਤੇ ਪਰਚਾ ਦਰਜ ਕਰਕੇ ਗ੍ਰਿਫ਼ਤਾਰ** ਕਰ ਸਕਦੀ ਹੈ।

0 ਇਸ ਐਕਟ ਨਾਲ **ਸ਼ਰਧਾਲੂਆਂ ਤੇ ਗ੍ਰੰਥੀ/ਪ੍ਰਬੰਧਕੀ ਸ਼੍ਰੇਣੀ ਵਿਰੁੱਧ ਨਿੱਜੀ ਰੰਜਿਸ਼ਾਂ ਤਹਿਤ ਪਰਚੇ ਦਰਜ ਕਰਨ ਦਾ ਰਾਹ** ਬਣ ਗਿਆ ਹੈ। ਇਸ ਦੇ ਨਤੀਜੇ ਖ਼ਤਰਨਾਕ ਹੋਣਗੇ ਜੋ ਕਿ ਸਿੱਖਾਂ ਅੰਦਰ ਆਪਸੀ ਫੁੱਟ ਦਾ ਕਾਰਨ ਬਣਨਗੇ ਅਤੇ ਸਮਾਜਿਕ ਭਾਈਚਾਰੇ ਤੇ ਏਕਤਾ ਨੂੰ ਸੱਟ ਵੱਜੇਗੀ।

0 ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਨ ਸੇਵਾ ਨੂੰ ਐਕਟ ਰਾਹੀਂ ਸਰਕਾਰੀ ਘੇਰੇ 'ਚ ਲਿਆਉਣਾ ਤੇ **ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਾਪਤ ਕਰਨ ਵਾਲੀ ਸੰਗਤ/ਗੁ: ਪ੍ਰਬੰਧਕ ਕਮੇਟੀਆਂ ਦੀ ਜਾਣਕਾਰੀ ਵੈੱਬਸਾਈਟ 'ਤੇ ਪਾਉਣ ਦੀ ਸ਼ਰਤ ਸਿੱਖ ਕੌਮ ਦੇ ਹਿੱਤਾਂ 'ਚ ਨਹੀਂ ਹੈ।**

0 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਾਪਤ ਕਰਨ ਵਾਲੀ ਸੰਗਤ ਦੀ ਜਾਣਕਾਰੀ ਵੈੱਬਸਾਈਟ 'ਤੇ ਪਾਉਣ ਨਾਲ **ਸਿੱਖ ਵਿਰੋਧੀ ਸ਼ਕਤੀਆਂ ਤੇ ਸ਼ਰਾਰਤੀ ਅਨਸਰਾਂ ਨੂੰ ਆਪਣੇ ਮਨਸੂਬੇ** ਪੂਰੇ ਕਰਨ ਦਾ ਰਾਹ ਪੱਧਰਾ ਹੋਵੇਗਾ।

0 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਪੁਰਾਤਨ ਸਮੇਂ ਤੋਂ **ਪ੍ਰਚਲਿਤ ਸ਼ਬਦ 'ਬੀੜ' ਨੂੰ ਐਕਟ 'ਚ ਹਟਾਉਣਾ ਸਰਕਾਰ ਦੀ ਗ਼ੈਰ-ਸੰਜੀਦਾ ਪਹੁੰਚ ਹੈ।** ਭਾਵੇਂ 'ਸਰੂਪ' ਸ਼ਬਦ ਦੀ ਸਤਿਕਾਰਤਾ ਹੈ ਪਰ ਪੰਥਕ ਬੋਲ ਅਨੁਸਾਰ ਐਕਟ ਵਿੱਚ ਦਰਜ 'ਬੀੜ' ਸ਼ਬਦ ਨੂੰ ਨਹੀਂ ਹਟਾਉਣਾ ਚਾਹੀਦਾ ਸੀ।

0 ਐਕਟ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ **ਸੇਵਾ ਸੰਭਾਲ ਨਾਲ ਜੁੜੀ ਸ਼ਬਦਾਵਲੀ ਅਤੇ ਅਸਥਾਨਾਂ ਨੂੰ ਸਿੱਖ ਭਾਵਨਾਵਾਂ ਅਨੁਸਾਰ ਪਰਿਭਾਸ਼ਿਤ ਨਹੀਂ ਕੀਤਾ ਗਿਆ।** ਜਿਵੇਂ ਸਟੋਰ, ਸਟੋਰੇਜ, ਸਪਲਾਈ ਆਦਿ ਸ਼ਬਦ ਵਰਤੇ ਗਏ ਹਨ, ਜਿੰਨ੍ਹਾਂ ਨੂੰ ਬਦਲ ਕੇ ਸਿੱਖ ਭਾਵਨਾਵਾਂ ਅਤੇ ਗੁਰੂ ਸਾਹਿਬ ਜੀ ਦੇ ਸਤਿਕਾਰ ਅਨੁਸਾਰ ਸ਼ਬਦ ਦਰਜ ਕੀਤੇ ਜਾਣੇ ਚਾਹੀਦੇ ਹਨ।

0 ਇਹ ਕਾਨੂੰਨੀ ਸੋਧ **ਗੁਰੂ ਖ਼ਾਲਸਾ ਪੰਥ ਦੀ ਰਾਏ ਤੋਂ ਬਿਨ੍ਹਾਂ,** ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਜ਼ਰ ਅੰਦਾਜ਼ ਕਰਕੇ ਬਣਾਇਆ ਗਿਆ।

0 ਸੋਧ ਐਕਟ ਅਨੁਸਾਰ ਬਣਾਏ ਜਾਣ ਵਾਲੇ **ਨਿਯਮਾਂ ਪ੍ਰਤੀ ਵੀ ਸਿੱਖ ਕੌਮ ਅੰਦਰ ਸ਼ੰਕਾ ਹੈ,** ਕਿ ਇਹ ਵੀ ਸਰਕਾਰ ਆਪਣੀ ਮਨਮਰਜ਼ੀ ਨਾਲ ਬਣਾਵੇਗੀ ਜੋ ਭਵਿੱਖ ਵਿੱਚ ਪੰਥ ਦੇ ਹਿੱਤ ਵਿੱਚ ਨਹੀਂ ਹੋਣਗੇ।

**ਖ਼ਾਲਸਾ ਪੰਥ ਸੁਚੇਤ ਹੋਵੇ ਅਤੇ ਉੱਪਰੋਕਤ ਨੁਕਤਿਆਂ ਦੇ ਮੱਦੇਨਜ਼ਰ ਅਵਾਜ਼ ਉਠਾਏ ਤਾਂ ਜੋ ਪੰਥਕ ਮਸਲਿਆਂ ਵਿੱਚ ਸਰਕਾਰ ਦੀ ਦਖ਼ਲਅੰਦਾਜ਼ੀ ਰੋਕੀ ਜਾ ਸਕੇ।**

**ਗੁਰੂ ਪੰਥ ਦਾ ਦਾਸ** – ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਜਾਰੀ ਕਰਤਾ : ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ

ਆਓ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਤਿਕਾਰ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਵੱਲੋਂ ਚਲਾਈ ਇਸ ਮੁਹਿੰਮ ਦਾ ਸਾਥ ਦੇਈਏ । ਮੌਜੂਦਾ ਪੰਜਾਬ ਸਰਕਾਰ ਵੱਲੋਂ ਸਿੱਖ ਸੰਸਥਾਵਾਂ ਦੀ ਰਾਏ ਬਿਨਾ ਬਣਾਏ ਇਸ ਕਾਨੂੰਨ ਨਾਲ ਸਿੱਖਾਂ ਨੂੰ ਹੀ ਨਿਸ਼ਾਨਾ ਬਣਾਉਣ ਲਈ ਇਹ ਕਾਨੂੰਨ ਸਰਕਾਰੀ ਅਦਾਰਿਆਂ ਤੇ ਸ਼ਰਾਰਤੀ ਅਨਸਰਾਂ ਵੱਲੋਂ ਵਰਤਿਆ ਜਾ ਸਕਦਾ ਹੈ। ਇਸ ਵਿੱਚ ਕੁੱਝ ਅਜਿਹੀਆਂ ਮੱਦਾਂ ਵੀ ਹਨ, ਜਿਹਨਾਂ ਕਾਰਨ ਸਿੱਖ ਆਪਣੇ ਇਸ਼ਟ ਤੋਂ ਦੂਰ ਹੋ ਸਕਦੇ ਹਨ। ਹਲੇਮੀ ਸਿੱਖ ਰਾਜ ਦੀ ਸਥਾਪਤੀ ਲਈ ਜੂਝ ਰਹੀਆਂ ਬਹੁਤ ਸਾਰੀਆਂ ਜਥੇਬੰਦੀਆਂ ਵੱਲੋਂ ਵੀ ਇਸ ਕਾਨੂੰਨ ਦਾ ਵਿਰੋਧ ਕੀਤਾ ਜਾ ਰਿਹਾ ਹੈ। ਸਿੱਖ ਧਰਮ ਵਿੱਚ ਸਿੱਧੇ ਤੌਰ ਤੇ ਸਰਕਾਰ ਵੱਲੋਂ ਬਣਾਏ ਇਸ ਕਾਨੂੰਨ ਦਾ ਵਿਰੋਧ ਕਰਨ ਲਈ ਆਓ ਜਥੇਦਾਰ ਸਾਹਿਬ ਦੇ ਇਸ ਉਦਮ ਵਿੱਚ ਡਟ ਕੇ ਸਾਥ ਦੇਈਏ।

*ਨੋਟ:- ਇਹ ਪੋਸਟਰ ਤੁਸੀਂ ਵੀ ਆਪਣੇ ਗੁਰਦੁਆਰਾ ਸਾਹਿਬ ਦੇ ਨੋਟਿਸ ਬੋਰਡ ਤੇ ਲਾਓ, ਇਸ ਦੀਆਂ ਹੋਰ ਕਾਪੀਆ ਪੰਜਾਬ ਟਾਈਮਜ਼ ਪਾਸੋਂ ਵੀ ਮੰਗਵਾ ਸਕਦੇ ਹੋ: 07966 388388*

# ਪੰਜਾਬ ਚੋਣਾਂ ਵਿਚ ਗੁੰਡਾਗਰਦੀ ਦਾ ਨੰਗਾ ਨਾਚ, ਵਿਰੋਧੀਆਂ ਦੇ ਸਿਰ ਪਾਟੇ

**✪ ਹਰਸਿਮਰਤ ਬੋਲੀ- 'ਲੋਕਤੰਤਰ ਦਾ ਘਾਣ ਹੋਇਆ' ✪ ਵੋਟਾਂ ਦੀ ਜੰਗ ਬਣੀ ਖ਼ੂਨੀ ਖੇਡ: 'ਆਪ' 'ਤੇ ਧੱਕੇਸ਼ਾਹੀ ਦੇ ਇਲਜ਼ਾਮ, ਬਿੱਟੂ ਤੇ ਰਾਜਾ ਵੜਿੰਗ ਦੇ ਤਿੱਖੇ ਵਾਰ! ✪ ਖ਼ਾਕੀ ਦੇ ਸਾਏ ਹੇਠ ਖ਼ੂਨੀ ਝੜਪਾਂ: ਕੀ ਸੱਤਾ ਦੇ ਨਸ਼ੇ 'ਚ 'ਆਪ' ਨੇ ਲੁੱਟਿਆ ਪੰਜਾਬ ਦਾ ਜਨਾਦੇਸ਼?**







**ਖਾਸ ਖਬਰ** ਪੰਜਾਬ ਵਿੱਚ ਨਗਰ ਨਿਗਮ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ ਪਈਆਂ ਵੋਟਾਂ ਦੌਰਾਨ ਸੂਬੇ ਦਾ ਸਿਆਸੀ ਪਾਰਾ ਪੂਰੀ ਤਰ੍ਹਾਂ ਗਰਮ ਰਿਹਾ। ਜਿੱਥੇ ਇੱਕ ਪਾਸੇ ਵੋਟਰਾਂ ਨੇ 61.5 ਫੀਸਦੀ ਅਸਥਾਈ ਵੋਟਿੰਗ ਨਾਲ ਆਪਣਾ ਉਤਸ਼ਾਹ ਦਿਖਾਇਆ, ਉੱਥੇ ਹੀ ਦੂਜੇ ਪਾਸੇ ਕਈ ਜ਼ਿਲ੍ਹਿਆਂ ਵਿੱਚ ਹੋਈ ਹਿੰਸਾ ਅਤੇ ਝੜਪਾਂ ਨੇ ਵੱਡਾ ਸਿਆਸੀ ਰੂਪ ਅਖਤਿਆਰ ਕਰ ਲਿਆ ਹੈ। ਇਸ ਪੂਰੇ ਘਟਨਾਕ੍ਰਮ ਦੌਰਾਨ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੇ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੂੰ ਘੇਰਿਆ।

## ਹਰਸਿਮਰਤ ਬਾਦਲ ਨੇ 'ਆਪ' 'ਤੇ ਕਿਉਂ ਲਗਾਏ ਧੱਕੇਸ਼ਾਹੀ ਦੇ ਇਲਜ਼ਾਮ?

ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਭਗਵੰਤ ਮਾਨ ਸਰਕਾਰ 'ਤੇ "ਲੋਕਤੰਤਰ ਦਾ ਘਾਣ" ਕਰਨ ਅਤੇ ਵੱਡੇ ਪੱਧਰ 'ਤੇ ਗੁੰਡਾਗਰਦੀ ਦੇ ਇਲਜ਼ਾਮ ਲਗਾਏ ਹਨ। ਬੀਬੀ ਬਾਦਲ ਨੇ ਕਿਹਾ ਕਿ ਗਿੱਦੜਬਾਹਾ ਵਰਗੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਅਕਾਲੀ ਦਲ ਦੇ ਵਰਕਰਾਂ ਅਤੇ ਆਮ ਲੋਕਾਂ ਨੂੰ ਚੋਣ ਬੂਥਾਂ ਤੋਂ ਜ਼ਬਰਦਸਤੀ ਬਾਹਰ ਕੱਢ ਕੇ ਕੁੱਟਿਆ ਗਿਆ ਉਨ੍ਹਾਂ ਦੋਸ਼ ਲਗਾਇਆ ਕਿ ਪੁਲਿਸ ਅਤੇ ਪ੍ਰਸ਼ਾਸਨ ਸੱਤਾਧਾਰੀ ਪਾਰਟੀ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ ਅਤੇ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਹਰਸਿਮਰਤ ਅਨੁਸਾਰ ਪਟਿਆਲਾ, ਮਜੀਠਾ ਅਤੇ ਬਠਿੰਡਾ ਸਮੇਤ ਪੂਰੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਦੀ ਬੁਖਲਾਹਟ ਸਾਫ਼ ਨਜ਼ਰ ਆ ਰਹੀ ਹੈ, ਜਿਸ ਕਾਰਨ ਹਿੰਸਾ ਦਾ ਸਹਾਰਾ ਲਿਆ ਗਿਆ।

## 'ਆਪ' ਨੇ ਕੀ ਦਿੱਤਾ ਜਵਾਬ?

ਇਨ੍ਹਾਂ ਇਲਜ਼ਾਮਾਂ ਦੇ ਜਵਾਬ ਵਿੱਚ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਸੋਸ਼ਲ ਮੀਡੀਆ ਰਾਹੀਂ ਮੀਡੀਆ ਨਾਲ ਗੱਲ ਕਰਦਿਆਂ ਸਥਿਤੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ।

ਭਾਈਚਾਰਕ ਸਾਂਝ ਦੀ ਅਪੀਲ: ਅਮਨ ਅਰੋੜਾ ਨੇ ਕਿਹਾ ਕਿ ਚੋਣਾਂ ਦੌਰਾਨ ਹਿੰਸਕ ਘਟਨਾਵਾਂ ਬਿਲਕੁਲ ਨਹੀਂ ਹੋਣੀਆਂ ਚਾਹੀਦੀਆਂ। ਉਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ, ਉਮੀਦਵਾਰਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਆਪਸੀ ਭਾਈਚਾਰਕ ਸਾਂਝ 'ਤੇ ਕੋਈ ਆਂਚ ਨਹੀਂ ਆਉਣੀ ਚਾਹੀਦੀ। ਦੂਜੇ ਪਾਸੇ, ਗਿੱਦੜਬਾਹਾ ਤੋਂ 'ਆਪ' ਆਗੂ ਡਿੰਪੀ ਢਿੱਲੋਂ ਨੇ ਦਾਅਵਾ ਕੀਤਾ ਕਿ ਡੀਏਵੀ ਸਕੂਲ ਸਥਿਤ ਬੂਥ ਦੇ ਅੰਦਰ ਅਕਾਲੀ ਦਲ ਨਾਲ ਸਬੰਧਤ ਬਾਹਰਲੇ ਲੋਕ ਮੌਜੂਦ ਸਨ। ਉਨ੍ਹਾਂ ਨੇ ਸਿਰਫ਼ ਉਨ੍ਹਾਂ ਲੋਕਾਂ ਨੂੰ ਬਾਹਰ ਜਾਣ ਲਈ ਕਿਹਾ ਸੀ, ਜਿਸ ਕਾਰਨ ਵਿਵਾਦ ਵਧਿਆ। 'ਆਪ' ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੋਈ ਹਿੰਸਾ ਨਹੀਂ ਕੀਤੀ ਅਤੇ ਸਾਰਾ ਮਾਮਲਾ ਪੁਲਿਸ ਦੇ ਧਿਆਨ ਵਿੱਚ ਲਿਆ ਦਿੱਤਾ ਹੈ।

## ਕੀ ਬਾਦਲ ਅਤੇ ਅਕਾਲੀ ਦਲ 'ਆਪ' ਨੂੰ ਟੱਕਰ ਦੇ ਸਕਿਆ?

ਜੇਕਰ ਜ਼ਮੀਨੀ ਹਕੀਕਤ ਅਤੇ ਚੋਣ ਸਰਗਰਮੀ ਦੀ ਗੱਲ ਕਰੀਏ, ਤਾਂ ਸ਼੍ਰੋਮਣੀ ਅਕਾਲੀ ਦਲ ਨੇ ਇਨ੍ਹਾਂ ਚੋਣਾਂ ਵਿੱਚ ਆਪਣਾ ਪੂਰਾ ਜ਼ੋਰ ਲਗਾਇਆ। ਅਕਾਲੀ ਦਲ ਦੇ ਪੁਰਾਣੇ ਗੜ੍ਹ ਮੰਨੇ ਜਾਂਦੇ ਇਲਾਕਿਆਂ-ਜਿਵੇਂ ਕਿ ਮਜੀਠਾ ਅਤੇ ਗਿੱਦੜਬਾਹਾ-ਵਿੱਚ ਅਕਾਲੀ ਵਰਕਰਾਂ ਨੇ 'ਆਪ' ਦੇ ਖਿਲਾਫ਼ ਮੋਰਚਾ ਸੰਭਾਲੀ ਰੱਖਿਆ। ਵਾਰਡ ਨੰਬਰ 6 ਮਜੀਠਾ ਵਿਖੇ ਅਕਾਲੀ ਅਤੇ 'ਆਪ' ਵਰਕਰਾਂ ਵਿਚਾਲੇ ਹੋਈ ਸਿੱਧੀ ਝੜਪ ਇਹ ਦੱਸਦੀ ਹੈ ਕਿ ਅਕਾਲੀ ਦਲ ਨੇ ਕਈ ਥਾਵਾਂ 'ਤੇ ਸੱਤਾਧਾਰੀ ਪਾਰਟੀ ਨੂੰ ਬਰਾਬਰ ਦੀ ਟੱਕਰ (ਲੜਾਈ) ਦਿੱਤੀ ਹੈ।

ਹਰਸਿਮਰਤ ਬਾਦਲ ਅਤੇ ਹੋਰ ਸੀਨੀਅਰ ਲੀਡਰਸ਼ਿਪ ਦੀ ਹਲਕੇ ਵਿੱਚ ਮੌਜੂਦਗੀ ਨੇ ਵਰਕਰਾਂ ਦੇ ਹੌਸਲੇ ਬੁਲੰਦ ਰੱਖੇ, ਪਰ ਸਰਕਾਰੀ ਮਸ਼ੀਨਰੀ ਦੇ ਕਥਿਤ ਦਬਾਅ ਕਾਰਨ ਕਈ ਥਾਵਾਂ 'ਤੇ ਅਕਾਲੀ ਦਲ ਬੈਕਫੁੱਟ 'ਤੇ ਵੀ ਨਜ਼ਰ ਆਇਆ।

## ਕਾਂਗਰਸ ਅਤੇ ਭਾਜਪਾ ਦੀ ਕੀ ਰਹੀ ਸਰਗਰਮੀ?

ਇਨ੍ਹਾਂ ਸਥਾਨਕ ਚੋਣਾਂ ਵਿੱਚ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵੀ ਹਮਲਾਵਰ ਰੁਖ਼ ਅਖਤਿਆਰ ਕੀਤਾ ਅਤੇ ਆਪਣੇ-ਆਪਣੇ ਪ੍ਰਭਾਵ ਵਾਲੇ ਖੇਤਰਾਂ ਵਿੱਚ ਕਾਫ਼ੀ ਸਰਗਰਮ ਨਜ਼ਰ ਆਈਆਂ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੁਧਿਆਣਾ ਦੇ ਰਾਏਕੋਟ ਵਿੱਚ ਕਾਂਗਰਸ ਉਮੀਦਵਾਰ ਜਗਦੇਵ ਸਿੰਘ ਜੱਗਾ 'ਤੇ ਹੋਏ ਬੇਰਹਿਮ ਹਮਲੇ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸਿੱਧਾ ਨਿਸ਼ਾਨਾ ਸਾਧਿਆ। ਕਾਂਗਰਸ ਨੇ ਦੋਸ਼ ਲਗਾਇਆ ਕਿ ਪੰਜਾਬ ਵਿੱਚ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਹੈ ਅਤੇ ਗੈਂਗਸਟਰਾਂ ਤੇ ਰਾਜਨੀਤਿਕ ਗੁੰਡਿਆਂ ਨੂੰ ਖੁੱਲ੍ਹੀ ਛੂਟ ਮਿਲੀ ਹੋਈ ਹੈ। ਕਾਂਗਰਸ ਨੇ ਆਪਣੇ ਕਈ ਸ਼ਹਿਰੀ ਗੜ੍ਹਾਂ ਵਿੱਚ 'ਆਪ' ਦੇ ਸਾਹਮਣੇ ਸਖ਼ਤ ਚੁਣੌਤੀ ਪੇਸ਼ ਕੀਤੀ। ਸ਼ਹਿਰੀ ਖੇਤਰਾਂ ਵਿੱਚ ਭਾਜਪਾ ਦੀ ਸਰਗਰਮੀ ਸਭ ਤੋਂ ਵੱਧ ਦੇਖਣ ਨੂੰ ਮਿਲੀ। ਬਠਿੰਡਾ ਅਤੇ ਬਰਨਾਲਾ ਵਿੱਚ ਭਾਜਪਾ ਆਗੂਆਂ ਨੇ ਸੜਕਾਂ 'ਤੇ ਉਤਰ ਕੇ ਪ੍ਰਦਰਸ਼ਨ ਕੀਤੇ।

ਬਠਿੰਡਾ ਵਿਖੇ ਵੋਟਿੰਗ ਤੋਂ ਬਾਅਦ ਵਾਰਡ ਨੰਬਰ 2 ਵਿੱਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ, ਉਨ੍ਹਾਂ ਦੇ ਪੁੱਤਰ ਅਤੇ ਸਮਰਥਕਾਂ 'ਤੇ ਇੱਟਾਂ-ਰੋੜਿਆਂ ਨਾਲ ਹਮਲਾ ਹੋਇਆ, ਜਿਸ ਵਿੱਚ ਉਹ ਜ਼ਖਮੀ ਹੋ ਗਏ। ਭਾਜਪਾ ਨੇ ਇਸ ਖਿਲਾਫ਼ ਸਖ਼ਤ ਸਟੈਂਡ ਲਿਆ।

ਬਰਨਾਲਾ: ਵਾਰਡ ਨੰਬਰ 15 ਵਿੱਚ ਭਾਜਪਾ ਉਮੀਦਵਾਰ ਦੀਪਿੰਦਰ ਕੌਰ ਦੇ ਪਤੀ ਜਸਵੀਰ ਸਿੰਘ ਦੇ ਸਿਰ ਵਿੱਚ ਸੱਟ ਲੱਗੀ, ਜਿਸ ਤੋਂ ਬਾਅਦ ਭਾਜਪਾ ਵਰਕਰਾਂ ਨੇ ਸਥਾਨਕ ਪੱਧਰ 'ਤੇ ਤਿੱਖਾ ਵਿਰੋਧ ਦਰਜ ਕਰਵਾਇਆ।

ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਸਰਕਾਰ ਪੁਲਿਸ ਦੀ ਦੁਰਵਰਤੋਂ ਕਰਕੇ ਭਾਜਪਾ ਦੀ ਆਵਾਜ਼ ਨਹੀਂ ਦਬਾ ਸਕਦੀ ਅਤੇ ਉਹ ਜਨਤਾ ਦੇ ਹੱਕਾਂ ਲਈ ਆਖਰੀ ਸਾਹ ਤੱਕ ਲੜਨਗੇ।

ਪੰਜਾਬ ਸਥਾਨਕ ਚੋਣਾਂ 2026 ਦੀ ਵੋਟਿੰਗ ਭਾਵੇਂ ਖ਼ਤਮ ਹੋ ਚੁੱਕੀ ਹੈ, ਪਰ 29 ਮਈ ਨੂੰ ਆਉਣ ਵਾਲੇ ਨਤੀਜਿਆਂ ਤੋਂ ਪਹਿਲਾਂ ਸੂਬੇ ਵਿੱਚ ਸਿਆਸੀ ਘਮਾਸਾਨ ਅਤੇ ਪਾਰਟੀਆਂ ਵਿਚਾਲੇ ਖੜ੍ਹੋਤ ਹੋਰ ਤਿੱਖੀ ਹੋਣ ਦੇ ਆਸਾਰ ਹਨ।

# ਵਡਾਲਾ ਕਲਾਂ ਦੇ ਯੂ ਕੇ ਵਾਸੀਆਂ ਨੇ ਸਾਰੇ ਨਗਰ ਨਿਵਾਸੀਆਂ ਦੀ ਚੜ੍ਹਦੀ ਕਲਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਖੰਡ ਪਾਠ ਕਰਵਾਇਆ



ਵਡਾਲਾ ਕਲਾਂ ਦੀ ਸੰਗਤ ਸ੍ਰੀ ਅਖੰਡ ਪਾਠ ਤੋਂ ਬਾਅਦ ਯਾਦਗਾਰੀ ਤਸਵੀਰ ਕਰਵਾਉਂਦੇ ਹੋਏ

ਵਿਲਨਹਾਲ (ਮਨਪ੍ਰੀਤ ਸਿੰਘ ਬੱਧਨੀ ਕਲਾਂ) – ਬੀਤੇ ਦਿਨੀਂ 22 ਮਈ ਤੋਂ 24 ਮਈ ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਲਨਹਾਲ ਵਿਖੇ ਵਡਾਲਾ ਕਲਾਂ ਦੇ ਯੂ ਕੇ ਵਾਸੀਆਂ ਵੱਲੋਂ ਸਾਰੇ ਨਗਰ ਨਿਵਾਸੀਆਂ ਦੀ ਚੜ੍ਹਦੀ ਕਲਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ। ਭਾਈ ਸਾਹਿਬ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਾਲਿਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ।

ਸ: ਕੁਲਵਿੰਦਰ ਸਿੰਘ ਟੋਨੀ ਵਡਾਲਾ ਨੇ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਵਡਾਲਾ ਕਲਾਂ ਅਤੇ ਆਲੇ ਦੁਆਲੇ ਦੇ ਕਈ ਪਿੰਡਾਂ ਦੇ ਵਸਨੀਕ ਜੋ ਦੇਸ਼ ਵਿਦੇਸ਼ ਵਿੱਚ ਰਹਿੰਦੇ ਹਨ, ਪਿਛਲੇ 9 ਸਾਲਾਂ ਤੋਂ ਇਕੱਠੇ ਹੋ ਕੇ ਇਹ ਸਮਾਗਮ ਹਰ ਸਾਲ ਕਰਵਾਉਂਦੇ ਹਨ। ਇਸ ਸਾਲ ਇਹ ਨੌਵਾਂ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ। ਜਿਸ ਦੌਰਾਨ ਮਿਡਲੈਂਡ 'ਚ ਰਹਿੰਦੇ ਵਡਾਲਾ ਕਲਾਂ ਦੇ ਕਾਰੋਬਾਰੀ, ਬਿਜਨੈਸਮੈਨਾਂ, ਕਬੱਡੀ ਪ੍ਰਮੋਟਰਾਂ, ਇੰਟਰਨੈਸ਼ਨਲ ਪੱਧਰ ਦੇ ਖਿਡਾਰੀਆਂ, ਗੁਰੂ ਘਰਾਂ ਦੇ ਸੇਵਾਦਾਰ ਨੁਮਾਇੰਦੇ, ਪਤਵੰਤ ਸੱਜਣਾਂ ਅਤੇ ਇਲਾਕੇ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਆਈਆਂ ਸੰਗਤਾਂ ਲਈ ਤਿੰਨੇ ਦਿਨ ਲੰਗਰ ਦੇ ਪ੍ਰਵਾਹ ਚੱਲਦੇ ਰਹੇ। ਉਹਨਾਂ ਹੋਰ ਦੱਸਿਆ ਕਿ ਵਡਾਲਾ ਕਲਾਂ ਅਤੇ ਹੋਰ ਆਲੇ ਦੁਆਲੇ ਦੇ ਪਿੰਡਾਂ ਦੀਆਂ ਸੰਗਤਾਂ ਦੀ ਚੜ੍ਹਦੀ ਕਲਾ ਅਤੇ ਤੰਦਰੁਸਤੀ ਲਈ ਅਰਦਾਸ ਕੀਤੀ ਜਾਂਦੀ ਹੈ। ਅਖੀਰ ਵਿੱਚ ਟੋਨੀ ਵਡਾਲਾ ਨੇ ਇਸ ਸਮਾਗਮ ਵਿੱਚ ਸਹਿਯੋਗ ਦੇਣ ਵਾਲੀਆਂ ਸਮੂਹ ਸੰਗਤਾਂ ਅਤੇ ਮਹਿਮਾਨਾਂ ਤੇ ਉਘੀਆਂ ਸ਼ਖ਼ਸੀਅਤਾਂ ਦਾ ਹਾਰਦਿਕ ਧੰਨਵਾਦ ਕੀਤਾ।

ਨੋਟ:– ਹੋਰ ਤਸਵੀਰਾਂ ਆਖਰੀ ਰੰਗਦਾਰ ਪੰਨੇ ਤੇ ਦੇਖੋ।

# ਡਰਬੀ ਦੇ ਉਘੇ ਬਿਜ਼ਨੈਸਮੈਨ ਕੌਂਸਲਰ ਬਲਬੀਰ ਸਿੰਘ ਸੰਧੂ ਨੂੰ ਗਹਿਰਾ ਸਦਮਾ

## ਉਹਨਾਂ ਦੇ ਪਿਤਾ ਸ: ਚੈਨ ਸਿੰਘ ਸਦੀਵੀ ਵਿਛੋੜਾ ਦੇ ਗਏ



ਸੁਰਗਵਾਸੀ ਸ: ਚੈਨ ਸਿੰਘ

ਡਰਬੀ (ਪੰਜਾਬ ਟਾਈਮਜ਼) – ਡਰਬੀ ਦੇ ਉਘੇ ਕਾਰੋਬਾਰੀ ਬਿਜਨੈਸਮੈਨ, ਕੌਂਸਲਰ ਬਲਬੀਰ ਸਿੰਘ ਸੰਧੂ ਨੂੰ ਉਸ ਵਕਤ ਗਹਿਰਾ ਸਦਮਾ ਪੁੱਜਿਆ ਜਦੋਂ ਐਤਵਾਰ 24 ਮਈ 2026 ਨੂੰ ਉਹਨਾਂ ਦੇ ਪਿਤਾ ਸ: ਚੈਨ ਸਿੰਘ ਇਸ ਫਾਨੀ ਦੁਨੀਆ ਨੂੰ ਸਦਾ ਲਈ ਤਿਆਗ ਕੇ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ। ਉਹ 95 ਸਾਲਾਂ ਦੇ ਸਨ ਤੇ ਲੰਮੇ ਸਮੇਂ ਤੋਂ ਇਥੇ ਡਰਬੀ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ।

ਸ: ਚੈਨ ਸਿੰਘ ਦੇ ਅਕਾਲ ਚਲਾਣੇ ਤੇ ਬਲਬੀਰ ਸਿੰਘ ਸੰਧੂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਹਰਜਿੰਦਰ ਸਿੰਘ ਮੰਡੇਰ ਨੇ ਕਿਹਾ ਕਿ ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਸੰਧੂ ਪਰਿਵਾਰ ਨੂੰ ਵਾਹਿਗੁਰੂ ਦਾ ਭਾਣਾ ਮੰਨਣ ਦਾ ਬੱਲ ਬਖ਼ਸ਼ੇ। ਸ: ਚੈਨ ਸਿੰਘ ਜੀ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ 3 ਜੂਨ ਦਿਨ ਬੁੱਧਵਾਰ ਨੂੰ ਕੀਤਾ ਜਾਵੇਗਾ। ਉਸ ਦਿਨ ਸਵੇਰੇ 9:30 ਵਜੇ ਉਹਨਾਂ ਦੀ ਮ੍ਰਿਤਕ ਦੇਹ ਅੰਤਿਮ ਦਰਸ਼ਨਾਂ ਲਈ ਉਹਨਾਂ ਦੇ ਘਰ ਫੀਲਡ ਰਾਈਜ਼ ਵਿਖੇ ਸਵੇਰੇ 9:30 ਵਜੇ ਲਿਆਂਦੀ ਜਾਵੇਗੀ।

ਦਰਸ਼ਨਾਂ ਉਪਰੰਤ ਉਹਨਾਂ ਦਾ ਮ੍ਰਿਤਕ ਸਰੀਰ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਵਿਖੇ 10:15 ਵਜੇ ਲਿਆਂਦਾ ਜਾਵੇਗਾ। 11 ਵਜੇ ਇਥੋਂ ਚਾਲੇ ਪਾਏ ਜਾਣਗੇ ਅਤੇ 11:30 ਵਜੇ ਟਰੈਂਟ ਵੈਲੀ ਸ਼ਮਸ਼ਾਨਘਾਟ ਡਰਬੀ ਰੋਡ, ਆਸਟਨ ਔਨ ਟਰੈਂਟ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਉਪਰੰਤ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਪਾਠ ਦੇ ਭੋਗ ਪਾਏ ਜਾਣਗੇ ਅਤੇ ਵਿੱਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਜਾਣਗੇ।

# ਲੈਂਟਰ ਦੀਆਂ ਪਲੇਟਾਂ ਡਿੱਗਣ ਕਾਰਨ ਵੱਡਾ ਹਾਦਸਾ: 2 ਸ਼ਰਧਾਲੂ ਔਰਤਾਂ ਦੀ ਮੌਤ, ਬੱਚੀ ਸਮੇਤ 9 ਜ਼ਖ਼ਮੀ

## ✪ ਇਸ ਖ਼ੂਨੀ ਲਾਪਰਵਾਹੀ ਦਾ ਅਸਲ ਜ਼ਿੰਮੇਵਾਰ ਕੌਣ ? ✪ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਰਧਾ ਦੇ ਨਾਂ ਹੇਠ ਕਿੱਥੇ ਹੋ ਰਹੀ ਹੈ ਮਨਮੱਤ ?

ਖਾਸ ਖਬਰ

ਅੰਮ੍ਰਿਤਸਰ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਸ਼ਹੀਦਗੰਜ ਸਾਹਿਬ ਵਿਖੇ ਨਿਰਮਾਣ ਅਧੀਨ ਇਮਾਰਤ ਤੋਂ ਸ਼ਟਰਿੰਗ ਦੀਆਂ ਪਲੇਟਾਂ ਡਿੱਗਣ ਕਾਰਨ ਦੋ ਸ਼ਰਧਾਲੂ ਔਰਤਾਂ ਦੀ ਮੌਤ ਅਤੇ ਇੱਕ ਬੱਚੀ ਸਮੇਤ 9 ਲੋਕਾਂ ਦਾ ਜ਼ਖ਼ਮੀ ਹੋਣਾ ਬੇਹੱਦ ਦੁਖਦਾਈ ਅਤੇ ਚਿੰਤਾਜਨਕ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਾਰ ਸੇਵਾ ਵਾਲੇ ਮਹਾਂਪੁਰਖਾਂ ਵੱਲੋਂ ਪੀੜਤ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਅਤੇ ਮੁਫ਼ਤ ਇਲਾਜ ਦਾ ਐਲਾਨ ਕਰਨਾ ਸ਼ਲਾਘਾਯੋਗ ਹੈ, ਪਰ ਇਹ ਕਦਮ ਉਸ ਘਾਟੇ ਨੂੰ ਪੂਰਾ ਨਹੀਂ ਕਰ ਸਕਦੇ ਜੋ ਇਨ੍ਹਾਂ ਪਰਿਵਾਰਾਂ ਨੇ ਝੱਲਿਆ ਹੈ। ਇਹ ਹਾਦਸਾ ਸਾਡੇ ਪ੍ਰਬੰਧਕੀ ਢਾਂਚੇ ਅਤੇ ਧਾਰਮਿਕ ਅਕੀਦੇ, ਦੋਵਾਂ ਦੇ ਸੰਦਰਭ ਵਿੱਚ ਕੁਝ ਵੱਡੇ ਸਵਾਲ ਖੜ੍ਹੇ ਕਰਦਾ ਹੈ।

ਇਸ ਹਾਦਸੇ ਦਾ ਜ਼ਿੰਮੇਵਾਰ ਕੌਣ ?-ਗੁਰੂ-ਘਰਾਂ ਵਿੱਚ ਕਾਰ ਸੇਵਾ ਜਾਂ ਨਿਰਮਾਣ ਕਾਰਜ ਸੰਗਤ ਦੇ ਸਹਿਯੋਗ ਨਾਲ ਚੱਲਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉੱਥੇ ਸੁਰੱਖਿਆ ਨਿਯਮਾਂ ਨੂੰ ਛਿੱਕੇ ਟੰਗ ਦਿੱਤਾ ਜਾਵੇ।

ਪ੍ਰਬੰਧਕੀ ਅਤੇ ਤਕਨੀਕੀ ਲਾਪਰਵਾਹੀ: ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਉੱਠਦੀ-ਬੈਠਦੀ ਹੋਵੇ, ਉੱਥੇ ਉੱਪਰਲੀ ਮੰਜ਼ਿਲ 'ਤੇ ਬਿਨਾਂ ਕਿਸੇ ਸੁਰੱਖਿਆ ਜਾਲ ਜਾਂ ਬੈਰੀਕੇਡਿੰਗ ਦੇ ਸ਼ਟਰਿੰਗ ਦਾ ਕੰਮ ਕਰਨਾ ਸਿੱਧੀ ਲਾਪਰਵਾਹੀ ਹੈ।

ਇਸ ਹਾਦਸੇ ਦੀ ਸਿੱਧੀ ਜ਼ਿੰਮੇਵਾਰੀ ਕਾਰ ਸੇਵਾ ਕਰਵਾ ਰਹੀ ਸੰਸਥਾ (ਬਾਬਾ ਭੂਰੀ ਵਾਲੇ) ਦੇ ਸੁਪਰਵਾਈਜ਼ਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਸਬੰਧਤ ਫਲਾਇੰਗ ਵਿਭਾਗ/ਐਕਸੀਅਨ 'ਤੇ ਆਉਂਦੀ ਹੈ, ਜਿਨ੍ਹਾਂ ਨੇ ਕੰਮ ਵਾਲੀ ਥਾਂ ਦੀ ਸੁਰੱਖਿਆ ਦਾ ਨਿਰੀਖਣ ਨਹੀਂ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦਿੱਤੀ ਗਈ ਤਾਕੀਦ ਬਿਲਕੁਲ ਜਾਇਜ਼ ਹੈ ਕਿ ਭਵਿੱਖ ਵਿੱਚ ਸੰਗਤ ਦੀ ਜਾਨ-ਮਾਲ ਦੀ ਸੁਰੱਖਿਆ ਲਈ ਪੁਖ਼ਤਾ ਇੰਤਜ਼ਾਮ ਕੀਤੇ ਜਾਣ।

ਬਾਬਾ ਦੀਪ ਸਿੰਘ ਜੀ ਨੂੰ ਗੁਰੂਆਂ ਵਾਂਗ ਕਿਉਂ ਪੂਜਿਆ ਜਾ ਰਿਹਾ ਹੈ ?-ਅੱਜਕੱਲ੍ਹ ਦੇਖਣ ਵਿੱਚ ਆਇਆ ਹੈ ਕਿ ਆਮ ਸੰਗਤ ਵਿੱਚ ਅਗਿਆਨਤਾ ਕਾਰਨ ਸ਼ਹੀਦਾਂ ਦੇ ਅਸਥਾਨਾਂ 'ਤੇ ਉਹ ਸਭ ਕੁਝ ਹੋਣ ਲੱਗ ਪਿਆ ਹੈ ਜੋ ਸਿੱਖ ਮਰਯਾਦਾ ਦੇ ਉਲਟ ਹੈ।



ਅਗਿਆਨਤਾ ਅਤੇ ਭਾਵੁਕਤਾ: ਬਾਬਾ ਦੀਪ ਸਿੰਘ ਜੀ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਅਨੋਖੇ ਸ਼ਹੀਦ ਹਨ, ਜਿਨ੍ਹਾਂ ਨੇ ਸੀਸ ਤਲੀ 'ਤੇ ਰੱਖ ਕੇ ਲੜਨ ਦਾ ਅਦਭੁਤ ਇਤਿਹਾਸ ਰਚਿਆ। ਪਰ, ਕੁਝ ਸ਼ਰਧਾਲੂ ਭਾਵੁਕਤਾ ਵੱਸ ਉਨ੍ਹਾਂ ਦੇ ਸਤਿਕਾਰ ਅਤੇ ਗੁਰੂ ਸਾਹਿਬ ਦੇ ਦਰਜੇ ਵਿਚਕਾਰ ਅੰਤਰ ਨੂੰ ਭੁੱਲ ਜਾਂਦੇ ਹਨ।

ਸ਼ਹੀਦਾਂ ਦੇ ਅਸਥਾਨਾਂ ਤੋਂ ਸੁੱਖਾਂ ਸੁਖਣੀਆਂ, ਉੱਥੋਂ ਦੀ ਮਿੱਟੀ ਜਾਂ ਧੂੜ ਨੂੰ ਚਮਤਕਾਰੀ ਮੰਨ ਕੇ ਘਰ ਲੈ ਜਾਣਾ, ਜਾਂ ਸ਼ਹੀਦਾਂ ਦੀਆਂ ਤਸਵੀਰਾਂ ਅੱਗੇ ਗੁਰੂਆਂ ਵਾਂਗ ਹੀ ਅਰਦਾਸਾਂ ਕਰਨੀਆਂ, ਸਿੱਖ ਸਿਧਾਂਤ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ' ਦੇ ਉਲਟ ਹੈ। ਜੇਕਰ ਕੋਈ ਡੇਰੇਦਾਰ ਜਾਂ ਪ੍ਰਬੰਧਕ ਇਸ ਭਾਵੁਕਤਾ ਦਾ ਫਾਇਦਾ ਉਠਾ ਕੇ ਗੁਰਮਤਿ ਦੇ ਉਲਟ ਕਰਮਕਾਂਡਾਂ ਨੂੰ ਬੜ੍ਹਾਵਾ ਦਿੰਦਾ ਹੈ, ਤਾਂ ਉਹ ਕੌਮ ਨਾਲ ਪਾਖੰਡ ਕਰ ਰਿਹਾ ਹੈ। ਸਿੱਖ ਧਰਮ ਵਿੱਚ ਗੁਰੂ ਦਾ ਦਰਜਾ ਸਿਰਫ਼ ਦਸ ਪਾਤਸ਼ਾਹੀਆਂ ਅਤੇ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਹਾਸਲ ਹੈ।

ਬਾਬਾ ਦੀਪ ਸਿੰਘ ਜੀ ਗੁਰੂ ਦੇ ਪਰਮ ਸਿੱਖ, ਮਹਾਨ ਵਿਦਵਾਨ (ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕੀਤੇ) ਅਤੇ ਸ਼ਹੀਦ ਸਨ। ਉਹ ਸਾਡੇ ਲਈ ਪ੍ਰੇਰਣਾ ਸਰੋਤ ਅਤੇ ਸਤਿਕਾਰਯੋਗ ਹਨ, ਪਰ ਉਹ 'ਗੁਰੂ' ਨਹੀਂ ਹਨ। ਸਿੱਖੀ ਵਿੱਚ ਸ਼ਹੀਦ ਦਾ ਸਤਿਕਾਰ ਬਹੁਤ ਉੱਚਾ ਹੈ, ਪਰ ਉਹ ਗੁਰੂ ਦੀ ਬਰਾਬਰੀ ਨਹੀਂ ਕਰ ਸਕਦਾ। ਗੁਰੂ ਸਾਹਿਬਾਨ ਤੋਂ ਬਿਨਾਂ ਕਿਸੇ ਵੀ ਹੋਰ ਸ਼ਖ਼ਸੀਅਤ ਨੂੰ ਗੁਰੂ ਵਾਂਗ ਪੂਜਣਾ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਹੈ।

ਇਹ ਹਾਦਸਾ ਜਿੱਥੇ ਪ੍ਰਬੰਧਕੀ ਸੁਧਾਰਾਂ ਦੀ ਮੰਗ ਕਰਦਾ ਹੈ, ਉੱਥੇ ਹੀ ਸ਼੍ਰੋਮਣੀ ਕਮੇਟੀ ਅਤੇ ਸਿੱਖ ਪ੍ਰਚਾਰਕਾਂ ਲਈ ਇੱਕ ਵੱਡੀ ਚੁਣੌਤੀ ਵੀ ਹੈ। ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਪੈਸੇ ਦੇ ਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਨਾ ਹੋਣ, ਸਗੋਂ ਨਿਰਮਾਣ ਕਾਰਜਾਂ ਦੌਰਾਨ ਸਖ਼ਤ ਸੁਰੱਖਿਆ ਨਿਯਮ ਲਾਗੂ ਕਰਨ। ਇਸ ਦੇ ਨਾਲ ਹੀ, ਸੰਗਤਾਂ ਨੂੰ ਵੀ ਗੁਰਮਤਿ ਦੇ ਸਹੀ ਸਿਧਾਂਤਾਂ ਤੋਂ ਜਾਣੂ ਕਰਵਾਉਣ ਲਈ ਵਿਸ਼ੇਸ਼ ਪ੍ਰਚਾਰ ਲਹਿਰ ਚਲਾਈ ਜਾਵੇ, ਤਾਂ ਜੋ ਸ਼ਹੀਦਾਂ ਦੇ ਸਤਿਕਾਰ ਦੇ ਨਾਂ ਹੇਠ ਫੈਲ ਰਹੇ ਕਰਮਕਾਂਡਾਂ ਅਤੇ ਮਨਮੱਤ (ਪਾਖੰਡ) ਨੂੰ ਠੱਲ੍ਹ ਪਾਈ ਜਾ ਸਕੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਵਉੱਚਤਾ ਕਾਇਮ ਰਹੇ।

# ਗੁਰੂ ਗ੍ਰੰਥ ਸਾਹਿਬ 'ਤੇ ਕਾਨੂੰਨ ਬਣਾਉਣਾ ਸਿੱਖ ਧਰਮ 'ਚ ਸਿੱਧੀ ਦਖ਼ਲਅੰਦਾਜ਼ੀ

## ✪ ਜਥੇਦਾਰ ਗੜਗੱਜ ਵਲੋਂ ਸਰਕਾਰ ਨੂੰ ਸਖ਼ਤ ਚਿਤਾਵਨੀ ✪ 'ਕਸਟੋਡੀਅਨ' ਸ਼ਬਦ ਦੀ ਆੜ ਹੇਠ ਗ੍ਰੰਥੀ ਅਤੇ ਪ੍ਰਬੰਧਕਾਂ ਵਿਰੁੱਧ ਕਾਨੂੰਨ ਬਣਾਉਣ ਦਾ ਵਿਰੋਧ ✪ 31 ਮਈ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਹੋਵੇਗੀ ਵੱਡੀ ਕਾਨਫਰੰਸ





ਜਲੰਧਰ-ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਵਿਰੁੱਧ ਸਿੱਖ ਜਥੇਬੰਦੀਆਂ ਦਾ ਗੁੱਸਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਕਾਨੂੰਨ ਦੇ ਵਿਰੋਧ ਵਿੱਚ ਜਲੰਧਰ ਸ਼ਹਿਰ ਦੀਆਂ ਸਮੂਹ ਸਿੱਖ ਸੰਸਥਾਵਾਂ, ਸਿੰਘ ਸਭਾਵਾਂ ਅਤੇ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਸੈਂਟਰਲ ਟਾਊਨ ਸਥਿਤ ਗੁਰਦੁਆਰਾ ਦੀਵਾਨ ਅਸਥਾਨ ਵਿਖੇ ਇੱਕ ਭਰਵੀਂ ਇਕੱਤਰਤਾ ਕੀਤੀ ਗਈ। ਇਸ ਮੀਟਿੰਗ ਵਿੱਚ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਉਚੇਚੇ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼ਿਰੋਮਣੀ ਅਕਾਲੀ ਦਲ ਦੇ ਸਥਾਨਕ ਆਗੂ ਅਤੇ ਭਾਰੀ ਗਿਣਤੀ ਵਿੱਚ ਸੰਗਤ ਸ਼ਾਮਲ ਹੋਈ।

### 'ਨਾ ਇਹ ਕਾਨੂੰਨ ਮੰਨਿਆ ਹੈ, ਨਾ ਮੰਨਾਂਗੇ'

ਇਕੱਤਰਤਾ ਨੂੰ ਸਖ਼ਤ ਸ਼ਬਦਾਂ ਵਿੱਚ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਨੂੰ ਸਿੱਧੀ ਚਿਤਾਵਨੀ ਦਿੱਤੀ। ਉਨ੍ਹਾਂ ਕਿਹਾ, ਕਿ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਇਸ ਨਵੇਂ ਕਾਨੂੰਨ ਨੂੰ ਨਾ ਅਸੀਂ ਮੰਨਦੇ ਹਾਂ ਅਤੇ ਨਾ ਹੀ ਕਦੇ ਮੰਨਾਂਗੇ। ਸਰਕਾਰ ਧੱਕੇ ਨਾਲ ਇਹ ਕਾਨੂੰਨ ਲਾਗੂ ਕਰ ਰਹੀ ਹੈ, ਜਦਕਿ ਮਰਯਾਦਾ ਦੀ ਪਾਲਣਾ ਕਰਵਾਉਣਾ ਸਿਰਫ਼ ਅਤੇ ਸਿਰਫ਼ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਅਧਿਕਾਰ ਖੇਤਰ ਹੈ। ਗੁਰੂ ਗ੍ਰੰਥ ਅਤੇ ਗੁਰੂ ਪੰਥ ਉੱਪਰ ਕੋਈ ਵੀ ਦੁਨਿਆਵੀ ਸਰਕਾਰ ਕਾਨੂੰਨ ਨਹੀਂ ਬਣਾ ਸਕਦੀ।'' ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਵੀ ਤਾਕੀਦ ਕੀਤੀ ਕਿ ਉਹ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਾ ਦੇਣ ਅਤੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਕਾਨੂੰਨ ਤੋਂ ਡਰਨ ਦੀ ਬਜਾਏ ਇੱਕਜੁਟ ਰਹਿਣ।

### 'ਕਸਟੋਡੀਅਨ' ਸ਼ਬਦ ਅਤੇ ਸਿੱਖ ਸੰਗਤ 'ਤੇ ਪਾਬੰਦੀਆਂ ਦਾ ਵਿਰੋਧ

ਮੀਟਿੰਗ ਦੌਰਾਨ ਇਸ ਗੱਲ 'ਤੇ ਗੰਭੀਰ ਚਿੰਤਾ ਪ੍ਰਗਟਾਈ ਗਈ ਕਿ ਇਸ ਨਵੇਂ ਬਿੱਲ ਵਿੱਚ 'ਕਸਟੋਡੀਅਨ' ਦੇ ਨਾਮ ਹੇਠ ਗੁਰੂ ਘਰ ਦੇ ਸਤਿਕਾਰਯੋਗ ਗ੍ਰੰਥੀ ਸਿੰਘਾਂ, ਰਾਗੀ, ਪਾਠੀ, ਕਥਾਵਾਚਕਾਂ, ਪ੍ਰਚਾਰਕਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਇਹ ਕਾਨੂੰਨ ਗੁਰਮਤਿ ਸਿਧਾਂਤਾਂ ਦੇ ਉਲਟ ਹੈ ਅਤੇ ਦੋਸ਼ੀਆਂ 'ਤੇ ਸਖ਼ਤੀ ਕਰਨ ਦੀ ਬਜਾਏ ਉਲਟਾ ਸਿੱਖ ਸੰਗਤ ਅਤੇ ਸੇਵਾਦਾਰਾਂ 'ਤੇ ਹੀ ਸ਼ੱਕ ਪੈਦਾ ਕਰਦਾ ਹੈ ਅਤੇ ਉਨ੍ਹਾਂ 'ਤੇ ਪਾਬੰਦੀਆਂ ਲਗਾਉਂਦਾ ਹੈ।

### ਪਿਛਲੇ 50 ਸਾਲਾਂ ਦੇ ਘਟਨਾਕ੍ਰਮ ਵਿੱਚ ਖ਼ਾਸ ਪੈਟਰਨ

ਜਥੇਦਾਰ ਗੜਗੱਜ ਨੇ ਪਿਛਲੇ ਪੰਜ ਦਹਾਕਿਆਂ (50 ਸਾਲਾਂ) ਦੌਰਾਨ ਪੰਜਾਬ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਇੱਕ ਖ਼ਾਸ ਪੈਟਰਨ (ਤਰੀਕਾਕਾਰ) ਅਤੇ ਡੂੰਘੀ ਸਾਜ਼ਿਸ਼ ਹੋਣ ਦਾ ਦਾਅਵਾ ਕੀਤਾ। ਉਨ੍ਹਾਂ 1970 ਦੇ ਦਹਾਕੇ ਦੇ ਨਿਰੰਕਾਰੀ ਕਾਂਡ, ਪਿਆਰਾ ਸਿੰਘ ਭਨਿਆਰਾਂਵਾਲਾ ਵਿਵਾਦ ਅਤੇ 2015 ਵਿੱਚ ਸਿਰਸਾ ਡੇਰੇ ਨਾਲ ਜੁੜੇ ਬੇਅਦਬੀ ਦੇ ਮਾਮਲਿਆਂ (ਜਿਸ ਵਿੱਚ ਹਾਲ ਹੀ ਵਿੱਚ ਪ੍ਰਦੀਪ ਕਲੇਰ ਵੱਲੋਂ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਬਾਰੇ ਖੁਲਾਸੇ ਕੀਤੇ ਗਏ ਹਨ) ਦਾ ਹਵਾਲਾ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਕਾਨੂੰਨ ਦੇ ਤਹਿਤ ਡੇਰਾ ਮੁਖੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ, ਨਾ ਕਿ ਗੁਰੂ ਘਰ ਦੇ ਸੇਵਾਦਾਰਾਂ ਨੂੰ।

ਮੀਟਿੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਦੇ ਕੁਝ ਨੁਮਾਇੰਦਿਆਂ ਤੋਂ ਇਹ ਸਵਾਲ ਵੀ ਪੁੱਛਿਆ ਗਿਆ ਕਿ ਜਦੋਂ ਇਸ ਕਾਨੂੰਨ ਦਾ ਖਰੜਾ ਤਿਆਰ ਹੋ ਰਿਹਾ ਸੀ, ਉਦੋਂ ਪਹਿਲਾਂ ਇਤਰਾਜ਼ ਕਿਉਂ ਨਹੀਂ ਚੁੱਕੇ ਗਏ।

### 31 ਮਈ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਕਾਨਫਰੰਸ ਦਾ ਸੱਦਾ

ਇਸ ਕਾਨੂੰਨ ਦਾ ਡੱਟ ਕੇ ਵਿਰੋਧ ਕਰਨ ਲਈ ਜਥੇਦਾਰ ਸਾਹਿਬ ਨੇ ਸਮੁੱਚੀ ਸਿੱਖ ਸੰਗਤ ਨੂੰ 31 ਮਈ ਵਾਲੇ ਦਿਨ ਬਾਬਾ ਬਕਾਲਾ ਸਾਹਿਬ ਵਿਖੇ ਹੋਣ ਵਾਲੀ ਵਿਸ਼ੇਸ਼ ਕਾਨਫਰੰਸ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਮੀਟਿੰਗ ਦੇ ਅਖੀਰ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ ਇਸ ਐਕਟ ਬਾਰੇ ਅਕਾਲ ਤਖ਼ਤ ਸਾਹਿਬ ਦਾ ਫੈਸਲਾ ਹੀ ਅੰਤਿਮ ਅਤੇ ਪੰਥ ਲਈ ਬੰਧਨਕਾਰੀ ਹੋਵੇਗਾ।

### ਸਿੱਖ ਸ਼ਖਸੀਅਤਾਂ ਵੱਲੋਂ ਜਥੇਦਾਰ ਸਾਹਿਬ ਦਾ ਸਨਮਾਨ

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਜਥੇਦਾਰ ਕੁਲਵੰਤ ਸਿੰਘ ਮੰਨਣ, ਜ਼ਿਲ੍ਹਾ ਅਕਾਲੀ ਦਲ ਦੇ ਪ੍ਰਧਾਨ ਇਕਬਾਲ ਸਿੰਘ ਢੀਂਡਸਾ, ਭਾਈ ਦਿਲਬਾਗ ਸਿੰਘ (ਸਹਿਜ ਪਾਠ ਸੰਸਥਾ), ਐਡਵੋਕੇਟ ਮਨਦੀਪ ਸਿੰਘ ਸਚਦੇਵ, ਸੁਰਿੰਦਰਪਾਲ ਸਿੰਘ ਗੋਲਡੀ ਅਤੇ ਹੋਰਨਾਂ ਆਗੂਆਂ ਨੇ ਵੀ ਆਪਣੇ ਵਿਚਾਰ ਰੱਖੇ। ਗੁਰਦੁਆਰਾ ਦੀਵਾਨ ਅਸਥਾਨ ਵਿਖੇ ਪਹੁੰਚਣ 'ਤੇ ਸਿੱਖ ਸੰਸਥਾਵਾਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ, ਦੁਸ਼ਾਲਾ ਅਤੇ 'ਸ੍ਰੀ ਸਾਹਿਬ' ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਭਰਵੀਂ ਇਕੱਤਰਤਾ ਵਿੱਚ ਜਲੰਧਰ ਦੀਆਂ ਪ੍ਰਮੁੱਖ ਸਿੱਖ ਸ਼ਖਸੀਅਤਾਂ ਜਿਵੇਂ ਜਥੇਦਾਰ ਜਗਜੀਤ ਸਿੰਘ ਗਾਬਾ, ਮਹਿੰਦਰ ਜੀਤ ਸਿੰਘ (ਪ੍ਰਧਾਨ ਗੁਰਦੁਆਰਾ ਮਾਡਲ ਟਾਊਨ), ਕੰਵਲਜੀਤ ਸਿੰਘ ਕੋਛੜ, ਦਵਿੰਦਰ ਸਿੰਘ ਰਹੇਜਾ, ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਬਾਬਾ ਬਲਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਰਾਗੀ, ਪਾਠੀ, ਗ੍ਰੰਥੀ ਸਿੰਘ ਅਤੇ ਸੰਗਤਾਂ ਹਾਜ਼ਰ ਸਨ।

### ਮੀਟਿੰਗ ਵਿੱਚ ਉੱਠੇ ਤਿੱਖੇ ਸਵਾਲ ਅਤੇ ਮਤਾ

ਮੀਟਿੰਗ ਦੌਰਾਨ ਕਈ ਬੁਲਾਰਿਆਂ ਨੇ ਇਸ ਸੋਧ ਐਕਟ ਦੀਆਂ ਵੱਖ-ਵੱਖ ਧਾਰਾਵਾਂ 'ਤੇ ਆਪਣਾ ਵਿਰੋਧ ਦਰਜ ਕਰਵਾਇਆ। ਹਾਲਾਂਕਿ, ਕੁਝ ਨੁਮਾਇੰਦਿਆਂ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ 'ਤੇ ਵੀ ਸਵਾਲ ਚੁੱਕੇ ਕਿ ਜਦੋਂ ਇਸ ਕਾਨੂੰਨ ਦਾ ਖਰੜਾ ਤਿਆਰ ਕੀਤਾ ਜਾ ਰਿਹਾ ਸੀ, ਉਦੋਂ ਇਨ੍ਹਾਂ ਸੰਸਥਾਵਾਂ ਵੱਲੋਂ ਪਹਿਲਾਂ ਇਤਰਾਜ਼ ਕਿਉਂ ਨਹੀਂ ਜਤਾਏ ਗਏ।

ਅਖੀਰ ਵਿੱਚ ਇਕੱਤਰਤਾ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਇਸ ਐਕਟ ਸਬੰਧੀ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਫੈਸਲਾ ਹੀ ਅੰਤਿਮ ਹੋਵੇਗਾ, ਜੋ ਕਿ ਸਮੁੱਚੀ ਸਿੱਖ ਕੌਮ ਲਈ ਪੂਰੀ ਤਰ੍ਹਾਂ ਮੰਨਣਯੋਗ ਹੋਵੇਗਾ।



# ਤੇਲ ਕੰਪਨੀਆਂ ਦਾ ਮੁਨਾਫ਼ਾ 130% ਵਧਿਆ, ਫਿਰ ਵੀ ਜਨਤਾ ’ਤੇ ਮਹਿੰਗਾਈ ਦਾ ਬੋਝ

## ਖਾਸ ਖਬਰ ✪ ਕੌਮਾਂਤਰੀ ਬਾਜ਼ਾਰ ਵਿਚ ਕੀਮਤਾਂ ਡਿੱਗਣ ’ਤੇ ਵੀ ਰਾਹਤ ਨਹੀਂ

ਭਾਰਤ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੇ ਆਮ ਜਨਤਾ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ‘ਨਵਾਂ ਜ਼ਮਾਨਾ’ ਦੇ ਤਾਜ਼ਾ ਸੰਪਾਦਕੀ ਵਿਸ਼ਲੇਸ਼ਣ ਮੁਤਾਬਕ, ਮੋਦੀ ਸਰਕਾਰ ਦੇ ਕੰਟਰੋਲ ਵਾਲੀਆਂ ਤਿੰਨ ਪ੍ਰਮੁੱਖ ਸਰਕਾਰੀ ਤੇਲ ਕੰਪਨੀਆਂ-ਇੰਡੀਅਨ ਆਇਲ ਕਾਰਪੋਰੇਸ਼ਨ, ਹਿੰਦੁਸਤਾਨ ਪੈਟਰੋਲੀਅਮ ਅਤੇ ਭਾਰਤ ਪੈਟਰੋਲੀਅਮ ਦਾ ਮੁਨਾਫ਼ਾ ਰਿਕਾਰਡ ਪੱਧਰ ’ਤੇ ਪਹੁੰਚ ਚੁੱਕਾ ਹੈ। ਇਸ ਦੇ ਬਾਵਜੂਦ, ਦੇਸ਼ ਅੰਦਰ ਦੋ ਹਫ਼ਤਿਆਂ ਵਿੱਚ ਚੌਥੀ ਵਾਰ ਤੇਲ ਦੀਆਂ ਕੀਮਤਾਂ ਵਧਾ ਕੇ ਜਨਤਾ ਨੂੰ ਨਿਚੋੜਨ ਦੀ ਨੀਤੀ ਅਪਣਾਈ ਜਾ ਰਹੀ ਹੈ।

ਦੇਸ਼ ਦੇ 90 ਫੀਸਦੀ ਤੋਂ ਵੱਧ ਘਰੇਲੂ ਈਂਧਨ ਬਾਜ਼ਾਰ ਨੂੰ ਕੰਟਰੋਲ ਕਰਨ ਵਾਲੀਆਂ ਇਨ੍ਹਾਂ ਤਿੰਨਾਂ ਕੰਪਨੀਆਂ ਦੇ ਵਿੱਤੀ ਅੰਕੜੇ ਹੈਰਾਨ ਕਰਨ ਵਾਲੇ ਹਨ:

ਤਿਮਾਹੀ ਮੁਨਾਫ਼ਾ (ਜਨਵਰੀ-ਮਾਰਚ 2026): ਕੰਪਨੀਆਂ ਦਾ ਸਾਂਝਾ ਸ਼ੁੱਧ ਲਾਭ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 40.74 ਫੀਸਦੀ ਵਧ ਕੇ 19,470 ਕਰੋੜ ਰੁਪਏ ਤੱਕ ਪਹੁੰਚ ਗਿਆ।

ਸਾਲਾਨਾ ਮੁਨਾਫ਼ਾ (2025-26): ਪੂਰੇ ਮਾਲੀ ਸਾਲ ਵਿੱਚ ਇਨ੍ਹਾਂ ਦਾ ਸਾਂਝਾ ਮੁਨਾਫ਼ਾ 130 ਫੀਸਦੀ ਦੇ ਰਿਕਾਰਡ ਉਛਾਲ ਨਾਲ 77,280.65 ਕਰੋੜ ਰੁਪਏ ਹੋ ਗਿਆ, ਜੋ ਕਿ ਸਾਲ 2024-25 ਵਿੱਚ 33,601.57 ਕਰੋੜ ਰੁਪਏ ਸੀ।

ਇਸ ਦਾ ਸਿੱਧਾ ਮਤਲਬ ਇਹ ਹੈ ਕਿ ਤੇਲ ਕੰਪਨੀਆਂ ਨੇ ਪਿਛਲੇ ਸਾਲ ਦੇ ਮੁਕਾਬਲੇ ਦੇਸ਼ ਦੇ ਲੋਕਾਂ ਦੀ ਜੇਬ੍ਹ ਵਿੱਚੋਂ 130 ਫੀਸਦੀ ਵੱਧ ਪੈਸਾ ਕੱਢਿਆ ਹੈ।

ਕੌਮਾਂਤਰੀ ਬਾਜ਼ਾਰ ’ਚ ਕੱਚਾ ਤੇਲ ਸਸਤਾ, ਪਰ ਭਾਰਤ ’ਚ ਮਹਿੰਗਾ!

ਲੇਖ ਵਿੱਚ ਸਰਕਾਰ ਅਤੇ ਤੇਲ ਕੰਪਨੀਆਂ ਦੇ ਦੋਹਰੇ ਮਾਪਦੰਡਾਂ ’ਤੇ ਤਿੱਖਾ ਸਵਾਲ ਚੁੱਕਿਆ ਗਿਆ ਹੈ। ਸੋਮਵਾਰ ਨੂੰ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀ ਕੀਮਤ 8 ਫੀਸਦੀ ਡਿਗ ਕੇ 100 ਡਾਲਰ ਪ੍ਰਤੀ ਬੈਰਲ ਤੋਂ ਹੇਠਾਂ ਯਾਨੀ 96.83 ਡਾਲਰ ’ਤੇ ਆ ਗਈ।

ਇਸ ਦੇ ਬਾਵਜੂਦ, ਭਾਰਤ ਵਿੱਚ:ਪੈਟਰੋਲ ਦੀ ਕੀਮਤ ਵਿੱਚ 2.61 ਰੁਪਏ ਅਤੇ ਡੀਜ਼ਲ ਵਿੱਚ 2.71 ਰੁਪਏ ਦਾ ਨਵਾਂ ਵਾਧਾ ਕਰ ਦਿੱਤਾ ਗਿਆ।

ਮਹਿਜ਼ 10 ਦਿਨਾਂ ਦੇ ਅੰਦਰ ਚਾਰ ਕਿਸ਼ਤਾਂ ਵਿੱਚ ਤੇਲ ਲੱਗਭੱਗ 7.50 ਰੁਪਏ ਪ੍ਰਤੀ ਲੀਟਰ ਮਹਿੰਗਾ ਹੋ ਚੁੱਕਾ ਹੈ।

ਪੱਛਮੀ ਏਸ਼ੀਆ ਦੀ ਜੰਗ ਅਤੇ ਤੇਲ ਦੀ ਖੇਡ-28 ਫਰਵਰੀ 2026 ਨੂੰ ਅਮਰੀਕਾ ਅਤੇ



ਇਜ਼ਰਾਈਲ ਵੱਲੋਂ ਈਰਾਨ ’ਤੇ ਕੀਤੇ ਗਏ ਹਮਲੇ ਅਤੇ ਈਰਾਨ ਦੁਆਰਾ ‘ਸਟ੍ਰੇਟ ਆਫ ਹੋਰਮੁਜ਼’ (ਹਾਰਮੁਜ਼ ਜਲਡਮਰੂ) ਨੂੰ ਬੰਦ ਕਰਨ ਤੋਂ ਬਾਅਦ ਕੱਚੇ ਤੇਲ ਦੀ ਕੀਮਤ 72 ਡਾਲਰ ਤੋਂ ਉੱਛਲ ਕੇ 120 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਸੀ।

ਸਰਕਾਰ ਅਤੇ ਤੇਲ ਕੰਪਨੀਆਂ ਨੇ ਤੁਰੰਤ ਵਿਸ਼ਵ ਬਾਜ਼ਾਰ ਦੀ ਦੁਹਾਈ ਦੇ ਕੇ ਕੀਮਤਾਂ ਵਧਾ ਦਿੱਤੀਆਂ। ਪਰ ਹੁਣ, ਜਦੋਂ ਜੰਗਬੰਦੀ ਤੋਂ ਬਾਅਦ ਮਈ ਮਹੀਨੇ ਵਿੱਚ ਕੌਮਾਂਤਰੀ ਕੀਮਤਾਂ ਡਿੱਗ ਰਹੀਆਂ ਹਨ, ਤਾਂ ਉਸ ਦਾ ਲਾਭ ਭਾਰਤੀ ਖਪਤਕਾਰਾਂ ਨੂੰ ਨਹੀਂ ਦਿੱਤਾ ਜਾ ਰਿਹਾ।

ਟੈਕਸਾਂ ਦੀ ਮਾਰ: ਯੂਪੀਏ ਸਰਕਾਰ ਨਾਲੋਂ ਕਿਤੇ ਵੱਧ ਟੈਕਸ-ਰਿਪੋਰਟ ਮੁਤਾਬਕ ਕੇਂਦਰ ਸਰਕਾਰ ਕੋਲ ਤੇਲ ਦੀਆਂ ਕੀਮਤਾਂ ਨੂੰ ਘਟਾਉਣ ਦੀ ਪੂਰੀ ਗੁੰਜਾਇਸ਼ ਹੈ, ਪਰ ਉਹ ਅਜਿਹਾ ਨਹੀਂ ਕਰ ਰਹੀ। ਅੱਜ ਵੀ ਯੂ.ਪੀ.ਏ. ਸਰਕਾਰ ਦੇ ਸਮੇਂ ਦੇ ਮੁਕਾਬਲੇ:

ਡੀਜ਼ਲ ’ਤੇ ਐਕਸਾਈਜ਼ ਡਿਊਟੀ 125 ਫੀਸਦੀ ਵੱਧ ਹੈ।

ਪੈਟਰੋਲ ’ਤੇ ਐਕਸਾਈਜ਼ ਡਿਊਟੀ 29 ਫੀਸਦੀ ਵੱਧ ਵਸੂਲੀ ਜਾ ਰਹੀ ਹੈ।

ਸਰਕਾਰ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਤੇਲ ਕੰਪਨੀਆਂ ਰੋਜ਼ਾਨਾ 500 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਝੱਲ ਰਹੀਆਂ ਹਨ, ਜਿਸ ਕਾਰਨ ਕੀਮਤਾਂ ਵਧਾਉਣੀਆਂ ਪੈ ਰਹੀਆਂ ਹਨ। ਪਰ ਕੰਪਨੀਆਂ ਦੇ ਬੈਲੇਂਸ ਸ਼ੀਟ ਅਤੇ ਮੁਨਾਫ਼ੇ ਦੇ ਅੰਕੜੇ ਇਸ ਦਾਅਵੇ ਨੂੰ ਪੂਰੀ ਤਰ੍ਹਾਂ ਝੂਠਾ ਸਾਬਤ ਕਰਦੇ ਹਨ। ਸੱਚਾਈ ਇਹ ਹੈ ਕਿ ਜੰਗ ਦੀਆਂ ਖ਼ਬਰਾਂ ਦੀ ਆੜ ਵਿੱਚ ਕੌਮਾਂਤਰੀ ਪੱਧਰ ’ਤੇ ਡੋਨਾਲਡ ਟਰੰਪ ਅਤੇ ਭਾਰਤ ਵਿੱਚ ਸਰਕਾਰੀ ਕੰਪਨੀਆਂ ਅਰਬਾਂ ਰੁਪਏ ਕਮਾ ਰਹੀਆਂ ਹਨ, ਜਦਕਿ ਇਸ ਖੇਡ ਵਿੱਚ “ਮੁਨਾਫ਼ਾ ਸਰਕਾਰ ਦਾ ਅਤੇ ਨੁਕਸਾਨ ਪੂਰੀ ਤਰ੍ਹਾਂ ਦੇਸ਼ ਦੀ ਜਨਤਾ ਦਾ” ਹੋ ਰਿਹਾ ਹੈ।

# ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਰਾਜ ਸਭਾ ਮੈਂਬਰ ਰਾਜ ਮਹਿੰਦਰ ਸਿੰਘ ਮਜੀਠੀਆ ‘ਆਪ’ ਵਿਚ ਸ਼ਾਮਲ



ਅੰਮ੍ਰਿਤਸਰ/ਚੰਡੀਗੜ੍ਹ-ਪੰਜਾਬ ਦੀ ਸਿਆਸਤ ਤੋਂ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਮਜੀਠਾ ਵਿਧਾਨ ਸਭਾ ਹਲਕੇ ਵਿੱਚ ਆਮ ਆਦਮੀ ਪਾਰਟੀ ਨੇ ਇੱਕ ਵੱਡਾ ਸਿਆਸੀ ਉਲਟਫੇਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਝਟਕਾ ਦਿੱਤਾ ਹੈ। ਅਕਾਲੀ ਦਲ ਦੇ ਬੇਹੱਦ ਸੀਨੀਅਰ ਆਗੂ ਅਤੇ ਸਾਬਕਾ ਰਾਜ ਸਭਾ ਮੈਂਬਰ ਰਾਜ ਮਹਿੰਦਰ ਸਿੰਘ ਮਜੀਠੀਆ, ਹੇਮ ਇੰਦਰ ਸਿੰਘ ਮਜੀਠਾ: ਪੰਜਾਬ ਦੇ ਸਾਬਕਾ ਆਰ.ਟੀ.ਏ. ਕਮਿਸ਼ਨਰ, ਸੁਖਦੀਪ ਸਿੰਘ ਗਿੱਲ ਮਜੀਠਾ: ਇਲਾਕੇ ਦੇ ਪ੍ਰਮੁੱਖ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਰਵਾਈ ਪਾਰਟੀ ’ਚ ਸ਼ਾਮਲ-ਚੰਡੀਗੜ੍ਹ ਵਿਖੇ ਹੋਏ ਇੱਕ ਵਿਸ਼ੇਸ਼ ਸਿਆਸੀ ਪ੍ਰੋਗਰਾਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖ਼ੁਦ ਰਾਜ ਮਹਿੰਦਰ ਸਿੰਘ ਮਜੀਠੀਆ ਅਤੇ ਉਨ੍ਹਾਂ ਦੇ ਸਾਥੀਆਂ ਦਾ ਪਾਰਟੀ ਵਿੱਚ ਸਵਾਗਤ ਕੀਤਾ।

# ਅਦਾਕਾਰ ਯੋਗਰਾਜ ਸਿੰਘ ਨੂੰ ਵੱਡਾ ਝਟਕਾ

## ਔਰਤਾਂ ਬਾਰੇ ਇਤਰਾਜ਼ਯੋਗ ਟਿੱਪਣੀ ਮਾਮਲੇ ’ਚ ਅਗਾਊਂ ਜ਼ਮਾਨਤ ਅਰਜ਼ੀ ਖਾਰਜ



ਚੰਡੀਗੜ੍ਹ-ਸਾਬਕਾ ਕ੍ਰਿਕਟਰ ਯੁਵਰਾਜ ਸਿੰਘ ਦੇ ਪਿਤਾ ਅਤੇ ਮਸ਼ਹੂਰ ਪੰਜਾਬੀ ਅਦਾਕਾਰ ਯੋਗਰਾਜ ਸਿੰਘ ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਔਰਤਾਂ ਬਾਰੇ ਕਥਿਤ ਤੌਰ ’ਤੇ ਇਤਰਾਜ਼ਯੋਗ ਅਤੇ ਅਪਮਾਨਜਨਕ ਟਿੱਪਣੀ ਕਰਨ ਦੇ ਮਾਮਲੇ ਵਿੱਚ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਤੋਂ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲੀ ਹੈ। ਅਦਾਲਤ ਨੇ ਗ੍ਰਿਫ਼ਤਾਰੀ ਦੇ ਖ਼ਤਰੇ ਨੂੰ ਦੇਖਦੇ ਹੋਏ ਦਾਇਰ ਕੀਤੀ ਗਈ ਉਨ੍ਹਾਂ ਦੀ ਅਗਾਊਂ ਜ਼ਮਾਨਤ ਅਰਜ਼ੀ ਨੂੰ ਖਾਰਜ ਕਰ ਦਿੱਤਾ ਹੈ।

ਕੀ ਹੈ ਪੂਰਾ ਮਾਮਲਾ?-ਇਹ ਵਿਵਾਦ ਇੱਕ ਹਿੰਦੀ ਵੈੱਬ ਸੀਰੀਜ਼ ਦੇ ਵਾਇਰਲ ਹੋ ਰਹੇ ਵੀਡੀਓ ਕਲਿੱਪ ਨਾਲ ਜੁੜਿਆ ਹੋਇਆ ਹੈ। ਰਿਲੀਜ਼ ਅਤੇ ਵਾਇਰਲ ਵੀਡੀਓ: ਇਹ ਸੀਰੀਜ਼ 8 ਮਈ ਨੂੰ ਓਟੀਟੀ ਪਲੇਟਫਾਰਮ ‘ਐਮਾਜ਼ੋਨ ਪ੍ਰਾਇਮ ਵੀਡੀਓ’ ’ਤੇ ਰਿਲੀਜ਼ ਹੋਈ ਸੀ। ਇਸ ਦੇ ਇੱਕ ਐਪੀਸੋਡ ਦੀ 17 ਸਕਿੰਟ ਦੀ ਵੀਡੀਓ ਕਲਿੱਪ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋਈ। ਇਸ ਸੀਨ ਵਿੱਚ ਯੋਗਰਾਜ ਸਿੰਘ ਦਾ ਕਿਰਦਾਰ (ਵਾਲੀਆ ਸਾਹਿਬ) ਇੱਕ ਪੁਲਿਸ ਥਾਣੇ ਵਿੱਚ ਦਿਖਾਈ ਦਿੰਦਾ ਹੈ, ਜਿੱਥੇ ਇੱਕ ਸੀਨੀਅਰ ਪੁਲਿਸ ਅਧਿਕਾਰੀ ਅਤੇ ਇੱਕ ਮਹਿਲਾ ਅਧਿਕਾਰੀ ਮੌਜੂਦ ਹੁੰਦੇ ਹਨ। ਗੱਲਬਾਤ ਦੌਰਾਨ ਯੋਗਰਾਜ ਦੇ ਕਿਰਦਾਰ ਵੱਲੋਂ ਔਰਤਾਂ ਬਾਰੇ ਕਥਿਤ ਤੌਰ ’ਤੇ ਬੇਹੱਦ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ।

ਐਸਐਸਪੀ ਕੋਲ ਦਰਜ ਕਰਵਾਈ ਗਈ ਸੀ ਸ਼ਿਕਾਇਤ-ਇਸ ਵਾਇਰਲ ਵੀਡੀਓ ਦਾ ਨੋਟਿਸ ਲੈਂਦਿਆਂ ਚੰਡੀਗੜ੍ਹ ਦੇ ਵਕੀਲ ਉੱਜਵਲ ਭਸੀਨ ਅਤੇ ਜਤਿਨ ਵਰਮਾ ਨੇ ਐਸਐਸਪੀ ਨੂੰ ਲਿਖਤੀ ਸ਼ਿਕਾਇਤ ਦਿੱਤੀ ਸੀ। ਸ਼ਿਕਾਇਤਕਰਤਾਵਾਂ ਦਾ ਕਹਿਣਾ ਹੈ ਕਿ “ਯੋਗਰਾਜ ਸਿੰਘ ਵਰਗੇ ਪ੍ਰਭਾਵਸ਼ਾਲੀ ਅਤੇ ਜਨਤਕ ਵਿਅਕਤੀ ਵੱਲੋਂ ਅਜਿਹੀ ਭਾਸ਼ਾ ਦੀ ਵਰਤੋਂ ਕਰਨਾ ਸਮਾਜ ਵਿੱਚ ਮਹਿਲਾਵਾਂ ਪ੍ਰਤੀ ਗਲਤ ਸੋਚ ਨੂੰ ਵਧਾਵਾ ਦਿੰਦਾ ਹੈ। ਇਹ ਮਹਿਲਾਵਾਂ ਦੀ ਇੱਜ਼ਤ, ਸਨਮਾਨ ਅਤੇ ਅਧਿਕਾਰਾਂ ’ਤੇ ਸਿੱਧਾ ਹਮਲਾ ਹੈ, ਜੋ ਕਿ ਸਿੱਖ ਸਿਧਾਂਤਾਂ ਅਤੇ ਸਮਾਜਿਕ ਮੁੱਲਾਂ ਦੇ ਵੀ ਪੂਰੀ ਤਰ੍ਹਾਂ ਖ਼ਿਲਾਫ਼ ਹੈ।”

ਸ਼ਿਕਾਇਤ ਵਿੱਚ ਮੰਗ ਕੀਤੀ ਗਈ ਸੀ ਕਿ ਮਹਿਲਾਵਾਂ ਦੇ ਸਨਮਾਨ ਦੀ ਰੱਖਿਆ ਲਈ ਅਦਾਕਾਰ ਯੋਗਰਾਜ ਸਿੰਘ ਅਤੇ ਇਸ ਨਾਲ ਸੰਬੰਧਤ ਹੋਰ ਲੋਕਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਹੁਣ ਹਾਈ ਕੋਰਟ ਦਾ ਰੁਖ਼ ਕਰੇਗਾ ਬਚਾਅ ਪੱਖ-ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਵੱਲੋਂ ਅਗਾਊਂ ਜ਼ਮਾਨਤ ਅਰਜ਼ੀ ਖਾਰਜ ਹੋਣ ਤੋਂ ਬਾਅਦ ਹੁਣ ਯੋਗਰਾਜ ਸਿੰਘ ’ਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਗਈ ਹੈ। ਇਸ ਸਬੰਧੀ ਯੋਗਰਾਜ ਸਿੰਘ ਦੇ ਵਕੀਲ ਹਰਮਨਜੀਤ ਸਿੰਘ ਨੇ ਦੱਸਿਆ ਕਿ ਉਹ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ ਹੁਣ ਹਾਈ ਕੋਰਟ ਵਿੱਚ ਜ਼ਮਾਨਤ ਅਰਜ਼ੀ ਦਾਇਰ ਕਰਨ ਦੀ ਤਿਆਰੀ ਕਰ ਰਹੇ ਹਨ।

# ਭਾਰਤ ਵਿਚ ਦੋਹਰਾ ਕਾਨੂੰਨ ਕਿਉ ? ਪੰਥਕ ਆਗੂਆਂ ਨੇ ਉਠਾਏ ਸੁਆਲ ?

## ✪ ਸਾਧ ਰਾਮ ਰਹੀਮ ਨੂੰ 16ਵੀਂ ਵਾਰ ਪੈਰੋਲ, ਪਰ ਭਾਈ ਹਵਾਰਾ ਜੇਲ੍ਹ ਵਿਚ ਬੰਦ ✪ ਸਰਕਾਰਾਂ ਦੇ ਅਨਿਆਂਕਾਰੀ ਨਜ਼ਰੀਏ 'ਤੇ ਉੱਠੇ ਸਵਾਲ








ਅੰਮ੍ਰਿਤਸਰ/ਚੰਡੀਗੜ੍ਹ-ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਇੱਕ ਵਾਰ ਫਿਰ 23 ਦਿਨਾਂ ਦੀ ਪੈਰੋਲ ਮਿਲਣ ਅਤੇ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਰਿਹਾਅ ਹੋ ਕੇ ਸਿਰਸਾ ਪਹੁੰਚਣ ਤੋਂ ਬਾਅਦ ਪੰਜਾਬ ਅਤੇ ਸਿੱਖ ਜਗਤ ਵਿੱਚ ਇੱਕ ਵਾਰ ਫਿਰ ਤਿੱਖੀ ਬਹਿਸ ਛਿੜ ਗਈ ਹੈ। ਰਾਮ ਰਹੀਮ ਦੀ ਇਹ ਹੁਣ ਤੱਕ ਦੀ 16ਵੀਂ ਪੈਰੋਲ ਹੈ, ਜਿਸ ਕਾਰਨ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਵੱਲੋਂ ਸਰਕਾਰ ਦੇ ਨਿਆਂ ਪ੍ਰਬੰਧ ਅਤੇ ਕਾਨੂੰਨ ਦੇ ਦੋਹਰੇ ਮਾਪਦੰਡਾਂ 'ਤੇ ਗੰਭੀਰ ਸਵਾਲ ਚੁੱਕੇ ਜਾ ਰਹੇ ਹਨ।

ਪੰਜਾਬ ਦੇ ਧਾਰਮਿਕ ਅਤੇ ਸਿਆਸੀ ਹਲਕਿਆਂ ਵਿੱਚ ਸਭ ਤੋਂ ਵੱਡਾ ਸਵਾਲ ਇਹ ਉੱਠ ਰਿਹਾ ਹੈ ਕਿ ਜੇਕਰ ਕਤਲ ਅਤੇ ਜਿਨਸੀ ਸ਼ੋਸ਼ਣ ਵਰਗੇ ਸੰਗੀਨ ਮਾਮਲਿਆਂ ਦੇ ਦੋਸ਼ੀ ਨੂੰ ਬਾਰ-ਬਾਰ ਪੈਰੋਲ ਮਿਲ ਸਕਦੀ ਹੈ, ਤਾਂ ਕਈ ਦਹਾਕਿਆਂ ਤੋਂ ਜੇਲ੍ਹ ਵਿੱਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਵਰਗੇ ਸਿੱਖ ਕੈਦੀਆਂ ਨੂੰ ਪੈਰੋਲ ਕਿਉਂ ਨਹੀਂ ਦਿੱਤੀ ਜਾ ਰਹੀ? ਸਿੱਖ ਸੰਗਤ ਵੱਲੋਂ ਇਸ ਰਵੱਈਏ ਨੂੰ ਸਿੱਖਾਂ ਨਾਲ ਸਿੱਧਾ ਵਿਤਕਰਾ ਅਤੇ ਬੇਇਨਸਾਫ਼ੀ ਕਰਾਰ ਦਿੱਤਾ ਜਾ ਰਿਹਾ ਹੈ।

ਸੋਸ਼ਲ ਮੀਡੀਆ ਤੋਂ ਲੈ ਕੇ ਆਮ ਲੋਕਾਂ ਵਿੱਚ ਇਸ ਗੱਲ ਨੂੰ ਲੈ ਕੇ ਭਾਰੀ ਰੋਸ ਹੈ ਕਿ ਦੇਸ਼ ਦਾ ਕਾਨੂੰਨ ਸਭ ਲਈ ਬਰਾਬਰ ਹੋਣ ਦਾ ਦਾਅਵਾ ਕਰਦਾ ਹੈ, ਪਰ ਅਮਲੀ ਰੂਪ ਵਿੱਚ ਅਜਿਹਾ ਦਿਖਾਈ ਨਹੀਂ ਦੇ ਰਿਹਾ। ਸਾਧਵੀ ਜਿਨਸੀ ਸ਼ੋਸ਼ਣ ਮਾਮਲੇ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਸਾਧ ਰਾਮ ਰਹੀਮ ਇਸ ਸਾਲ 2026 ਵਿੱਚ ਹੀ ਦੂਜੀ ਵਾਰ ਜੇਲ੍ਹ ਤੋਂ ਬਾਹਰ ਆਇਆ ਹੈ। ਹਰ ਕੁਝ ਮਹੀਨਿਆਂ ਬਾਅਦ ਉਸ ਨੂੰ ਮਿਲ ਰਹੀ ਪੈਰੋਲ ਨੂੰ ਸਿੱਖ ਜਥੇਬੰਦੀਆਂ ਸਿਆਸੀ ਸ਼ੋਸ਼ਣ ਅਤੇ ਵੋਟ ਬੈਂਕ ਦੀ ਗੰਦੀ ਰਾਜਨੀਤੀ ਦਾ ਹਿੱਸਾ ਦੱਸ ਰਹੀਆਂ ਹਨ।

ਦੂਜੇ ਪਾਸੇ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿੱਚ ਸਜ਼ਾ ਕੱਟ ਰਹੇ ਭਾਈ ਜਗਤਾਰ ਸਿੰਘ ਹਵਾਰਾ ਤਕਰੀਬਨ ਤਿੰਨ ਦਹਾਕਿਆਂ ਤੋਂ ਜੇਲ੍ਹ ਵਿੱਚ ਨਜ਼ਰਬੰਦ ਹਨ। ਖ਼ਰਾਬ ਸਿਹਤ ਅਤੇ ਲੰਬਾ ਸਮਾਂ ਜੇਲ੍ਹ ਵਿੱਚ ਬਿਤਾਉਣ ਦੇ ਬਾਵਜੂਦ ਉਨ੍ਹਾਂ ਨੂੰ ਅੱਜ ਤੱਕ ਕਦੇ ਵੀ ਇੱਕ ਵਾਰ ਵੀ ਪੈਰੋਲ ਵਰਗੀ ਕਾਨੂੰਨੀ ਰਾਹਤ ਨਹੀਂ ਦਿੱਤੀ ਗਈ, ਜੋ ਸਰਕਾਰਾਂ ਦੀ ਨੀਅਤ 'ਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ।

ਪੰਥਕ ਆਗੂ ਪਾਲ ਸਿੰਘ ਫਰਾਂਸ ਅਨੁਸਾਰ ਸਰਕਾਰ ਦਾ ਇਹ ਰਵੱਈਆ ਪੂਰੀ ਤਰ੍ਹਾਂ ਪੱਖਪਾਤੀ ਅਤੇ ਗੈਰ-ਸੰਵਿਧਾਨਕ ਹੈ। ਜਿੱਥੇ ਇੱਕ ਪਾਸੇ ਸਟੇਟ ਨੂੰ ਚੈਲਿੰਜ ਕਰਨ ਵਾਲੇ ਤੇ ਹਿੰਸਾ ਫੈਲਾਉਣ ਵਾਲੇ ਬਲਾਤਕਾਰੀ ਸਾਧ ਰਾਮ ਰਹੀਮ ਵਰਗੇ ਕੈਦੀ ਲਈ ਜੇਲ੍ਹ ਪ੍ਰਸ਼ਾਸਨ ਅਤੇ ਸਰਕਾਰਾਂ ਦੇ ਦਿਲ ਨਰਮ ਹੋ ਜਾਂਦੇ ਹਨ ਅਤੇ ਉਸ ਦੇ ਬਾਹਰ ਆਉਣ 'ਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਂਦੇ ਹਨ, ਉੱਥੇ ਹੀ ਭਾਈ ਜਗਤਾਰ ਸਿੰਘ ਹਵਾਰਾ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਹਮੇਸ਼ਾ ਅਮਨ-ਕਾਨੂੰਨ ਦੀ ਸਥਿਤੀ ਭੰਗ ਹੋਣ ਦਾ ਬਹਾਨਾ ਬਣਾ ਕੇ ਉਨ੍ਹਾਂ ਦੇ ਹੱਕਾਂ ਨੂੰ ਦਬਾ ਦਿੱਤਾ ਜਾਂਦਾ ਹੈ।

ਸਿੱਖ ਆਗੂਆਂ ਦਾ ਕਹਿਣਾ ਹੈ ਕਿ ਜਦੋਂ ਇੱਕ ਸਜ਼ਾਯਾਫ਼ਤਾ ਮੁਜਰਮ ਨੂੰ ਵੀਆਈਪੀ ਸਹੂਲਤਾਂ ਅਤੇ ਬਾਰ-ਬਾਰ ਪੈਰੋਲ ਦਿੱਤੀ ਜਾਂਦੀ ਹੈ, ਤਾਂ ਨਿਆਂ ਪ੍ਰਣਾਲੀ 'ਤੇ ਜਨਤਾ ਦਾ ਵਿਸ਼ਵਾਸ ਡੋਲਦਾ ਹੈ। ਭਾਈ ਹਵਾਰਾ ਸਮੇਤ ਹੋਰ ਬੰਦੀ ਸਿੰਘਾਂ, ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਨੂੰ ਲਗਾਤਾਰ ਜੇਲ੍ਹ ਵਿੱਚ ਰੱਖਣਾ ਸਿੱਖ ਕੌਮ ਨਾਲ ਸਰਾਸਰ ਅਨਿਆਂ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਪੰਥਕ ਜਥੇਬੰਦੀਆਂ ਲੰਬੇ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਉਨ੍ਹਾਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਕਾਨੂੰਨੀ ਅਤੇ ਰਾਜਨੀਤਿਕ ਲੜਾਈ ਲੜ ਰਹੀਆਂ ਹਨ। ਸਾਧ ਰਾਮ ਰਹੀਮ ਦੀ ਇਸ ਤਾਜ਼ਾ ਰਿਹਾਈ ਨੇ ਇਸ ਚੱਲ ਰਹੇ ਅੰਦੋਲਨ ਅਤੇ ਰੋਸ ਨੂੰ ਮੁੜ ਹਵਾ ਦੇ ਦਿੱਤੀ ਹੈ। ਸਿੱਖ ਆਗੂਆਂ ਪ੍ਰੋਫੈਸਰ ਬਰਜਿੰਦਰ ਸਿੰਘ, ਪਾਲ ਸਿੰਘ ਫਰਾਂਸ ਨੇ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੱਤੀ ਹੈ ਕਿ ਸਰਕਾਰਾਂ ਦਾ ਇਹ ਅਨਿਆਂਕਾਰੀ ਨਜ਼ਰੀਆ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਦੇ 'ਸਮਾਨਤਾ ਦੇ ਅਧਿਕਾਰ' ਦਾ ਸ਼ਰੇਆਮ ਮਜ਼ਾਕ ਉਡਾ ਰਿਹਾ ਹੈ। ਜੇਕਰ ਸਰਕਾਰਾਂ ਨੇ ਆਪਣਾ ਇਹ ਪੱਖਪਾਤੀ ਅਤੇ ਪੱਖਪਾਤ-ਪੂਰਨ ਵਤੀਰਾ ਨਾ ਬਦਲਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਵਿਤਕਰੇ ਵਿਰੁੱਧ ਦੇਸ਼-ਵਿਦੇਸ਼ ਵਿੱਚ ਤਿੱਖਾ ਰੋਸ ਪ੍ਰਦਰਸ਼ਨ ਅਤੇ ਸੰਘਰਸ਼ ਦੇਖਣ ਨੂੰ ਮਿਲ ਸਕਦਾ ਹੈ।

### ਸੀਬੀਆਈ ਹਵਾਰੇ ਦੀ ਪੈਰੋਲ ਵਿਰੁਧ ਕਿਉਂ ?

ਭਾਈ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਜਾਂ ਰਿਹਾਈ ਦੇ ਮਾਮਲੇ ਵਿੱਚ ਕੇਂਦਰੀ ਜਾਂਚ ਏਜੰਸੀ ਅਤੇ ਸਰਕਾਰੀ ਪੱਖ ਦਾ ਸ਼ੁਰੂ ਤੋਂ ਹੀ ਬੇਹੱਦ ਸਖ਼ਤ ਰਵੱਈਆ ਰਿਹਾ ਹੈ। ਅਦਾਲਤੀ ਕਾਰਵਾਈਆਂ ਅਤੇ ਪਟੀਸ਼ਨਾਂ ਦੌਰਾਨ ਸੀਬੀਆਈ ਨੇ ਹਵਾਰਾ ਦੀ ਪੈਰੋਲ ਜਾਂ ਜੇਲ੍ਹ ਬਦਲੀ ਦੇ ਵਿਰੋਧ ਵਿੱਚ ਮੁੱਖ ਤੌਰ 'ਤੇ ਹੇਠ ਲਿਖੀਆਂ ਗੱਲਾਂ ਕਹੀਆਂ ਹਨ:

ਸੀਬੀਆਈ ਨੇ ਹਮੇਸ਼ਾ ਅਦਾਲਤਾਂ ਵਿੱਚ ਇਹ ਦਲੀਲ ਦਿੱਤੀ ਹੈ ਕਿ ਜਗਤਾਰ ਸਿੰਘ ਹਵਾਰਾ ਕੋਈ ਆਮ ਕੈਦੀ ਨਹੀਂ ਹੈ, ਸਗੋਂ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਅਤੇ ਬੁੜੈਲ ਜੇਲ੍ਹ ਬ੍ਰੇਕ (ਜੇਲ੍ਹ ਵਿੱਚੋਂ ਫਰਾਰ ਹੋਣ) ਵਰਗੇ ਬੇਹੱਦ ਸੰਗੀਨ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ। ਏਜੰਸੀ ਮੁਤਾਬਕ ਅਜਿਹੇ ਹਾਈ-ਪ੍ਰੋਫਾਈਲ ਕੈਦੀ ਨੂੰ ਪੈਰੋਲ ਦੇਣ ਨਾਲ ਦੇਸ਼ ਅਤੇ ਸੂਬੇ ਦੀ ਸੁਰੱਖਿਆ ਨੂੰ ਵੱਡਾ ਖ਼ਤਰਾ ਪੈਦਾ ਹੋ ਸਕਦਾ ਹੈ।

ਸੀਬੀਆਈ ਅਤੇ ਖੁਫੀਆ ਏਜੰਸੀਆਂ ਦਾ ਦਾਅਵਾ ਰਿਹਾ ਹੈ ਕਿ ਜੇਕਰ ਭਾਈ ਹਵਾਰਾ ਨੂੰ ਜੇਲ੍ਹ ਤੋਂ ਬਾਹਰ ਆਉਣ ਦੀ ਇਜਾਜ਼ਤ (ਪੈਰੋਲ) ਦਿੱਤੀ ਜਾਂਦੀ ਹੈ, ਤਾਂ ਇਸ ਨਾਲ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ ਅਤੇ ਸਮਾਜ ਵਿਰੋਧੀ ਜਾਂ ਗਰਮਖ਼ਿਆਲੀ ਅਨਸਰ ਮੁੜ ਸਰਗਰਮ ਹੋ ਸਕਦੇ ਹਨ।

ਸੀਬੀਆਈ ਨੇ ਅਦਾਲਤਾਂ ਵਿੱਚ ਬੁੜੈਲ ਜੇਲ੍ਹ ਦੀ ਘਟਨਾ ਦਾ ਹਵਾਲਾ ਦਿੰਦਿਆਂ ਇਹ ਵੀ ਕਿਹਾ ਹੈ ਕਿ ਭਾਈ ਹਵਾਰਾ ਪਹਿਲਾਂ ਵੀ ਜੇਲ੍ਹ ਵਿੱਚੋਂ ਸੁਰੰਗ ਪੁੱਟ ਕੇ ਫਰਾਰ ਹੋਣ ਵਿੱਚ ਕਾਮਯਾਬ ਹੋ ਚੁੱਕਾ ਹੈ। ਇਸ ਲਈ ਜੇਕਰ ਉਸ ਨੂੰ ਪੈਰੋਲ ਮਿਲਦੀ ਹੈ, ਤਾਂ ਉਸ ਦੇ ਮੁੜ ਫਰਾਰ ਹੋਣ ਜਾਂ ਦੇਸ਼ ਵਿੱਚੋਂ ਬਾਹਰ ਨਿਕਲਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਇਹੀ ਕਾਰਨ ਹਨ ਕਿ ਜਿੱਥੇ ਇੱਕ ਪਾਸੇ ਰਾਮ ਰਹੀਮ ਵਰਗੇ ਕੈਦੀਆਂ ਨੂੰ ਪ੍ਰਸ਼ਾਸਨ ਵੱਲੋਂ ਆਸਾਨੀ ਨਾਲ ਹਰੀ ਝੰਡੀ ਮਿਲ ਜਾਂਦੀ ਹੈ, ਉੱਥੇ ਹੀ ਭਾਈ ਹਵਾਰਾ ਦੇ ਮਾਮਲੇ ਵਿੱਚ ਸੀਬੀਆਈ ਅਤੇ ਸਰਕਾਰੀ ਵਕੀਲ ਹਮੇਸ਼ਾ ਇਨ੍ਹਾਂ ਸੁਰੱਖਿਆ ਕਾਰਨਾਂ ਨੂੰ ਅੱਗੇ ਰੱਖ ਕੇ ਪੈਰੋਲ ਦਾ ਤਿੱਖਾ ਵਿਰੋਧ ਕਰਦੇ ਆਏ ਹਨ। ਪਰ ਪੰਥਕ ਆਗੂਆਂ ਦਾ ਮੰਨਣਾ ਹੈ ਕਿ ਸੌਦਾ ਸਾਧ ਖਤਰਨਾਕ ਅਪਰਾਧੀ ਹੈ ਪਰ ਭਾਜਪਾ ਦਾ ਵੋਟ ਬੈਂਕ ਹੈ ਜਿਸ ਕਰਕੇ ਮੋਦੀ ਸਰਕਾਰ ਦੀਆਂ ਸੌਦਾ ਸਾਧ ਉਪਰ ਮਿਹਰਾਂ ਭਰਿਆ ਰਹੀਆਂ ਹਨ।

## ਭਾਈ ਹਵਾਰੇ ਨੂੰ ਮੈਡੀਕਲ ਤਕਲੀਫ ਕੀ ਹੈ


ਭਾਈ ਜਗਤਾਰ ਸਿੰਘ ਹਵਾਰਾ ਤਿਹਾੜ ਜੇਲ੍ਹ ਵਿੱਚ ਬੰਦ ਰਹਿਣ ਦੌਰਾਨ ਲੰਬੇ ਸਮੇਂ ਤੋਂ ਕਈ ਗੰਭੀਰ ਸਰੀਰਕ ਬਿਮਾਰੀਆਂ ਅਤੇ ਤਕਲੀਫ਼ਾਂ ਨਾਲ ਜੂਝ ਰਹੇ ਹਨ। ਉਨ੍ਹਾਂ ਦੀ ਸਿਹਤ ਨੂੰ ਲੈ ਕੇ ਸਿੱਖ ਜਥੇਬੰਦੀਆਂ ਅਤੇ ਉਨ੍ਹਾਂ ਦੇ ਵਕੀਲਾਂ ਵੱਲੋਂ ਅਦਾਲਤ ਵਿੱਚ ਕਈ ਵਾਰ ਪਟੀਸ਼ਨਾਂ ਵੀ ਪਾਈਆਂ ਜਾ ਚੁੱਕੀਆਂ ਹਨ।

ਭਾਈ ਹਵਾਰਾ ਨੂੰ ਰੀੜ੍ਹ ਦੀ ਹੱਡੀ ਵਿੱਚ ਬੇਹੱਦ ਤਕਲੀਫ਼ ਹੈ, ਜਿਸ ਕਾਰਨ ਉਨ੍ਹਾਂ ਦੀ ਪਿੱਠ ਵਿੱਚ ਲਗਾਤਾਰ ਅਸਹਿ ਦਰਦ ਰਹਿੰਦਾ ਹੈ। ਇਸ ਬਿਮਾਰੀ ਕਾਰਨ ਉਨ੍ਹਾਂ ਨੂੰ ਉੱਠਣ-ਬੈਠਣ ਅਤੇ ਤੁਰਨ-ਫਿਰਨ ਵਿੱਚ ਵੀ ਕਾਫ਼ੀ ਮੁਸ਼ਕਲ ਆਉਂਦੀ ਹੈ।

ਰੀੜ੍ਹ ਦੀ ਹੱਡੀ ਦੀ ਸਮੱਸਿਆ ਅਤੇ ਨਸਾਂ ਦੇ ਦਬਣ ਕਾਰਨ ਉਨ੍ਹਾਂ ਦੀ ਲੱਤ 'ਤੇ ਵੀ ਇਸ ਦਾ ਬੁਰਾ ਅਸਰ ਪਿਆ ਹੈ। ਇਸ ਤਕਲੀਫ਼ ਕਾਰਨ ਉਹ ਲੰਬੇ ਸਮੇਂ ਤੋਂ ਸਹੀ ਤਰੀਕੇ ਨਾਲ ਚੱਲ ਵੀ ਨਹੀਂ ਪਾ ਰਹੇ ਅਤੇ ਉਨ੍ਹਾਂ ਨੂੰ ਸਹਾਰੇ ਦੀ ਲੋੜ ਪੈਂਦੀ ਹੈ।

ਜੇਲ੍ਹ ਦੀ ਉੱਚ ਸੁਰੱਖਿਆ ਵਾਲੀ ਕੋਠੜੀ ਵਿੱਚ ਲੰਬਾ ਸਮਾਂ ਬੰਦ ਰਹਿਣ, ਧੁੱਪ ਅਤੇ ਹਵਾ ਦੀ ਕਮੀ ਕਾਰਨ ਉਨ੍ਹਾਂ ਨੂੰ ਅੱਖਾਂ ਦੀ ਸਮੱਸਿਆ ਅਤੇ ਲਗਾਤਾਰ ਸਿਰਦਰਦ ਦੀ ਸ਼ਿਕਾਇਤ ਵੀ ਰਹਿੰਦੀ ਹੈ।

ਉਨ੍ਹਾਂ ਦੇ ਵਕੀਲਾਂ ਅਤੇ ਪਰਿਵਾਰ ਦਾ ਦੋਸ਼ ਰਿਹਾ ਹੈ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਲੋੜੀਂਦਾ ਅਤੇ ਉੱਚ ਪੱਧਰੀ ਇਲਾਜ ਸਮੇਂ ਸਿਰ ਨਹੀਂ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਦੀਆਂ ਇਹ ਸਰੀਰਕ ਤਕਲੀਫ਼ਾਂ ਦਿਨੋਂ-ਦਿਨ ਹੋਰ ਵਧਦੀਆਂ ਗਈਆਂ। ਸਿੱਖ ਸੰਗਤ ਵੱਲੋਂ ਕਾਨੂੰਨੀ ਮੋਰਚੇ 'ਤੇ ਵੀ ਕਈ ਵਾਰ ਉਨ੍ਹਾਂ ਦੇ ਢੁਕਵੇਂ ਇਲਾਜ ਲਈ ਦਿੱਲੀ ਦੀ ਅਦਾਲਤ ਤੋਂ ਹਸਪਤਾਲ ਭੇਜਣ ਦੀ ਮੰਗ ਕੀਤੀ ਜਾ ਚੁੱਕੀ ਹੈ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਇਨਸਾਨ ਨੂੰ ਬਾਹਰੋਂ ਹੀ ਨਹੀਂ ਅੰਦਰੋਂ ਵੀ ਸਾਫ ਹੋਣਾ ਚਾਹੀਦਾ ਹੈ ।

# ਲੋਕਤੰਤਰ ਦੇ 'ਸੈਮੀਫਾਈਨਲ' ਵਿੱਚ ਹਿੰਸਾ ਦੀ ਦਸਤਕ ਅਤੇ ਖ਼ਾਕੀ 'ਤੇ ਸਵਾਲ

ਸਥਾਨਕ ਸਰਕਾਰਾਂ ਦੀਆਂ ਚੋਣਾਂ ਨੂੰ ਲੋਕਤੰਤਰ ਦੀ ਸਭ ਤੋਂ ਮੁੱਢਲੀ ਅਤੇ ਮਜ਼ਬੂਤ ਕੜੀ ਮੰਨਿਆ ਜਾਂਦਾ ਹੈ, ਜਿੱਥੇ ਆਮ ਲੋਕ ਆਪਣੇ ਗਲੀਆਂ-ਮਹੱਲਿਆਂ ਦੇ ਵਿਕਾਸ ਲਈ ਸਿੱਧੇ ਤੌਰ 'ਤੇ ਨੁਮਾਇੰਦੇ ਚੁਣਦੇ ਹਨ। ਪਰ ਪੰਜਾਬ ਵਿੱਚ ਹਾਲ ਹੀ ਵਿੱਚ ਹੋਈਆਂ ਨਗਰ ਨਿਗਮ ਤੇ ਕੌਂਸਲ ਚੋਣਾਂ ਦੌਰਾਨ ਜੋ ਤਸਵੀਰਾਂ ਸਾਹਮਣੇ ਆਈਆਂ ਹਨ, ਉਹ ਚਿੰਤਾਜਨਕ ਵੀ ਹਨ ਅਤੇ ਸ਼ਰਮਨਾਕ ਵੀ। ਬਠਿੰਡਾ, ਸਮਾਣਾ, ਗਿੱਦੜਬਾਹਾ, ਮਜੀਠਾ, ਬਰਨਾਲਾ ਅਤੇ ਰਾਏਕੋਟ ਵਰਗੇ ਇਲਾਕਿਆਂ ਵਿੱਚ ਸਿਆਸੀ ਸਮਰਥਕਾਂ ਵਿਚਾਲੇ ਹੋਈਆਂ ਖ਼ੂਨੀ ਝੜਪਾਂ, ਇੱਟਾਂ-ਰੋੜੇ ਚੱਲਣੇ, ਬੂਥ ਕੈਪਚਰਿੰਗ (ਬੂਥਾਂ 'ਤੇ ਕਬਜ਼ੇ) ਦੇ ਇਲਜ਼ਾਮ ਅਤੇ ਉਮੀਦਵਾਰਾਂ 'ਤੇ ਹੋਏ ਜਾਨਲੇਵਾ ਹਮਲੇ ਇਹ ਸਾਬਤ ਕਰਦੇ ਹਨ ਕਿ ਸਾਡਾ ਸਿਆਸੀ ਮਿਆਰ ਕਿੰਨਾ ਗਿਰ ਚੁੱਕਾ ਹੈ। ਲਗਭਗ 61.5 ਫੀਸਦੀ ਅਸਥਾਈ ਵੋਟਿੰਗ ਦੱਸਦੀ ਹੈ ਕਿ ਲੋਕਾਂ ਵਿੱਚ ਲੋਕਤੰਤਰ ਪ੍ਰਤੀ ਉਤਸ਼ਾਹ ਸੀ, ਪਰ ਸਿਆਸੀ ਪਾਰਟੀਆਂ ਖਾਸ ਕਰਕੇ ਆਪ ਸਰਕਾਰ ਨੇ ਇਸ ਉਤਸ਼ਾਹ ਨੂੰ ਹਿੰਸਾ ਦੀ ਭੇਟ ਚੜ੍ਹਾਉਣ ਵਿੱਚ ਕੋਈ ਕਸਰ ਨਹੀਂ ਛੱਡੀ।

ਚੋਣਾਂ ਦੌਰਾਨ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਰਵਾਇਤੀ ਦੋਸ਼-ਪ੍ਰਤੀਦੋਸ਼ ਦਾ ਦੌਰ ਦੇਖਣ ਨੂੰ ਮਿਲਿਆ। ਵਿਰੋਧੀ ਧਿਰਾਂ-ਕਾਂਗਰਸ, ਅਕਾਲੀ ਦਲ ਅਤੇ ਭਾਜਪਾ-ਨੇ ਇੱਕਸੁਰ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ 'ਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ, ਗੁੰਡਾਗਰਦੀ ਅਤੇ ਧੱਕੇਸ਼ਾਹੀ ਦੇ ਗੰਭੀਰ ਇਲਜ਼ਾਮ ਲਗਾਏ। ਕਾਂਗਰਸ ਵੱਲੋਂ ਰਾਏਕੋਟ ਵਿੱਚ ਆਪਣੇ ਉਮੀਦਵਾਰ 'ਤੇ ਹੋਏ ਹਮਲੇ ਨੂੰ ਲੈ ਕੇ ਕਾਨੂੰਨ-ਵਿਵਸਥਾ 'ਤੇ ਸਵਾਲ ਚੁੱਕੇ ਗਏ, ਜਦਕਿ ਅਕਾਲੀ ਦਲ ਅਤੇ ਭਾਜਪਾ ਨੇ ਵੀ ਆਪਣੇ ਆਗੂਆਂ ਅਤੇ ਵਰਕਰਾਂ ਦੇ ਜ਼ਖਮੀ ਹੋਣ 'ਤੇ ਸਰਕਾਰ ਦੀ ਬੁਖਲਾਹਟ ਨੂੰ ਜ਼ਿੰਮੇਵਾਰ ਠਹਿਰਾਇਆ।

ਦੂਜੇ ਪਾਸੇ, ਸੱਤਾਧਾਰੀ ਪਾਰਟੀ ਦੇ ਆਗੂਆਂ ਨੇ ਵਿਰੋਧੀਆਂ 'ਤੇ ਹੀ ਮਾਹੌਲ ਖਰਾਬ ਕਰਨ ਦੇ ਪਲਟਵਾਰ ਕੀਤੇ। ਹਾਲਾਂਕਿ 'ਆਪ' ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਵੱਲੋਂ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕਰਨਾ ਇੱਕ ਸਕਾਰਾਤਮਕ ਕਦਮ ਹੈ, ਪਰ ਸਵਾਲ ਇਹ ਉੱਠਦਾ ਹੈ ਕਿ ਜਦੋਂ ਚੋਣਾਂ ਦਾ ਐਲਾਨ ਹੁੰਦਾ ਹੈ ਤਾਂ ਪ੍ਰਸ਼ਾਸਨ ਅਜਿਹੇ ਅਨਸਰਾਂ 'ਤੇ ਪਹਿਲਾਂ ਹੀ ਨੱਥ ਕਿਉਂ ਨਹੀਂ ਪਾਉਂਦਾ?

ਸਭ ਤੋਂ ਹੈਰਾਨੀਜਨਕ ਪਹਿਲੂ ਪੁਲਿਸ ਪ੍ਰਸ਼ਾਸਨ ਦਾ ਰਵੱਈਆ ਹੈ। ਇੱਕ ਪਾਸੇ ਜਿੱਥੇ ਕਈ ਥਾਵਾਂ 'ਤੇ ਦਿਨ-ਦਿਹੜੇ ਗੱਡੀਆਂ ਦੀ ਭੰਨਤੋੜ ਹੋਈ, ਸਾਬਕਾ ਵਿਧਾਇਕਾਂ ਅਤੇ ਉਮੀਦਵਾਰਾਂ ਦੇ ਸਿਰ ਪਾਟੇ ਅਤੇ ਸੀਸੀਟੀਵੀ ਤੱਕ ਤੋੜੇ ਗਏ, ਉੱਥੇ ਹੀ ਪੁਲਿਸ ਅਧਿਕਾਰੀਆਂ ਦਾ ਇਹ ਬਿਆਨ ਕਿ "ਚੋਣਾਂ ਸ਼ਾਂਤਮਈ ਮਾਹੌਲ ਵਿੱਚ ਹੋਈਆਂ" ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਨਜ਼ਰ ਆਉਂਦਾ ਹੈ। ਜਦੋਂ ਤੱਕ ਪੁਲਿਸ ਪ੍ਰਸ਼ਾਸਨ ਸੱਤਾਧਾਰੀ ਧਿਰ ਦੇ ਦਬਾਅ ਤੋਂ ਮੁਕਤ ਹੋ ਕੇ ਨਿਰਪੱਖਤਾ ਨਾਲ ਕੰਮ ਨਹੀਂ ਕਰੇਗਾ, ਉਦੋਂ ਤੱਕ ਚੋਣਾਂ ਦੌਰਾਨ ਅਜਿਹੀ ਅਰਾਜਕਤਾ ਨੂੰ ਰੋਕਣਾ ਅਸੰਭਵ ਹੈ।

ਸਮਾਣਾ ਵਿਖੇ ਇੱਥੇ ਮਾਹੌਲ ਸਭ ਤੋਂ ਵੱਧ ਹਿੰਸਕ ਹੋਇਆ, ਜਿੱਥੇ ਦੋ ਧਿਰਾਂ ਵਿਚਾਲੇ ਇੱਟਾਂ-ਰੋੜੇ ਚੱਲੇ। ਭਗਦੜ ਦੌਰਾਨ ਇੱਕ ਨੌਜਵਾਨ ਤਾਰਾਂ ਵਿੱਚ ਉਲਝ ਕੇ ਕਰੰਟ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਅਤੇ ਪੁਲੀਸ ਨੂੰ ਸਥਿਤੀ 'ਤੇ ਕਾਬੂ ਪਾਉਣ ਲਈ ਲਾਠੀਚਾਰਜ ਕਰਨਾ ਪਿਆ।

ਰਾਏਕੋਟ ਵਾਰਡ ਨੰ. 4 ਵਿਚਪੋਲਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਾਂਗਰਸੀ ਉਮੀਦਵਾਰ ਜਗਦੇਵ ਸਿੰਘ 'ਜੱਗਾ' 'ਤੇ ਕਿਰਪਾਨਾਂ ਨਾਲ ਜਾਨਲੇਵਾ ਹਮਲਾ ਹੋਇਆ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਏ।

ਬਰਨਾਲਾ ਵਿਖੇ ਭਾਜਪਾ ਉਮੀਦਵਾਰ ਦੇ ਪਤੀ ਦੀ ਪੱਗ ਉਤਾਰ ਦਿੱਤੀ ਗਈ, ਜਦਕਿ ਬਠਿੰਡਾ ਵਿੱਚ ਵੋਟਿੰਗ ਖ਼ਤਮ ਹੋਣ ਮਗਰੋਂ ਸਾਬਕਾ ਵਿਧਾਇਕ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਅਤੇ ਉਨ੍ਹਾਂ ਦੇ ਪੁੱਤਰ 'ਤੇ ਹਮਲਾ ਹੋਇਆ, ਜਿਸ ਵਿੱਚ 6 ਲੋਕ ਜ਼ਖ਼ਮੀ ਹੋਏ।

ਪੱਟੀ ਤੇ ਭਿੱਖੀਵਿੰਡ ਵਿਖੇ ਬੈਲੇਟ ਪੇਪਰ ਖੋਹਣ, ਸੀਸੀਟੀਵੀ ਕੈਮਰੇ ਤੋੜਨ ਅਤੇ ਬੂਥ ਕੈਪਚਰਿੰਗ (ਕਬਜ਼ੇ) ਦੇ ਗੰਭੀਰ ਇਲਜ਼ਾਮ ਲੱਗੇ। ਨਗਰ ਕੌਂਸਲ ਮਜੀਠਾ ਦੇ ਵਾਰਡ ਨੰਬਰ 9 ਵਿੱਚ ਉਸ ਵੇਲੇ ਵੱਡਾ ਹੰਗਾਮਾ ਖੜ੍ਹਾ ਹੋ ਗਿਆ ਜਦੋਂ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਵਿਧਾਇਕਾ ਗਨੀਵ ਕੌਰ ਵੋਟ ਪਾਉਣ ਪਹੁੰਚੇ। ਉੱਥੇ ਮੌਜੂਦ ਸੱਤਾਧਾਰੀ 'ਆਪ' ਦੇ ਵਰਕਰਾਂ ਨੇ ਉਨ੍ਹਾਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਮਾਹੌਲ ਉਸ ਵੇਲੇ ਹੋਰ ਤਣਾਅਪੂਰਨ ਹੋ ਗਿਆ ਜਦੋਂ ਵਾਰਡ ਨੰਬਰ 6 ਵਿੱਚ ਇੱਕ ਅਕਾਲੀ ਵਰਕਰ ਦੀ ਕੁੱਟਮਾਰ ਕਰ ਕੇ ਉਸ ਦੀ ਪੱਗ ਉਤਾਰ ਦਿੱਤੀ ਗਈ। ਇਸ ਬੇਅਦਬੀ ਅਤੇ ਧੱਕੇਸ਼ਾਹੀ ਨੂੰ ਦੇਖ ਕੇ ਬਿਕਰਮ ਮਜੀਠੀਆ ਭੜਕ ਗਏ ਅਤੇ ਉਨ੍ਹਾਂ ਨੇ ਮੌਕੇ 'ਤੇ ਤਾਇਨਾਤ ਪੁਲੀਸ ਅਧਿਕਾਰੀਆਂ ਨੂੰ ਲਤਾੜਿਆ। ਮਜੀਠੀਆ ਦੀ ਉੱਥੇ ਮੌਜੂਦ ਐੱਸ.ਐੱਸ.ਪੀ. ਨਾਲ ਵੀ ਤਿੱਖੀ ਬਹਿਸ ਹੋਈ, ਜਿੱਥੇ ਉਨ੍ਹਾਂ ਨੇ ਪੁਲੀਸ 'ਤੇ ਸੱਤਾਧਾਰੀ ਧਿਰ ਦੀ ਕਠਪੁਤਲੀ ਬਣਨ ਦੇ ਸਿੱਧੇ ਦੋਸ਼ ਲਾਏ।

ਸੰਗਰੂਰ ਜ਼ਿਲ੍ਹੇ ਦੇ ਧੂਰੀ (ਜੋ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਆਪਣਾ ਹਲਕਾ ਹੈ ਅਤੇ ਭਵਾਨੀਗੜ੍ਹ ਵਿਖੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਪੁਲੀਸ ਪ੍ਰਸ਼ਾਸਨ ਵਿਚਾਲੇ ਸਿੱਧੀ ਟੱਕਰ ਦੇਖਣ ਨੂੰ ਮਿਲੀ। ਰਵਨੀਤ ਬਿੱਟੂ ਨੇ ਚੋਣ ਮੈਦਾਨ ਵਿੱਚ ਨਿੱਤਰ ਕੇ ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਖੁੱਲ੍ਹੇਆਮ 'ਆਪਣੀ ਹੱਦ ਵਿੱਚ ਰਹਿਣ' ਦੀ ਚੇਤਾਵਨੀ ਦਿੱਤੀ। ਉਨ੍ਹਾਂ ਸਾਫ਼ ਕਿਹਾ ਕਿ ਧੱਕੇਸ਼ਾਹੀ ਕਰਨ ਵਾਲੇ ਅਫ਼ਸਰਾਂ ਨੂੰ ਨਤੀਜੇ ਭੁਗਤਣੇ ਪਏਗਾ।

ਬਾਕੀ ਹਿਸਾ ਸਫਾ 9 ਤੇ ਪੜ੍ਹੋ →

## NEWS & VIEWS



Gurmukh Singh OBE

# JUNE 1984 *ARMY ACTION* WAS AN *INVASION* AND NOT LAW AND ORDER ENFORCEMENT

**The Indian Army did not invade a foreign country on 1 June 1984. It invaded own territory and own Indian citizens. It is true that Sikhs have always insisted on being treated as a distinct theo-political entity in their own historical right. They are a distinct people with the inalienable right to be able to decide own future. They chose to side with India in 1947. In June 1984, the Indian state ordered the army to invade the homeland of the Sikhs.**

At Darbar Sahib and in Gurdwaras across Panjab, Sikh Sangats were gathering in large numbers for the Shaheedi Gurpurab (martyrdom anniversary) of Guru Arjan Dev on 3 June 1984. Directed by the central government of Mrs Indira Gandhi at Delhi, the Indian Army chose that time to start Operation Blue Star.

Over 100,000 troops, tanks, heavy artillery, and trained commandos were deployed. There was a total communications blackout and the state border was sealed. Including Darbar Sahib, dozens of Gurdwaras across Panjab were attacked. Sri Akal Takht Sahib building was destroyed. Those killed by the Army included innocent civilians of all age groups, devotees at Darbar Sahib and other Gurdwaras in Panjab. The army invasion was least expected near the Gurpurab and trapped large numbers of devotees inside Darbar Sahib complex under crossfire.

All constitutional safeguards and democratic checks and balances failed in June and, later in November 1984. The massive violence against the Sikhs, first by the army in June 1984 and then by elements of the majority community led by politicians, differed in nature but the message for the Sikhs was the same: that they were not equal citizens entitled to protection under the constitutions.

It was a betrayal of one of the most loyal and net contributing communities of India, the Sikh Qaum, on a scale which shocked not only the global Sikh community but the whole world. The impact on Sikh psyche was deep and permanent. It was the shock of betrayal (ਵਿਸਾਹਘਾਤ). Least did they expect such betrayal of their trust in own country and constitution. Truly Bhai Gurdas wrote: ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ □□□ *Ungrateful persons are a burden on earth and evil of evils.* (Var 35.8).

June 1984 is a reminder of an ungrateful Hindutva-led Indian establishment in view of massive Sikh sacrifices for the independence of the Indian subcontinent from the days of the oppressive Mughal rule and, later, British colonial rule. They cast their lot with India as their country from 1947. Least did they expect an invasion on such a scale, like a child least expecting own mother to poison it. Again, we are reminded of Bhai Gurdas: ਜੇ ਮਾਉ ਪੁਤੈ ਵਿਸੁ ਦੇ ਤਿਸਤੇ ਕਿਸੁ ਪਿਆਰਾ। If a mother decides to poison own child then the unsuspecting child will still trust her [thinking that, surely] no-one else can be dearer to her. (Var 35.22).

When the news of the Indian Army invasion of Darbar were heard in the UK, ex-colonial British, who knew the Sikhs well, were of the view that a grave mistake had been made. The historical fact is that the damage done to Sikh-Indian state relations is permanent.

June and November 1984 reminded the Sikhs that they were not equal citizens entitled to protection under the constitution of the country. Regrettably, despite some constructive suggestions the Sikh case remains a running sore and there is no closure in sight.

**Gurmukh Singh OBE,** Ret'd Principal Civil Servant (UK) sewauk2005@yahoo.co.uk

# ਮਜੀਠਾ ਨੇੜੇ ਡਿਊਟੀ 'ਤੇ ਜਾ ਰਹੇ ਛੋਟੇ ਥਾਣੇਦਾਰ ਜੋਗਾ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ; ਖਾੜਕੂ ਸੰਗਠਨ ਨੇ ਲਈ ਜ਼ਿੰਮੇਵਾਰੀ



ਏ.ਐੱਸ.ਆਈ. ਜੋਗਾ ਸਿੰਘ ਦੀ ਪੁਰਾਣੀ ਤਸਵੀਰ।

ਮਜੀਠਾ (ਅੰਮ੍ਰਿਤਸਰ)- ਪੰਜਾਬ ਦੇ ਅੰਮ੍ਰਿਤਸਰ ਦਿਹਾਤੀ ਖੇਤਰ ਦੇ ਮਜੀਠਾ ਨੇੜੇ ਬੀਤੇ ਦਿਨੀਂ ਇੱਕ ਬੇਹੱਦ ਸਨਸਨੀਖੇਜ਼ ਅਤੇ ਖ਼ੌਫ਼ਨਾਕ ਵਾਰਦਾਤ ਸਾਹਮਣੇ ਆਈ ਹੈ। ਇੱਥੇ ਡਿਊਟੀ 'ਤੇ ਜਾ ਰਹੇ ਪੰਜਾਬ ਪੁਲਿਸ ਦੇ ਇੱਕ ਏ.ਐੱਸ.ਆਈ. ਦੀ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਹਮਲਾਵਰਾਂ ਨੇ ਸ਼ਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਸ ਹਾਈ-ਪ੍ਰੋਫਾਈਲ ਕਤਲਕਾਂਡ ਨੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਮ੍ਰਿਤਕ ਪੁਲਿਸ ਅਧਿਕਾਰੀ ਦੀ ਪਛਾਣ ਏਐਸਆਈ ਜੋਗਾ ਸਿੰਘ (ਪੁੱਤਰ ਪਿਆਰਾ ਸਿੰਘ) ਵਜੋਂ ਹੋਈ ਹੈ, ਜੋ ਪਿੰਡ ਘਨੀਏ ਕੇ ਬਾਂਗਰ ਦੇ ਰਹਿਣ ਵਾਲੇ ਸਨ। ਉਹ ਅੰਮ੍ਰਿਤਸਰ ਸਿਟੀ ਟ੍ਰੈਫਿਕ ਵਿੱਚ ਟ੍ਰੈਫਿਕ ਇੰਚਾਰਜ ਇੰਸਪੈਕਟਰ ਵਿਕਰਾਂਤ ਦੇ ਗੰਨਮੈਨ ਵਜੋਂ ਤਾਇਨਾਤ ਸਨ।

ਜਾਣਕਾਰੀ ਮੁਤਾਬਕ, ਜੋਗਾ ਸਿੰਘ ਹਰ ਰੋਜ਼ ਆਪਣੀ ਕਾਰ 'ਤੇ ਡਿਊਟੀ 'ਤੇ ਜਾਂਦੇ ਸਨ, ਪਰ ਐਤਵਾਰ ਸਵੇਰੇ ਉਨ੍ਹਾਂ ਦੀ ਕਾਰ ਦਾ ਟਾਇਰ ਪੈਂਚਰ ਸੀ। ਇਸੇ ਕਾਰਨ ਉਹ ਸਵੇਰੇ ਕਰੀਬ 6 ਵਜੇ ਆਪਣੀ ਐਕਟਿਵਾ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਲਈ ਨਿਕਲੇ। ਜਦੋਂ ਉਹ ਮਜੀਠਾ ਤੋਂ ਕਰੀਬ ਇੱਕ ਕਿਲੋਮੀਟਰ ਬਾਹਰ ਪਹੁੰਚੇ, ਤਾਂ ਪਹਿਲਾਂ ਤੋਂ ਘਾਤ ਲਗਾ ਕੇ ਬੈਠੇ ਮੋਟਰਸਾਈਕਲ ਸਵਾਰ ਦੋ ਬਦਮਾਸ਼ਾਂ ਨੇ ਪਿਸਤੌਲ ਨਾਲ ਉਨ੍ਹਾਂ 'ਤੇ ਇੱਕ ਤੋਂ ਬਾਅਦ ਇੱਕ ਦੋ ਗੋਲੀਆਂ ਦਾਗੀਆਂ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਜ਼ਖ਼ਮੀ ਅਧਿਕਾਰੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਦੇ ਦੋ ਬੱਚੇ (ਇੱਕ ਲੜਕਾ ਅਤੇ ਇੱਕ ਲੜਕੀ) ਕੈਨੇਡਾ ਵਿੱਚ ਰਹਿੰਦੇ ਹਨ।

### ਅੱਤਵਾਦੀ ਸੰਗਠਨ 'ਟੀਟੀਐਚ' ਨੇ ਲਈ ਹੱਤਿਆ ਦੀ ਜ਼ਿੰਮੇਵਾਰੀ

ਇਸ ਵਾਰਦਾਤ ਨੇ ਉਸ ਵੇਲੇ ਹੋਰ ਵੀ ਗੰਭੀਰ ਰੂਪ ਧਾਰਨ ਕਰ ਲਿਆ, ਜਦੋਂ ਇੱਕ ਕਥਿਤ ਅੱਤਵਾਦੀ ਸੰਗਠਨ 'ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ' ਨੇ ਸੋਸ਼ਲ ਮੀਡੀਆ 'ਤੇ ਆਪਣੇ ਲੈਟਰ ਹੈੱਡ 'ਤੇ ਪ੍ਰੈਸ ਨੋਟ ਜਾਰੀ ਕਰਕੇ ਇਸ ਹੱਤਿਆ ਦੀ ਜ਼ਿੰਮੇਵਾਰੀ ਲਈ।

### ਕਮਾਂਡਰ ਦਾ ਦਾਅਵਾ

ਪ੍ਰੈੱਸ ਨੋਟ ਵਿੱਚ ਜਥੇਬੰਦੀ ਦੇ ਕਮਾਂਡਰ 'ਅਲ ਬੁਰਕ ਬੁੜੇ' ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਸੰਗਠਨ ਨੇ ਹੀ ਜੋਗਾ ਸਿੰਘ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਹੋਰਨਾਂ ਸਰਕਾਰੀ ਅਧਿਕਾਰੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਗਿਆ ਹੈ ਕਿ ਜੇਕਰ ਉਹ ਜਿਊਣਾ ਚਾਹੁੰਦੇ ਹਨ ਤਾਂ ਆਪਣੀਆਂ ਨੌਕਰੀਆਂ ਤੋਂ ਅਸਤੀਫ਼ੇ ਦੇ ਦੇਣ।

### ਸੋਸ਼ਲ ਮੀਡੀਆ ਪੋਸਟ ਦੀ ਬਾਰੀਕੀ ਨਾਲ ਜਾਂਚ

ਪੰਜਾਬ ਪੁਲਿਸ ਅਤੇ ਖੁਫੀਆ ਏਜੰਸੀਆਂ ਅੱਤਵਾਦੀ ਸੰਗਠਨ 'ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ' ਵੱਲੋਂ ਜਾਰੀ ਕੀਤੇ ਗਏ ਇਸ ਪ੍ਰੈੱਸ ਨੋਟ ਦੀ ਡਿਜੀਟਲ ਅਤੇ ਸਾਈਬਰ ਸੈੱਲ ਰਾਹੀਂ ਬਾਰੀਕੀ ਨਾਲ ਜਾਂਚ ਕਰ ਰਹੀਆਂ ਹਨ, ਤਾਂ ਜੋ ਇਸ ਦੇ ਅਸਲੀ ਸਰੋਤ ਦਾ ਪਤਾ ਲਗਾਇਆ ਜਾ ਸਕੇ।

### ਅਕਾਲੀ ਦਲ ਦੇ ਮੁੱਖ ਮੰਤਰੀ ਅਤੇ ਡੀਜੀਪੀ ਕੋਲੋਂ ਮੰਗਿਆ ਅਸਤੀਫ਼ਾ

ਪੰਜਾਬ ਵਿੱਚ ਲਗਾਤਾਰ ਫ਼ੇਲ੍ਹ ਹੋ ਰਹੀ ਕਾਨੂੰਨ ਵਿਵਸਥਾ ਨੂੰ ਲੈ ਕੇ ਸਿਆਸੀ ਤਾਪਮਾਨ ਬੇਹੱਦ ਗਰਮਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਸੂਬੇ ਦੀ ਮੌਜੂਦਾ 'ਆਮ ਆਦਮੀ ਪਾਰਟੀ' ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ ਹਨ। ਮਜੀਠੀਆ ਨੇ ਹਾਲ ਹੀ ਵਿੱਚ ਵਾਪਰੀਆਂ ਅਪਰਾਧਿਕ ਘਟਨਾਵਾਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜ ਦੇ ਡੀਜੀਪੀ ਕੋਲੋਂ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ ਹੈ।

ਬਿਕਰਮ ਸਿੰਘ ਮਜੀਠੀਆ ਨੇ ਦੋ ਮੁੱਖ ਘਟਨਾਵਾਂ ਨੂੰ ਲੈ ਕੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ:

ਪੁਲੀਸ ਅਧਿਕਾਰੀ ਦਾ ਕਤਲ: ਮਜੀਠਾ ਵਿੱਚ ਇੱਕ ਪੁਲੀਸ ਅਧਿਕਾਰੀ ਦੀ ਦਿਨ-ਦਿਹਾੜੇ ਹੋਈ ਬੇਰਹਿਮ ਹੱਤਿਆ ਨੇ ਸੁਰੱਖਿਆ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਕਪੂਰਥਲਾ ਜੇਲ੍ਹ ਦੇ ਅੰਦਰ ਕੈਦੀਆਂ ਵਿਚਾਲੇ ਹੋਈ ਖ਼ੂਨੀ ਝੜਪ ਨੇ ਸਾਬਤ ਕਰ ਦਿੱਤਾ ਹੈ ਕਿ ਜੇਲ੍ਹਾਂ ਵਿੱਚ ਵੀ ਪ੍ਰਸ਼ਾਸਨ ਦਾ ਕੋਈ ਕੰਟਰੋਲ ਨਹੀਂ ਰਿਹਾ।

ਅਕਾਲੀ ਆਗੂ ਨੇ ਕਿਹਾ ਕਿ ਇਨ੍ਹਾਂ ਖ਼ੌਫ਼ਨਾਕ ਘਟਨਾਵਾਂ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਮਾਨ ਦੀ ਚੁੱਪ ਬੇਹੱਦ ਚਿੰਤਾਜਨਕ ਹੈ, ਜਿਸ ਨਾਲ ਸੂਬੇ ਦੇ ਲੋਕਾਂ ਵਿੱਚ ਦਹਿਸ਼ਤ ਅਤੇ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ।

ਸਰਕਾਰ 'ਤੇ ਸਿੱਧੇ ਦੋਸ਼ ਲਗਾਉਂਦਿਆਂ ਮਜੀਠੀਆ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਦੀ ਕਥਿਤ ਸਰਪ੍ਰਸਤੀ ਹੇਠ ਅਪਰਾਧੀਆਂ ਦੇ ਹੌਸਲੇ ਬੁਲੰਦ ਹਨ। ਉਨ੍ਹਾਂ ਸੂਬੇ ਦੀ ਮੌਜੂਦਾ ਸਥਿਤੀ ਦੇ ਮੁੱਖ ਨੁਕਤੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਵੱਲ ਧਿਆਨ ਦੇਣ ਦੀ ਬਜਾਏ ਦਿੱਲੀ ਦੇ ਆਪਣੇ ਸਿਆਸੀ ਆਕਾਵਾਂ ਦੀ ਆਓ-ਭਗਤ ਵਿੱਚ ਰੁੱਝੀ ਹੋਈ ਹੈ।

ਪੰਜਾਬ ਵਿੱਚ ਗੈਂਗਸਟਰਾਂ, ਕੁਝ ਭ੍ਰਿਸ਼ਟ ਪੁਲਿਸ ਅਫ਼ਸਰਾਂ ਅਤੇ ਸਿਆਸੀ ਲੋਕਾਂ ਦਾ ਇੱਕ ਨਵਾਂ ਅਤੇ ਖ਼ਤਰਨਾਕ ਗੱਠਜੋੜ ਕੰਮ ਕਰ ਰਿਹਾ ਹੈ। ਅੱਜ ਦੇ ਪੰਜਾਬ ਵਿੱਚ ਆਮ ਨਾਗਰਿਕ, ਵਪਾਰੀ, ਕਾਰੋਬਾਰੀ ਅਤੇ ਇੱਥੋਂ ਤੱਕ ਕਿ ਖੁਦ ਪੁਲੀਸ ਮੁਲਾਜ਼ਮ ਵੀ ਸੁਰੱਖਿਅਤ ਨਹੀਂ ਹਨ।

ਬਿਕਰਮ ਸਿੰਘ ਮਜੀਠੀਆ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਸੂਬੇ ਨੂੰ ਮੁੜ ਤੋਂ ਉਸੇ 'ਕਾਲੇ ਦੌਰ' (ਦਹਿਸ਼ਤਗਰਦੀ ਅਤੇ ਅਰਾਜਕਤਾ) ਵੱਲ ਧੱਕਿਆ ਜਾ ਰਿਹਾ ਹੈ, ਜਿਸ ਵਿੱਚੋਂ ਪੰਜਾਬ ਬੜੀ ਮੁਸ਼ਕਲ ਨਾਲ ਬਾਹਰ ਨਿਕਲਿਆ ਸੀ। ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਜੋ ਤਾਕਤਾਂ ਆਪਣੇ ਨਿੱਜੀ ਅਤੇ ਸਿਆਸੀ ਹਿੱਤਾਂ ਲਈ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰ ਰਹੀਆਂ ਹਨ, ਸੂਬੇ ਦੇ ਸੂਝਵਾਨ ਲੋਕ ਉਨ੍ਹਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਸੂਬੇ ਦੇ ਹਿੱਤਾਂ ਲਈ ਹੁਣ ਮੁੱਖ ਮੰਤਰੀ ਅਤੇ ਡੀਜੀਪੀ ਨੂੰ ਤੁਰੰਤ ਆਪਣੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਹੁਦਾ ਛੱਡ ਦੇਣਾ ਚਾਹੀਦਾ ਹੈ।

## ਸੰਪਾਦਕੀ–8 ਸਫ਼ੇ ਦੀ ਬਾਕੀ

ਇਸ ਮੌਕੇ ਪੁਲੀਸ ਪ੍ਰਸ਼ਾਸਨ ਬਿੱਟੂ ਸਾਹਮਣੇ 'ਭਿੱਜੀ ਬਿੱਲੀ' ਬਣਿਆ ਨਜ਼ਰ ਆਇਆ। ਇਸ ਦਾ ਮੁੱਖ ਕਾਰਨ ਇਹ ਸੀ ਕਿ ਰਵਨੀਤ ਬਿੱਟੂ ਮਹਿਜ਼ ਇੱਕ ਸਥਾਨਕ ਨੇਤਾ ਨਹੀਂ, ਬਲਕਿ ਕੇਂਦਰ ਸਰਕਾਰ ਵਿੱਚ ਮੰਤਰੀ ਹਨ ਅਤੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬੇਹੱਦ ਨਜ਼ਦੀਕੀ ਮੰਨੇ ਜਾਂਦੇ ਹਨ। ਪੁਲੀਸ ਅਧਿਕਾਰੀ ਭਲੀਭਾਂਤ ਜਾਣਦੇ ਹਨ ਕਿ ਕੇਂਦਰੀ ਮੰਤਰੀ ਨਾਲ ਸਿੱਧਾ ਪੰਗਾ ਲੈਣਾ ਜਾਂ ਉਨ੍ਹਾਂ ਦੇ ਹਲਕੇ ਵਿੱਚ ਕੋਈ ਸਖ਼ਤ ਕਾਰਵਾਈ ਕਰਨਾ ਉਨ੍ਹਾਂ ਦੇ ਆਪਣੇ ਕਰੀਅਰ ਲਈ ਭਾਰੀ ਪੈ ਸਕਦਾ ਹੈ। ਕੇਂਦਰੀ ਸੱਤਾ ਦੇ ਇਸੇ ਦਬਾਅ ਅਤੇ 'ਪਾਵਰ ਪੋਲੀਟਿਕਸ' ਕਾਰਨ ਪੰਜਾਬ ਪੁਲੀਸ ਬਿੱਟੂ ਸਾਹਮਣੇ ਬੇਵੱਸ ਅਤੇ ਨਰਮ ਦਿਖਾਈ ਦਿੱਤੀ।

ਵਿਰੋਧੀ ਧਿਰਾਂ-ਕਾਂਗਰਸ, ਅਕਾਲੀ ਦਲ ਅਤੇ ਭਾਜਪਾ-ਵੱਲੋਂ ਲਗਾਤਾਰ ਇਹ ਦੋਸ਼ ਲਾਏ ਜਾ ਰਹੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਇਹ ਚੋਣਾਂ ਜਿੱਤਣ ਲਈ ਪੰਜਾਬ ਪੁਲੀਸ ਅਤੇ ਸਰਕਾਰੀ ਮਸ਼ੀਨਰੀ ਦੀ ਰੱਜ ਕੇ ਦੁਰਵਰਤੋਂ ਕੀਤੀ ਹੈ। ਚੋਣਾਂ ਤੋਂ ਪਹਿਲਾਂ ਹੀ 'ਆਪ' ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਉਹ ਕਹਿ ਰਹੇ ਸਨ ਕਿ 'ਜੇ ਕੋਈ ਕਮੀ ਰਹੀ ਤਾਂ ਗੇਟ ਬੰਦ ਕਰਕੇ ਮੈਨੇਜ ਕਰ ਲਵਾਂਗੇ।'

ਚੋਣਾਂ ਵਾਲੇ ਦਿਨ ਜੋ ਕੁਝ ਵਾਪਰਿਆ, ਉਹ ਇਸੇ ਕਥਿਤ 'ਮੈਨੇਜਮੈਂਟ' ਦੀ ਗਵਾਹੀ ਭਰਦਾ ਹੈ। ਕਈ ਥਾਵਾਂ 'ਤੇ 'ਆਪ' ਦੇ ਬਾਹਰੀ ਲੋਕਾਂ ਨੂੰ ਬੂਥਾਂ ਦੇ ਅੰਦਰ ਜਾਣ ਤੋਂ ਰੋਕਣ ਵਾਲੇ ਵਿਰੋਧੀ ਉਮੀਦਵਾਰਾਂ 'ਤੇ ਹਮਲੇ ਹੋਏ, ਉਨ੍ਹਾਂ ਦੀਆਂ ਪੱਗਾਂ ਲੱਥੀਆਂ, ਪਰ ਪੁਲੀਸ ਜਾਂ ਤਾਂ ਮੂਕ ਦਰਸ਼ਕ ਬਣੀ ਰਹੀ ਜਾਂ ਫਿਰ ਸੱਤਾਧਾਰੀ ਧਿਰ ਦੇ ਇਸ਼ਾਰੇ 'ਤੇ ਕੰਮ ਕਰਦੀ ਦਿਖੀ। ਜੇਕਰ ਰਾਜ ਚੋਣ ਕਮਿਸ਼ਨ ਇਹਨਾਂ ਘਟਨਾਵਾਂ ਨੂੰ ਨਕਾਰ ਰਿਹਾ ਹੈ, ਤਾਂ ਹਸਪਤਾਲਾਂ ਵਿੱਚ ਦਾਖ਼ਲ ਜ਼ਖ਼ਮੀ ਨੇਤਾ ਅਤੇ ਉਤਰੇ ਹੋਏ ਨਿਯਮ-ਕਾਨੂੰਨ ਕਿਸ ਵੱਲ ਇਸ਼ਾਰਾ ਕਰਦੇ ਹਨ ?

ਨਿਸ਼ਕਰਸ਼ : ਪੰਜਾਬ ਵਿੱਚ ਜਿਸ ਵੀ ਪਾਰਟੀ ਦੀ ਸਰਕਾਰ ਰਹੀ ਹੋਵੇ, ਸਥਾਨਕ ਚੋਣਾਂ ਵਿੱਚ ਸੱਤਾਧਾਰੀ ਧਿਰ ਵੱਲੋਂ ਪੁਲੀਸ ਦੀ ਵਰਤੋਂ ਦਾ ਰਿਵਾਜ ਪੁਰਾਣਾ ਹੈ, ਪਰ 'ਬਦਲਾਅ' ਦਾ ਨਾਅਰਾ ਦੇ ਕੇ ਆਈ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਵੀ ਜੇਕਰ ਉਹੀ ਪੁਰਾਣਾ 'ਧੱਕਾ' ਅਤੇ ਖ਼ੂਨ-ਖ਼ਰਾਬਾ ਦੇਖਣ ਨੂੰ ਮਿਲੇ, ਤਾਂ ਇਹ ਬੇਹੱਦ ਚਿੰਤਾਜਨਕ ਹੈ। ਨਿਰਪੱਖ ਚੋਣਾਂ ਕਰਵਾਉਣ ਵਿੱਚ ਨਾਕਾਮ ਰਹਿਣਾ ਮਾਨ ਸਰਕਾਰ ਦੀ ਪ੍ਰਸ਼ਾਸਨਿਕ ਸਾਖ 'ਤੇ ਇੱਕ ਵੱਡਾ ਦਾਗ਼ ਹੈ। ਚੋਣਾਂ ਵਿੱਚ ਹਾਰ-ਜਿੱਤ ਸਿਆਸਤ ਦਾ ਇੱਕ ਹਿੱਸਾ ਹੈ, ਪਰ ਇਸ ਹਾਰ-ਜਿੱਤ ਲਈ ਪੰਜਾਬ ਦੇ ਆਪਸੀ ਭਾਈਚਾਰੇ ਅਤੇ ਅਮਨ-ਕਾਨੂੰਨ ਦੀ ਬਲੀ ਨਹੀਂ ਦਿੱਤੀ ਜਾ ਸਕਦੀ। 29 ਮਈ ਨੂੰ ਨਤੀਜੇ ਜੋ ਵੀ ਹੋਣ, ਪਰ ਵੋਟਿੰਗ ਵਾਲੇ ਦਿਨ ਹੋਈ ਹਿੰਸਾ ਨੇ ਪੰਜਾਬ ਦੇ ਲੋਕਤੰਤਰੀ ਇਤਿਹਾਸ 'ਤੇ ਇੱਕ ਹੋਰ ਦਾਗ਼ ਲਗਾ ਦਿੱਤਾ ਹੈ। ਹੁਣ ਲੋੜ ਹੈ ਕਿ ਚੋਣ ਕਮਿਸ਼ਨ ਅਤੇ ਉੱਚ ਪੁਲਿਸ ਅਧਿਕਾਰੀ ਹਿੰਸਾ ਦੀਆਂ ਇਨ੍ਹਾਂ ਸਾਰੀਆਂ ਘਟਨਾਵਾਂ ਦੀ ਬਿਨਾਂ ਕਿਸੇ ਸਿਆਸੀ ਪੱਖਪਾਤ ਦੇ ਡੂੰਘਾਈ ਨਾਲ ਜਾਂਚ ਕਰਨ ਅਤੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕਰਨ, ਤਾਂ ਜੋ ਭਵਿੱਖ ਵਿੱਚ ਕੋਈ ਵੀ ਸਿਆਸੀ ਗੁੰਡਾ ਲੋਕਾਂ ਦੀ ਵੋਟ ਦੇ ਅਧਿਕਾਰ ਨੂੰ ਡਰਾਉਣ-ਧਮਕਾਉਣ ਦੀ ਹਿੰਮਤ ਨਾ ਕਰ ਸਕੇ।

-ਰਜਿੰਦਰ ਸਿੰਘ ਪੁਰੇਵਾਲ

# ਕੈਨੇਡਾ ਜਾਣ ਵਾਲੇ ਯਾਤਰੀ ਹੋਣ ਸਾਵਧਾਨ !

## ✪ ਏਅਰਪੋਰਟਾਂ 'ਤੇ ਲਗੇ 'ਬੈਗ-ਟੈਗ' ਬਦਲ ਕੇ ਕੀਮਤੀ ਸਾਮਾਨ ਉਡਾਉਣ ਵਾਲੇ ਸ਼ਾਤਰ ਗਿਰੋਹ ਦਾ ਪਰਦਾਫਾਸ਼ ✪ ਨਸ਼ਾ ਤਸਕਰ ਵੀ ਸਰਗਰਮ, ਯਾਤਰੂਆਂ ਨੂੰ ਫਸਾ ਰਹੇ ਨੇ ਟੈਗ ਬਦਲਕੇ

**ਖਾਸ ਖ਼ਬਰ** ਕੈਨੇਡਾ ਦੇ ਹਵਾਈ ਅੱਡਿਆਂ 'ਤੇ ਸਫ਼ਰ ਕਰਨ ਵਾਲੇ ਹਵਾਈ ਯਾਤਰੀਆਂ ਦੇ ਸਾਮਾਨ ਦੀ ਸੁਰੱਖਿਆ ਨੂੰ ਲੈ ਕੇ ਇੱਕ ਬੇਹੱਦ ਹੈਰਾਨੀਜਨਕ ਅਤੇ ਚਿੰਤਾਜਨਕ ਖੁਲਾਸਾ ਹੋਇਆ ਹੈ। ਪੁਲਸ ਨੇ ਏਅਰਪੋਰਟ ਦੇ ਬੈਗੇਜ ਕਲੇਮ ਏਰੀਆ (ਸਾਮਾਨ ਲੈਣ ਵਾਲੀ ਜਗ੍ਹਾ) ਵਿੱਚ ਸਰਗਰਮ ਇੱਕ ਅਜਿਹੇ ਸ਼ਾਤਰ ਗਿਰੋਹ ਦਾ ਪਰਦਾਫਾਸ਼ ਕੀਤਾ ਹੈ, ਜੋ ਬੜੀ ਚਲਾਕੀ ਨਾਲ ਯਾਤਰੀਆਂ ਦੇ ਮਹਿੰਗੇ ਸੂਟਕੇਸਾਂ 'ਤੇ ਲੱਗੇ 'ਬੈਗ-ਟੈਗ' ਬਦਲ ਕੇ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਰਿਹਾ ਸੀ। ਇਸ ਖੁਲਾਸੇ ਤੋਂ ਬਾਅਦ ਹਵਾਈ ਅੱਡਾ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਵਿੱਚ ਤਰਥਲੀ ਮਚ ਗਈ। ਅਧਿਕਾਰੀਆਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ, ਇਸ ਗਿਰੋਹ ਦੇ ਕੰਮ ਕਰਨ ਦਾ ਤਰੀਕਾ ਬੇਹੱਦ ਹਾਈਟੈਕ ਅਤੇ ਸ਼ਾਤਰਾਨਾ ਸੀ:

ਫਰਜ਼ੀ ਟੈਗਸ ਦੀ ਤਿਆਰੀ: ਚੋਰ ਪਹਿਲਾਂ ਤੋਂ ਹੀ ਆਪਣੇ ਕੋਲ ਕੁਝ ਸਸਤੇ ਜਾਂ ਆਮ ਬੈਗਾਂ ਦੇ ਬਾਰਕੋਡ ਟੈਗ ਤਿਆਰ ਰੱਖਦੇ ਸਨ।

ਮਹਿੰਗੇ ਬ੍ਰਾਂਡਾਂ 'ਤੇ ਨਜ਼ਰ: ਜਿਵੇਂ ਹੀ ਫਲਾਈਟ ਲੈਂਡ ਹੋਣ ਤੋਂ ਬਾਅਦ ਯਾਤਰੀਆਂ ਦਾ ਸਾਮਾਨ ਰਨਵੇਅ ਤੋਂ ਕਨਵੇਅਰ ਬੈਲਟ 'ਤੇ ਪਹੁੰਚਦਾ, ਇਹ ਚੋਰ ਉੱਥੇ ਮੌਜੂਦ ਵੱਡੇ ਅਤੇ ਮਹਿੰਗੇ ਬ੍ਰਾਂਡਾਂ ਦੇ ਸੂਟਕੇਸਾਂ ਨੂੰ ਨਿਸ਼ਾਨਾ ਬਣਾਉਂਦੇ ਸਨ।

ਪਛਾਣ ਬਦਲਣੀ: ਇਹ ਅਪਰਾਧੀ ਅਸਲ ਬਾਰਕੋਡ ਟੈਗਸ ਨੂੰ ਉੱਥੋਂ ਪਾੜ ਦਿੰਦੇ ਸਨ ਅਤੇ ਉਨ੍ਹਾਂ ਦੀ ਜਗ੍ਹਾ ਆਪਣੇ ਲਿਆਂਦੇ ਹੋਏ ਸਸਤੇ ਟੈਗ ਚਿਪਕਾ ਦਿੰਦੇ ਸਨ। ਇਸ ਅਦਲਾ-ਬਦਲੀ ਕਾਰਨ ਏਅਰਪੋਰਟ ਦੇ ਸੁਰੱਖਿਆ ਕਰਮੀ ਅਤੇ ਬਾਹਰ ਐਗਜ਼ਿਟ ਗੇਟ 'ਤੇ ਹੋਣ ਵਾਲੀ ਚੈਕਿੰਗ ਟੀਮ ਵੀ ਧੋਖਾ ਖਾ ਜਾਂਦੀ ਸੀ, ਅਤੇ ਚੋਰ ਬੜੀ ਆਸਾਨੀ ਨਾਲ ਲੱਖਾਂ ਰੁਪਏ ਦਾ ਕੀਮਤੀ ਸਾਮਾਨ ਲੈ ਕੇ ਏਅਰਪੋਰਟ ਤੋਂ ਫਰਾਰ ਹੋ ਜਾਂਦੇ ਸਨ।

ਏਅਰਪੋਰਟ 'ਤੇ ਲਗਾਤਾਰ ਸਾਮਾਨ ਗਾਇਬ ਹੋਣ ਦੀਆਂ ਮਿਲ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਪੁਲਸ ਹਰਕਤ ਵਿੱਚ ਆਈ। ਬੈਗੇਜ ਏਰੀਆ ਦੇ ਸੀ.ਸੀ.ਟੀ.ਵੀ. ਫੁਟੇਜ ਦੀ ਬਾਰੀਕੀ ਨਾਲ ਜਾਂਚ ਕਰਨ ਤੋਂ ਬਾਅਦ ਪੁਲਸ ਨੇ ਮੁਸਤੈਦੀ ਦਿਖਾਉਂਦੇ ਹੋਏ ਇਸ ਗਿਰੋਹ ਦੇ ਮੈਂਬਰਾਂ ਨੂੰ ਦਬੋਚ ਲਿਆ।

ਫੜੇ ਗਏ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਲੱਖਾਂ ਰੁਪਏ ਦੀ ਕੀਮਤ ਦਾ ਚੋਰੀ ਕੀਤਾ ਸਾਮਾਨ ਬਰਾਮਦ ਹੋਇਆ ਹੈ, ਜਿਸ ਵਿੱਚ ਦੁਨੀਆ ਦੇ ਨਾਮਵਰ ਬ੍ਰਾਂਡਾਂ ਦੇ ਡਿਜ਼ਾਈਨਰ ਕੱਪੜੇ ਅਤੇ ਬੇਹੱਦ ਮਹਿੰਗੀਆਂ ਘੜੀਆਂ ਸ਼ਾਮਲ ਹਨ।

ਇਸ ਵੱਡੀ ਘਟਨਾ ਤੋਂ ਬਾਅਦ ਹਵਾਈ ਅੱਡਿਆਂ ਦੇ ਸਕਿਓਰਿਟੀ ਵਿਭਾਗ ਨੇ ਯਾਤਰੀਆਂ ਦੀ ਸੁਰੱਖਿਆ ਲਈ ਇੱਕ ਵਿਸ਼ੇਸ਼ ਗਾਈਡਲਾਈਨ ਜਾਰੀ ਕੀਤੀ ਹੈ, ਤਾਂ ਜੋ ਭਵਿੱਖ ਵਿੱਚ ਕਿਸੇ ਹੋਰ ਯਾਤਰੀ ਦਾ ਨੁਕਸਾਨ ਨਾ ਹੋਵੇ:



ਬਿਨਾਂ ਸਮਾਂ ਗਵਾਏ ਬੈਲਟ ਕੋਲ ਪਹੁੰਚੋ: ਫਲਾਈਟ ਲੈਂਡ ਹੁੰਦੇ ਹੀ ਇੱਧਰ-ਉੱਧਰ ਸਮਾਂ ਖ਼ਰਾਬ ਕੀਤੇ ਬਿਨਾਂ ਸਿੱਧਾ ਬੈਗੇਜ ਕਲੇਮ ਬੈਲਟ ਕੋਲ ਪਹੁੰਚੋ ਤਾਂ ਜੋ ਤੁਹਾਡਾ ਸਾਮਾਨ ਆਉਂਦੇ ਹੀ ਤੁਸੀਂ ਖੁਦ ਉਸ ਨੂੰ ਚੁੱਕ ਸਕੋ।

ਬੈਗ 'ਤੇ ਖ਼ਾਸ ਨਿਸ਼ਾਨੀ ਲਗਾਓ: ਆਪਣੇ ਸੂਟਕੇਸ 'ਤੇ ਕੋਈ ਅਜਿਹਾ ਖ਼ਾਸ ਰੰਗਦਾਰ ਰਿਬਨ, ਸਟਿੱਕਰ, ਬੈਲਟ ਜਾਂ ਵੱਖਰਾ ਨਿਸ਼ਾਨ ਜ਼ਰੂਰ ਲਗਾਓ ਜਿਸ ਨਾਲ ਉਸ ਦੀ ਪਛਾਣ ਦੂਰੋਂ ਹੀ ਹੋ ਸਕੇ ਅਤੇ ਕੋਈ ਹੋਰ ਉਸ ਨੂੰ ਹੱਥ ਨਾ ਪਾ ਸਕੇ।

ਟੈਗ ਦੀ ਕਰਾਸ-ਚੈਕਿੰਗ: ਬੈਗ ਚੁੱਕਣ ਵੇਲੇ ਇਹ ਜ਼ਰੂਰ ਚੈੱਕ ਕਰੋ ਕਿ ਉਸ 'ਤੇ ਲੱਗਿਆ ਬਾਰਕੋਡ ਟੈਗ ਤੁਹਾਡੀ ਹੀ ਟਿਕਟ/ਬੋਰਡਿੰਗ ਪਾਸ ਨਾਲ ਮੈਚ ਕਰਦਾ ਹੈ ਅਤੇ ਉਸ ਨਾਲ ਕੋਈ ਛੇੜਛਾੜ ਨਹੀਂ ਹੋਈ।

### ਕੌਣ ਹੋਇਆ ਗ੍ਰਿਫ਼ਤਾਰ ?

ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੇ ਤਾਇਨਾਤ 6 ਬੈਗੇਜ ਅਤੇ ਰੈਂਪ ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਏਅਰਪੋਰਟ ਦੇ ਅੰਦਰੂਨੀ ਭ੍ਰਿਸ਼ਟ ਕਰਮਚਾਰੀ ਸਨ ਜੋ ਅੰਦਰ ਬੈਠ ਕੇ ਟੈਗ ਬਦਲਣ ਦਾ ਕੰਮ ਕਰ ਰਹੇ ਸਨ।

ਗਿਰੋਹ ਦਾ ਮਕਸਦ: ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਨਸ਼ਾ ਤਸਕਰੀ ਦਾ ਇੱਕ ਵੱਡਾ ਅੰਤਰਰਾਸ਼ਟਰੀ ਨੈੱਟਵਰਕ ਹੈ, ਜਿੱਥੇ ਬੇਗੁਨਾਹ ਯਾਤਰੀਆਂ ਦੇ ਟੈਗ ਨਸ਼ਿਆਂ ਨਾਲ ਭਰੇ ਬੈਗਾਂ 'ਤੇ ਲਗਾ ਕੇ ਕੋਕੀਨ, ਮੈਥਾਮਫੇਟਾਮੀਨ ਅਤੇ ਮਰੀਜੁਆਨਾ ਵਰਗੇ ਨਸ਼ੇ ਦੂਜੇ ਦੇਸ਼ਾਂ ਵਿੱਚ ਭੇਜੇ ਜਾ ਰਹੇ ਸਨ।

### ਨਸ਼ਾ ਤਸਕਰੀ ਦੇ ਕੌਮਾਂਤਰੀ ਨੈੱਟਵਰਕ ਨਾਲ ਜੁੜੀਆਂ ਤਾਰਾਂ

ਕੈਨੇਡਾ ਏਅਰਪੋਰਟ 'ਬੈਗ-ਟੈਗ' ਮਾਮਲੇ ਵਿੱਚ ਪੁਲਸ ਦੀ ਜਾਂਚ ਜਿਵੇਂ-ਜਿਵੇਂ ਅੱਗੇ ਵਧ ਰਹੀ ਹੈ, ਇਸ ਵਿੱਚ ਅੰਤਰਰਾਸ਼ਟਰੀ ਨਸ਼ਾ ਤਸਕਰਾਂ ਦੇ ਸ਼ਾਮਲ ਹੋਣ ਦਾ ਇੱਕ ਵੱਡਾ ਅਤੇ ਖ਼ੌਫ਼ਨਾਕ ਰੈਕਟ ਸਾਹਮਣੇ ਆਇਆ ਹੈ। ਪੁਲਸ ਮੁਤਾਬਕ ਇਹ ਸਿਰਫ਼ ਸੂਟਕੇਸ ਚੋਰੀ ਕਰਨ ਵਾਲਾ ਗਿਰੋਹ ਨਹੀਂ ਹੈ, ਬਲਕਿ ਇਹ ਨਸ਼ਾ ਤਸਕਰੀ ਦਾ ਇੱਕ ਬਹੁਤ ਵੱਡਾ ਅੰਤਰਰਾਸ਼ਟਰੀ ਨੈੱਟਵਰਕ ਹੈ, ਜੋ ਸੁਰੱਖਿਆ ਏਜੰਸੀਆਂ ਦੀਆਂ ਅੱਖਾਂ ਵਿੱਚ ਧੂੜ ਪਾਉਣ ਲਈ ਭੋਲੇ-ਭਾਲੇ ਯਾਤਰੀਆਂ ਦੇ ਨਾਮ ਦੀ ਵਰਤੋਂ ਕਰ ਰਿਹਾ ਸੀ।

### ਕਿਵੇਂ ਹੁੰਦੀ ਸੀ 'ਡਰੱਗਸ' ਦੀ ਤਸਕਰੀ ?

ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਇਸ ਨੈੱਟਵਰਕ ਵਿੱਚ ਏਅਰਪੋਰਟ ਦੇ ਅੰਦਰ ਕੰਮ ਕਰਨ ਵਾਲੇ ਕੁਝ ਭ੍ਰਿਸ਼ਟ ਕਰਮਚਾਰੀ ਵੀ ਸ਼ਾਮਲ ਸਨ। ਤਸਕਰ ਨਸ਼ਿਆਂ (ਜਿਵੇਂ ਕੋਕੀਨ, ਮੈਥਾਮਫੇਟਾਮੀਨ) ਨਾਲ ਭਰੇ ਬੈਗਾਂ ਨੂੰ ਏਅਰਪੋਰਟ ਦੇ ਅੰਦਰ ਸੈੱਟ ਕਰਦੇ ਸਨ। ਜਿਹੜੇ ਯਾਤਰੀਆਂ ਦੀ ਸੁਰੱਖਿਆ ਜਾਂਚ ਪਹਿਲਾਂ ਹੀ ਕਲੀਅਰ ਹੋ ਚੁੱਕੀ ਹੁੰਦੀ ਸੀ, ਇਹ ਗਿਰੋਹ ਉਨ੍ਹਾਂ ਦੇ ਬੈਗ-ਟੈਗਸ ਨੂੰ ਪਾੜ ਕੇ ਨਸ਼ੇ ਵਾਲੇ ਬੈਗਾਂ 'ਤੇ ਚਿਪਕਾ ਦਿੰਦਾ ਸੀ।

ਸਿਸਟਮ ਵਿੱਚ ਬੈਗ ਕਿਸੇ ਆਮ ਯਾਤਰੀ ਦੇ ਨਾਮ 'ਤੇ ਦਿਖਾਈ ਦਿੰਦਾ ਸੀ, ਜਿਸ ਕਾਰਨ ਸਕੈਨਿੰਗ ਅਤੇ ਕਸਟਮ ਚੈਕਿੰਗ ਦੌਰਾਨ ਸ਼ੱਕ ਨਹੀਂ ਹੁੰਦਾ ਸੀ। ਇਸ ਤਰ੍ਹਾਂ ਕਰੋੜਾਂ ਦੀ ਡਰੱਗਸ ਇੱਕ ਦੇਸ਼ ਤੋਂ ਦੂਜੇ ਦੇਸ਼ ਆਸਾਨੀ ਨਾਲ ਪਹੁੰਚਾਈ ਜਾ ਰਹੀ ਸੀ।

ਪੁਲਸ ਵੱਲੋਂ ਮਾਰੀ ਗਈ ਰੇਡ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਕੋਲੋਂ ਨਾ ਸਿਰਫ਼ ਮਹਿੰਗਾ ਚੋਰੀ ਦਾ ਸਾਮਾਨ, ਬਲਕਿ ਵੱਡੀ ਮਾਤਰਾ ਵਿੱਚ ਪਾਬੰਦੀਸ਼ੁਦਾ ਨਸ਼ੀਲੇ ਪਦਾਰਥ ਅਤੇ ਗੈਰ-ਕਾਨੂੰਨੀ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਗਿਰੋਹ ਦੇ ਤਾਰ ਕਈ ਵੱਡੇ ਅੰਤਰਰਾਸ਼ਟਰੀ ਡਰੱਗ ਕਾਰਟੇਲਸ ਨਾਲ ਜੁੜੇ ਹੋਏ ਹਨ।

### ਯਾਤਰੀਆਂ ਲਈ ਹੁਣ ਹੋਰ ਵੀ ਵੱਡਾ ਖ਼ਤਰਾ !

ਇਸ ਖ਼ੁਲਾਸੇ ਤੋਂ ਬਾਅਦ ਕੈਨੇਡਾ ਜਾਣ ਵਾਲੇ ਜਾਂ ਉੱਥੋਂ ਸਫ਼ਰ ਕਰਨ ਵਾਲੇ ਯਾਤਰੀਆਂ ਲਈ ਖ਼ਤਰਾ ਹੋਰ ਵੱਧ ਗਿਆ ਹੈ, ਕਿਉਂਕਿ ਜੇਕਰ ਕਿਸੇ ਯਾਤਰੀ ਦੇ ਟੈਗ ਵਾਲੇ ਬੈਗ ਵਿੱਚੋਂ ਨਸ਼ਾ ਫੜਿਆ ਜਾਂਦਾ ਹੈ, ਤਾਂ ਬੇਗੁਨਾਹ ਹੁੰਦੇ ਹੋਏ ਵੀ ਯਾਤਰੀ ਵੱਡੀ ਕਾਨੂੰਨੀ ਮੁਸੀਬਤ ਵਿੱਚ ਫਸ ਸਕਦਾ ਹੈ।

### ਸੁਰੱਖਿਆ ਮਾਹਿਰਾਂ ਦੀ ਸਲਾਹ

"ਏਅਰਪੋਰਟ ਤੋਂ ਬਾਹਰ ਨਿਕਲਣ ਵੇਲੇ ਆਪਣੇ ਬੈਗ ਦਾ ਬਾਰਕੋਡ ਟੈਗ ਅਤੇ ਆਪਣੇ ਕੋਲ ਮੌਜੂਦ ਸਲਿੱਪ ਨੂੰ 100% ਮੈਚ ਕਰੋ। ਜੇਕਰ ਬੈਗ 'ਤੇ ਲੱਗੇ ਟੈਗ ਨਾਲ ਕੋਈ ਵੀ ਛੇੜਛਾੜ ਦਿਖੇ, ਤਾਂ ਤੁਰੰਤ ਉੱਥੇ ਮੌਜੂਦ ਸੁਰੱਖਿਆ ਅਧਿਕਾਰੀਆਂ ਨੂੰ ਸੂਚਿਤ ਕਰੋ ਅਤੇ ਬੈਗ ਨੂੰ ਹੱਥ ਨਾ ਪਾਓ।"

## ਲੁਧਿਆਣਾ ਦੇ ਮੇਅਰ ਅਤੇ ਗਾਇਕ ਦਿਲਜੀਤ ਦੁਸਾਂਝ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ

### ✪ ਨਗਰ ਨਿਗਮ ਕਮਿਸ਼ਨਰ ਨੂੰ ਆਈ ਈਮੇਲ

ਲੁਧਿਆਣਾ-ਪੰਜਾਬ ਵਿੱਚ ਸੁਰੱਖਿਆ ਏਜੰਸੀਆਂ ਅਤੇ ਪੁਲਿਸ ਪ੍ਰਸ਼ਾਸਨ ਉਸ ਵੇਲੇ ਹਰਕਤ ਵਿੱਚ ਆ ਗਿਆ, ਜਦੋਂ ਲੁਧਿਆਣਾ ਦੇ ਮੇਅਰ ਇੰਦਰਜੀਤ ਕੌਰ ਅਤੇ ਮਸ਼ਹੂਰ ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੁਸਾਂਝ ਦੇ ਘਰਾਂ ਨੂੰ ਬੰਬ ਨਾਲ ਉਡਾਉਣ ਦੀ ਖ਼ੌਫ਼ਨਾਕ ਧਮਕੀ ਮਿਲੀ। ਇਹ ਧਮਕੀ ਇੱਕ ਅਧਿਕਾਰਤ ਈਮੇਲ ਰਾਹੀਂ ਭੇਜੀ ਗਈ ਹੈ, ਜਿਸ ਤੋਂ ਬਾਅਦ ਪੁਲਿਸ ਵਿਭਾਗ ਅਤੇ ਸੁਰੱਖਿਆ ਤੰਤਰ ਪੂਰੀ ਤਰ੍ਹਾਂ ਅਲਰਟ 'ਤੇ ਹੈ। ਇਸ ਧਮਕੀ ਭਰੀ ਈਮੇਲ ਦੇ ਅਖੀਰ ਵਿੱਚ ਕਈ ਨਾਮ ਦਰਜ ਹਨ, ਜਿਸ ਨੇ ਮਾਮਲੇ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਮੇਲ ਵਿੱਚ ਮੁੱਖ ਤੌਰ 'ਤੇ 'ਖਾਲਿਸਤਾਨ ਨੈਸ਼ਨਲ ਆਰਮੀ' ਦਾ ਜ਼ਿਕਰ ਹੈ। ਇਸ ਤੋਂ ਇਲਾਵਾ ਇੰਜੀਨੀਅਰ ਗੁਰਨਾਖ ਸਿੰਘ, ਰੁਕਨ ਸ਼ਾਹਵਾਲ, ਡਾ. ਗੁਰਨਵੀਰ ਸਿੰਘ ਅਤੇ ਖਾਨ ਰਜ਼ਾਦਾ ਦੇ ਨਾਮ ਵੀ ਇਸ ਵਿੱਚ ਸ਼ਾਮਲ ਕੀਤੇ ਗਏ ਹਨ।

ਸੁਰੱਖਿਆ ਪ੍ਰਬੰਧ ਕੀਤੇ ਸਖ਼ਤ-ਧਮਕੀ ਦੀ ਖ਼ਬਰ ਸਾਹਮਣੇ ਆਉਂਦੇ ਹੀ ਲੁਧਿਆਣਾ ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਮੇਅਰ ਇੰਦਰਜੀਤ ਕੌਰ ਦੇ ਕੈਂਪ ਆਫਿਸ ਅਤੇ ਰਿਹਾਇਸ਼ ਦੇ ਆਲੇ-ਦੁਆਲੇ ਸੁਰੱਖਿਆ ਘੇਰਾ ਬੇਹੱਦ ਸਖ਼ਤ ਕਰ ਦਿੱਤਾ ਹੈ। ਉੱਥੇ ਹੀ ਦਿਲਜੀਤ ਦੁਸਾਂਝ ਦੇ ਜੱਦੀ ਘਰ ਦੀ ਸੁਰੱਖਿਆ ਨੂੰ ਲੈ ਕੇ ਵੀ ਚੌਕਸੀ ਵਧਾ ਦਿੱਤੀ ਗਈ ਹੈ। ਪੁਲਿਸ ਅਤੇ ਸਾਈਬਰ ਸੈੱਲ ਦੀਆਂ ਟੀਮਾਂ ਈਮੇਲ ਦੇ ਆਈਪੀ ਐਡਰੈੱਸ ਅਤੇ ਇਸ ਨੂੰ ਭੇਜਣ ਵਾਲੇ ਦੇ ਸਰੋਤ ਦਾ ਪਤਾ ਲਗਾਉਣ ਲਈ ਬਾਰੀਕੀ ਨਾਲ ਜਾਂਚ ਕਰ ਰਹੀਆਂ ਹਨ।

# ਬਰਤਾਨੀਆ ਦੇ ਸਾਬਕਾ ਅਟਾਰਨੀ ਜਨਰਲ ਡੋਮਿਨਿਕ ਗ੍ਰੀਵ ਸਮੇਤ ਚਾਰ ਸੀਨੀਅਰ ਵਕੀਲਾਂ ਨੇ ਜਗਤਾਰ ਸਿੰਘ ਜੌਹਲ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਸਟਾਰਮਰ ਨੂੰ ਦਖ਼ਲ ਦੇਣ ਦੀ ਅਪੀਲ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਸੀਨੀਅਰ ਵਕੀਲਾਂ ਨੇ ਬਰਤਾਨਵੀ ਪ੍ਰਧਾਨ ਮੰਤਰੀ ਨੂੰ ਭਾਰਤੀ ਇਸਤਗਾਸਾ (ਪ੍ਰੋਸੀਕਿਊਸ਼ਨ) ਵੱਲੋਂ ਲਾਏ ਗਏ ਦੋਸ਼ਾਂ ਨੂੰ ਖਾਰਜ ਕਰਵਾਉਣ ਦੀ ਮੰਗ ਕੀਤੀ ਹੈ ਅਤੇ ਕਿਹਾ ਕਿ ਇਹ ਮਾਮਲਾ 'ਡਬਲ ਜੈਪਰਡੀ' (ਇੱਕੋ ਜੁਰਮ ਲਈ ਦੋ ਵਾਰ ਮੁਕੱਦਮਾ ਨਾ ਚਲਾਉਣ ਦਾ ਨਿਯਮ) ਦੀ ਉਲੰਘਣਾ ਹੈ।***

ਬਰਤਾਨੀਆ ਦੇ ਸਾਬਕਾ ਅਟਾਰਨੀ ਜਨਰਲ ਅਤੇ ਲੰਡਨ ਤੋਂ ਸਾਬਕਾ ਕੌਂਸਲਰ ਅਤੇ ਬਰਕਸ਼ਾਇਰ ਦੇ ਸਾਬਕਾ ਸੰਸਦ ਮੈਂਬਰ ਡੋਮਿਨਿਕ ਗ੍ਰੀਵ ਸਮੇਤ ਚਾਰ ਸੀਨੀਅਰ ਵਕੀਲਾਂ ਨੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਇੱਕ ਪੱਤਰ ਲਿਖਿਆ ਹੈ। ਇਸ ਪੱਤਰ ਰਾਹੀਂ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਭਾਰਤੀ ਅਧਿਕਾਰੀਆਂ ਨਾਲ ਗੱਲ ਕਰਕੇ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਖ਼ਿਲਾਫ਼ ਚੱਲ ਰਹੇ ਮਾਮਲਿਆਂ ਨੂੰ ਖਾਰਜ ਕਰਵਾਇਆ ਜਾਵੇ। ਵਕੀਲਾਂ ਦਾ ਕਹਿਣਾ ਹੈ ਕਿ ਇਹ ਮੁਕੱਦਮਾ ਕਾਨੂੰਨ ਦੇ ਬੁਨਿਆਦੀ ਨਿਯਮ 'ਡਬਲ ਜੈਪਰਡੀ' ਦੀ ਸਿੱਧੀ ਉਲੰਘਣਾ ਹੈ, ਜਿਸ ਤਹਿਤ ਕਿਸੇ ਵੀ ਵਿਅਕਤੀ 'ਤੇ ਇੱਕੋ ਅਪਰਾਧ ਲਈ ਦੋ ਵਾਰ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ।

ਜਗਤਾਰ ਸਿੰਘ ਜੌਹਲ ਪਿਛਲੇ ਅੱਠ ਸਾਲਾਂ ਤੋਂ ਭਾਰਤ ਦੀ ਜੇਲ੍ਹ ਵਿੱਚ ਬੰਦ ਹਨ। ਪਿਛਲੇ ਸਾਲ ਮਾਰਚ ਵਿੱਚ ਪੰਜਾਬ ਦੀ ਇੱਕ ਅਦਾਲਤ ਨੇ ਉਨ੍ਹਾਂ ਨੂੰ ਅੱਤਵਾਦ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਜਾਂਚ ਏਜੰਸੀਆਂ ਕੋਲ ਸੱਤ ਸਾਲ ਦਾ ਸਮਾਂ ਹੋਣ ਦੇ ਬਾਵਜੂਦ ਉਹ ਜਗਤਾਰ ਖ਼ਿਲਾਫ਼ ਕੋਈ ਵੀ ਭਰੋਸੇਯੋਗ ਸਬੂਤ ਪੇਸ਼ ਕਰਨ ਵਿੱਚ "ਬੁਰੀ ਤਰ੍ਹਾਂ ਅਸਫਲ" ਰਹੀਆਂ ਹਨ।

ਅਦਾਲਤ ਵੱਲੋਂ ਬਰੀ ਕੀਤੇ ਜਾਣ ਦੇ ਬਾਵਜੂਦ, ਜਗਤਾਰ ਸਿੰਘ ਜੌਹਲ ਨੂੰ ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ ਵੱਲੋਂ ਦਰਜ ਕੀਤੇ ਗਏ ਅੱਠ ਹੋਰ ਮਿਲਦੇ-ਜੁਲਦੇ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਾਰੇ ਮਾਮਲੇ ਉਸੇ ਇੱਕੋ ਇਕਬਾਲੀਆ ਬਿਆਨ 'ਤੇ ਅਧਾਰਤ ਹਨ, ਜਿਸ ਬਾਰੇ ਜਗਤਾਰ ਦੇ ਹਮਾਇਤੀਆਂ ਦਾ ਦਾਅਵਾ ਹੈ ਕਿ ਪੁਲਿਸ ਹਿਰਾਸਤ ਦੌਰਾਨ ਤਸ਼ੱਦਦ ਕਰਕੇ ਇਕਬਾਲ ਕਰਵਾਏ ਗਏ ਸਨ।

ਕੀਰ ਸਟਾਰਮਰ ਨੂੰ, ਜੋ ਖੁਦ ਇੱਕ ਸਾਬਕਾ ਮਨੁੱਖੀ ਅਧਿਕਾਰ ਵਕੀਲ ਰਹਿ ਚੁੱਕੇ ਹਨ, ਇਸ ਮਾਮਲੇ ਵਿੱਚ ਕਾਨੂੰਨੀ ਨਿਆਂ ਦੀ ਰਾਖੀ ਲਈ ਦਖ਼ਲ ਦੇਣ ਦੀ



ਜਗਤਾਰ ਸਿੰਘ ਜੱਗੀ ਜੌਹਲ

ਅਪੀਲ ਕੀਤੀ ਗਈ ਹੈ। ਇਸ ਪੱਤਰ 'ਤੇ ਹਸਤਾਖਰ ਕਰਨ ਵਾਲਿਆਂ ਵਿੱਚ ਪ੍ਰਸਿੱਧ ਬੈਰਿਸਟਰ ਲੇਡੀ ਹੇਲੇਨਾ ਕੈਨੇਡੀ, ਸਕਾਟਲੈਂਡ ਦੀ ਸਾਬਕਾ ਲੋਰਡ ਐਡਵੋਕੇਟ ਡੇਮ ਅਲੀਸ਼ ਐਂਜੀਓਲਿਨੀ, ਅਤੇ ਜੈਫਰੀ ਰੌਬਰਟਸਨ ਕੇਸੀ ਸ਼ਾਮਲ ਹਨ।

ਵਕੀਲਾਂ ਨੇ ਲਿਖਿਆ ਹੈ ਕਿ "ਇੱਕ ਨਿਰਪੱਖ ਅਤੇ ਨਿਆਂਪੂਰਨ ਕਾਨੂੰਨੀ ਪ੍ਰਣਾਲੀ ਵਿੱਚ ਕਿਸੇ ਵੀ ਵਿਅਕਤੀ 'ਤੇ ਉਸੇ ਜੁਰਮ ਲਈ ਵਾਰ-ਵਾਰ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਜਿਸ ਤੋਂ ਉਹ ਪਹਿਲਾਂ ਹੀ ਬਰੀ ਹੋ ਚੁੱਕਾ ਹੋਵੇ। ਇਹ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਅਤੇ ਨਿਰਪੱਖ ਸੁਣਵਾਈ ਦੇ ਨਿਯਮਾਂ ਦੇ ਖ਼ਿਲਾਫ਼ ਹੈ।"

ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ 'ਡਬਲ ਜੈਪਰਡੀ' ਦਾ ਇਹ ਨਿਯਮ ਭਾਰਤ ਅਤੇ ਯੂ ਕੇ ਸਮੇਤ ਦੁਨੀਆ ਦੇ 50 ਤੋਂ ਵੱਧ ਦੇਸ਼ਾਂ ਦੇ ਸੰਵਿਧਾਨ ਵਿੱਚ ਮਾਨਤਾ ਪ੍ਰਾਪਤ ਹੈ। ਇਸ ਲਈ ਭਾਰਤ ਸਰਕਾਰ ਨੂੰ ਇਹ ਮਾਮਲਾ ਖਾਰਜ ਕਰਨ ਲਈ ਕਹਿਣਾ ਭਾਰਤੀ ਕਾਨੂੰਨੀ ਪ੍ਰਣਾਲੀ ਦਾ ਸਨਮਾਨ ਕਰਨ ਦੇ ਬਰਾਬਰ ਹੀ ਹੋਵੇਗਾ। ਸੰਯੁਕਤ ਰਾਸ਼ਟਰ ਦੇ ਕਾਨੂੰਨੀ ਮਾਹਰ ਵੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਜਗਤਾਰ ਸਿੰਘ ਜੌਹਲ ਨੂੰ ਸਿੱਖ ਭਾਈਚਾਰੇ ਦੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਚੁੱਕਣ ਕਾਰਨ ਗੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ ਵਿੱਚ ਰੱਖਿਆ ਗਿਆ ਹੈ।

ਜਗਤਾਰ ਸਿੰਘ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ

ਪ੍ਰਧਾਨ ਮੰਤਰੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਹ ਕੋਈ ਜਾਇਜ਼ ਕਾਨੂੰਨੀ ਪ੍ਰਕਿਰਿਆ ਨਹੀਂ ਹੈ। ਹੁਣ ਸਮਾਂ ਆ ਗਿਆ ਹੈ ਕਿ ਸਰ ਕੀਰ ਸਟਾਰਮਰ ਲੀਡਰਸ਼ਿਪ ਦਿਖਾਉਣ ਅਤੇ ਜਗਤਾਰ ਨੂੰ ਘਰ ਵਾਪਸ ਲੈ ਕੇ ਆਉਣ।

# ਯੂ ਕੇ ਦੇ ਕੁੱਲ ਪ੍ਰਵਾਸ ਵਿੱਚ ਆਈ ਵੱਡੀ ਗਿਰਾਵਟ -74000 ਭਾਰਤੀ ਵਿਦਿਆਰਥੀਆਂ, ਕਾਮਿਆਂ ਅਤੇ ਹੋਰਾਂ ਨੇ ਛੱਡਿਆ ਯੂ ਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਰਾਸ਼ਟਰੀ ਅੰਕੜਾ ਸੰਗ੍ਰਹਿ ਵੱਲੋਂ ਜਾਰੀ ਤਾਜ਼ਾ ਰਿਪੋਰਟਾਂ ਵਿੱਚ ਸਾਹਮਣੇ ਆਇਆ ਹੈ ਬੀਤੇ ਸਾਲ ਦੌਰਾਨ ਯੂ ਕੇ ਵਿੱਚ ਪ੍ਰਵਾਸੀਆਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਹੈ। 2025 ਦੇ ਵਿਸ਼ਲੇਸ਼ਣ ਦੇ ਅਨੁਸਾਰ, ਲਗਭਗ 74000 ਭਾਰਤੀ ਵਿਦਿਆਰਥੀਆਂ, ਕਾਮਿਆਂ ਅਤੇ ਹੋਰਾਂ ਨੇ ਯੂ ਕੇ ਨੂੰ ਛੱਡਿਆ ਹੈ।

ਭਾਰਤੀ ਵਿਦਿਆਰਥੀ ਅਤੇ ਕਾਮੇ ਯੂ ਕੇ ਛੱਡਣ ਵਾਲੇ ਵਿਦੇਸ਼ੀਆਂ ਦੀ ਸੂਚੀ ਵਿੱਚ ਸਿਖਰ 'ਤੇ ਹਨ। ਅੱਜ ਵੀਰਵਾਰ ਨੂੰ ਲੰਡਨ ਵਿੱਚ ਜਾਰੀ ਕੀਤੇ ਗਏ ਸ਼ੁੱਧ ਪ੍ਰਵਾਸ ਡੇਟਾ ਵਿੱਚ ਇੱਕ ਮਹੱਤਵਪੂਰਨ ਗਿਰਾਵਟ ਦਰਸਾਈ ਗਈ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ ਲਗਭਗ ਅੱਧੀ ਰਹਿ ਗਈ ਹੈ।

2025 ਲਈ ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ ਦੇ ਵਿਸ਼ਲੇਸ਼ਣ ਦੇ ਅਨੁਸਾਰ, ਲਗਭਗ 51,000 ਭਾਰਤੀ ਵਿਦਿਆਰਥੀ, 21,000 ਕਾਮੇ ਅਤੇ 3,000 ਹੋਰ ਬਰਤਾਨੀਆ ਛੱਡ ਕੇ ਚਲੇ ਗਏ ਹਨ, ਜਿਸ ਤੋਂ ਬਾਅਦ 46000 ਦੀ ਗਿਣਤੀ ਚੀਨੀ ਵਿਦਿਆਰਥੀ ਅਤੇ ਕਾਮਿਆਂ ਦੀ ਹੈ ਜੋ ਦੂਜੇ ਨੰਬਰ ਤੇ ਹਨ।

ਯੂਕਰੇਨੀਅਨ (18,000), ਪਾਕਿਸਤਾਨੀ ਅਤੇ ਨਾਈਜੀਰੀਅਨ (ਦੋਵੇਂ 19-19 ਹਜ਼ਾਰ) ਮੂਲ ਕੇ ਲੋਕ ਹਨ ਜੋ ਸੂਚੀ ਦੇ ਪਹਿਲੇ 5 ਦੇਸ਼ਾਂ ਤੋਂ ਹਨ। ਅੰਕੜਿਆਂ ਮੁਤਾਬਿਕ ਪਿਛਲੇ ਸਾਲ ਕੁੱਲ ਸ਼ੁੱਧ ਪ੍ਰਵਾਸ ਘਟ ਕੇ 1,71,000 ਰਹਿ ਗਿਆ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ "ਸ਼ੁੱਧ ਪ੍ਰਵਾਸ ਹੁਣ 1,71,000 ਹੈ, ਜੋ ਕਿ ਕੰਜ਼ਰਵੇਟਿਵ ਸਰਕਾਰਾਂ ਵੇਲੇ 9,44,000 ਦੇ ਉੱਚ ਪੱਧਰ ਤੋਂ ਕਿਤੇ ਘੱਟ ਹੈ। ਇਹ ਸਰਕਾਰ ਸਾਡੀਆਂ ਸਰਹੱਦਾਂ 'ਤੇ ਵਿਵਸਥਾ ਅਤੇ ਨਿਯੰਤਰਣ ਬਹਾਲ ਕਰ ਰਹੀ ਹੈ।

"ਅਸੀਂ ਹਮੇਸ਼ਾ ਉਨ੍ਹਾਂ ਲੋਕਾਂ ਦਾ ਸਵਾਗਤ ਕਰਾਂਗੇ ਜੋ ਇਸ ਦੇਸ਼ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਇੱਥੇ ਇੱਕ ਬਿਹਤਰ ਜੀਵਨ ਬਣਾਉਣਾ ਚਾਹੁੰਦੇ ਹਨ। ਜਿਵੇਂ ਇਹ ਅੰਕੜੇ ਦਰਸਾਉਂਦੇ ਹਨ, ਅਸਲ ਤਰੱਕੀ ਹੋਈ ਹੈ, ਪਰ ਅਜੇ ਵੀ ਕੰਮ ਕਰਨਾ ਬਾਕੀ ਹੈ। ਇਸੇ ਲਈ ਮੈਂ ਇੱਕ ਹੁਨਰ-ਅਧਾਰਤ ਪ੍ਰਵਾਸ ਪ੍ਰਣਾਲੀ ਨੂੰ ਤਰਜੀਹ ਦਿੰਦੀ ਹਾਂ ਜੋ ਯੋਗਦਾਨ ਪਾਉਣ ਵਾਲਿਆਂ ਦਾ ਸਵਾਗਤ ਕਰਦੀ ਹੈ ਅਤੇ ਸਸਤੇ ਵਿਦੇਸ਼ੀ ਕਾਮਿਆਂ 'ਤੇ ਬਰਤਾਨੀਆਂ ਦੀ ਨਿਰਭਰਤਾ ਨੂੰ ਖਤਮ ਕਰਦੀ ਹੈ।

ਅੰਕੜਿਆਂ ਮੁਤਾਬਿਕ ਇਸ ਸਾਲ ਮਾਰਚ ਵਿੱਚ ਸਭ ਤੋਂ ਵੱਧ ਸਿਹਤ ਅਤੇ ਦੇਖਭਾਲ ਕਰਮਚਾਰੀ ਵੀਜ਼ਾ ਐਕਸਟੈਂਸ਼ਨ ਭਾਰਤੀਆਂ (107,306) ਨੂੰ ਜਾਰੀ ਕੀਤੇ ਗਏ, ਇਸ ਤੋਂ ਬਾਅਦ ਨਾਈਜੀਰੀਅਨ (89,575) ਅਤੇ ਜ਼ਿੰਬਾਬਵੇ (31,117) ਨਾਗਰਿਕਾਂ ਨੂੰ ਜਾਰੀ ਕੀਤੇ ਗਏ। ਇਸੇ ਤਰ੍ਹਾਂ ਹੁਨਰਮੰਦ ਵਰਕਰ ਐਕਸਟੈਂਸ਼ਨਾਂ 'ਚ ਵੀ ਭਾਰਤੀਆਂ ਦੀ ਸਭ ਤੋਂ ਵੱਧ ਗਿਣਤੀ 89,851 ਰਹੀ, ਉਸ ਤੋਂ ਬਾਅਦ ਪਾਕਿਸਤਾਨੀ (16,607) ਅਤੇ ਨਾਈਜੀਰੀਅਨ (13,409) ਨਾਗਰਿਕ ਸਨ। ਵਿਦਿਆਰਥੀਆਂ ਵਿੱਚ ਗ੍ਰੈਜੂਏਟ ਰੂਟ ਵੀਜ਼ਾ ਐਕਸਟੈਂਸ਼ਨਾਂ 'ਚ ਸਭ ਤੋਂ ਵੱਧ ਭਾਰਤੀਆਂ (70,371) ਨੂੰ ਵੀਜ਼ੇ ਜਾਰੀ ਕੀਤੇ ਗਏ। ਸਪਾਂਸਰਡ ਸਟੱਡੀ ਯੂ ਕੇ ਨੂੰ 90,425 ਵੀਜ਼ੇ ਮਿਲੇ, ਜੋ ਕਿ ਇਸ ਸ਼੍ਰੇਣੀ ਵਿੱਚ ਕੁੱਲ ਵੀਜ਼ਾ ਗ੍ਰਾਂਟਾਂ ਦਾ 23 ਪ੍ਰਤੀਸ਼ਤ ਹੈ।

# ਯੂ.ਕੇ. ਵਿੱਚ ਗਰਮੀ ਦਾ ਕਹਿਰ: ਮਈ ਮਹੀਨੇ ਨੇ ਤੋੜਿਆ 82 ਸਾਲ ਪੁਰਾਣਾ ਰਿਕਾਰਡ, ਤਾਪਮਾਨ 33.5°C ਤੋਂ ਪਾਰ



ਇੰਗਲੈਂਡ ਦੇ ਸਮੁੰਦਰੀ ਤੱਟ ਤੇ ਲੋਕਾਂ ਦੀ ਆਮਦ ਦਾ ਦ੍ਰਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਇਸ ਸਾਲ ਗਰਮੀ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਸੋਮਵਾਰ ਨੂੰ ਮਈ ਮਹੀਨੇ ਦੇ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਗਰਮ ਦਿਨ ਦਰਜ ਕੀਤਾ ਗਿਆ, ਜਿੱਥੇ ਪਾਰਾ 33.5 ਡਿਗਰੀ ਸੈਲਸੀਅਸ (33.5°C) ਨੂੰ ਵੀ ਪਾਰ ਕਰ ਗਿਆ। ਇਸ ਨਾਲ ਸਾਲ 1944 ਤੋਂ ਚੱਲਿਆ ਆ ਰਿਹਾ 82 ਸਾਲ ਪੁਰਾਣਾ ਰਿਕਾਰਡ ਟੁੱਟ ਗਿਆ ਹੈ।ਮੌਸਮ ਵਿਭਾਗ ਮੁਤਾਬਕ, ਇਸ ਤੋਂ ਪਹਿਲਾਂ ਯੂ.ਕੇ. ਵਿੱਚ ਮਈ ਮਹੀਨੇ ਦਾ ਸਭ ਤੋਂ ਵੱਧ ਤਾਪਮਾਨ ਮਈ 1944 ਵਿੱਚ 32.8°C ਦਰਜ ਕੀਤਾ ਗਿਆ ਸੀ। ਸੋਮਵਾਰ ਨੂੰ ਪਈ ਅਸਾਧਾਰਨ ਗਰਮੀ ਨੇ ਉਸ ਰਿਕਾਰਡ ਨੂੰ ਪਿੱਛੇ ਛੱਡ ਦਿੱਤਾ ਹੈ। 'ਮਈ ਬੈਂਕ ਹਾਲੀਡੇ' ਯੂ.ਕੇ. ਦੇ ਇਤਿਹਾਸ ਦਾ ਸਭ ਤੋਂ ਉਬਾਲੇ ਖਾਂਦਾ ਲੰਬਾ ਹਫ਼ਤਾ ਸਾਬਤ ਹੋਇਆ। ਗਰਮੀ ਦੇ ਇਸ ਅਚਾਨਕ ਵਧੇ ਪ੍ਰਕੋਪ ਨੂੰ ਦੇਖਦੇ ਹੋਏ ਯੂ.ਕੇ. ਹੈਲਥ ਸਿਕਊਰਿਟੀ ਏਜੰਸੀ ਨੇ ਦੇਸ਼ ਵਿੱਚ 'ਅੰਬਰ ਹੀਟ-ਹੈਲਥ ਐਲਰਟ' ਜਾਰੀ ਕਰ ਦਿੱਤਾ ਹੈ।ਵਿਭਾਗ ਨੇ ਚੇਤਾਵਨੀ ਜਾਰੀ ਕਰਦਿਆਂ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਸਿੱਧੀ ਧੁੱਪ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਉਹ ਲੋਕ ਜੋ ਪਹਿਲਾਂ ਹੀ ਸਾਹ ਦੀਆਂ ਬੀਮਾਰੀਆਂ ਜਾਂ ਦਿਲ ਦੇ ਰੋਗਾਂ ਤੋਂ ਪੀੜਤ ਹਨ, ਉਨ੍ਹਾਂ ਲਈ ਇਹ ਮੌਸਮ ਖ਼ਤਰਨਾਕ ਹੋ ਸਕਦਾ ਹੈ।ਪ੍ਰਸ਼ਾਸਨ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਿੰਨਾ ਹੋ ਸਕੇ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦਿੱਤੀ ਜਾਵੇ ਅਤੇ ਲਗਾਤਾਰ ਤਰਲ ਪਦਾਰਥਾਂ ਦਾ ਸੇਵਨ ਕੀਤਾ ਜਾਵੇ। ਦੁਪਹਿਰ ਦੇ ਸਮੇਂ ਬਿਨਾਂ ਵਜ੍ਹਾ ਘਰੋਂ ਬਾਹਰ ਨਿਕਲਣ ਤੋਂ ਗੁਰੇਜ਼ ਕੀਤਾ ਜਾਵੇ। ਆਪਣੇ ਆਸ-ਪਾਸ ਰਹਿਣ ਵਾਲੇ ਬਜ਼ੁਰਗਾਂ ਅਤੇ ਇਕੱਲੇ ਰਹਿ ਰਹੇ ਲੋਕਾਂ ਦੀ ਸਿਹਤ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ। ਇਸ ਗਰਮ ਅਤੇ ਛੁੱਟੀ ਵਾਲੇ ਦਿਨ ਦਾ ਆਨੰਦ ਮਾਣਨ ਲਈ ਵੱਡੀ ਗਿਣਤੀ ਵਿੱਚ ਲੋਕ ਸਮੁੰਦਰੀ ਤੱਟਾਂ ਤੇ ਪਹੁੰਚੇ ।

# ਯੌਰਕਸ਼ਾਇਰ ਸਿੱਖ ਫੌਰਮ ਨੇ ਵਿਸਾਖੀ 2026 ਸਮਾਗਮ ਬੜੀ ਧੂਮ ਧਾਮ ਨਾਲ ਮਨਾਇਆ – ਡਾ: ਨਿਰਮਲ ਸਿੰਘ ਸੇਖੋਂ ਐਮ ਬੀ ਈ

***ਬਰੈਡਫੋਰਡ (ਪੰਜਾਬ ਟਾਈਮਜ਼) – ਬੀਤੀ 20 ਮਈ ਨੂੰ ਯੌਰਕਸ਼ਾਇਰ ਸਿੱਖ ਫੋਰਮ ਵੱਲੋਂ 2026 ਦੀ ਵਿਸਾਖੀ ਦਾ ਤਿਓਹਾਰ ਸੀਡਰ ਕੋਰਟ ਹੋਟਲ ਬਰੈਡਫੋਰਡ ਵਿਖੇ ਬੜੀ ਧੂਮ-ਧਾਮ ਤੇ ਜੋਸ਼-ਖਰੋਸ਼ ਨਾਲ ਮਨਾਇਆ ਗਿਆ। ਇਸ ਵਿੱਚ ਬਹੁਤ ਸਾਰੇ ਸਥਾਨਕ ਪਤਵੰਤੇ ਅਤੇ ਅਹਿਮ ਸ਼ਖਸੀਅਤਾਂ ਨੇ ਸ਼ਮੂਲੀਅਤ ਕਰਕੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ।***

ਜ਼ਿਕਰ ਯੋਗ ਹੈ ਕਿ ਇਸ ਵਿੱਚ ਲੌਰਡ ਲੈਫਟੀਨੈਂਟ, ਹਾਈ ਸ਼ੈਰਿਫ਼, 6 ਜੱਜ ਸਾਹਬਾਨ, ਕੌਂਸਲਰ ਤੇ 10 ਦੇ ਕਰੀਬ ਲੌਰਡ ਡਿਪਟੀ ਲੈਫਟੀਨੈਂਟ ਤੇ ਪੁਲੀਸ ਚੀਫ਼ ਕਾਂਸਟੇਬਲ, ਪੁਲਿਸ ਸੁਪਰਿੰਟੈਂਡੈਂਟ ਤੇ ਉਘੇ ਬਿਜਨੈਸਮੈਨਾਂ ਨੂੰ ਵੀ ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਵਿਸ਼ੇਸ਼ ਸੱਦਾ ਕੇ ਬੁਲਾਇਆ ਗਿਆ। ਇਹਨਾਂ ਦੇ ਇਲਾਵਾ 200 ਦੇ ਲੱਗਭੱਗ ਮਹਿਮਾਨਾ ਨੇ ਵੀ



**ਖਾਸ ਮਹਿਮਾਨਾਂ ਨੂੰ ਟਰੌਫੀ ਦੇ ਕੇ ਸਨਮਾਨ ਕਰਦੇ ਹੋਏ ਖੱਬੇ ਤੋਂ ਸਿੰਮੀ ਸੇਖੋਂ, ਡਾ: ਨਿਰਮਲ ਸਿੰਘ ਸੇਖੋਂ ਐਮ ਬੀ ਈ, ਅਤੇ ਐਨ ਸੱਜੇ ਸ: ਹਰਦੇਵ ਸਿੰਘ ਸਿੱਧੂ ਜਨਰਲ ਸੈਕਟਰੀ**

ਹਾਜ਼ਰੀ ਭਰੀ। ਸਾਰੇ ਮਹਿਮਾਨਾਂ ਦੀ ਆਓ ਭਗਤ ਲਈ ਬਹੁਤ ਵਧੀਆ ਖਾਣ ਪੀਣ ਦਾ ਇੰਤਜ਼ਾਮ ਕੀਤਾ ਗਿਆ ਸੀ। ਵਿਸਾਖੀ ਦਾ ਖ਼ੂਬਸੂਰਤ ਪ੍ਰੋਗਰਾਮ ਆਯੋਜਿਤ ਕਰਨ ਲਈ ਸਾਰਿਆਂ ਨੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।

ਇਸ ਮੋਕੇ ਡਾ: ਨਿਰਮਲ ਸਿੰਘ ਐਮ ਬੀ ਈ ਤੇ ਉਹਨਾਂ ਦੇ ਸਹਿਯੋਗੀਆਂ ਨੇ ਮਹਿਮਾਨਾਂ ਦਾ ਬਹੁਤ ਹੀ ਵਧੀਆ ਢੰਗ ਨਾਲ ਸਵਾਗਤ ਕੀਤਾ ਤੇ ਉਹਨਾਂ ਖਾਸ ਮਹਿਮਾਨਾਂ ਨੂੰ ਇਕ ਵੱਖਰੇ ਕਮਰੇ ਵਿੱਚ ਲਿਜਾਇਆ ਗਿਆ। ਉਪਰੰਤ ਢੋਲ ਵਜਾ ਕੇ ਬੜੀ ਸ਼ਾਨ ਨਾਲ ਇਹਨਾਂ ਮਹਿਮਾਨਾਂ ਨੂੰ ਹਾਲ ਵਿੱਚ ਲਿਆਂਦਾ ਗਿਆ। ਸਾਰੇ ਦਰਸ਼ਕਾਂ ਨੇ ਤਾੜੀਆਂ ਮਾਰ ਕੇ ਇਹਨਾਂ ਮਹਿਮਾਨਾਂ ਦਾ ਸਵਾਗਤ ਕੀਤਾ।

ਸਟੇਜ ਦੀ ਸੇਵਾ ਯੌਰਕਸ਼ਾਇਰ ਸਿੱਖ ਫੋਰਮ ਦੇ ਸਪੋਕਸ ਪਰਸਨ ਸਿੰਮੀ ਸੇਖੋਂ ਸੋਲਿਸਟਰ ਨੇ ਬੜੀ ਬਾਖੂਬੀ ਨਿਭਾਈ। ਵਿਸਾਖੀ ਦੇ ਇਸ ਤਿਓਹਾਰ ਨੂੰ ਮਨਾਉਣ ਆਏ ਮਹਿਮਾਨਾਂ ਨੇ ਭੰਗੜਾ ਪਾ ਕੇ ਖੁਸ਼ੀਆਂ ਮਨਾਈਆਂ। 8 ਖਾਸ ਮਹਿਮਾਨਾਂ ਨੂੰ ਟਰੋਫੀਆਂ ਦੇ ਕੇ ਉਹਨਾਂ ਦਾ ਮਾਣ ਸਨਮਾਨ ਕੀਤਾ ਗਿਆ। ਰੈਫਲ ਟਿਕਟਾਂ ਦੇ ਕੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਤਰ੍ਹਾਂ ਸਾਰੇ ਮਹਿਮਾਨਾਂ ਤੇ ਮੈਂਬਰਾਂ ਦਾ ਸਤਿਕਾਰ ਕੀਤਾ ਗਿਆ। ਸਪੋਕਸ ਪਰਸਨ ਸਿੰਮੀ ਸੇਖੋਂ, ਜਨਰਲ ਸਕੱਤਰ ਸ: ਹਰਦੇਵ ਸਿੰਘ ਸਿੱਧੂ, ਅਜੀਤ ਸਿੰਘ ਲਾਲ, ਗੁਰਦਿਆਲ ਸਿੰਘ ਜੌਹਲ ਨੇ ਇਸ ਪ੍ਰੋਗਰਾਮ ਵਿੱਚ ਪੂਰੀ ਮਦਦ ਕੀਤੀ ਤੇ ਹੋਰ ਵੀ ਮੈਂਬਰਾਂ ਨੇ ਵਿਸਾਖੀ ਸਮਾਗਮ ਆਯੋਜਿਤ ਕਰਨ ਵਿੱਚ ਸਾਥ ਦਿੱਤਾ।

**ਨੋਟ:- ਇਸ ਸਮਾਗਮ ਦੀਆਂ ਰੰਗਦਾਰ ਤਸਵੀਰਾਂ ਅਗਲੇ ਹਫ਼ਤੇ ਦੇ ਅੰਕ ਵਿੱਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।**

# 7 ਜੂਨ ਨੂੰ ਸੈਂਕੜੇ ਕੋਚਾਂ ਦੇ ਕਾਫਲੇ ਲੰਡਨ ਰਵਾਨਾ ਹੋਣਗੇ – ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ "ਰੋਸ ਅਤੇ ਰੋਹ ਭਰਪੂਰ ਮੁਜਾਹਰੇ ਵਾਸਤੇ ਸਿੱਖ ਸੰਗਤਾਂ ਵਿੱਚ ਭਾਰੀ ਉਤਸ਼ਾਹ"

ਲੰਡਨ- ਜੂਨ 1984 ਦੌਰਾਨ ਸਿੱਖ ਤਵਾਰੀਖ ਵਿੱਚ ਵਾਪਰਿਆ ਤੀਸਰਾ ਖੂਨੀ ਘੱਲੂਘਾਰਾ ਅਜਿਹਾ ਕਹਿਰ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਬਲਕਿ ਇਸ ਘੱਲੂਘਾਰੇ ਨਾਲ ਸਿਰਜੇ ਗਏ ਆਜਾਦ ਸਿੱਖ ਰਾਜ ਖਾਲਿਸਤਾਨ ਰੂਪੀ ਕੌਮੀ ਨਿਸ਼ਾਨੇ ਦੀ ਪੂਰਤੀ ਵਾਸਤੇ ਸਿੱਖ ਕੌਮ ਯਤਨਸ਼ੀਲ ਰਹੇਗੀ। ਜਿਸ ਵਾਸਤੇ ਅਣਗਿਣਤ ਸਿੱਖਾਂ ਦੀਆਂ ਸ਼ਹਾਦਤਾਂ ਹੋ ਚੁੱਕੀਆਂ ਹਨ। ਭਾਰਤੀ ਫੌਜ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਟੈਂਕਾਂ ਤੋਪਾਂ ਨਾਲ ਅੱਤ ਵਹਿਸ਼ੀ ਹਮਲਾ ਕਰਨ ਤੋਂ ਇਲਾਵਾ 40 ਤੋਂ ਵੱਧ ਹੋਰ ਗੁਰਦਵਾਰਿਆਂ ਤੇ ਭਾਰਤੀ ਫੌਜ ਨੇ ਦਾਖਲ ਹੋ ਕੇ ਸਿੱਖ ਸੰਗਤਾਂ ਤੇ ਜ਼ੁਲਮ ਕੀਤੇ ਸਨ। ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਘੱਲੂਘਾਰਾ ਜੂਨ 1984 ਦੀ ਯਾਦ ਨੂੰ ਸਮਰਪਿਤ ਭਾਰੀ ਰੋਸ ਮੁਜਾਹਰਾ ਸੱਤ ਜੂਨ 2026 ਐਤਵਾਰ ਵਾਲੇ ਦਿਨ ਕੀਤਾ ਜਾ ਰਿਹਾ ਹੈ। ਪੁੱਜੀ ਜਾਣਕਾਰ ਅਨੁਸਾਰ ਸਿੱਖ ਸੰਗਤਾਂ ਵਿੱਚ ਇਸ ਮੁਜਾਹਰੇ ਵਾਸਤੇ ਭਾਰੀ ਉਤਸ਼ਾਹ ਹੈ ਅਤੇ ਆਸ ਹੈ ਕਿ ਸੈਂਕੜੇ ਕੋਚਾਂ ਲੰਡਨ ਪੁੱਜਣਗੀਆਂ।



ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਕਿ ਗਿਆਰਾਂ ਵਜੇ ਹਾਈਡ ਪਾਰਕ ਵਿਖੇ ਸਿੱਖ ਸੰਗਤਾਂ ਇਕੱਤਰ ਹੋਣਗੀਆਂ। ਇੱਕ ਵਜੇ ਰੋਸ ਅਤੇ ਰੋਹ ਭਰਪੂਰ ਮਾਰਚ ਅਰੰਭ ਹੋਵੇਗਾ ਜਿਹੜਾ ਲੰਡਨ ਦੀਆਂ ਸੜਕਾਂ ਤੋਂ ਗੁਜ਼ਰਦਾ ਹੋਇਆ ਟਰਫਾਲਗਰ ਸੁਕੇਅਰ ਪੁੱਜੇਗਾ, ਜਿੱਥੇ ਪੰਜ ਵਜੇ ਤੱਕ ਸੱਚ, ਇਨਸਾਫ ਅਤੇ ਆਜ਼ਾਦੀ ਤੇ ਅਧਾਰਿਤ ਰੈਲੀ ਹੋਵੇਗੀ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ,ਕੇ ਵਲੋਂ ਦੱਸਿਆ ਗਿਆ ਕਿ ਇਸ ਰੋਸ ਮੁਜਾਹਰੇ ਵਾਸਤੇ ਯੂ,ਕੇ ਭਰ ਦੇ ਗੁਰਦਵਾਰਿਆਂ ਤੋਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਵਲੋਂ ਕੋਚਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਿਕਰਯੋਗ ਹੈ ਕਿ ਜੂਨ 1984 ਦੇ ਖੂਨੀ ਘੱਲੂਘਾਰੇ ਦੌਰਾਨ ਭਾਰਤੀ ਫੌਜ ਨੇ ਅਜਿਹੇ ਜ਼ੁਲਮ ਕੀਤੇ ਹਨ ਜਿਹਨਾਂ ਸਾਹਮਣੇ ਮੀਰ ਮੰਨੂ, ਅਬਦਾਲੀ, ਜਕਰੀਏ ਵਰਗਿਆਂ ਦੇ ਜ਼ੁਲਮ ਵੀ ਬੌਣੇ ਪੈ ਗਏ। ਭਾਰਤੀ ਫੌਜ ਨੇ ਛੋਟੇ ਛੋਟੇ ਬੱਚਿਆਂ ਤੋਂ ਲੈ ਕੇ ਬੀਬੀਆਂ, ਬਜੁਰਗ ਅਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਸ਼ਹੀਦ ਕੀਤਾ ਗਿਆ। ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੀ, ਮਹਾਨ ਜਰਨੈਲ ਜਨਰਲ ਸ਼ਾਬੇਗ ਸਿੰਘ ਜੀ ਦੀ ਅਗਵਾਈ ਵਿੱਚ ਜੁਝਾਰੂ ਸਿੰਘਾਂ ਨੇ ਭਾਰਤੀ ਫੌਜ ਦਾ ਆਖਰੀ ਦਮ ਤੱਕ ਮੁਕਾਬਲਾ ਕੀਤਾ ਅਤੇ ਜੂਝ ਕੇ ਸ਼ਹਾਦਤਾਂ ਪਾਈਆਂ। ਇੱਕ ਅਜਿਹੀ ਆਸਾਵੀਂ ਜੰਗ ਲੜਦਿਆਂ ਸਿੰਘਾਂ ਨੇ ਚਮਕੌਰ ਦੀ ਗੜੀ ਦਾ ਇਤਿਹਾਸ ਦੁਹਰਾ ਦਿੱਤਾ ਜਿਸ ਤੇ ਸਿੱਖ ਕੌਮ ਨੂੰ ਸਦਾ ਮਾਣ ਰਹੇਗਾ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਦੁਨੀਆ ਭਰ ਦੇ ਸਿੱਖਾਂ ਨੂੰ ਜੂਨ 1984 ਦੌਰਾਨ ਸਿੱਖ ਤਵਾਰੀਖ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ ਵੱਧ ਤੋਂ ਵੱਧ ਸਮਾਗਮ ਕਰਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਕਰਦਿਆਂ ਕੌਮੀ ਅਜਾਦੀ ਵਾਸਤੇ ਸਾਰਥਕ ਅਤੇ ਉਸਾਰੂ ਸੋਚ ਨਾਲ ਯਤਨਸ਼ੀਲ ਹੋਣ ਦੀ ਸਨਿਮਰ ਅਪੀਲ ਕੀਤੀ ਗਈ ਹੈ।

## ਪੰਜਾਬੀ ਟਰੱਕ ਡਰਾਈਵਰ ਵਿਰੁੱਧ ਹੱਤਿਆ ਤੇ ਲਾਪਰਵਾਹੀ ਦੇ ਦੋਸ਼ ਲਾਏ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਲੋਡੀ, ਕੈਲੀਫੋਰਨੀਆ ਨੇੜੇ ਹੋਏ ਸੜਕ ਹਾਦਸੇ ਜਿਸ ਵਿਚ 2 ਵਿਅਕਤੀ ਮਾਰੇ ਗਏ ਸਨ, ਸਬੰਧੀ ਗ੍ਰਿਫਤਾਰ ਪੰਜਾਬੀ ਡਰਾਈਵਰ ਮਨਵੀਰ ਸਿੰਘ ਨੂੰ ਆਪਣੀ ਹਿਰਾਸਤ ਵਿਚ ਰੱਖਣ ਲਈ ਦਰਖਾਸਤ ਦਾਇਰ ਕੀਤੀ ਹੈ। ਕੈਲੀਫੋਰਨੀਆ ਹਾਈਵੇਅ ਗਸ਼ਤੀ ਦਲ ਨੇ ਮਨਵੀਰ ਸਿੰਘ ਨੂੰ 19 ਮਈ ਨੂੰ ਹਿਰਾਸਤ ਵਿੱਚ ਲਿਆ ਸੀ। ਇਮੀਗ੍ਰੇਸ਼ਨ ਅਥਾਰਿਟੀ ਅਨੁਸਾਰ ਮਨਵੀਰ ਸਿੰਘ ਗੈਰ ਕਾਨੂੰਨੀ ਤੌਰ 'ਤੇ ਜੁਲਾਈ 2023 ਵਿੱਚ ਅਮਰੀਕਾ ਵਿੱਚ ਦਾਖਲ ਹੋਇਆ ਸੀ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਹਾਦਸੇ ਉਪਰੰਤ ਉਸ ਨੇ ਮੌਕੇ ਤੋਂ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਸੀ ਪਰੰਤੂ ਪੁਲਿਸ ਨੇ ਉਸ ਦੀ ਇਹ ਕੋਸ਼ਿਸ਼ ਨਾਕਾਮ ਕਰ ਦਿੱਤੀ। ਉਸ ਵਿਰੁੱਧ ਵਾਹਣ ਰਾਹੀਂ ਹੱਤਿਆ, ਵੱਡੀ ਪੱਧਰ 'ਤੇ ਲਾਪਰਵਾਹੀ ਵਰਤਣ, ਪੁਲਿਸ ਅਫਸਰ ਨੂੰ ਰੋਕਣ ਤੇ ਮਾਰੋ ਤੇ ਭੱਜੋ ਸਮੇਤ ਹੋਰ ਕਈ ਦੋਸ਼ ਲਾਏ ਗਏ ਹਨ।

## ਵਾਈਟ ਹਾਊਸ ਨੇੜੇ ਗੋਲੀਬਾਰੀ ਵਿੱਚ 2 ਜਖਮੀ

ਸੈਕਰਾਮੈਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਲੰਘੀ ਸ਼ਾਮ ਵਾਈਟ ਹਾਊਸ ਨੇੜੇ ਗੋਲੀਬਾਰੀ ਹੋਣ ਉਪਰੰਤ ਐਫ ਬੀ ਆਈ ਤੇ ਯੂ ਐਸ ਸੀਕਰਟ ਸਰਵਿਸਜ ਨੇ ਤੁਰੰਤ ਕਾਰਵਾਈ ਕੀਤੀ। ਐਫ ਬੀ ਆਈ ਦੇ ਨਿਰਦੇਸ਼ਕ ਕਾਸ਼ ਪਟੇਲ ਨੇ ਕਿਹਾ ਕਿ ਉਹ ਪੁਲਿਸ ਨਾਲ ਸਹਿਯੋਗ ਕਰ ਰਹੇ ਹਨ। ਮੀਡੀਆ ਰਿਪੋਰਟ ਅਨੁਸਾਰ ਅੰਦਾਜਨ 20 ਦੇ ਕਰੀਬ ਗੋਲੀਆਂ ਚੱਲੀਆਂ ਹਨ। ਇਕ ਲਾਅ ਇਨਫੋਰਸਮੈਂਟ ਅਧਿਕਾਰੀ ਅਨੁਸਾਰ ਗੋਲੀਬਾਰੀ ਵਿਚ ਘੱਟੋ ਘੱਟ 2 ਲੋਕ ਜਖਮੀ ਹੋਏ ਹਨ ਸਮਝਿਆ ਜਾਂਦਾ ਹੈ ਕਿ ਜ਼ਖਮੀਆਂ ਵਿੱਚ ਇੱਕ ਸ਼ੱਕੀ ਵੀ ਸ਼ਾਮਿਲ ਹੈ ਹਾਲਾਂ ਕਿ ਅਧਿਕਾਰਤ ਤੌਰ 'ਤੇ ਇਸ ਦੀ ਪੁਸ਼ਟੀ ਨਹੀਂ ਹੋਈ ਹੈ। ਸਰਕਾਰੀ ਤੌਰ 'ਤੇ ਘਟਨਾ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਇਹ ਵੀ ਸਪੱਸ਼ਟ ਨਹੀ ਹੈ ਕਿ ਗੋਲੀਬਾਰੀ ਸਮੇ ਰਾਸ਼ਟਰਪਤੀ ਡੋਨਾਲਡ ਟਰੰਪ ਵਾਈਟ ਹਾਊਸ ਵਿਚ ਮੌਜੂਦ ਸਨ ਜਾਂ ਨਹੀਂ। ਸੁਰੱਖਿਆ ਏਜੰਸੀਆਂ ਵੱਲੋਂ ਘਟਨਾ ਦੀ ਜਾਂਚ ਜਾਰੀ ਹੈ। ਜਖਮੀ ਵਿਅਕਤੀਆਂ ਦੀ ਹਾਲਤ ਬਾਰੇ ਵੀ ਪਤਾ ਨਹੀ ਲੱਗ ਸਕਿਆ।

# ਬਰਤਾਨੀਆ ਵਿੱਚ ਹਿੰਦੂ ਨਫ਼ਰਤ ਦੀਆਂ ਘਟਨਾਵਾਂ ਦੀ ਨਿਗਰਾਨੀ ਲਈ ਨਵਾਂ ਪਲੇਟਫਾਰਮ ਲਾਂਚ ਕੀਤਾ ਗਿਆ ਹੈ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਹਿੰਦੂਆਂ ਵਿਰੁੱਧ ਨਫ਼ਰਤੀ ਅਪਰਾਧਾਂ ਨੂੰ ਦਸਤਾਵੇਜ਼ ਬਣਾਉਣ ਵਿੱਚ ਮਦਦ ਕਰਨ ਲਈ ਇੱਕ ਨਵਾਂ ਪਲੇਟਫਾਰਮ ਲਾਂਚ ਕੀਤਾ ਗਿਆ ਹੈ। ਇਹ ਕਦਮ ਧਾਰਮਿਕ ਤੌਰ 'ਤੇ ਅਧਾਰਤ ਨਫ਼ਰਤ ਅਪਰਾਧਾਂ ਵਿੱਚ ਵਾਧੇ ਬਾਰੇ ਚਿੰਤਾਵਾਂ ਨੂੰ ਦੂਰ ਕਰਨ ਦੇ ਯਤਨਾਂ ਦੇ ਹਿੱਸੇ ਵਜੋਂ ਆਇਆ ਹੈ।**

ਐਂਟੀ-ਹਿੰਦੂ ਹੇਟ ਮਾਨੀਟਰ ਨੂੰ ਲੰਡਨ-ਅਧਾਰਤ ਇੰਟਰਨੈਸ਼ਨਲ ਸੈਂਟਰ ਫਾਰ ਸਸਟੇਨੇਬਿਲਟੀ ਦੇ ਫਿਊਚਰ ਆਫ਼ ਫੇਥ ਡੈਸਕ ਦੇ ਅਧੀਨ ਇੱਕ ਕਾਰਜਸ਼ੀਲ ਪ੍ਰੋਜੈਕਟ ਵਜੋਂ ਦਰਸਾਇਆ ਗਿਆ ਹੈ। ਥਿੰਕ ਟੈਂਕ ਨੇ ਕਿਹਾ ਕਿ ਇਸ ਹਫ਼ਤੇ ਲਾਂਚ ਕੀਤੇ ਗਏ ਨਵੇਂ ਔਨਲਾਈਨ ਪਲੇਟਫਾਰਮ ਦੁਆਰਾ ਇਕੱਤਰ ਕੀਤੇ ਗਏ ਡੇਟਾ ਦੀ ਵਰਤੋਂ ਯੂ ਕੇ ਦੇ ਗ੍ਰਹਿ ਦਫਤਰ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਸਥਾਨਕ



ਲੰਡਨ ਅਸੈਂਬਲੀ ਮੈਂਬਰ ਕ੍ਰਿਪੇਸ਼ ਹਿਰਾਨੀ ਅਤੇ ਹੋਰ

ਅਧਿਕਾਰੀਆਂ ਅਤੇ ਹੋਰ ਸੰਬੰਧਿਤ ਵਿਭਾਗਾਂ ਸਾਂਝਾ ਜਾਵੇਗਾ।

ਆਈ ਸੀ ਐਫ ਐਸ ਨੇ ਕਿਹਾ ਕਿ ਪਲੇਟਫਾਰਮ ਦਾ ਉਦੇਸ਼ ਹਿੰਦੂ ਭਾਈਚਾਰੇ ਦੇ ਅੰਦਰ ਇੱਕ ਸਮੂਹਿਕ ਆਵਾਜ਼ ਦਾ ਸਮਰਥਨ ਕਰਨਾ ਹੈ, ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਾ ਹੈ ਕਿ ਇਹਨਾਂ ਮੁੱਦਿਆਂ ਨੂੰ ਅਲੱਗ ਅਲੱਗ ਢੰਗ ਨਾਲ ਹੱਲ ਨਾ ਕੀਤਾ ਜਾਵੇ। ਇਹ ਪਹਿਲ ਪਿਛਲੇ ਸਾਲ ਸਮੂਹ ਦੁਆਰਾ ਪ੍ਰਕਾਸ਼ਿਤ "ਬ੍ਰਿਟੇਨ ਵਿੱਚ ਹਿੰਦੂਆਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਧਾਰਨਾਵਾਂ ਦੀ ਜਾਂਚ" ਸਿਰਲੇਖ ਵਾਲੀ ਇੱਕ ਰਿਪੋਰਟ 'ਤੇ ਅਧਾਰਤ ਹੈ। ਇਸਨੇ ਬ੍ਰਿਟੇਨ ਦੇ ਹਿੰਦੂ ਭਾਈਚਾਰੇ ਵਿਰੁੱਧ ਨਫ਼ਰਤੀ ਅਪਰਾਧਾਂ ਅਤੇ ਵਿਤਕਰੇ ਨਾਲ ਨਜਿੱਠਣ ਲਈ ਇੱਕ ਯੋਜਨਾਬੱਧ ਪਹੁੰਚ ਦੀ ਘਾਟ ਨੂੰ ਉਜਾਗਰ ਕੀਤਾ।

ਲੰਡਨ ਅਸੈਂਬਲੀ ਮੈਂਬਰ ਕ੍ਰਿਪੇਸ਼ ਹਿਰਾਨੀ ਨੇ ਕਿਹਾ, "ਇਸ ਸਮੇਂ, ਇਨ੍ਹਾਂ ਨਫ਼ਰਤੀ ਅਪਰਾਧਾਂ ਦੀ ਰਿਪੋਰਟ ਕਰਨ ਦਾ ਕੋਈ ਤਰੀਕਾ ਨਹੀਂ ਹੈ। ਮੈਂ ਕੁਝ ਸਾਲ ਪਹਿਲਾਂ ਸਿਟੀ ਹਾਲ ਵਿੱਚ ਇਹ ਮੁੱਦਾ ਚੁੱਕਿਆ ਸੀ, ਅਤੇ ਇਹ ਬਹੁਤ ਵਧੀਆ ਹੈ ਕਿ ਭਾਈਚਾਰਾ ਇਕੱਠਾ ਹੋ ਗਿਆ ਹੈ ਅਤੇ ਇਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।" ਉਹ ਉੱਤਰ-ਪੱਛਮੀ ਲੰਡਨ ਵਿੱਚ ਬ੍ਰੈਂਟ ਅਤੇ ਹੈਰੋ ਹਲਕੇ ਦੀ ਨੁਮਾਇੰਦਗੀ ਕਰਦਾ ਹੈ, ਜੋ ਸ਼ਹਿਰ ਦੇ ਸਭ ਤੋਂ ਵੱਡੇ ਹਿੰਦੂ ਭਾਈਚਾਰੇ ਦਾ ਘਰ ਹੈ। ਉਨ੍ਹਾਂ ਕਿਹਾ, "ਮੇਰਾ ਅਗਲਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਰਿਕਾਰਡ ਕੀਤੇ ਜਾ ਰਹੇ ਅਤੇ ਨਿਗਰਾਨੀ ਕੀਤੇ ਜਾ ਰਹੇ ਡੇਟਾ ਨੂੰ ਮੈਟਰੋਪੋਲੀਟਨ ਪੁਲਿਸ ਦੁਆਰਾ ਮਾਨਤਾ ਦਿੱਤੀ ਜਾਵੇ।" ਹਿਰਾਨੀ ਨੇ ਭਾਈਚਾਰੇ ਨੂੰ ਨਵੇਂ ਔਨਲਾਈਨ ਪਲੇਟਫਾਰਮ ਦੀ ਵਰਤੋਂ ਕਰਨ ਲਈ ਕਿਹਾ।

## ਕੌਂਸਲਰ ਪਾਲ ਸਿੰਘ ਵੁਲਵਰਹੈਂਪਟਨ ਦੇ ਨਵੇਂ ਮੇਅਰ ਚੁਣੇ ਗਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਮੂਲ ਦੇ ਕੌਂਸਲਰ ਪਾਲ ਸਿੰਘ ਨੂੰ ਸਾਲ 2026-2027 ਲਈ ਰਸਮੀ ਤੌਰ 'ਤੇ ਵੁਲਵਰਹੈਂਪਟਨ ਦਾ ਨਵਾਂ ਮੇਅਰ ਚੁਣਿਆ ਗਿਆ ਹੈ। ਉਹ ਸ਼ਹਿਰ ਦੇ 167ਵੇਂ ਮੇਅਰ ਵਜੋਂ ਸੇਵਾਵਾਂ ਨਿਭਾਉਣਗੇ। ਇਸ ਦੇ ਨਾਲ ਹੀ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਰਣਜੀਤ ਢਿੱਲੋਂ ਨੇ ਵੀ ਵੁਲਵਰਹੈਂਪਟਨ ਦੀ ਮੇਅਰੈਸ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।


ਮੇਅਰ ਪਾਲ ਸਿੰਘ ਅਤੇ ਮੇਅਰੈਸ ਰਣਜੀਤ ਢਿੱਲੋਂ

ਵੁਲਵਰਹੈਨਪਟਨ ਦੇ ਹਲਕੇ ਪੈਨ ਵਾਰਡ ਦੀ ਪ੍ਰਤੀਨਿਧਤਾ ਕਰਨ ਵਾਲੇ ਕੌਂਸਲਰ ਪਾਲ ਸਿੰਘ ਪਿਛਲੇ ਲਗਭਗ 20 ਸਾਲਾਂ ਤੋਂ ਸਥਾਨਕ ਲੋਕਾਂ ਦੀ ਸੇਵਾ ਕਰ ਰਹੇ ਹਨ ਅਤੇ ਇਸ ਤੋਂ ਪਹਿਲਾਂ ਉਹ ਡਿਪਟੀ ਮੇਅਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਪੰਜਾਬ ਦੇ ਜਿਲ੍ਹਾ ਜਲੰਧਰ ਦੇ ਪਿੰਡ ਮਨਸੂਰਪੁਰ ਦੇ ਜੰਮਪਲ ਅਤੇ 1973 ਤੋਂ ਯੂ ਕੇ ਰਹਿਣ ਵਾਲੇ ਪਾਲ ਸਿੰਘ ਨੇ ਗੱਲ ਕਰਦਿਆਂ ਦੱਸਿਆ ਕਿ ਉਹ 8 ਕੁ ਸਾਲ ਦੀ ਉਮਰ ਵਿੱਚ ਯੂ ਕੇ ਆਏ ਸਨ ਅਤੇ 2007 ਵਿੱਚ ਕੰਜ਼ਰਵੇਟਿਵ ਪਾਰਟੀ ਦੇ ਪਹਿਲੇ ਪੰਜਾਬੀ ਅਤੇ ਸਿੱਖ ਪਿਛੋਕੜ ਵਾਲੇ ਕੌਂਸਲਰ ਬਣੇ ਸਨ। ਵੁਲਵਰਹੈਂਪਟਨ ਸਿਟੀ ਕੌਂਸਲ ਦੇ ਸੰਵਿਧਾਨ ਅਨੁਸਾਰ ਉਹਨਾਂ ਦੀਆਂ ਬਤੌਰ ਕੌਂਸਲਰ ਲੰਮੀ ਸੇਵਾ ਨੂੰ ਮੁੱਖ ਰੱਖਦਿਆਂ ਮੇਅਰ ਚੁਣਿਆ ਗਿਆ ਹੈ। ਸ਼ਹਿਰ ਦੇ ਪਹਿਲੇ ਨਾਗਰਿਕ ਵਜੋਂ, ਨਵੇਂ ਮੇਅਰ ਨੇ ਇਸ ਸਾਲ ਦਾ ਮੁੱਖ ਮੁੱਦਾ ਖੇਡਾਂ ਰਾਹੀਂ ਸਾਡਾ ਵਿਕਾਸ ਰੱਖਿਆ ਹੈ, ਉਹ ਖੇਡਾਂ ਦੇ ਜ਼ਰੀਏ ਭਾਈਚਾਰਕ ਸਾਂਝ ਅਤੇ ਨੌਜਵਾਨਾਂ ਦੀ ਤਰੱਕੀ ਨੂੰ ਉਤਸ਼ਾਹਿਤ ਕਰਨਗੇ। ਆਪਣੀ ਵਚਨਬੱਧਤਾ ਦੇ ਹਿੱਸੇ ਵਜੋਂ, ਮੇਅਰ ਅਤੇ ਮੇਅਰੈਸ ਇਸ ਸਾਲ ਚਾਰ ਸਥਾਨਕ ਚੈਰਿਟੀਆਂ ਵੁਲਵਰਹੈਂਪਟਨ ਬਾਕਸਿੰਗ ਕਲੱਬ, ਵੁਲਵਰਹੈਂਪਟਨ ਜੂਡੋ ਕਲੱਬ, ਫ੍ਰੈਂਡਜ਼ ਆਫ਼ ਡੀਜ਼ ਕਿਚਨ, ਅਤੇ 'ਇੰਸਪਾਇਰ ਯੂ' ਨੂੰ ਸਹਿਯੋਗ ਕਰਨਗੇ।


## ਸਿੱਖ ਕੌਮ ਦੇ ਸ਼ਹੀਦਾਂ ਨੂੰ ਸਮਰਪਿਤ 4 ਦਿਨਾਂ ਲੰਡਨ ਸਮਾਗਮਾਂ ਦੌਰਾਨ ਹਜ਼ਾਰਾਂ ਸੰਗਤਾਂ ਨੇ ਕੀਤੀ ਸ਼ਮੂਲੀਅਤ


ਗਿਆਨੀ ਸੁਖਦੇਵ ਸਿੰਘ ਡੱਲਾ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਨਾਲ ਹਨ ਪ੍ਰੋ: ਢਾਡੀ ਭੁਪਿੰਦਰ ਸਿੰਘ ਪਾਰਸਮਣੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਵਿਖੇ ਸ਼ਹੀਦ ਸਿੰਘ ਸਿੰਘਣੀਆਂ ਨੂੰ ਸਮਰਪਿਤ 4 ਦਿਨਾਂ ਸਾਲਾਨਾ ਲੰਡਨ ਸਮਾਗਮ ਕਰਵਾਏ ਗਏ। ਜਿਸ ਦੌਰਾਨ ਹਜ਼ਾਰਾਂ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਹਨਾਂ ਸਮਾਗਮਾਂ ਵਿੱਚ ਗਿਆਨੀ ਸੁਖਦੇਵ ਸਿੰਘ ਡੱਲਾ, ਸਿੰਘ ਸਾਹਿਬ ਗਿਆਨੀ ਮਾਨ ਸਿੰਘ, ਗਿਆਨੀ ਲੱਖਾ ਸਿੰਘ ਮਾਨੀਵਾਲ, ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਭੁਪਿੰਦਰ ਸਿੰਘ ਪਾਰਸਮਣੀ ਢਾਡੀ, ਭਾਈ ਬਿੰਦਰ ਸਿੰਘ ਦਮਦਮਾ ਸਾਹਿਬ, ਗਿਆਨੀ ਗੁਰਸ਼ਰਨ ਸਿੰਘ ਜਾਗੋ ਲਹਿਰ, ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ, ਗਿਆਨੀ ਮਨਿੰਦਰ ਸਿੰਘ ਸ੍ਰੀ ਦਰਬਾਰ ਸਾਹਿਬ ਵਾਲੇ, ਗਿਆਨੀ ਹਰਪਾਲ ਸਿੰਘ ਸਮੇਤ ਦੇਸ਼ ਵਿਦੇਸ਼ ਤੋਂ ਆਏ ਸਿੱਖ ਪ੍ਰਚਾਰਕਾਂ ਨੇ ਗੁਰਬਾਣੀ ਕੀਰਤਨ, ਕਥਾ ਵਿਚਾਰਾਂ, ਢਾਡੀ ਵਾਰਾਂ ਨਾਲ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਲੰਗਰਾਂ ਦੇ ਖੁੱਲ੍ਹੇ ਭੰਡਾਰੇ ਚੱਲੇ ਅਤੇ ਸੰਗਤਾਂ ਨੇ ਸਵੇਰ ਤੋਂ ਦੇਰ ਸ਼ਾਮ ਤੱਕ ਸੇਵਾ ਵਿੱਚ ਜੁਟੀਆਂ ਰਹੀਆਂ। ਇਸ ਵਾਰ ਦੇ ਸਮਾਗਮਾਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਲੈ ਕੇ ਹੁਣ ਤੱਕ ਦੇ ਸ਼ਹੀਦਾਂ ਦਾ ਇਤਿਹਾਸ ਸਾਂਝਾ ਕੀਤਾ ਗਿਆ। ਸਟੇਜ਼ ਤੇ ਭੱਰਖੜੀਆ ਤੇ ਚੜ੍ਹਨ, ਨੇਜਿਆਂ ਤੇ ਟੰਗੇ ਜਾਣ ਅਤੇ ਮੀਰ ਮੰਨੂੰ ਦੀਆਂ ਜੇਲ੍ਹਾਂ ਦੀਆਂ ਵੱਡ ਅਕਾਰੀ ਤਸਵੀਰਾਂ ਦੀਆਂ ਝਲਕੀਆਂ ਨਾਲ ਸਿੱਖ ਇਤਿਹਾਸ ਨੂੰ ਪੇਸ਼ ਕੀਤਾ ਗਿਆ ਤਾਂ ਕਿ ਸਾਡੀ ਅਗਲੀ ਪੀੜੀ ਵਿੱਚ ਇਹਨਾਂ ਤਸਵੀਰਾਂ ਨੂੰ ਵੇਖ ਕੇ ਸਿੱਖ ਇਤਿਹਾਸ ਦੀ ਹੋਰ ਪੜਚੋਲ ਕਰਨ ਲਈ ਉਤਸ਼ਾਹ ਪੈਦਾ ਹੋਵੇ। ਪ੍ਰਬੰਧਕਾਂ ਵੱਲੋਂ ਸਮਾਗਮਾਂ ਵਿੱਚ ਸ਼ਿਰਕਤ ਕਰਨ ਵਾਲੇ ਪ੍ਰਚਾਰਕਾਂ ਦਾ ਸਨਮਾਨ ਵੀ ਕੀਤਾ ਗਿਆ।

## ਕਾਮਰੇਡ ਅਵਤਾਰ ਉੱਪਲ ਨਹੀਂ ਰਹੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਉੱਘੇ ਲੇਖਕ ਅਤੇ ਲੋਕ ਹੱਕਾਂ ਲਈ ਅਵਾਜ਼ ਬੁਲੰਦ ਕਰਨ ਵਾਲੇ ਕਾਮਰੇਡ ਅਵਤਾਰ ਉੱਪਲ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ। ਉਹ 83 ਵਰ੍ਹਿਆਂ ਦੇ ਸਨ। ਅਵਤਾਰ ਉੱਪਲ ਲੰਮੇਂ ਸਮੇਂ ਤੋਂ ਬਰਤਾਨੀਆਂ ਵਿੱਚ ਰਹਿ ਰਹੇ ਸਨ। ਯੂ ਕੇ ਵਿੱਚ ਰਹਿੰਦਿਆਂ ਉਹਨਾਂ ਨੇ ਘੱਟ ਗਿਣਤੀਆਂ ਦੇ ਹੱਕਾਂ ਲਈ ਅਤੇ ਪੰਜਾਬੀ ਬੋਲੀ ਲਈ ਅਣਥੱਕ ਸੇਵਾਵਾਂ ਕੀਤੀਆਂ। ਉਹ ਦੇਸ਼ ਭਗਤ ਯਾਦਗਰ ਹਾਲ ਜਲੰਧਰ ਨਾਲ ਵੀ ਜੁੜੇ ਹੋਏ ਸਨ। ਐਸੋਸੀਏਸ਼ਨ ਆਫ ਇੰਡੀਅਨ ਕਮਿਊਨਿਸਟ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ, ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ, ਪ੍ਰਗਤੀਸ਼ੀਲ ਲੇਖਕ ਸਭਾ, ਸਮੇਤ ਵੱਖ ਵੱਖ ਸਾਹਿਤਕ ਅਤੇ ਲੋਕ ਪੱਖੀ ਸੰਸਥਾਵਾਂ ਨਾਲ ਮਿਲ ਕੇ ਮਜ਼ਦੂਰਾਂ ਦੇ ਅਧਿਕਾਰਾਂ, ਸਮਾਜਿਕ ਨਿਆਂ, ਧਰਮ ਨਿਰਪੱਖਤਾ, ਨਸਲਵਾਦ ਵਿਰੋਧੀ ਅਤੇ ਅੰਤਰਰਾਸ਼ਟਰੀ ਏਕਤਾ ਲਈ ਸੰਘਰਸ਼ਾਂ ਦਾ ਹਿੱਸਾ ਬਣਦੇ ਰਹੇ ਸਨ।



# ਪੰਜਾਬ ਵਿਚ ਅਵਾਰਾ ਕੁੱਤਿਆਂ ਲਈ ਬਣਨਗੇ 'ਨੋ-ਗੋ ਜ਼ੋਨ'

## ✪ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਸਰਕਾਰ ਦੀ ਵੱਡੀ ਤਿਆਰੀ

ਚੰਡੀਗੜ੍ਹ-ਪੰਜਾਬ ਵਿੱਚ ਅਵਾਰਾ ਕੁੱਤਿਆਂ ਅਤੇ ਪਸ਼ੂਆਂ ਦੇ ਵਧਦੇ ਖ਼ਤਰੇ ਨਾਲ ਨਜਿੱਠਣ ਲਈ ਸਥਾਨਕ ਸਰਕਾਰਾਂ ਵਿਭਾਗ ਨੇ ਇੱਕ ਵੱਡੀ ਯੋਜਨਾ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ, ਸੂਬੇ ਵਿੱਚ ਅਵਾਰਾ ਕੁੱਤਿਆਂ ਲਈ 'ਨੋ-ਗੋ ਜ਼ੋਨ' ਯਾਨੀ ਅਜਿਹੇ ਖੇਤਰ ਜਿੱਥੇ ਇਨ੍ਹਾਂ ਦਾ ਜਾਣਾ ਪੂਰੀ ਤਰ੍ਹਾਂ ਵਰਜਿਤ ਹੋਵੇਗਾ, ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸਥਾਨਕ ਸੰਸਥਾਵਾਂ ਨੇ ਮੁੱਖ ਰਾਜਮਾਰਗਾਂ ਅਤੇ ਪ੍ਰਮੁੱਖ ਜਨਤਕ ਅਦਾਰਿਆਂ ਵਿੱਚ ਇਸ ਯੋਜਨਾ ਨੂੰ ਲਾਗੂ ਕਰਨ ਲਈ ਇੱਕ ਖਰੜਾ ਤਿਆਰ ਕਰ ਲਿਆ ਹੈ।



### 8 ਹਫ਼ਤਿਆਂ 'ਚ ਹੋਵੇਗੀ ਘੇਰਾਬੰਦੀ ਅਤੇ ਮੈਪਿੰਗ

ਇਸ ਰਣਨੀਤਕ ਕਾਰਜ ਯੋਜਨਾ ਨੂੰ ਜ਼ਮੀਨੀ ਪੱਧਰ 'ਤੇ ਉਤਾਰਨ ਲਈ ਸਭ ਤੋਂ ਪਹਿਲਾਂ ਸੰਵੇਦਨਸ਼ੀਲ ਇਲਾਕਿਆਂ ਦੀ ਮੈਪਿੰਗ ਕੀਤੀ ਜਾਵੇਗੀ ਅਤੇ ਹਰੇਕ ਸਬੰਧਤ ਵਿਭਾਗ ਵਿੱਚ ਨੋਡਲ ਅਫ਼ਸਰ ਨਿਯੁਕਤ ਕੀਤੇ ਜਾਣਗੇ।

ਮਜ਼ਬੂਤ ਘੇਰਾਬੰਦੀ: ਨੋਡਲ ਅਫ਼ਸਰਾਂ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ 8 ਹਫ਼ਤਿਆਂ ਦੇ ਅੰਦਰ-ਅੰਦਰ ਨਿਸ਼ਾਨਬੱਧ ਇਲਾਕਿਆਂ ਦੀ ਉਚਿਤ ਵਾੜ ਅਤੇ ਗੇਟ ਲਗਾ ਕੇ ਸੁਰੱਖਿਆ ਮਜ਼ਬੂਤ ਕਰਨ।

ਕੂੜਾ ਪ੍ਰਬੰਧਨ: ਕੁੱਤਿਆਂ ਨੂੰ ਜਨਤਕ ਥਾਵਾਂ 'ਤੇ ਇਕੱਠੇ ਹੋਣ ਤੋਂ ਰੋਕਣ ਲਈ ਵਿਗਿਆਨਕ ਤਰੀਕੇ ਨਾਲ ਰਹਿੰਦ-ਖੂੰਹਦ ਦਾ ਨਿਪਟਾਰਾ ਕੀਤਾ ਜਾਵੇਗਾ, ਤਾਂ ਜੋ ਉਨ੍ਹਾਂ ਨੂੰ ਖਾਣ-ਪੀਣ ਦਾ ਸਾਮਾਨ ਨਾ ਮਿਲੇ।

### ਇਨ੍ਹਾਂ ਜਨਤਕ ਥਾਵਾਂ ਨੂੰ ਬਣਾਇਆ ਜਾਵੇਗਾ 'ਤਰਜੀਹੀ ਜ਼ੋਨ'

ਸਰਕਾਰ ਵੱਲੋਂ ਆਮ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਹੇਠ ਲਿਖੇ ਸਥਾਨਾਂ ਨੂੰ ਤਰਜੀਹੀ ਤੌਰ 'ਤੇ 'ਨੋ-ਗੋ ਜ਼ੋਨ' ਵਜੋਂ ਚੁਣਿਆ ਗਿਆ ਹੈ: ਵਿਦਿਅਕ ਅਦਾਰੇ (ਸਕੂਲ-ਕਾਲਜ) ਅਤੇ ਹਸਪਤਾਲ, ਰੇਲਵੇ ਸਟੇਸ਼ਨ, ਬੱਸ ਸਟੈਂਡ ਅਤੇ ਹਵਾਈ ਅੱਡੇ, ਪਾਰਕ, ਖੇਡ ਸਟੇਡੀਅਮ ਅਤੇ ਧਾਰਮਿਕ ਸਥਾਨ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਯੋਜਨਾ ਦੇ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਅਤੇ ਇੱਕ ਰਸਮੀ ਕਾਰਜ ਯੋਜਨਾ ਜਾਰੀ ਕਰ ਦਿੱਤੀ ਜਾਵੇਗੀ। ਇਸ ਮੁਹਿੰਮ ਦੀ ਸ਼ੁਰੂਆਤ ਹਾਈਵੇਅ (ਰਾਜਮਾਰਗਾਂ) ਤੋਂ ਹੋਵੇਗੀ, ਜਿਸ ਲਈ ਸਥਾਨਕ ਨਿਗਮ ਅਧਿਕਾਰੀ ਟਰਾਂਸਪੋਰਟ ਵਿਭਾਗ, ਪੀਡਬਲਯੂਡੀ, ਨੈਸ਼ਨਲ ਹਾਈਵੇਅ ਅਥਾਰਟੀ ਅਤੇ ਪੁਲੀਸ ਨਾਲ ਮਿਲ ਕੇ ਸਾਂਝੇ ਤੌਰ 'ਤੇ ਕੰਮ ਕਰਨਗੇ।

ਯਾਤਰੀਆਂ ਦੀ ਸਹੂਲਤ ਅਤੇ ਸੁਰੱਖਿਆ ਲਈ ਸੜਕਾਂ 'ਤੇ ਵਿਸ਼ੇਸ਼ ਸਾਈਨ ਬੋਰਡ ਲਗਾਏ ਜਾਣਗੇ, ਜਿਨ੍ਹਾਂ 'ਤੇ ਐਮਰਜੈਂਸੀ ਹੈਲਪਲਾਈਨ ਨੰਬਰ ਦਰਜ ਹੋਵੇਗਾ। ਜੇਕਰ ਕੋਈ ਜਾਨਵਰ ਸੜਕ 'ਤੇ ਰੁਕਾਵਟ ਬਣਦਾ ਹੈ, ਤਾਂ ਲੋਕ ਤੁਰੰਤ ਇਸ ਨੰਬਰ 'ਤੇ ਸੂਚਨਾ ਦੇ ਸਕਣਗੇ।

### ਨਿਯਮਾਂ ਅਨੁਸਾਰ ਹੋਵੇਗੀ ਦੇਖਭਾਲ

ਵਰਤਮਾਨ ਵਿੱਚ ਪੰਜਾਬ ਵਿੱਚ ਅਵਾਰਾ ਕੁੱਤਿਆਂ ਲਈ ਸਿਰਫ਼ ਇੱਕ ਸੈਂਕਚੂਰੀ ਹੈ। ਸਰਕਾਰ ਵੱਲੋਂ ਹੁਣ ਵੱਡੀ ਗਿਣਤੀ ਵਿੱਚ ਨਵੇਂ ਆਸਰਾ-ਘਰ ਬਣਾਉਣ ਦਾ ਪ੍ਰਸਤਾਵ ਹੈ, ਜਿੱਥੇ ਕੁੱਤਿਆਂ ਦੀ ਦੇਖਭਾਲ 'ਪ੍ਰੀਵੈਂਸ਼ਨ ਆਫ਼ ਕਰੂਅਲਟੀ ਟੂ ਐਨੀਮਲਜ਼ ਐਕਟ' ਅਤੇ 'ਏਬੀਸੀ ਰੂਲਜ਼' ਦੇ ਨਿਯਮਾਂ ਅਨੁਸਾਰ ਮਾਨਵਤਾਵਾਦੀ ਢੰਗ ਨਾਲ ਕੀਤੀ ਜਾਵੇਗੀ।

ਇਸ ਯੋਜਨਾ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ , ਮਿਉਂਸਪਲ ਕਾਰਪੋਰੇਸ਼ਨਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਜਲਦ ਹੀ ਵਿਸਤ੍ਰਿਤ ਆਦੇਸ਼ ਜਾਰੀ ਕੀਤੇ ਜਾ ਰਹੇ ਹਨ।

# ਜੰਗਬੰਦੀ ਦੇ ਪਰਛਾਵੇਂ ਹੇਠ ਅਮਰੀਕਾ ਵਲੋਂ ਹਵਾਈ ਹਮਲੇ, ਈਰਾਨ-ਅਮਰੀਕਾ ਟਕਰਾਅ ਫਿਰ ਸ਼ੁਰੂ

## ✪ ਸੁਲਗਿਆ ਮੱਧ-ਪੂਰਬ ਅਤੇ ਬੇਪਟੜੀ ਹੁੰਦੀ ਜਾ ਰਹੀ ਏ ਵਿਸ਼ਵ ਆਰਥਿਕਤਾ ✪ ਆਖਰ ਕਦੋਂ ਤੱਕ ਜੰਗ ਦੇ ਮੁਹਾਨੇ 'ਤੇ ਰਹੇਗੀ ਦੁਨੀਆ?

**ਖਾਸ ਖਬਰ**

ਦੋਹਾ (ਕਤਰ) ਵਿੱਚ ਚੱਲ ਰਹੀਆਂ ਨਾਜ਼ੁਕ ਸ਼ਾਂਤੀ ਵਾਰਤਾਵਾਂ ਦਰਮਿਆਨ ਅਮਰੀਕਾ ਵੱਲੋਂ ਦੱਖਣੀ ਈਰਾਨ 'ਤੇ ਕੀਤੇ ਗਏ ਤਾਜ਼ਾ ਹਵਾਈ ਹਮਲੇ ਅਤੇ ਜਵਾਬ ਵਿੱਚ ਈਰਾਨ ਵੱਲੋਂ ਅਮਰੀਕੀ ਸਟੀਲਥ ਡਰੋਨ ਨੂੰ ਮਾਰ ਡੇਗਣ ਦੀ ਘਟਨਾ ਨੇ ਪੂਰੀ ਦੁਨੀਆ ਨੂੰ ਮੁੜ ਚਿੰਤਾ ਵਿੱਚ ਪਾ ਦਿੱਤਾ ਹੈ। ਇੱਕ ਪਾਸੇ ਮੇਜ਼ 'ਤੇ ਬੈਠ ਕੇ ਅਮਨ-ਚੈਨ ਦੀਆਂ ਗੱਲਾਂ ਹੋ ਰਹੀਆਂ ਹਨ ਅਤੇ ਦੂਜੇ ਪਾਸੇ ਬਾਰੂਦ ਵਰ੍ਹ ਰਿਹਾ ਹੈ। ਇਹ ਸਥਿਤੀ ਸਪਸ਼ਟ ਕਰਦੀ ਹੈ ਕਿ 21ਵੀਂ ਸਦੀ ਦੀ ਵਿਸ਼ਵ ਕੂਟਨੀਤੀ ਹੁਣ 'ਗੱਲਬਾਤ ਅਤੇ ਗੋਲਾਬਾਰੀ' ਦੇ ਦੋਹਰੇ ਮਾਪਦੰਡਾਂ 'ਤੇ ਚੱਲ ਰਹੀ ਹੈ, ਜਿੱਥੇ ਸ਼ਾਂਤੀ ਸਮਝੌਤੇ ਸਦਭਾਵਨਾ ਨਾਲ ਨਹੀਂ, ਬਲਕਿ ਤਾਕਤ ਦੇ ਜ਼ੋਰ 'ਤੇ ਥੋਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਪੂਰੇ ਟਕਰਾਅ ਦੀ ਜੜ੍ਹ ਇਸੇ ਸਾਲ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਦੁਆਰਾ ਈਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਵਿੱਚ ਹੈ। ਜਵਾਬੀ ਕਾਰਵਾਈ ਵਿੱਚ ਈਰਾਨ ਵੱਲੋਂ 'ਸਟਰੇਟ ਆਫ ਹਾਰਮੁਜ਼' ਨੂੰ ਬਲਾਕ ਕਰਨ ਨਾਲ ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਪ੍ਰਭਾਵਿਤ ਹੋਈ, ਜਿਸ ਨੇ ਭਾਰਤ ਸਮੇਤ ਪੂਰੀ ਦੁਨੀਆ ਦੀ ਆਰਥਿਕਤਾ ਨੂੰ ਹਿਲਾ ਕੇ ਰੱਖ ਦਿੱਤਾ। 8 ਅਪ੍ਰੈਲ ਨੂੰ ਲਾਗੂ ਹੋਈ ਅਸਥਾਈ ਜੰਗਬੰਦੀ ਤੋਂ ਬਾਅਦ ਦੋਹਾ ਵਿੱਚ ਹੋ ਰਹੀ ਬੈਠਕ ਦਾ ਮੁੱਖ ਮਕਸਦ ਇਸ ਜੰਗਬੰਦੀ ਨੂੰ 60 ਦਿਨਾਂ ਲਈ ਵਧਾਉਣਾ ਅਤੇ ਇਸ ਅਹਿਮ ਸਮੁੰਦਰੀ ਰਸਤੇ ਨੂੰ ਮੁੜ ਖੋਲ੍ਹਣਾ ਸੀ। ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਅੜੀਅਲ ਸ਼ਰਤਾਂ ਨੇ ਇਸ ਸਮਝੌਤੇ ਦੇ ਰਾਹ ਵਿੱਚ ਵੱਡੇ ਰੋੜੇ ਅਟਕਾ ਦਿੱਤੇ ਹਨ।

ਟਰੰਪ ਪ੍ਰਸ਼ਾਸਨ ਵੱਲੋਂ ਈਰਾਨ ਸਾਹਮਣੇ ਆਪਣਾ ਸੰਵਰਧਿਤ ਯੂਰੇਨੀਅਮ ਅਮਰੀਕਾ ਨੂੰ ਸੌਂਪਣ ਅਤੇ 'ਅਬਰਾਹਮ ਅਕਾਰਡਸ' ਦੇ ਤਹਿਤ ਸਾਊਦੀ ਅਰਬ, ਕਤਰ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਨੂੰ ਇਜ਼ਰਾਈਲ ਨਾਲ ਸਬੰਧ ਸੁਧਾਰਨ ਲਈ ਮਜਬੂਰ ਕਰਨ ਦੀ ਸ਼ਰਤ ਰੱਖੀ ਗਈ ਹੈ। ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੇ ਵਿਵਾਦ ਦੀ ਮੁੱਖ ਜੜ੍ਹ ਇਹੀ ਹੈ। ਈਰਾਨ ਦਾ ਕਹਿਣਾ ਹੈ ਕਿ ਉਹ ਬਿਜਲੀ ਬਣਾਉਣ ਅਤੇ ਮੈਡੀਕਲ ਖੋਜ ਲਈ ਯੂਰੇਨੀਅਮ ਸੰਵਰਧਿਤ ਕਰ ਰਿਹਾ ਹੈ। ਪਰ ਅਮਰੀਕਾ ਅਤੇ ਇਜ਼ਰਾਈਲ ਨੂੰ ਡਰ ਹੈ ਕਿ ਜੇਕਰ ਈਰਾਨ ਨੇ ਇਸ ਦਾ ਪੱਧਰ 90% ਤੱਕ ਪਹੁੰਚਾ ਦਿੱਤਾ, ਤਾਂ ਉਹ ਪਰਮਾਣੂ ਬੰਬ ਬਣਾ ਲਵੇਗਾ। ਇਸੇ ਲਈ ਟਰੰਪ ਮੰਗ ਕਰ ਰਹੇ ਹਨ ਕਿ ਈਰਾਨ ਆਪਣਾ ਇਹ ਸਾਰਾ ਸੰਵਰਧਿਤ ਯੂਰੇਨੀਅਮ ਅਮਰੀਕਾ ਦੇ ਹਵਾਲੇ ਕਰ ਦੇਵੇ।



ਅਮਰੀਕਾ ਦੀ ਇਹ ਰਣਨੀਤੀ ਮੱਧ-ਪੂਰਬ ਵਿੱਚ ਇਜ਼ਰਾਈਲ ਅਤੇ ਆਪਣੀ ਸਰਦਾਰੀ ਨੂੰ ਮਜ਼ਬੂਤ ਕਰਨ ਦੀ ਭੂ-ਸਿਆਸੀ ਖੇਡ ਤੋਂ ਇਲਾਵਾ ਕੁਝ ਨਹੀਂ ਹੈ, ਜਿਸ ਨੂੰ ਕੋਈ ਵੀ ਪ੍ਰਭੂਸੱਤਾ ਸੰਪੰਨ ਦੇਸ਼ ਆਸਾਨੀ ਨਾਲ ਸਵੀਕਾਰ ਨਹੀਂ ਕਰੇਗਾ। ਈਰਾਨ ਦਾ ਆਪਣੇ ਯੂਰੇਨੀਅਮ ਭੰਡਾਰ ਨੂੰ ਸੌਂਪਣ ਤੋਂ ਇਨਕਾਰ ਕਰਨਾ ਅਤੇ ਆਪਣੀ ਜ਼ਬਤ ਕੀਤੀ ਅਰਬਾਂ ਡਾਲਰ ਦੀ ਜਾਇਦਾਦ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕਰਨਾ ਪੂਰੀ ਤਰ੍ਹਾਂ ਤਰਕਸੰਗਤ ਹੈ।

ਅਮਰੀਕੀ ਸੈਂਟਰਲ ਕਮਾਂਡ ਵੱਲੋਂ ਤਾਜ਼ਾ ਹਮਲਿਆਂ ਨੂੰ 'ਆਤਮ-ਰੱਖਿਆ' ਦਾ ਨਾਂ ਦੇਣਾ ਪੱਛਮੀ ਦੇਸ਼ਾਂ ਦੀ ਪੁਰਾਣੀ ਕਹਾਵਤ ਵਰਗਾ ਹੈ। ਜੇਕਰ ਅਮਰੀਕਾ ਜੰਗਬੰਦੀ ਦਾ ਸਨਮਾਨ ਕਰਨ ਦਾ ਦਾਅਵਾ ਕਰਦਾ ਹੈ, ਤਾਂ ਸ਼ਾਂਤੀ ਵਾਰਤਾ ਦੇ ਦੌਰਾਨ ਹਮਲੇ ਕਰਨੇ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਏ ਜਾ ਸਕਦੇ। ਰਾਸ਼ਟਰਪਤੀ ਟਰੰਪ ਦੀ ਸੋਸ਼ਲ ਮੀਡੀਆ 'ਤੇ ਦਿੱਤੀ ਗਈ ਇਹ ਚੇਤਾਵਨੀ ਕਿ "ਜੇ ਗੱਲ ਨਾ ਬਣੀ ਤਾਂ ਪਹਿਲਾਂ ਨਾਲੋਂ ਵੀ ਵੱਡੀ ਜੰਗ ਹੋਵੇਗੀ", ਇਹ ਦਰਸਾਉਂਦੀ ਹੈ ਕਿ ਅਮਰੀਕਾ ਅੰਤਰਰਾਸ਼ਟਰੀ ਨਿਯਮਾਂ ਦੀ ਪਰਵਾਹ ਕੀਤੇ ਬਿਨਾਂ ਕੇਵਲ ਆਪਣੀ ਧੌਂਸ ਜਮਾਉਣਾ ਚਾਹੁੰਦਾ ਹੈ।

ਇਸ ਟਕਰਾਅ ਦੇ ਲੰਬੇ ਖਿੱਚਣ ਨਾਲ ਨੁਕਸਾਨ ਸਿਰਫ਼ ਅਮਰੀਕਾ ਜਾਂ ਈਰਾਨ ਦਾ ਨਹੀਂ, ਸਗੋਂ ਪੂਰੀ ਵਿਸ਼ਵ ਆਰਥਿਕਤਾ ਦਾ ਹੋ ਰਿਹਾ ਹੈ। ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਸਪਲਾਈ ਚੇਨ ਦੇ ਟੁੱਟਣ ਦਾ ਖ਼ਮਿਆਜ਼ਾ ਆਮ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ। ਅਮਰੀਕਾ ਨੂੰ ਇਹ ਸਮਝਣਾ ਹੋਵੇਗਾ ਕਿ ਸ਼ਾਂਤੀ ਕਦੇ ਵੀ ਧਮਕੀਆਂ ਅਤੇ ਇੱਕਪਾਸੜ ਸ਼ਰਤਾਂ ਨਾਲ ਸਥਾਪਿਤ ਨਹੀਂ ਕੀਤੀ ਜਾ ਸਕਦੀ। ਜੇਕਰ ਦੋਹਾ ਵਾਰਤਾ ਨੂੰ ਸਫ਼ਲ ਬਣਾਉਣਾ ਹੈ, ਤਾਂ ਦੋਵਾਂ ਧਿਰਾਂ ਨੂੰ, ਖ਼ਾਸ ਕਰਕੇ ਅਮਰੀਕਾ ਨੂੰ, ਆਪਣਾ ਅੜੀਅਲ ਰਵੱਈਆ ਛੱਡ ਕੇ ਅਜਿਹੇ ਸਮਝੌਤੇ ਵੱਲ ਵਧਣਾ ਪਵੇਗਾ ਜੋ ਖੇਤਰੀ ਪ੍ਰਭੂਸੱਤਾ ਦਾ ਸਨਮਾਨ ਕਰਦਾ ਹੋਵੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ, ਵਿਸ਼ਵ ਇੱਕ ਹੋਰ ਵੱਡੀ ਅਤੇ ਵਿਨਾਸ਼ਕਾਰੀ ਜੰਗ ਦੇ ਮੁਹਾਨੇ 'ਤੇ ਜਾ ਖੜ੍ਹਾ ਹੋਵੇਗਾ।

# ਫਿਕਫਾ ਵੱਲੋਂ ਕਬੱਡੀ ਖਿਡਾਰੀਆਂ ਦੀ ਰਜਿਸ਼ਟਰੇਸ਼ਨ ਸ਼ੁਰੂ, ਅਗਲੇ ਸੀਜ਼ਨ ਲਈ ਸਤੰਬਰ 2026 ਤੋਂ ਹੋਣਗੇ ਡੋਪ ਟੈਸਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) **ਕਬੱਡੀ ਦੇ ਬੇਹਤਰ ਭਵਿੱਖ ਲਈ ਵਿਸ਼ਵ ਦੀਆਂ ਕਬੱਡੀ ਫੈਡਰੇਸ਼ਨ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ਼ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨਜ਼ ਐਂਡ ਐਸੋਸੀਏਸ਼ਨਜ਼ (FIKFA) ਦੀ ਮੀਟਿੰਗ 17 ਮਈ 2026 ਨੂੰ ਆਨਲਾਈਨ ਵੀਡੀਓ ਕਾਨਫਰੰਸ ਰਾਹੀਂ ਹੋਈ। ਇਸ ਮੀਟਿੰਗ ਵਿੱਚ ਵੱਖ-ਵੱਖ ਮੁੱਦਿਆਂ ਉੱਤੇ ਚਰਚਾ ਕੀਤੀ ਗਈ ਜਿਸ ਵਿੱਚ ਮੁੱਖ ਤੌਰ ਤੇ ਟੂਰਨਾਮੈਂਟ, ਪ੍ਰਬੰਧ ਅਤੇ ਐਂਟੀ-ਡੋਪਿੰਗ ਨੀਤੀ ਸਬੰਧੀ ਅਹਿਮ ਫ਼ੈਸਲੇ ਲਏ ਗਏ।**

ਫਿਕਫਾ ਨੇ ਕਿਹਾ ਕਿ ਖਿਡਾਰੀਆਂ ਦੀ ਰਜਿਸਟ੍ਰੇਸ਼ਨ ਹੁਣ ਸ਼ੁਰੂ ਹੋ ਚੁੱਕੀ ਹੈ। ਫੀਖਦਅ ਨਾਲ ਰਜਿਸਟਰਡ ਕਿਸੇ ਵੀ ਸੰਸਥਾ ਲਈ ਖੇਡਣ ਵਾਲੇ ਖਿਡਾਰੀਆਂ ਨੂੰ https://fikfa-player-registration.lovable.app/ ਰਾਹੀਂ ਜਲਦੀ ਤੋਂ ਜਲਦੀ FIKFA ਕੋਲ ਰਜਿਸਟਰ ਹੋਣ ਲਈ ਸੱਦਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਆਉਣ ਵਾਲੇ ਸਮੇਂ ਵਿੱਚ ਸਾਰੇ ਖਿਡਾਰੀਆਂ ਨੂੰ ਇੱਕ ਡੋਪ ਟੈਸਟ ਵੀ ਪਾਸ ਕਰਨਾ ਹੋਵੇਗਾ, ਜੋ ਕਿ ਸਤੰਬਰ 2026 ਵਿੱਚ ਲਿਆ ਜਾਵੇਗਾ। ਇਹ ਸਾਰੇ ਖਿਡਾਰੀਆਂ ਨੂੰ ਡੋਪ ਟੈਸਟਾਂ ਦੀ ਤਿਆਰੀ ਲਈ 3 ਮਹੀਨਿਆਂ ਦਾ ਸਮਾਂ ਦਿੱਤਾ ਗਿਆ ਹੈ।

ਮੀਟਿੰਗ ਵਿੱਚ ਐਂਟੀ ਡੋਪਿੰਗ ਕਮੇਟੀ ਅਤੇ ਅਹੁਦੇਦਾਰ ਤਾਲਮੇਲ ਕਰਕੇ ਜਲਦੀ ਤੋਂ ਜਲਦੀ ਇੱਕ ਐਂਟੀ-ਡੋਪਿੰਗ ਨੀਤੀ ਤਿਆਰ ਕਰਨਗੇ, ਜਿਸ ਵਿੱਚ ਟੈਸਟਾਂ ਦੀ ਪ੍ਰਕ੍ਰਿਆ, ਸਥਾਨ ਅਤੇ ਦੋਸ਼ੀ ਪਾਏ ਜਾਣ ਤੇ ਲੱਗਣ ਵਾਲੀਆਂ ਪਾਬੰਦੀਆਂ ਦੇ ਵੇਰਵੇ ਵੀ ਸ਼ਾਮਲ ਹੋਣਗੇ।

ਸੰਵਿਧਾਨਕ ਮਾਮਲਿਆਂ ਸਬੰਧੀ ਫੈਸਲਾ ਅਗਲੀ ਮੀਟਿੰਗ ਤੱਕ ਟਾਲ ਦਿੱਤਾ ਗਿਆ ਹੈ, ਅਗਲੀ ਮੀਟਿੰਗ 1 ਅਤੇ 2 ਅਗਸਤ 2026 ਨੂੰ ਐਮਸਟਰਡਮ, ਹਾਲੈਂਡ (Amsterdam, Holland) ਵਿਖੇ ਹੋਵੇਗੀ।

ਵਧੇਰੇ ਜਾਣਕਾਰੀ ਲਈ ਈਮੇਲ: sdofboard@fikfa.com ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹੁਣ ਕਿਰਪਾਨ ਸਮੇਤ ਪ੍ਰੀਖਿਆ ਕੇਂਦਰ ਚ ਜਾ ਸਕੇਗਾ ਅੰਮ੍ਰਿਤਧਾਰੀ ਨੌਜਵਾਨ


ਅੰਮ੍ਰਿਤਧਾਰੀ ਨੌਜਵਾਨ ਜਸਪਾਲ ਸਿੰਘ ਦੀ ਇੱਕ ਤਸਵੀਰ

ਵੈਨਕੂਵਰ-(ਮਲਕੀਤ ਸਿੰਘ)- ਕੈਨੇਡਾ ਦੇ ਵਿੰਨੀਪੈਗ ਸ਼ਹਿਰ ਵਿਚ ਹੁਣ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਭਰਤੀ ਪ੍ਰੀਖਿਆ ਦੌਰਾਨ ਕ੍ਰਿਪਾਨ ਲਾਹੁਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਜ਼ਿਕਰਯੋਗ ਹੈ ਕਿ ਵਿੰਨੀਪੈਗ ਪੁਲਿਸ ਵੱਲੋਂ ਪਿਛਲੇ ਹਫਤੇ ਜਸਪਾਲ ਸਿੰਘ ਨਾ ਦੇ ਅੰਮ੍ਰਿਤਧਾਰੀ ਨੌਜਵਾਨ ਨੂੰ ਕਿਰਪਾਨ ਪਹਿਨ ਕੇ ਪੁਲਿਸ ਦੀ ਭਰਤੀ ਦੀ ਪ੍ਰੀਖਿਆ ਚ ਬੈਠਣ ਤੇ ਇਤਰਾਜ ਕੀਤਾ ਗਿਆ ਸੀ ਜਿਸ ਮਗਰੋਂ ਜਸਪਾਲ ਸਿੰਘ ਵੱਲੋਂ ਪ੍ਰੀਖਿਆ ਨਾ ਦੇਣ ਦਾ ਫੈਸਲਾ ਕੀਤਾ ਗਿਆ ਸੀ। ਜਿਸ ਮਗਰੋਂ ਮੀਡੀਆ ਚ ਛਿੜੀ ਚਰਚਾ ਦੌਰਾਨ ਵਿੰਨੀਪੈਗ ਪੁਲਿਸ ਲਗਾਤਾਰ ਨਿਸ਼ਾਨੇ 'ਤੇ ਸੀ

ਇਸ ਸਬੰਧੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਵਿਨੀਪੈਗ ਪੁਲੀਸ ਨੂੰ ਭੇਜੇ ਗਏ ਇੱਕ ਲੀਗਲ ਨੋਟਿਸ ਰਾਹੀਂ ਦੱਸਿਆ ਗਿਆ ਸੀ ਕਿ ਕ੍ਰਿਪਾਨ ਕੋਈ ਹਥਿਆਰ ਨਹੀਂ ਹੈ ਅਤੇ ਕੈਨੇਡੀਅਨ ਕਾਨੂੰਨ ਅਧੀਨ ਧਾਰਮਿਕ ਚਿੰਨ੍ਹ ਮੰਨਿਆ ਗਿਆ ਹੈ ਨੋਟਿਸ ਵਿੱਚ ਇਹ ਵੀ ਦੱਸਿਆ ਗਿਆ ਸੀ ਕਿ ਕਨੇਡੀਅਨ ਪੁਲਿਸ ਸਰਵਿਸਿਜ਼ ਵਿਚ ਕਈ ਅੰਮ੍ਰਿਤਧਾਰੀ ਅਫ਼ਸਰ ਕੰਮ ਕਰ ਰਹੇ ਹਨ ਇਸ ਸਮੁੱਚੇ ਘਟਨਕਰਮ ਮਗਰੋਂ ਹੁਣ ਵਿੰਨੀਪੈਗ ਪੁਲਿਸ ਦਾ ਸਟੈਂਡ ਬਦਲਿਆ ਨਜ਼ਰ ਆ ਰਿਹਾ ਹੈ

ਵਰਨਣਯੋਗ ਹੈ ਕਿ ਕੈਨੇਡਾ ਦੀ ਸੁਪਰੀਮ ਕੋਰਟ ਵੱਲੋਂ 2006 ਵਿਚ ਸੁਣਾਇਆ ਇਤਿਹਾਸਕ ਫ਼ੈਸਲਾ ਬਿਲਕੁਲ ਸਪੱਸ਼ਟ ਹੈ ਕਿ ਸਿੱਖਾਂ ਨੂੰ ਕ੍ਰਿਪਾਨ ਧਾਰਨ ਕਰਨ ਤੋਂ ਰੋਕਣਾ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੋਵੇਗਾ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਇਹ ਵੀ ਕਿਹਾ ਹੈ ਕਿ ਕ੍ਰਿਪਾਨ ਕੋਈ ਹਥਿਆਰ ਨਹੀਂ ਅਤੇ ਇਕ ਧਾਰਮਿਕ ਚਿੰਨ੍ਹ ਹੈ। ਉਧਰ, ਜਸਪਾਲ ਸਿੰਘ ਨੂੰ ਜਦੋਂ ਵਿੰਨੀਪੈਗ ਪੁਲਿਸ ਦੇ ਤਾਜ਼ਾ ਫ਼ੈਸਲੇ ਬਾਰੇ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਉਸ ਵੱਲੋਂ ਦੁਬਾਰਾ ਪੁਲਿਸ ਭਰਤੀ ਦੀ ਲਿਖਤੀ ਪ੍ਰੀਖਿਆ ਵਿਚ ਬੈਠਣ ਦੀ ਤਿਆਰੀ ਆਰੰਭ ਦਿਤੀ ਗਈ ਹੈ।

# ਕੈਨੇਡਾ ਵਿੱਚ ਨਵਜੰਮੇ ਬੱਚੇ ਦੀ ਮੌਤ ਦੇ ਮਾਮਲੇ ਵਿੱਚ ਪੰਜਾਬੀ ਜੋੜਾ ਗ੍ਰਿਫ਼ਤਾਰ

ਵੈਨਕੂਵਰ-(ਮਲਕੀਤ ਸਿੰਘ) - ਕੈਨੇਡਾ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਜਨਮ ਤੋਂ ਕੁਝ ਸਮੇਂ ਬਾਅਦ ਨਵਜੰਮੇ ਬੱਚੇ ਨੂੰ ਖਤਰਨਾਕ ਜੰਗਲੀ ਇਲਾਕੇ ਵਿੱਚ ਛੱਡਣ ਦੇ ਦੋਸ਼ ਹੇਠ ਪੰਜਾਬੀ ਮੂਲ ਦੇ ਇੱਕ ਜੋੜੇ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਇਸ ਘਟਨਾ ਨੇ ਸਥਾਨਕ ਭਾਈਚਾਰੇ ਵਿੱਚ ਚਿੰਤਾ ਅਤੇ ਸਦਮੇ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮਾਮਲੇ ਦਾ ਖੁਲਾਸਾ ਉਸ ਵੇਲੇ ਹੋਇਆ ਜਦੋਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਮਹਿਲਾ ਦੀ ਸਿਹਤ ਅਚਾਨਕ ਵਿਗੜ ਗਈ ਅਤੇ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਆਂਦਾ ਗਿਆ। ਹਸਪਤਾਲ ਵਿੱਚ ਡਾਕਟਰਾਂ ਨੇ ਜਾਂਚ ਦੌਰਾਨ ਨੋਟਿਸ ਕੀਤਾ ਕਿ ਮਹਿਲਾ ਨੇ ਹਾਲ ਹੀ ਵਿੱਚ ਬੱਚੇ ਨੂੰ ਜਨਮ ਦਿੱਤਾ ਹੈ, ਪਰ ਬੱਚਾ ਉਸਦੇ ਨਾਲ ਨਹੀਂ ਸੀ। ਇਸ ਤੋਂ ਬਾਅਦ ਡਾਕਟਰਾਂ ਨੂੰ ਸ਼ੱਕ ਹੋਇਆ ਅਤੇ ਪੁਲਿਸ ਨੂੰ ਸੂਚਨਾ ਦਿੱਤੀ ਗਈ। ਪੁਲਿਸ ਨੇ ਜਾਂਚ ਸ਼ੁਰੂ ਕਰਦੇ ਹੋਏ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾਈ। ਜਾਂਚ ਦੌਰਾਨ ਨਵਜੰਮੇ ਬੱਚੇ ਦੀ ਲਾਸ਼ ਜੰਗਲੀ ਇਲਾਕੇ ਵਿੱਚੋਂ ਬਰਾਮਦ ਹੋਈ। ਇਸ ਮਗਰੋਂ ਪੁਲਿਸ ਨੇ ਮਾਮਲੇ ਨਾਲ ਸੰਬੰਧਿਤ ਪੰਜਾਬੀ ਜੋੜੇ ਨੂੰ ਹਿਰਾਸਤ ਵਿੱਚ ਲੈ ਲਿਆ।

ਪੁਲਿਸ ਅਧਿਕਾਰੀਆਂ ਅਨੁਸਾਰ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਘਟਨਾ ਦੇ ਸਹੀ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਮਹਿਲਾ ਇਸ ਵੇਲੇ ਹਸਪਤਾਲ ਵਿੱਚ ਇਲਾਜ ਅਧੀਨ ਹੈ ਅਤੇ ਉਸਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਸ ਘਟਨਾ ਮਗਰੋਂ ਪੰਜਾਬੀ ਭਾਈਚਾਰੇ ਵਿੱਚ ਵੀ ਡੂੰਘਾ ਦੁੱਖ ਅਤੇ ਹੈਰਾਨੀ ਪ੍ਰਗਟ ਕੀਤੀ ਜਾ ਰਹੀ ਹੈ।

# ਪੀ ਆਰ ਲਈ ਫਰਜ਼ੀ ਵਿਆਹ ਕਰਵਾਉਣ ਵਾਲਿਆਂ ਦਾ ਵੀਜ਼ਾ ਹੋਵੇਗਾ ਰੱਦ

ਕੈਨੇਡਾ ਦੇ ਇਮੀਗ੍ਰੇਸ਼ਨ, ਰਿਫਿਊਜੀ ਐਂਡ ਸਿਟੀਜ਼ਨਸ਼ਿਪ ਵਿਭਾਗ ਨੇ ਅਹਿਮ ਨੋਟਿਸ ਜਾਰੀ ਕਰਦਿਆਂ ਕਿਹਾ ਹੈ ਕਿ ਸਿਰਫ਼ ਇਮੀਗ੍ਰੇਸ਼ਨ ਫ਼ਾਇਦੇ ਲੈਣ ਲਈ ਕੀਤੇ ਗਏ ਫ਼ਰਜ਼ੀ ਜਾਂ ਕੰਟਰੈਕਟ ਵਿਆਹਾਂ ਨੂੰ ਗੰਭੀਰ ਕਾਨੂੰਨੀ ਉਲੰਘਣਾ ਮੰਨਿਆ ਜਾਵੇਗਾ। ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜੇਕਰ ਕੋਈ ਵਿਦੇਸ਼ੀ ਨਾਗਰਿਕ ਸਿਰਫ਼ ਕੈਨੇਡਾ ਦਾ ਵੀਜ਼ਾ ਜਾਂ ਪੀ ਆਰ ਹਾਸਲ ਕਰਨ ਲਈ ਕਿਸੇ ਕੈਨੇਡੀਅਨ ਨਾਗਰਿਕ ਜਾਂ ਸਥਾਈ ਨਿਵਾਸੀ ਨਾਲ ਵਿਆਹ ਕਰਦਾ ਹੈ ਤਾਂ ਉਸ ਦਾ ਵੀਜ਼ਾ ਤੁਰੰਤ ਰੱਦ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੀ ਧੋਖਾਧੜੀ ਉਸ ਦੇ ਇਮੀਗ੍ਰੇਸ਼ਨ ਰਿਕਾਰਡ ਵਿੱਚ ਦਰਜ ਕੀਤੀ ਜਾਵੇਗੀ, ਜਿਸ ਦਾ ਅਸਰ ਭਵਿੱਖ ਵਿੱਚ ਹੋਰ ਦੇਸ਼ਾਂ ਦੇ ਵੀਜ਼ੇ ਲੈਣ ਤੇ ਵੀ ਪੈ ਸਕਦਾ ਹੈ। ਕੈਨੇਡਾ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਵੀ ਚਿਤਾਵਨੀ ਦਿੱਤੀ ਹੈ ਜੋ ਪੈਸੇ ਜਾਂ ਕਿਸੇ ਹੋਰ ਲਾਭ ਦੇ ਬਦਲੇ ਅਜਿਹੇ ਵਿਆਹਾਂ ਲਈ ਸਹਿਮਤ ਹੋ ਜਾਂਦੇ ਹਨ। ਕੈਨੇਡਾ ਦੇ ਕਾਨੂੰਨ ਅਨੁਸਾਰ ਜੇਕਰ ਸਪਾਂਸਰ ਕੀਤਾ ਗਿਆ ਸਾਥੀ ਕੈਨੇਡਾ ਪਹੁੰਚਣ ਤੋਂ ਬਾਅਦ ਵੱਖ ਵੀ ਹੋ ਜਾਵੇ ਤਾਂ ਵੀ ਸਪਾਂਸਰ ਕਰਨ ਵਾਲੇ ਵਿਅਕਤੀ ਨੂੰ ਤਿੰਨ ਸਾਲ ਤੱਕ ਉਸ ਦੀ ਵਿੱਤੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਜੇ ਸਪਾਂਸਰ ਕੀਤਾ ਵਿਅਕਤੀ ਸਰਕਾਰੀ ਵੈੱਲਫੇਅਰ ਜਾਂ ਆਰਥਿਕ ਮਦਦ ਲੈਂਦਾ ਹੈ ਤਾਂ ਸਰਕਾਰ ਉਹ ਰਕਮ ਸਪਾਂਸਰ ਤੋਂ ਵਸੂਲ ਸਕਦੀ ਹੈ, ਜਦ ਤੱਕ ਇਹ ਰਕਮ ਵਾਪਸ ਨਹੀਂ ਕੀਤੀ ਜਾਂਦੀ, ਇਸ ਤੋਂ ਇਲਾਵਾ ਸਪਾਂਸਰ ਕਿਸੇ ਹੋਰ ਵਿਅਕਤੀ ਨੂੰ ਕੈਨੇਡਾ ਨਹੀਂ ਬੁਲਾ ਸਕੇਗਾ।

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਬਰਤਾਨੀਆ ਵਿੱਚ ਵੱਡੇ ਪੱਧਰ 'ਤੇ ਨਸ਼ਾ ਤਸਕਰੀ ਕਰਨ ਵਾਲੇ ਪੰਜਾਬੀ ਮੂਲ ਦੇ ਵਿਅਕਤੀ ਸਹਿਤ ਪੰਜ ਜਣਿਆਂ ਨੂੰ ਜੇਲ੍ਹ

**ਲੰਡਨ -ਬਰਤਾਨੀਆ ਵਿੱਚ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਬਹੁਤ ਵੱਡੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਉੱਥੋਂ ਦੀ ਅਦਾਲਤ ਨੇ ਪੰਜ ਦੋਸ਼ੀਆਂ ਨੂੰ ਕੁੱਲ 84 ਸਾਲ ਦੀ ਕੈਦ ਦੀ ਸਖ਼ਤ ਸਜ਼ਾ ਸੁਣਾਈ ਹੈ।**


ਜਗਜੀਤ ਸਿੰਘ

ਇਸ ਅਪਰਾਧਿਕ ਗਿਰੋਹ ਵਿੱਚ ਬਰਮਿੰਘਮ ਸ਼ਹਿਰ ਦਾ ਨਿਵਾਸੀ 30 ਸਾਲਾ ਭਾਰਤੀ ਮੂਲ ਦਾ ਇੱਕ ਪੰਜਾਬੀ ਨੌਜਵਾਨ ਜਗਜੀਤ ਸਿੰਘ ਵੀ ਸ਼ਾਮਲ ਹੈ, ਜਿਸ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੰਦੇ ਹੋਏ ਸਾਢੇ ਦਸ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਹੈ। ਸਥਾਨਕ ਪੁਲਿਸ ਪ੍ਰਸ਼ਾਸਨ ਨੇ ਇਸ ਮਾਮਲੇ ਦੀ ਪੜਤਾਲ ਦੌਰਾਨ ਲਗਭਗ ਅੱਸੀ ਲੱਖ ਪੌਂਡ (ਬਰਤਾਨਵੀ ਮੁਦਰਾ) ਦੀ ਅੰਤਰਰਾਸ਼ਟਰੀ ਕੀਮਤ ਵਾਲੀ ਤਿੰਨ ਸੌ ਕਿਲੋਗ੍ਰਾਮ ਚਿੱਟੀ ਨਸ਼ੀਲੀ ਪਾਊਡਰ ਅਤੇ ਸੱਠ ਕਿਲੋਗ੍ਰਾਮ ਤੋਂ ਵਧੇਰੇ ਮਾਤਰਾ ਵਿੱਚ ਇੱਕ ਹੋਰ ਘਾਤਕ ਨਸ਼ੀਲਾ ਪਦਾਰਥ ਬਰਾਮਦ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।

ਜਾਂਚ ਅਧਿਕਾਰੀਆਂ ਮੁਤਾਬਕ ਇਹ ਗਿਰੋਹ ਯੂਰਪ ਦੇ ਵੱਖ-ਵੱਖ ਹਿੱਸਿਆਂ ਤੋਂ ਖ਼ੁਫ਼ੀਆ ਅਤੇ ਗੁਪਤ ਗੋਦਾਮਾਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਖੇਪ ਮੰਗਵਾ ਕੇ ਦੇਸ਼ ਅੰਦਰ ਸਪਲਾਈ ਕਰਦਾ ਸੀ। ਇਸ ਵਿਸ਼ੇਸ਼ ਅਪਰਾਧ ਰੋਕੂ ਸ਼ਾਖਾ ਦੇ ਉੱਚ ਜਾਂਚ ਅਧਿਕਾਰੀ ਨੇ ਦੱਸਿਆ ਕਿ ਇਹ ਮਾਮਲਾ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਚਲਾਏ ਜਾ ਰਹੇ ਇੱਕ ਵੱਡੇ ਵਪਾਰਕ ਅਪਰਾਧਿਕ ਨੈੱਟਵਰਕ ਨਾਲ ਜੁੜਿਆ ਹੋਇਆ ਸੀ, ਜਿਸ ਕਾਰਨ ਦੇਸ਼ ਦੀਆਂ ਸੜਕਾਂ 'ਤੇ ਹਿੰਸਾ ਅਤੇ ਤਬਾਹੀ ਫੈਲਣ ਦਾ ਬਹੁਤ ਵੱਡਾ ਖ਼ਤਰਾ ਬਣਿਆ ਹੋਇਆ ਸੀ।

ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿੱਚ ਆਖਿਆ ਕਿ ਅਜਿਹੀਆਂ ਅਪਰਾਧਿਕ ਗਤੀਵਿਧੀਆਂ ਸਮਾਜ ਵਿੱਚ ਲੜਾਈ-ਝਗੜਿਆਂ ਨੂੰ ਵਧਾਉਂਦੀਆਂ ਹਨ ਅਤੇ ਅਨੇਕਾਂ ਹੱਸਦੇ-ਖੇਡਦੇ ਪਰਿਵਾਰਾਂ ਅਤੇ ਪੂਰੇ ਭਾਈਚਾਰੇ ਨੂੰ ਬਰਬਾਦ ਕਰਕੇ ਰੱਖ ਦਿੰਦੀਆਂ ਹਨ।

## ਡਰਾਈਵਰਾਂ ਦੇ ਫੋਨਾਂ 'ਤੇ ਅਸ਼ਲੀਲ ਤਸਵੀਰਾਂ ਮਿਲਣ ਤੋਂ ਬਾਅਦ ਵੀਜ਼ੇ ਰੱਦ



ਕੈਨੇਡਾ : ਕੈਨੇਡਾ ਤੋਂ ਅਮਰੀਕਾ ਜਾਣ ਵਾਲੇ ਟਰੱਕ ਡਰਾਈਵਰਾਂ ਲਈ ਅਮਰੀਕੀ ਸਰਹੱਦ ਤੇ ਸਖ਼ਤ ਉਪਾਅ ਲਾਗੂ ਕੀਤੇ ਗਏ ਹਨ। ਕੈਨੇਡਾ ਵਿੱਚ ਹਾਦਸਿਆਂ, ਬਲਾਤਕਾਰਾਂ ਅਤੇ ਛੇੜਛਾੜ ਦੇ ਮਾਮਲਿਆਂ ਵਿੱਚ ਵਾਧੇ ਤੋਂ ਬਾਅਦ, ਪੰਜਾਬੀ ਟਰੱਕ ਡਰਾਈਵਰਾਂ ਦੇ ਮੋਬਾਈਲ ਫੋਨ ਦੀ ਜਾਂਚ ਕੀਤੀ ਜਾ ਰਹੀ ਹੈ। ਜੇਕਰ ਉਨ੍ਹਾਂ ਦੇ ਫੋਨਾਂ ਤੇ ਅਸ਼ਲੀਲ ਤਸਵੀਰਾਂ, ਬੱਚਿਆਂ ਦੀਆਂ ਨੰਗੀਆਂ ਫੋਟੋਆਂ, ਸ਼ੱਕੀ ਵਟਸਐਪ ਗਰੁੱਪ ਜਾਂ ਹਥਿਆਰ ਮਿਲਦੇ ਹਨ, ਤਾਂ ਉਨ੍ਹਾਂ ਦੇ ਲਾਇਸੈਂਸ ਅਤੇ ਵੀਜ਼ਾ ਤੁਰੰਤ ਰੱਦ ਕਰ ਦਿੱਤੇ ਜਾਣਗੇ। ਕੈਨੇਡਾ ਵਿੱਚ ਗੱਡੀ ਚਲਾਉਂਦੇ ਅਤੇ ਅਮਰੀਕੀ ਸਰਹੱਦ ਪਾਰ ਸਾਮਾਨ ਢੋਣ ਵਾਲੇ ਇੱਕ ਪੰਜਾਬੀ ਟਰੱਕ ਡਰਾਈਵਰ ਤਰਨਜੀਤ ਸਿੰਘ ਉੱਪਲ ਨੇ ਕਿਹਾ ਕਿ ਕੈਨੇਡਾ-ਅਮਰੀਕਾ ਸਰਹੱਦ ਵਿੱਚ ਦਾਖਲ ਹੋਣ ਵਾਲੇ ਟਰੱਕ ਡਰਾਈਵਰਾਂ ਦੇ ਇਲੈਕਟ੍ਰਾਨਿਕ ਡਿਵਾਈਸਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਣਉਚਿਤ ਵੀਡੀਓ ਮਿਲਣ ਤੋਂ ਬਾਅਦ ਚਾਰ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ ਹਨ।

ਉਨ੍ਹਾਂ ਸਲਾਹ ਦਿੱਤੀ ਕਿ ਜਦੋਂ ਵੀ ਪੰਜਾਬੀ ਡਰਾਈਵਰ ਸਰਹੱਦ ਵਿੱਚ ਦਾਖਲ ਹੁੰਦੇ ਹਨ, ਤਾਂ ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਫੋਨ ਹਥਿਆਰਾਂ, ਅਸ਼ਲੀਲ ਤਸਵੀਰਾਂ ਜਾਂ ਵੀਡੀਓ ਤੋਂ ਮੁਕਤ ਹੋਣ, ਅਤੇ ਉਹ ਸ਼ੱਕੀ ਚੈਟਾਂ ਵਾਲੇ ਕਿਸੇ ਵੀ ਵਟਸਐਪ ਗਰੁੱਪ ਦਾ ਹਿੱਸਾ ਨਾ ਹੋਣ। ਉਨ੍ਹਾਂ ਕਿਹਾ ਕਿ ਇਸ ਤੱਥ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਭਾਰਤ ਵਿੱਚ, ਜਦੋਂ ਕੋਈ ਬੱਚਾ ਪੈਦਾ ਹੁੰਦਾ ਹੈ, ਤਾਂ ਪਰਿਵਾਰ ਅਕਸਰ ਆਪਣੇ ਛੋਟੇ ਬੱਚਿਆਂ ਦੀਆਂ ਬਿਨਾਂ ਕੱਪੜਿਆਂ ਦੀਆਂ ਫੋਟੋਆਂ ਭੇਜਦੇ ਹਨ। ਅਜਿਹੀਆਂ ਫੋਟੋਆਂ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਸ ਦੌਰਾਨ, ਅਮਰੀਕਾ ਅਤੇ ਕੈਨੇਡੀਅਨ ਸਰਹੱਦੀ ਸੁਰੱਖਿਆ ਪੁਲਿਸ ਨੇ 2025 ਦੇ ਅੰਕੜੇ ਜਾਰੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਾਲ ਭਰ 55,000 ਡਰਾਈਵਰਾਂ ਦੇ ਮੋਬਾਈਲ ਫੋਨਾਂ ਦੀ ਜਾਂਚ ਕੀਤੀ।

## ਇਟਲੀ ਵਿੱਚ ਇੱਕ ਹੋਰ ਸੜਕ ਹਾਦਸੇ ਨੇ ਲੈ ਲਈ ਦੋ ਪੰਜਾਬੀਆਂ ਦੀ ਜਾਨ ,ਭਾਈਚਾਰੇ ਵਿੱਚ ਛਾਇਆ ਮਾਤਮ



ਵੈਰੋਨਾ ਇਟਲੀ -(ਗੁਰਸ਼ਰਨ ਸਿੰਘ ਸੋਨੀ)-ਉੱਤਰੀ ਇਟਲੀ ਚ ਬੀਤੇ ਦਿਨ ਇੱਕ 38 ਸਾਲਾਂ ਦੇ ਭਾਰਤੀ ਨੌਜਵਾਨ ਮਨਪ੍ਰੀਤ ਸਿੰਘ ਦੀ ਇੱਕ ਸੜਕ ਹਾਦਸੇ ਵਿੱਚ ਹੋਈ ਦਰਦ-ਨਾਕ ਮੌਤ ਦੇ ਦੁੱਖ ਵਿਚੋਂ ਇਟਲੀ ਦਾ ਭਾਰਤੀ ਭਾਈਚਾਰਾ ਹਾਲੇ ਬਾਹਰ ਨਹੀਂ ਸੀ ਆ ਸਕਿਆ ਕਿ ਇੱਕ ਹੋਰ ਦਿਲ ਚੀਰ ਦੀ ਘਟਨਾ ਨੇ ਭਾਈਚਾਰੇ ਦਾ ਲੱਕ ਤੋੜਕੇ ਰੱਖ ਦਿੱਤਾ ਹੈ। ਇਟਲੀ ਦੇ ਵਰੋਨਾ ਨੇੜੇ ਹੋਏ ਇੱਕ ਸੜਕ ਹਾਦਸੇ ਦੌਰਾਨ 24 ਅਤੇ 26 ਸਾਲ ਦੇ ਦੋ ਪੰਜਾਬੀ ਨੌਜਵਾਨਾਂ ਦੀ ਮੌਤ ਉਸ ਵੇਲੇ ਮੌਤ ਹੋ ਗਈ ਜਦੋਂ ਇਹਨਾਂ ਦੋਨਾਂ ਭਾਰਤੀ ਨੌਜਵਾਨਾਂ ਨੂੰ ਇੱਕ ਵੈਨ ਨੇ ਜਬਰਦਸਤ ਟੱਕਰ ਮਾਰ ਦਿੱਤੀ । ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਅੱਜ ਸਵੇਰੇ 5:30 ਵਜੇ ਕਾਸਲ ਦੈਰੀਓ ਰੋਕਾ ਫਰਾਰੀ ਰੋਡ ਤੇ ਉਦੋਂ ਵਾਪਰੀ ਜਦੋਂ ਇਹ ਦੋਵੇਂ ਨੌਜਵਾਨ ਸਾਈਕਲ ਤੇ ਸਵੇਰੇ ਕੰਮ ਤੇ ਜਾ ਰਹੇ ਸੀ। ਪਿੱਛੇ ਤੋਂ ਆ ਰਹੀ ਇੱਕ ਵੈਨ ਨੇ ਇਹਨਾਂ ਨੂੰ ਜ਼ੋਰਦਾਰ ਟੱਕਰ ਮਾਰੀ ਜਿਸ ਨਾਲ ਇਹਨਾਂ ਦੋਨਾਂ ਨੌਜਵਾਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ। ਮਿੰਨੀ ਬੈਨ ਨੂੰ 68 ਸਾਲ ਦਾ ਇੱਕ ਇਟਾਲੀਅਨ ਵਿਅਕਤੀ ਚਲਾ ਰਿਹਾ ਸੀ ਜੋ ਕਿ ਉਸ ਕੋਲੋਂ ਬੇਕਾਬੂ ਹੋ ਗਈ। ਪੁਲਿਸ ਨੇ ਮੌਕੇ ਤੇ ਹੀ ਹਟਾ ਲਈ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਇਸ ਘਟਨਾ ਦੇ ਨਾਲ ਹੀ ਇਟਲੀ ਵਸਦੇ ਭਾਰਤੀ ਭਾਈਚਾਰੇ ਵਿੱਚ ਬਹੁਤ ਹੀ ਸੋਗ ਦੀ ਲਹਿਰ ਦੌੜ ਗਈ।ਇਹ ਮ੍ਰਿਤਕ ਨੌਜਵਾਨ ਤਜਿੰਦਰ ਸਿੰਘ ਜਿਲਾ ਪਟਿਆਲਾ ਅਤੇ ਹਰਮਨਜੋਤ ਸਿੰਘ ਜਿਲਾ ਹੁਸ਼ਿਆਰਪੁਰ ਨਾਲ ਸਬੰਧਿਤ ਸਨ।ਪੁਲਸ ਨੇ ਲਾਸ਼ਾਂ ਨੂੰ ਕਬਜੇ ਵਿੱਚ ਲੈ ਘਟਨਾ ਦੇ ਕਾਰਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਅਮਰੀਕਾ ਵਿੱਚ ਪੱਕੀ ਰਿਹਾਇਸ਼ ਦੇ ਨਿਯਮਾਂ ਵਿੱਚ ਵੱਡੀ ਤਬਦੀਲੀ, ਪ੍ਰਵਾਸੀਆਂ ਲਈ ਮੁਸ਼ਕਿਲਾਂ ਵਧਣ ਦੇ ਆਸਾਰ

**ਵਾਸ਼ਿੰਗਟਨ -ਅਮਰੀਕਾ ਵਿੱਚ ਪੱਕੇ ਤੌਰ 'ਤੇ ਵਸਣ ਦੀ ਇੱਛਾ ਰੱਖਣ ਵਾਲੇ ਸੈਂਕੜੇ ਭਾਰਤੀਆਂ ਸਮੇਤ ਵਿਦੇਸ਼ੀ ਨਾਗਰਿਕਾਂ ਨੂੰ ਹੁਣ ਇੱਕ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਕੀਤੇ ਗਏ ਤਾਜ਼ਾ ਐਲਾਨ ਮੁਤਾਬਕ, ਜਿਹੜੇ ਪ੍ਰਵਾਸੀ ਅਮਰੀਕਾ ਵਿੱਚ ਪੱਕੀ ਰਿਹਾਇਸ਼ ਦਾ ਅਧਿਕਾਰ ਪੱਤਰ ਹਾਸਲ ਕਰਨਾ ਚਾਹੁੰਦੇ ਹਨ, ਉਹ ਹੁਣ ਅਮਰੀਕਾ ਅੰਦਰ ਰਹਿੰਦੇ ਹੋਏ ਆਪਣੀ ਸਥਿਤੀ ਵਿੱਚ ਬਦਲਾਅ ਲਈ ਬੇਨਤੀ ਨਹੀਂ ਕਰ ਸਕਣਗੇ। ਅਮਰੀਕੀ ਨਾਗਰਿਕਤਾ ਅਤੇ ਪ੍ਰਵਾਸ ਸੇਵਾ ਵਿਭਾਗ ਵੱਲੋਂ ਜਾਰੀ ਕੀਤੇ ਗਏ ਨਵੇਂ ਦਿਸ਼ਾ-ਨਿਰਦੇਸ਼ਾਂ ਦੇ ਤਹਿਤ, ਅਜਿਹੇ ਬਿਨੈਕਾਰਾਂ ਨੂੰ ਹੁਣ ਇਸ ਸਾਰੀ ਕਾਰਵਾਈ ਦੌਰਾਨ ਅਮਰੀਕਾ ਵਿੱਚ ਰਹਿਣ ਦੀ ਬਜਾਏ ਆਪਣੇ ਮੂਲ ਦੇਸ਼ ਪਰਤਣਾ ਹੋਵੇਗਾ ਅਤੇ ਉੱਥੇ ਮੌਜੂਦ ਅਮਰੀਕੀ ਦੂਤਾਵਾਸ ਜਾਂ ਰਾਜਦੂਤ ਦੇ ਦਫ਼ਤਰ ਰਾਹੀਂ ਹੀ ਆਪਣੀ ਅਰਜ਼ੀ ਭੇਜਣੀ ਪਵੇਗੀ।ਇਸ ਕਾਨੂੰਨੀ ਦਸਤਾਵੇਜ਼ ਨੂੰ ਹਾਸਲ ਕਰਨ ਵਾਲਾ ਵਿਅਕਤੀ ਅਮਰੀਕਾ ਵਿੱਚ ਕਿਤੇ ਵੀ ਰਹਿਣ, ਕੰਮ ਕਰਨ, ਉੱਚ ਵਿੱਦਿਆ ਪ੍ਰਾਪਤ ਕਰਨ ਅਤੇ ਦੇਸ਼-ਵਿਦੇਸ਼ ਦੀ ਯਾਤਰਾ ਕਰਨ ਦੇ ਯੋਗ ਹੋ ਜਾਂਦਾ ਹੈ ਅਤੇ ਬਾਅਦ ਵਿੱਚ ਉਹ ਉੱਥੋਂ ਦੀ ਪੱਕੀ ਨਾਗਰਿਕਤਾ ਲਈ ਵੀ ਦਾਅਵਾ ਪੇਸ਼ ਕਰ ਸਕਦਾ ਹੈ।**


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !


ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਰੂਸ-ਯੂਕਰੇਨ ਜੰਗ ਦੌਰਾਨ ਬੇਲਾਰੂਸ ਵਿਚ ਰੂਸੀ ਪ੍ਰਮਾਣੂ ਹਥਿਆਰਾਂ ਦੀ ਤਾਇਨਾਤੀ ਨੇ ਵਧਾਈ ਚਿੰਤਾ

## ✪ ਪੁਤਿਨ ਦੀ ਪਰਮਾਣੂ ਹਰਕਤ 'ਤੇ ਭੜਕਿਆ ਨਾਟੋ; ਦਿੱਤੀ ਹਿਰੋਸ਼ੀਮਾ ਵਰਗੀ ਤਬਾਹੀ ਦੀ ਚੇਤਾਵਨੀ!




**• ਨਿਊਜ਼ ਵਿਸ਼ਲੇਸ਼ਣ •**

ਰੂਸ ਅਤੇ ਯੂਕਰੇਨ ਵਿਚਾਲੇ ਫਰਵਰੀ 2022 ਤੋਂ ਚੱਲ ਰਹੀ ਜੰਗ ਹੁਣ ਇੱਕ ਬੇਹੱਦ ਖ਼ਤਰਨਾਕ ਮੋੜ 'ਤੇ ਪਹੁੰਚ ਗਈ ਹੈ। ਹਾਲ ਹੀ ਦੇ ਹਫ਼ਤਿਆਂ ਵਿੱਚ ਜੰਗ ਦੇ ਮੈਦਾਨ ਵਿੱਚ ਯੂਕਰੇਨ ਨੇ ਮਜ਼ਬੂਤ ਵਾਪਸੀ ਕੀਤੀ ਹੈ, ਜਿਸ ਕਾਰਨ ਬੌਖਲਾਏ ਰੂਸ ਵੱਲੋਂ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕੀਤੇ ਜਾਣ ਦਾ ਖ਼ਦਸ਼ਾ ਬਹੁਤ ਵੱਧ ਗਿਆ ਹੈ। ਇਸ ਦੌਰਾਨ ਨਾਟੋ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੱਤੀ ਹੈ।

'ਇੰਸਟੀਚਿਊਟ ਫਾਰ ਦ ਸਟੱਡੀ ਆਫ ਵਾਰ' ਦੀ ਰਿਪੋਰਟ ਮੁਤਾਬਕ, ਅਪ੍ਰੈਲ ਮਹੀਨੇ ਵਿੱਚ ਰੂਸੀ ਫੌਜ ਦੇ ਹੱਥੋਂ 116 ਵਰਗ ਕਿਲੋਮੀਟਰ ਦਾ ਇਲਾਕਾ ਨਿਕਲ ਗਿਆ ਸੀ। ਯੂਕਰੇਨ ਦੇ ਲੰਬੀ ਦੂਰੀ ਦੇ ਡਰੋਨਾਂ ਅਤੇ ਮਿਜ਼ਾਈਲਾਂ ਨੇ ਰੂਸ ਦੇ ਅੰਦਰੂਨੀ ਹਿੱਸਿਆਂ, ਤੇਲ ਖੇਤਰਾਂ ਅਤੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਰੂਸ ਦੀ ਫੌਜੀ ਕਾਰਵਾਈ ਦੀ ਰਫ਼ਤਾਰ ਹੁਣ ਮੱਠੀ ਪੈ ਰਹੀ ਹੈ, ਜਿਸ ਕਾਰਨ ਯੂਰਪ ਵਿੱਚ 1945 ਦੇ 'ਹਿਰੋਸ਼ੀਮਾ' ਵਰਗੇ ਪਰਮਾਣੂ ਹਮਲੇ ਦਾ ਡਰ ਮੁੜ ਪੈਦਾ ਹੋ ਗਿਆ ਹੈ।

ਰੂਸ ਕੋਲ ਦੁਨੀਆ ਵਿੱਚ ਸਭ ਤੋਂ ਵੱਧ 5,400 ਤੋਂ ਜ਼ਿਆਦਾ ਪ੍ਰਮਾਣੂ ਹਥਿਆਰ ਹਨ। ਰੂਸੀ ਰੱਖਿਆ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਉਸਨੇ ਆਪਣੀਆਂ 'ਇਸਕੰਦਰ-ਐਮ' ਮਿਜ਼ਾਈਲ ਪ੍ਰਣਾਲੀਆਂ ਲਈ ਪਰਮਾਣੂ ਹਥਿਆਰ ਗੁਆਂਢੀ ਦੇਸ਼ ਬੇਲਾਰੂਸ ਵਿੱਚ ਤਾਇਨਾਤ ਕਰ ਦਿੱਤੇ ਹਨ। ਇਸ ਪਰਮਾਣੂ ਅਭਿਆਸ ਵਿੱਚ 64,000 ਫੌਜੀ, 200 ਤੋਂ ਵੱਧ ਮਿਜ਼ਾਈਲ ਲਾਂਚਰ, 140 ਡਰੋਨ ਅਤੇ 13 ਪਣਡੁੱਬੀਆਂ (ਜਿਨ੍ਹਾਂ ਵਿੱਚੋਂ 8 ਮਿਜ਼ਾਈਲਾਂ ਨਾਲ ਲੈਸ ਹਨ) ਹਿੱਸਾ ਲੈ ਰਹੀਆਂ ਹਨ। ਯੂਕਰੇਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਨਾਟੋ ਦੀਆਂ ਸਰਹੱਦਾਂ ਦੇ ਨੇੜੇ ਬੇਲਾਰੂਸ ਨੂੰ ਪ੍ਰਮਾਣੂ ਅੱਡਾ ਬਣਾਉਣਾ ਵਿਸ਼ਵ ਸੁਰੱਖਿਆ ਲਈ ਇੱਕ ਬਹੁਤ ਵੱਡੀ ਚੁਣੌਤੀ ਹੈ।

ਰੂਸ ਦੇ ਇਸ ਕਦਮ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਨਾਟੋ ਦੇ ਜਨਰਲ ਸਕੱਤਰ ਮਾਰਕ ਰੁਟ ਨੇ ਮਾਸਕੋ ਨੂੰ ਬੇਹੱਦ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ ਕਿ ਜੇਕਰ ਰੂਸ ਨੇ ਯੂਕਰੇਨ ਖ਼ਿਲਾਫ਼ ਪਰਮਾਣੂ ਹਥਿਆਰਾਂ ਦੀ ਵਰਤੋਂ ਕੀਤੀ, ਤਾਂ ਉਸ ਨੂੰ ਇਸ ਦੇ ਭਿਆਨਕ ਅਤੇ ਵਿਨਾਸ਼ਕਾਰੀ ਨਤੀਜੇ ਭੁਗਤਣੇ ਪੈਣਗੇ। ਨਾਟੋ ਦੀ ਹਰ ਹਰਕਤ 'ਤੇ ਨਜ਼ਰ ਹੈ ਅਤੇ ਪੁਤਿਨ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਨਾਟੋ ਇਸ ਦਾ ਬਹੁਤ ਕਰਾਰਾ ਜਵਾਬ ਦੇਵੇਗਾ।

ਯੂਕਰੇਨ ਦੀਆਂ ਖੁਫੀਆ ਰਿਪੋਰਟਾਂ ਮੁਤਾਬਕ, ਰੂਸੀ ਫੌਜ ਬੇਲਾਰੂਸ ਦੇ ਰਸਤੇ ਉੱਤਰੀ ਯੂਕਰੇਨ ਵਿੱਚ ਇੱਕ ਨਵਾਂ ਮੋਰਚਾ ਖੋਲ੍ਹਣ ਅਤੇ ਰਾਜਧਾਨੀ ਕੀਵ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੀ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਉੱਚ ਫੌਜੀ ਕਮਾਂਡਰਾਂ ਨਾਲ ਇਸ ਖ਼ਤਰੇ ਨਾਲ ਨਜਿੱਠਣ ਲਈ ਬੈਠਕ ਕੀਤੀ ਹੈ। ਯੂਕਰੇਨ ਦੀ ਫੌਜ ਦੇ ਕਮਾਂਡਰ ਓਲੇਕਜ਼ੈਂਡਰ ਸਿਰਸਕੀ ਨੇ ਵੀ ਪੁਸ਼ਟੀ ਕੀਤੀ ਹੈ ਕਿ ਬੇਲਾਰੂਸ ਵਿੱਚ ਪਰਮਾਣੂ ਹਥਿਆਰ ਪਹੁੰਚਣ ਨਾਲ ਜੰਗ ਦਾ ਦਾਇਰਾ ਵਧਣ ਦਾ ਖ਼ਤਰਾ ਬਹੁਤ ਜ਼ਿਆਦਾ ਵੱਧ ਗਿਆ ਹੈ।

# ਨਸ਼ਿਆਂ ਵਿਰੁੱਧ ਵੱਡੀ ਸਫ਼ਲਤਾ: ਕਾਊਂਟਰ ਇੰਟੈਲੀਜੈਂਸ ਮੋਗਾ ਵੱਲੋਂ 28 ਕਿੱਲੋ ਹੈਰੋਇਨ ਅਤੇ ਪਿਸਤੌਲ ਸਮੇਤ 4 ਤਸਕਰ ਗ੍ਰਿਫ਼ਤਾਰ

ਫ਼ਿਰੋਜ਼ਪੁਰ/ਮੋਗਾ-ਪੰਜਾਬ ਸਰਕਾਰ ਵੱਲੋਂ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਾਊਂਟਰ ਇੰਟੈਲੀਜੈਂਸ ਮੋਗਾ ਦੀ ਟੀਮ ਨੂੰ ਇੱਕ ਬਹੁਤ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲਿਸ ਨੇ ਬੀਤੇ ਕੁਝ ਮਹੀਨਿਆਂ ਦੀ ਸਭ ਤੋਂ ਵੱਡੀ ਬਰਾਮਦਗੀ ਕਰਦੇ ਹੋਏ 28 ਕਿੱਲੋ ਹੈਰੋਇਨ, ਇੱਕ ਪਿਸਤੌਲ ਅਤੇ ਵੱਡੀ ਮਾਤਰਾ ਵਿੱਚ ਡਰੱਗ ਮਨੀ ਸਮੇਤ ਚਾਰ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਸੂਤਰਾਂ ਮੁਤਾਬਕ ਤਸਕਰਾਂ ਕੋਲੋਂ ਇੱਕ ਪੂਰੀ ਬੋਰੀ ਡਰੱਗ ਮਨੀ (ਨਸ਼ੇ ਦੀ ਕਮਾਈ) ਦੀ ਬਰਾਮਦ ਹੋਈ ਹੈ, ਹਾਲਾਂਕਿ ਪੁਲਿਸ ਵੱਲੋਂ ਫਿਲਹਾਲ ਇਸਦੀ ਰਕਮ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ। ਵਿਭਾਗੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਕਾਊਂਟਰ ਇੰਟੈਲੀਜੈਂਸ ਮੋਗਾ ਦੀ ਟੀਮ ਨੂੰ ਪੁਖ਼ਤਾ ਖ਼ਬਰ ਮਿਲੀ ਸੀ ਕਿ ਫ਼ਿਰੋਜ਼ਪੁਰ ਦੇ ਸਰਹੱਦੀ ਇਲਾਕੇ ਗੁਰੂਹਰਸਹਾਏ ਵਿੱਚ ਹੈਰੋਇਨ ਦੀ ਇੱਕ ਬਹੁਤ ਵੱਡੀ ਖੇਪ ਪਹੁੰਚਣ ਵਾਲੀ ਹੈ। ਇਸ ਸੂਚਨਾ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਸੀ.ਆਈ. ਮੋਗਾ ਦੀ ਟੀਮ ਨੇ ਫ਼ਿਰੋਜ਼ਪੁਰ-ਫ਼ਾਜ਼ਿਲਕਾ ਰੋਡ ਦੇ ਨਜ਼ਦੀਕ ਪਿੰਡ ਜੌਣੇ ਸਿੰਘ ਵਾਲਾ ਤੋਂ ਬੋਘੀ ਵਾਲਾ ਰੋਡ 'ਤੇ ਜਾਲ (ਟਰੈਪ) ਵਿਛਾਇਆ। ਇਸ ਦੌਰਾਨ ਟੀਮ ਨੇ ਚਾਰ ਨਸ਼ਾ ਤਸਕਰਾਂ ਨੂੰ ਘੇਰ ਕੇ ਕਾਬੂ ਕਰ ਲਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਭਾਰੀ ਮਾਤਰਾ ਵਿਚ ਹੈਰੋਇਨ ਬਰਾਮਦ ਕੀਤੀ। ਗ੍ਰਿਫ਼ਤਾਰ ਕੀਤੇ ਗਏ ਤਸਕਰਾਂ ਦੀ ਪਛਾਣ ਬਗੀਚਾ ਸਿੰਘ ਪੁੱਤਰ ਫ਼ਿਰੋਜ਼ਪੁਰ, ਸਾਜਨ ਗੁਰੂਹਰਸਹਾਏ, ਫ਼ਿਰੋਜ਼ਪੁਰ, ਭੁਪਿੰਦਰ ਸਿੰਘ ਫ਼ਿਰੋਜ਼ਪੁਰ, ਰਿੰਕੂ ਫ਼ਿਰੋਜ਼ਪੁਰ ਵਜੋਂ ਹੋਈ।

ਪੁਲਿਸ ਹੁਣ ਇਸ ਗੱਲ ਦੀ ਬਾਰੀਕੀ ਨਾਲ ਤਫ਼ਤੀਸ਼ ਕਰ ਰਹੀ ਹੈ ਕਿ ਹੈਰੋਇਨ ਦੀ ਇਹ ਵੱਡੀ ਖੇਪ ਸਰਹੱਦ ਪਾਰ ਤੋਂ ਡਰੋਨ ਰਾਹੀਂ ਸੁੱਟੀ ਗਈ ਸੀ ਜਾਂ ਫਿਰ ਗੁਜਰਾਤ ਦੇ ਸਮੁੰਦਰੀ ਰਸਤੇ ਰਾਹੀਂ ਵਾਇਆ ਅਬੋਹਰ-ਫ਼ਾਜ਼ਿਲਕਾ ਹੁੰਦੀ ਹੋਈ ਫ਼ਿਰੋਜ਼ਪੁਰ ਪਹੁੰਚੀ ਹੈ। ਅਧਿਕਾਰੀਆਂ ਮੁਤਾਬਕ, ਅਕਸਰ ਐਨੀ ਵੱਡੀ ਮਾਤਰਾ ਵਿੱਚ ਆਉਣ ਵਾਲੀ ਹੈਰੋਇਨ ਸਮੁੰਦਰੀ ਰਸਤੇ ਰਾਹੀਂ ਹੀ ਸਪਲਾਈ ਹੁੰਦੀ ਹੈ।

# ਵ੍ਹਾਈਟ ਹਾਊਸ ਦੇ ਬਾਹਰ 30 ਰਾਊਂਡ ਫਾਇਰਿੰਗ

## ✪ ਰਾਸ਼ਟਰਪਤੀ ਡੋਨਾਲਡ ਟਰੰਪ ਫਿਰ ਨਿਸ਼ਾਨੇ 'ਤੇ? ਹਮਲਾਵਰ ਢੇਰ, ਇਲਾਕੇ ਵਿਚ ਮਚੀ ਤੜਥਲੀ

ਵਾਸ਼ਿੰਗਟਨ-ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਵ੍ਹਾਈਟ ਹਾਊਸ ਦੇ ਬਿਲਕੁਲ ਬਾਹਰ ਹੋਈ ਅੰਧਾਧੁੰਦ ਗੋਲੀਬਾਰੀ ਦੀ ਘਟਨਾ ਨੇ ਪੂਰੀ ਦੁਨੀਆ ਵਿੱਚ ਸਨਸਨੀ ਫੈਲਾ ਦਿੱਤੀ ਹੈ। ਬੀਤੇ ਦਿਨੀ ਇੱਕ ਸ਼ੱਕੀ ਹਮਲਾਵਰ ਨੇ ਵ੍ਹਾਈਟ ਹਾਊਸ ਦੇ ਸੁਰੱਖਿਆ ਚੈੱਕਪੁਆਇੰਟ ਦੇ ਨੇੜੇ ਲਗਭਗ 30 ਰਾਊਂਡ ਫਾਇਰਿੰਗ ਕੀਤੀ।

ਯੂ.ਐੱਸ. ਸੀਕਰੇਟ ਸਰਵਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਜਵਾਬੀ ਕਾਰਵਾਈ ਵਿੱਚ ਹਮਲਾਵਰ ਨੂੰ ਮੌਕੇ 'ਤੇ ਹੀ ਗੋਲੀ ਮਾਰ ਦਿੱਤੀ, ਜਿਸਦੀ ਬਾਅਦ ਵਿੱਚ ਹਸਪਤਾਲ ਵਿੱਚ ਮੌਤ ਹੋ ਗਈ। ਜਿਸ ਵੇਲੇ ਇਹ ਖ਼ੌਫ਼ਨਾਕ ਘਟਨਾ ਵਾਪਰੀ, ਉਸ ਵੇਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵ੍ਹਾਈਟ ਹਾਊਸ ਦੇ ਅੰਦਰ ਹੀ ਮੌਜੂਦ ਸਨ। ਉਹ ਪੂਰੀ ਤਰ੍ਹਾਂ ਸੁਰੱਖਿਅਤ ਹਨ। ਇਸ ਗੋਲੀਬਾਰੀ ਦੌਰਾਨ ਉੱਥੇ ਮੌਜੂਦ ਇੱਕ ਆਮ ਨਾਗਰਿਕ ਨੂੰ ਵੀ ਗੋਲੀ ਲੱਗੀ ਹੈ, ਜਿਸਦਾ ਇਲਾਜ ਜਾਰੀ ਹੈ। ਕਿਸੇ ਵੀ ਸੁਰੱਖਿਆ ਕਰਮੀ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ।

ਟਰੰਪ ਨਿਸ਼ਾਨੇ 'ਤੇ ਕਿਉਂ?-ਏ. ਐੱਫ. ਪੀ. ਦੀ ਰਿਪੋਰਟ ਮੁਤਾਬਕ, ਜਦੋਂ ਬਾਹਰ ਗੋਲੀਆਂ ਚੱਲ ਰਹੀਆਂ ਸਨ, ਟਰੰਪ ਵ੍ਹਾਈਟ ਹਾਊਸ ਦੇ ਅੰਦਰ ਈਰਾਨ ਨਾਲ ਕਿਸੇ ਅਹਿਮ ਸਮਝੌਤੇ ਨੂੰ ਲੈ ਕੇ ਕੰਮ ਕਰ ਰਹੇ ਸਨ। ਹਾਲਾਂਕਿ ਹਮਲਾਵਰ ਦੇ ਅਸਲ ਮਨੋਰਥ (ਕਾਰਨ) ਅਤੇ ਉਸਦੀ ਪਛਾਣ ਬਾਰੇ ਅਜੇ ਅਧਿਕਾਰਤ ਜਾਂਚ ਚੱਲ ਰਹੀ ਹੈ, ਪਰ ਵ੍ਹਾਈਟ ਹਾਊਸ ਦੇ ਇੰਨੇ ਨੇੜੇ ਆ ਕੇ 30 ਰਾਊਂਡ ਫਾਇਰਿੰਗ ਕਰਨਾ ਵੱਡੇ ਸਵਾਲ ਖੜ੍ਹੇ ਕਰਦਾ ਹੈ। ਕੀ ਹਮਲਾਵਰ ਦਾ ਸਿੱਧਾ ਨਿਸ਼ਾਨਾ ਰਾਸ਼ਟਰਪਤੀ ਟਰੰਪ ਸਨ? ਕੀ ਇਹ ਅਮਰੀਕੀ ਰਾਸ਼ਟਰਪਤੀ ਦੀ ਸੁਰੱਖਿਆ ਵਿੱਚ ਇੱਕ ਹੋਰ ਵੱਡੀ ਚੂਕ ਹੈ? ਇਹ ਸਵਾਲ ਇਸ ਲਈ ਉੱਠ ਰਹੇ ਹਨ ਕਿਉਂਕਿ ਇੱਕ ਮਹੀਨੇ ਦੇ ਅੰਦਰ ਟਰੰਪ ਨੂੰ ਘੇਰਨ ਦੀ ਇਹ ਦੂਜੀ ਕੋਸ਼ਿਸ਼ ਹੈ।

ਇੱਕ ਮਹੀਨੇ ਵਿੱਚ ਦੂਜੀ ਘਟਨਾ: ਇਸ ਤੋਂ ਠੀਕ ਇੱਕ ਮਹੀਨਾ ਪਹਿਲਾਂ 'ਵ੍ਹਾਈਟ ਹਾਊਸ ਕਾਰਸਪੋਂਡੈਂਟਸ ਡਿਨਰ' ਦੌਰਾਨ ਵਾਸ਼ਿੰਗਟਨ ਹਿਲਟਨ ਹੋਟਲ ਦੇ ਅੰਦਰ ਵੀ ਗੋਲੀਬਾਰੀ ਹੋਈ ਸੀ, ਜਿੱਥੇ ਟਰੰਪ ਮੌਜੂਦ ਸਨ। ਉਸ ਵੇਲੇ ਕੋਲ ਥਾਮਸ ਐਲਨ ਨਾਮ ਦਾ ਸ਼ੱਕੀ ਸ਼ਾਟਗਨ ਲੈ ਕੇ ਸੁਰੱਖਿਆ ਘੇਰਾ ਤੋੜਨ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸ ਤੋਂ ਬਾਅਦ ਟਰੰਪ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ। ਗੋਲੀਬਾਰੀ ਤੋਂ ਤੁਰੰਤ ਬਾਅਦ ਵ੍ਹਾਈਟ ਹਾਊਸ ਕੰਪਲੈਕਸ ਵਿੱਚ ਅਫ਼ਰਾ-ਤਫ਼ਰੀ ਮੱਚ ਗਈ। ਸੀਕਰੇਟ ਸਰਵਿਸ ਦੇ ਏਜੰਟਾਂ ਨੇ ਉੱਥੇ ਮੌਜੂਦ ਪੱਤਰਕਾਰਾਂ ਅਤੇ ਸਟਾਫ਼ ਨੂੰ "ਨੀਚੇ ਝੁਕਣ" ਦੇ ਨਿਰਦੇਸ਼ ਦਿੱਤੇ। ਇਲਾਕੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਅਤੇ ਨੈਸ਼ਨਲ ਗਾਰਡ ਦੇ ਜਵਾਨਾਂ ਨੇ ਮੋਰਚਾ ਸੰਭਾਲ ਲਿਆ। ਕਰੀਬ 40 ਮਿੰਟ ਤੱਕ ਵ੍ਹਾਈਟ ਹਾਊਸ ਅੰਦਰ ਲੌਕਡਾਊਨ ਵਰਗੀ ਸਥਿਤੀ ਰਹੀ। ਫਿਲਹਾਲ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ, ਪਰ ਇਸ ਹਮਲੇ ਨੇ ਅਮਰੀਕੀ ਸੁਰੱਖਿਆ ਏਜੰਸੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪੁਲਿਸ ਅਤੇ ਖੁਫੀਆ ਏਜੰਸੀਆਂ ਇਸ ਗੱਲ ਦੀ ਬਾਰੀਕੀ ਨਾਲ ਜਾਂਚ ਕਰ ਰਹੀਆਂ ਹਨ ਕਿ ਹਮਲਾਵਰ ਕੌਣ ਸੀ ਅਤੇ ਉਸਦਾ ਅਸਲ ਮਕਸਦ ਕੀ ਸੀ।

# ਸਿੱਖ ਪੰਥ ਲਈ ਮਾਣ ਦੇ ਪਲ: ਡਾ. ਗੁਨੀਸ਼ਾ ਕੌਰ ਯੂ. ਐੱਸ. ਫੈਡਰਲ ਪੈਨਲ ਲਈ ਨਾਮਜ਼ਦ

## ✪ ਅਮਰੀਕੀ ਧਾਰਮਿਕ ਸੁਤੰਤਰਤਾ ਕਮਿਸ਼ਨ 'ਚ ਪਹਿਲੀ ਵਾਰ ਹੋਈ ਕਿਸੇ ਸਿੱਖ ਦੀ ਐਂਟਰੀ



## ਸਿੱਖ ਫਲਸਫੇ 'ਸਰਬੱਤ ਦਾ ਭਲਾ' ਦੀ ਅੰਤਰਰਾਸ਼ਟਰੀ ਜਿੱਤ

ਸਿੱਖ ਧਰਮ ਦਾ ਬੁਨਿਆਦੀ ਸਿਧਾਂਤ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਅਤੇ "ਸਰਬੱਤ ਦਾ ਭਲਾ" ਹੈ। ਵਿਸ਼ਵ ਪੱਧਰ 'ਤੇ ਜਿੱਥੇ ਧਾਰਮਿਕ ਅਸਹਿਣਸ਼ੀਲਤਾ ਅਤੇ ਘੱਟਗਿਣਤੀਆਂ 'ਤੇ ਹਮਲੇ ਵਧ ਰਹੇ ਹਨ, ਉੱਥੇ ਇੱਕ ਸਿੱਖ ਮਾਹਿਰ ਦਾ ਇਸ ਪੈਨਲ ਵਿੱਚ ਹੋਣਾ ਬੇਹੱਦ ਅਹਿਮ ਹੈ। ਡਾ. ਕੌਰ ਕੋਲ ਅਕਾਦਮਿਕ ਖੋਜ ਅਤੇ ਜ਼ਮੀਨੀ ਹਕੀਕਤਾਂ ਦਾ ਜੋ ਸੁਮੇਲ ਹੈ, ਉਹ ਕਮਿਸ਼ਨ ਦੇ ਕੰਮਕਾਜ ਨੂੰ ਇੱਕ ਨਵੀਂ ਦਿਸ਼ਾ ਦੇਵੇਗਾ ਅਤੇ ਪੀੜਤਾਂ ਦੇ ਦਰਦ ਨੂੰ ਅਮਰੀਕੀ ਵਿਦੇਸ਼ ਨੀਤੀ ਦੇ ਮੇਜ਼ ਤੱਕ ਪਹੁੰਚਾਏਗਾ।

ਇਹ ਪ੍ਰਾਪਤੀ ਸਾਬਤ ਕਰਦੀ ਹੈ ਕਿ ਭਾਵੇਂ ਸਾਡੀਆਂ ਰਵਾਇਤੀ ਧਾਰਮਿਕ ਅਤੇ ਸਿਆਸੀ ਜਥੇਬੰਦੀਆਂ ਅੱਜ ਦਿਸ਼ਾਹੀਣ ਨਜ਼ਰ ਆ ਰਹੀਆਂ ਹੋਣ, ਪਰ ਕੌਮ ਦਾ ਅਸਲ ਸਰਮਾਇਆ ਉਹ ਪੜ੍ਹੇ-ਲਿਖੇ ਨੌਜਵਾਨ ਅਤੇ ਪੇਸ਼ੇਵਰ ਹਨ ਜੋ ਦੇਸ਼-ਵਿਦੇਸ਼ ਵਿੱਚ ਉੱਚ ਸਿੱਖਿਆ ਅਤੇ ਮਾਨਵਤਾ ਦੀ ਸੇਵਾ ਰਾਹੀਂ ਗੁਰੂ ਦੇ ਫਲਸਫੇ ਨੂੰ ਅੱਗੇ ਵਧਾ ਰਹੇ ਹਨ।

ਸਿੱਖੀ ਦੀਆਂ ਜੜ੍ਹਾਂ ਕਿਰਤ, ਨਾਮ ਸਿਮਰਨ ਅਤੇ ਨਿਸ਼ਕਾਮ ਸੇਵਾ 'ਤੇ ਟਿਕੀਆਂ ਹਨ, ਜਿਸ ਨੂੰ ਕੋਈ ਵੀ ਸਿਆਸੀ ਖੜੋਤ ਮਿਟਾ ਨਹੀਂ ਸਕਦੀ। ਅੱਜ ਲੋੜ ਇਸ ਗੱਲ ਦੀ ਹੈ ਕਿ ਸਿੱਖ ਭਾਈਚਾਰਾ ਅਜਿਹੀਆਂ ਕਾਬਲ ਅਤੇ ਪੰਥਕ ਜਜ਼ਬੇ ਨਾਲ ਲਬਰੇਜ਼ ਸ਼ਖ਼ਸੀਅਤਾਂ ਨੂੰ ਪਛਾਣੇ ਅਤੇ ਉਨ੍ਹਾਂ ਨੂੰ ਅਗਵਾਈ ਦੇ ਮੌਕੇ ਦੇਵੇ, ਤਾਂ ਜੋ ਕੌਮ ਦਾ ਭਵਿੱਖ ਚੜ੍ਹਦੀ ਕਲਾ ਵੱਲ ਵਧ ਸਕੇ।

ਵਾਸ਼ਿੰਗਟਨ/ਨਿਊਯਾਰਕ-ਅਮਰੀਕਾ ਤੋਂ ਸਿੱਖ ਜਗਤ ਅਤੇ ਪੰਜਾਬੀਆਂ ਲਈ ਇੱਕ ਬੇਹੱਦ ਮਾਣ ਵਾਲੀ ਅਤੇ ਇਤਿਹਾਸਕ ਖ਼ਬਰ ਸਾਹਮਣੇ ਆਈ ਹੈ। ਉੱਘੇ ਮਨੁੱਖੀ ਅਧਿਕਾਰ ਖੋਜਕਰਤਾ ਡਾ. ਗੁਨੀਸ਼ਾ ਕੌਰ ਨੂੰ ਅਮਰੀਕੀ ਸੰਘੀ ਪੈਨਲ 'ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ' ਲਈ ਨਾਮਜ਼ਦ ਕੀਤਾ ਗਿਆ ਹੈ। ਅਮਰੀਕੀ ਸੈਨੇਟਰ ਚਾਰਲਸ ਸ਼ੂਮਰ ਵੱਲੋਂ ਲਿਆ ਗਿਆ ਇਹ ਫੈਸਲਾ ਇਤਿਹਾਸਕ ਹੈ, ਕਿਉਂਕਿ ਇਸ ਸ਼ਕਤੀਸ਼ਾਲੀ 9-ਮੈਂਬਰੀ ਕਮਿਸ਼ਨ ਵਿੱਚ ਸ਼ਾਮਲ ਹੋਣ ਵਾਲੀ ਉਹ ਪਹਿਲੀ ਸਿੱਖ ਬਣ ਗਈ ਹੈ।

ਡਾ. ਗੁਨੀਸ਼ਾ ਕੌਰ ਦੀ ਇਹ ਨਿਯੁਕਤੀ ਅਜਿਹੇ ਸਮੇਂ ਹੋਈ ਹੈ ਜਦੋਂ ਅਕਸਰ ਸਿੱਖ ਲੀਡਰਸ਼ਿਪ ਦੇ ਕਿਰਦਾਰ ਵਿੱਚ ਨਿਘਾਰ ਅਤੇ ਪੰਥਕ ਸੰਸਥਾਵਾਂ ਵਿੱਚ ਖੜੋਤ ਦੀ ਚਿੰਤਾ ਜਤਾਈ ਜਾਂਦੀ ਹੈ। ਪਰ ਇਸ ਇਤਿਹਾਸਕ ਪ੍ਰਾਪਤੀ ਨੇ ਸਾਬਤ ਕਰ ਦਿੱਤਾ ਹੈ ਕਿ ਰਵਾਇਤੀ ਸਿਆਸਤ ਤੋਂ ਦੂਰ, ਗੁਰੂ ਦੇ ਸਿੱਖ ਆਪਣੀ ਕਾਬਲੀਅਤ ਅਤੇ ਨਿਸ਼ਕਾਮ ਸੇਵਾ ਸਦਕਾ ਅੱਜ ਵੀ ਪੂਰੀ ਦੁਨੀਆ ਵਿੱਚ ਪੰਥ ਦੀ ਚੜ੍ਹਦੀ ਕਲਾ ਦਾ ਲੋਹਾ ਮਨਵਾ ਰਹੇ ਹਨ।

ਡਾ. ਗੁਨੀਸ਼ਾ ਕੌਰ ਪੇਸ਼ੇ ਤੋਂ ਇੱਕ ਪ੍ਰਸਿੱਧ ਐਨਸਥੀਸੀਓਲੋਜਿਸਟ ਅਤੇ ਮੈਡੀਕਲ ਐਂਥਰੋਪੋਲੋਜਿਸਟ (ਮਾਨਵ ਵਿਗਿਆਨੀ) ਹਨ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸ਼ਰਨਾਰਥੀਆਂ, ਪ੍ਰਵਾਸੀਆਂ ਅਤੇ ਆਸਰਾ ਮੰਗਣ ਵਾਲੇ ਉਜੜੇ ਹੋਏ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਉਨ੍ਹਾਂ ਦੀ ਸਿਹਤ ਲਈ ਸਮਰਪਿਤ ਕੀਤੀ ਹੈ।

ਮੌਜੂਦਾ ਅਹੁਦੇ: ਉਹ ਇਸ ਸਮੇਂ ਵੇਲ ਕਾਰਨਲ ਮੈਡੀਕਲ ਕਾਲਜ ਵਿੱਚ ਐਨਸਥੀਸੀਓਲੋਜੀ ਦੀ ਐਸੋਸੀਏਟ ਪ੍ਰੋਫੈਸਰ ਹਨ। ਇਸ ਤੋਂ ਇਲਾਵਾ ਉਹ 'ਐਨਸਥੀਸੀਓਲੋਜੀ ਗਲੋਬਲ ਹੈਲਥ ਇਨੀਸ਼ੀਏਟਿਵ' ਦੀ ਡਾਇਰੈਕਟਰ, 'ਹਿਊਮਨ ਰਾਈਟਸ ਇਮਪੈਕਟ ਲੈਬ' ਦੀ ਸੰਸਥਾਪਕ ਡਾਇਰੈਕਟਰ ਅਤੇ 'ਵੇਲ ਕਾਰਨਲ ਸੈਂਟਰ ਫਾਰ ਹਿਊਮਨ ਰਾਈਟਸ' ਦੀ ਮੈਡੀਕਲ ਡਾਇਰੈਕਟਰ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਉਨ੍ਹਾਂ ਨੇ ਆਪਣੀ ਗ੍ਰੈਜੂਏਸ਼ਨ ਕਾਰਨਲ ਯੂਨੀਵਰਸਿਟੀ ਤੋਂ ਕੀਤੀ ਅਤੇ ਵਿਸ਼ਵ ਪ੍ਰਸਿੱਧ ਹਾਰਵਰਡ ਯੂਨੀਵਰਸਿਟੀ ਤੋਂ ਮੈਡੀਕਲ ਐਂਥਰੋਪੋਲੋਜੀ ਵਿੱਚ ਮਾਸਟਰਜ਼ ਦੀ ਡਿਗਰੀ ਹਾਸਲ ਕੀਤੀ ਸੀ ।

ਉਨ੍ਹਾਂ ਦੇ ਖੋਜ ਕਾਰਜਾਂ ਨੂੰ ਅਮਰੀਕਾ ਦੇ 'ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ', 'ਨੈਸ਼ਨਲ ਅਕੈਡਮੀ ਆਫ਼ ਮੈਡੀਸਨ' ਵਰਗੀਆਂ ਸਰਵਉੱਚ ਸੰਸਥਾਵਾਂ ਵੱਲੋਂ ਵੱਡੀ ਵਿੱਤੀ ਸਹਾਇਤਾ ਅਤੇ ਮਾਨਤਾ ਮਿਲ ਚੁੱਕੀ ਹੈ।

### ਕੀ ਹੈ ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ'?

'ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ ਦੀ ਸਥਾਪਨਾ ਅਮਰੀਕੀ ਸੰਸਦ ਦੁਆਰਾ 1998 ਦੇ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਐਕਟ ਤਹਿਤ ਕੀਤੀ ਗਈ ਸੀ। ਇਹ ਇੱਕ 9-ਮੈਂਬਰੀ ਸੁਤੰਤਰ ਸੰਘੀ ਸੰਸਥਾ ਹੈ, ਜਿਸਦੇ ਮੈਂਬਰਾਂ ਦੀ ਨਿਯੁਕਤੀ ਸਿੱਧੇ ਅਮਰੀਕੀ ਰਾਸ਼ਟਰਪਤੀ ਅਤੇ ਸੰਸਦ (ਕਾਂਗਰਸ) ਦੀ ਲੀਡਰਸ਼ਿਪ ਦੁਆਰਾ ਕੀਤੀ ਜਾਂਦੀ ਹੈ। ਇਸ ਕਮਿਸ਼ਨ ਦਾ ਮੁੱਖ ਕੰਮ ਦੁਨੀਆ ਭਰ ਵਿੱਚ ਧਾਰਮਿਕ ਆਜ਼ਾਦੀ ਦੀ ਸਥਿਤੀ ਦੀ ਨਿਗਰਾਨੀ ਕਰਨਾ ਅਤੇ ਅਮਰੀਕੀ ਰਾਸ਼ਟਰਪਤੀ, ਵਿਦੇਸ਼ ਮੰਤਰਾਲੇ ਤੇ ਕਾਂਗਰਸ ਨੂੰ ਵਿਦੇਸ਼ ਨੀਤੀ ਬਣਾਉਣ ਲਈ ਅਹਿਮ ਸਿਫ਼ਾਰਸ਼ਾਂ ਭੇਜਣਾ ਹੈ।

# ਵਿਆਹ ਤੋਂ ਇਨਕਾਰ ਕਰਨ 'ਤੇ ਕੁੜੀ ਦੀ ਬ੍ਰੈਸਟ ਨੂੰ ਪਹੁੰਚਾਇਆ ਨੁਕਸਾਨ

## ✪ ਮਾਮਲਾ ਭਖਣ ਮਗਰੋਂ ਲੱਗੀਆਂ ਜਿਨਸੀ ਹਿੰਸਾ ਦੀਆਂ ਧਾਰਾਵਾਂ, ਮੁਲਜ਼ਮ ਗ੍ਰਿਫ਼ਤਾਰ

ਹਰਦੋਈ (ਉੱਤਰ ਪ੍ਰਦੇਸ਼)-ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਵਿੱਚ ਇੱਕ ਬੇਹੱਦ ਹੈਰਾਨੀਜਨਕ ਅਤੇ ਦਿਲ ਦਹਿਲਾਉਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ 24 ਸਾਲਾ ਨੌਜਵਾਨ ਵੱਲੋਂ ਵਿਆਹ ਤੋਂ ਇਨਕਾਰ ਕਰਨ 'ਤੇ ਇੱਕ ਕੁੜੀ ਨਾਲ ਬੇਰਹਿਮੀ ਨਾਲ ਕੁੱਟਮਾਰ ਕਰਨ ਅਤੇ ਉਸਦੀ ਬ੍ਰੈਸਟ ਨੂੰ ਗੰਭੀਰ ਸੱਟ ਪਹੁੰਚਾਉਣ ਦੇ ਇਲਜ਼ਾਮ ਲੱਗੇ ਹਨ। ਮਾਮਲਾ ਗੰਭੀਰ ਹੁੰਦਾ ਵੇਖ ਹਰਦੋਈ ਪੁਲਿਸ ਨੇ ਕਾਰਵਾਈ ਕਰਦੇ ਹੋਏ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਐੱਫ.ਆਈ.ਆਰ. ਵਿੱਚ ਜਿਨਸੀ ਉਤਪੀੜਨ ਸਣੇ ਹੋਰ ਕਈ ਗੰਭੀਰ ਧਾਰਾਵਾਂ ਜੋੜ ਦਿੱਤੀਆਂ ਹਨ।

### ਕੀ ਹੈ ਪੂਰਾ ਮਾਮਲਾ?

ਇਹ ਘਟਨਾ 11 ਮਈ ਦੀ ਹੈ। ਪੀੜਤ ਕੁੜੀ ਦਿੱਲੀ ਵਿੱਚ ਆਪਣੀ ਵੱਡੀ ਭੈਣ ਨਾਲ ਰਹਿੰਦੀ ਹੈ ਅਤੇ 3 ਮਈ ਨੂੰ ਆਪਣੀ ਚਚੇਰੀ ਭੈਣ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਪਿੰਡ ਆਈ ਸੀ।

ਕੁੜੀ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ "ਰਾਤ ਕਰੀਬ 11 ਵਜੇ ਮੈਂ ਪਰਿਵਾਰ ਦੇ ਕਹਿਣ 'ਤੇ ਇਕੱਲੀ ਘਰ ਦੇਖਣ ਜਾ ਰਹੀ ਸੀ। ਰਸਤੇ ਵਿੱਚ ਮੁਲਜ਼ਮ ਨੇ ਮੇਰਾ ਮੂੰਹ ਦਬਾ ਕੇ ਮੈਨੂੰ ਇੱਕ ਸੁੰਨਸਾਨ ਥਾਂ 'ਤੇ ਲਿਜਾ ਕੇ ਦਰੱਖਤ ਨਾਲ ਬੰਨ੍ਹ ਦਿੱਤਾ। ਉਹ ਮੇਰੇ 'ਤੇ ਵਿਆਹ ਕਰਨ ਅਤੇ ਰੋਜ਼ ਮਿਲਣ ਦਾ ਦਬਾਅ ਬਣਾਉਣ ਲੱਗਾ। ਜਦੋਂ ਮੈਂ ਮਨ੍ਹਾ ਕੀਤਾ ਅਤੇ ਕਿਹਾ ਕਿ ਤੂੰ ਮੇਰਾ ਭਰਾ ਲੱਗਦਾ ਹੈਂ, ਤਾਂ ਉਸਨੇ ਮੇਰੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ ਮੇਰੀ ਬ੍ਰੈਸਟ (ਛਾਤੀ) ਨੂੰ ਗੰਭੀਰ ਸੱਟ ਪਹੁੰਚਾਈ।"

ਪਰਿਵਾਰ ਮੁਤਾਬਕ ਕੁੜੀ ਉਨ੍ਹਾਂ ਨੂੰ ਘਰ ਦੇ ਬਾਹਰ ਬੇਹੋਸ਼ੀ ਦੀ ਹਾਲਤ ਵਿੱਚ ਮਿਲੀ ਸੀ। ਹੋਸ਼ ਵਿੱਚ ਆਉਣ ਤੋਂ ਬਾਅਦ ਜਦੋਂ ਉਸਨੇ ਹੱਡਬੀਤੀ ਦੱਸੀ, ਤਾਂ ਪਰਿਵਾਰ ਵਾਲੇ ਪੁਲਿਸ ਕੋਲ ਪਹੁੰਚੇ।

### ਪੁਲਿਸ ਦੀ ਕਾਰਵਾਈ ਅਤੇ ਬੀ.ਐੱਨ.ਐੱਸ. ਦੀਆਂ ਧਾਰਾਵਾਂ

ਸ਼ੁਰੂਆਤ ਵਿੱਚ ਪੁਲਿਸ ਨੇ ਸਿਰਫ਼



ਕੁੱਟਮਾਰ ਦੀ ਰਿਪੋਰਟ ਦਰਜ ਕੀਤੀ ਸੀ, ਜਿਸ ਕਾਰਨ ਪਰਿਵਾਰ ਨੇ ਸੁਣਵਾਈ ਨਾ ਹੋਣ ਦੇ ਇਲਜ਼ਾਮ ਵੀ ਲਾਏ। ਪਰ ਮਾਮਲਾ ਗਰਮਾਉਣ ਅਤੇ ਦੁਬਾਰਾ ਮੈਡੀਕਲ ਕਰਵਾਏ ਜਾਣ ਤੋਂ ਬਾਅਦ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਦੀਆਂ ਕਈ ਸਖ਼ਤ ਧਾਰਾਵਾਂ ਜੋੜ ਦਿੱਤੀਆਂ ਹਨ।

### ਪੁਲਿਸ ਦਾ ਦਾਅਵਾ: 'ਪ੍ਰੇਮ ਪ੍ਰਸੰਗ' ਦਾ ਮਾਮਲਾ

ਦੂਜੇ ਪਾਸੇ, ਪੁਲਿਸ ਮੁਤਾਬਕ ਇਹ ਮਾਮਲਾ ਆਪਸੀ ਪ੍ਰੇਮ ਪ੍ਰਸੰਗ ਨਾਲ ਜੁੜਿਆ ਹੋਇਆ ਹੈ। ਦੋਵੇਂ ਪਹਿਲਾਂ ਹਰਿਆਣਾ ਵਿੱਚ ਮਜ਼ਦੂਰੀ ਕਰਦੇ ਸਨ ਅਤੇ ਪਿਛਲੇ 3 ਸਾਲਾਂ ਤੋਂ ਇੱਕ-ਦੂਜੇ ਦੇ ਸੰਪਰਕ ਵਿੱਚ ਸਨ। ਪੁਲਿਸ ਦਾ ਕਹਿਣਾ ਹੈ ਕਿ ਪਿੰਡ ਆਉਣ ਤੋਂ ਬਾਅਦ ਕਿਸੇ ਗੱਲ ਨੂੰ ਲੈ ਕੇ ਹੋਈ ਅਣਬਣ ਕਾਰਨ ਇਹ ਘਟਨਾ ਵਾਪਰੀ। ਪੁਲਿਸ ਮੁਤਾਬਕ ਅਗਵਾ ਕਰਨ ਜਾਂ ਜ਼ਬਰਦਸਤੀ ਵਿਆਹ ਦੇ ਦਬਾਅ ਵਾਲੇ ਤੱਥ ਅਜੇ ਤੱਕ ਜਾਂਚ ਵਿੱਚ ਸਹੀ ਨਹੀਂ ਪਾਏ ਗਏ ਹਨ। ਮੁਲਜ਼ਮ ਦੇ ਚਚੇਰੇ ਭਰਾ ਨੇ ਵੀ ਇਨ੍ਹਾਂ ਇਲਜ਼ਾਮਾਂ ਨੂੰ ਗਲਤ ਦੱਸਿਆ ਹੈ।

ਉਮਰ ਨੂੰ ਲੈ ਕੇ ਵੀ ਵਿਵਾਦ ਹੈ; ਪੁਲਿਸ ਕੁੜੀ ਦੀ ਉਮਰ 19 ਸਾਲ ਦੱਸ ਰਹੀ ਹੈ, ਜਦਕਿ ਪਰਿਵਾਰ ਮੁਤਾਬਕ ਕੁੜੀ ਦੀ ਉਮਰ 17 ਸਾਲ (ਨਾਬਾਲਗ) ਹੈ।

ਮਾਹਿਰਾਂ ਨੇ ਕਿਹਾ ਕਿ ਇਹ ਕਿਸੇ ਇੱਕ ਮਾਨਸਿਕ ਬਿਮਾਰੀ ਦਾ ਨਤੀਜਾ ਨਹੀਂ ਹੈ, ਸਗੋਂ ਔਰਤ ਨੂੰ ਆਪਣੀ ਜਾਇਦਾਦ ਸਮਝਣਾ, ਜ਼ਬਰਦਸਤੀ ਰਿਸ਼ਤਾ ਥੋਪਣਾ ਅਤੇ ਕਿਸੇ ਦੀ 'ਨਾ' (ਇਨਕਾਰ) ਨੂੰ ਬਰਦਾਸ਼ਤ ਨਾ ਕਰ ਪਾਉਣਾ ਇਹ ਸਾਡੀਆਂ ਗੰਭੀਰ ਸਮਾਜਿਕ ਅਤੇ ਵਿਹਾਰਕ ਸਮੱਸਿਆਵਾਂ ਨੂੰ ਦਰਸਾਉਂਦਾ ਹੈ।

# ਹੋਰਮੁਜ਼ ਦਾ ਮਹਾਂ-ਸੰਕਟ ਛਾਇਆ, ਇਰਾਨ ਦੀ ਟੋਲ ਵਸੂਲੀ ਨੇ ਉਡਾਈ ਦੁਨੀਆ ਦੀ ਨੀਂਦ

**✪ ਪੈਟਰੋਲ-ਡੀਜ਼ਲ ਦੀਆਂ ਅਸਮਾਨੀ ਕੀਮਤਾਂ ਨਾਲ ਲੀਹੋਂ ਲੱਥੇਗੀ ਭਾਰਤ ਦੀ ਆਰਥਿਕਤਾ ✪ ਡਾਲਰ 140 ਪ੍ਰਤੀ ਬੈਰਲ ਦਾ ਖ਼ੌਫ਼: ਗੀਤਾ ਗੋਪੀਨਾਥ ਦੀ ਚੇਤਾਵਨੀ ,70 ਦੇ ਦਹਾਕੇ ਵਰਗੀ ਭਿਆਨਕ ਤਬਾਹੀ ਦਾ ਖ਼ਦਸ਼ਾ ✪ ਰਾਹੁਲ ਗਾਂਧੀ ਦਾ ਸਿੱਧਾ ਵਾਰ: 'ਗੋਦੀ ਮੀਡੀਆ' ਦੇ ਪ੍ਰਚਾਰ ਦੀ ਨਿਕਲੀ ਹਵਾ, ਮੋਦੀ ਦੇ ਕਿਲ੍ਹੇ ਵਿਚ ਸੰਨ੍ਹ**

## ਨਿਊਜ਼ ਵਿਸ਼ਲੇਸ਼ਣ

ਅਜੋਕੇ ਦੌਰ ਵਿੱਚ ਵਿਸ਼ਵ ਭਾਈਚਾਰਾ ਅਤੇ ਖਾਸ ਕਰਕੇ ਭਾਰਤ ਇੱਕ ਅਜਿਹੇ ਗੰਭੀਰ ਮੋੜ 'ਤੇ ਖੜ੍ਹਾ ਹੈ, ਜਿੱਥੇ ਭੂ-ਰਾਜਨੀਤਿਕ ਤਣਾਅ ਅਤੇ ਅੰਦਰੂਨੀ ਸਿਆਸਤ ਦੇ ਸਮੀਕਰਨ ਤੇਜ਼ੀ ਨਾਲ ਬਦਲ ਰਹੇ ਹਨ। ਇਰਾਨ ਅਤੇ ਓਮਾਨ ਦੁਆਰਾ ਹੋਰਮੁਜ਼ ਜਲਡਮਰੂਮੱਧ ਵਿੱਚ ਇੱਕ 'ਸਥਾਈ ਟੋਲ ਪ੍ਰਣਾਲੀ' ਲਾਗੂ ਕਰਨ ਦੀ ਚਰਚਾ ਨੇ ਸਿਰਫ਼ ਸਮੁੰਦਰੀ ਵਪਾਰ ਲਈ ਹੀ ਨਹੀਂ, ਬਲਕਿ ਗਲੋਬਲ ਊਰਜਾ ਸੁਰੱਖਿਆ ਅਤੇ ਭਾਰਤ ਦੀ ਆਰਥਿਕ ਰਫ਼ਤਾਰ ਲਈ ਵੀ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ।

ਹੋਰਮੁਜ਼ ਜਲਡਮਰੂਮੱਧ ਨੂੰ ਦੁਨੀਆ ਦੀ ਆਰਥਿਕਤਾ ਦੀ ਜੀਵਨ-ਰੇਖਾ ਮੰਨਿਆ ਜਾਂਦਾ ਹੈ। ਇਹ ਰਸਤਾ ਆਪਣੇ ਸਭ ਤੋਂ ਤੰਗ ਬਿੰਦੂ 'ਤੇ ਸਿਰਫ਼ 24 ਮੀਲ ਚੌੜਾ ਹੈ, ਪਰ ਇੱਥੋਂ ਦੁਨੀਆ ਦੇ ਕੁੱਲ ਕੱਚੇ ਤੇਲ ਅਤੇ ਤਰਲ ਕੁਦਰਤੀ ਗੈਸ ਦੀ ਸਪਲਾਈ ਦਾ ਲਗਭਗ 20 ਫੀਸਦੀ ਹਿੱਸਾ ਗੁਜ਼ਰਦਾ ਹੈ। ਤੇਲ ਤੋਂ ਇਲਾਵਾ, ਉਦਯੋਗਾਂ ਲਈ ਜ਼ਰੂਰੀ ਐਲੂਮੀਨੀਅਮ ਅਤੇ ਖੇਤੀਬਾੜੀ ਲਈ ਲੋੜੀਂਦੀਆਂ ਖਾਦਾਂ ਦੀ ਢੋਆ-ਢੁਆਈ ਵੀ ਇਸੇ ਲਾਂਘੇ ਰਾਹੀਂ ਹੁੰਦੀ ਹੈ।

ਅਮਰੀਕਾ ਅਤੇ ਇਸਰਾਈਲ ਦੁਆਰਾ ਇਰਾਨ 'ਤੇ ਕੀਤੇ ਗਏ ਹਮਲਿਆਂ ਤੋਂ ਬਾਅਦ ਇਹ ਖੇਤਰ ਪਹਿਲਾਂ ਹੀ ਸੁਲਗ ਰਿਹਾ ਹੈ। ਹੁਣ ਇਰਾਨ ਦੁਆਰਾ 'ਸੁਰੱਖਿਆ ਦੇ ਨਾਮ 'ਤੇ ਵਸੂਲੀ' ਯਾਨੀ ਟੋਲ ਟੈਕਸ ਲਗਾਉਣ ਦਾ ਫੈਸਲਾ ਅਸਲ ਵਿੱਚ ਪੱਛਮੀ ਦੇਸ਼ਾਂ ਦੇ ਆਰਥਿਕ ਬਾਈਕਾਟ ਦੇ ਖਿਲਾਫ ਇੱਕ ਰਣਨੀਤਕ ਹਥਿਆਰ ਹੈ। ਜੇਕਰ ਇਹ ਟੋਲ ਪ੍ਰਣਾਲੀ ਸਥਾਈ ਹੁੰਦੀ ਹੈ, ਤਾਂ ਸ਼ਿਪਿੰਗ ਲਾਗਤ ਵਧਣ ਕਾਰਨ ਗਲੋਬਲ ਮਹਿੰਗਾਈ ਦਾ ਇੱਕ ਨਵਾਂ ਤੂਫ਼ਾਨ ਆਉਣਾ ਤੈਅ ਹੈ।

ਭਾਰਤ ਆਪਣੀ ਊਰਜਾ ਲੋੜਾਂ ਲਈ 80 ਫੀਸਦੀ ਤੋਂ ਵੱਧ ਕੱਚੇ ਤੇਲ ਦੇ ਆਯਾਤ 'ਤੇ ਨਿਰਭਰ ਹੈ, ਜਿਸ ਦਾ ਵੱਡਾ ਹਿੱਸਾ ਖਾੜੀ ਦੇਸ਼ਾਂ ਤੋਂ ਇਸੇ ਹੋਰਮੁਜ਼ ਰਸਤੇ ਰਾਹੀਂ ਆਉਂਦਾ ਹੈ। ਜੇਕਰ ਇਹ ਸੰਕਟ ਹੋਰ ਡੂੰਘਾ ਹੁੰਦਾ ਹੈ, ਤਾਂ ਭਾਰਤ ਨੂੰ ਇਸ ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਵੇਗੀ:

ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਧਣ ਨਾਲ ਦੇਸ਼ ਅੰਦਰ ਮਾਲ-ਢੋਆਈ ਮਹਿੰਗੀ ਹੋ ਜਾਵੇਗੀ। ਇਸ ਦਾ ਸਿੱਧਾ ਅਸਰ ਸਬਜ਼ੀਆਂ, ਫਲ, ਅਨਾਜ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ 'ਤੇ ਪਵੇਗਾ।

ਐਲੂਮੀਨੀਅਮ ਅਤੇ ਖਾਦਾਂ ਦੀ ਸਪਲਾਈ ਪ੍ਰਭਾਵਿਤ ਹੋਣ ਨਾਲ ਭਾਰਤ ਦੇ ਨਿਰਮਾਣ ਅਤੇ ਖੇਤੀਬਾੜੀ ਸੈਕਟਰ ਨੂੰ ਸਿੱਧੀ ਸੱਟ ਵੱਜੇਗੀ, ਜੋ ਭਾਰਤੀ ਜੀ.ਡੀ.ਪੀ.ਲਈ ਨੁਕਸਾਨਦੇਹ ਹੈ।




ਅੰਤਰਰਾਸ਼ਟਰੀ ਮੁਦਰਾ ਕੋਸ਼ ਦੀ ਸਾਬਕਾ ਡਿਪਟੀ ਮੈਨੇਜਿੰਗ ਡਾਇਰੈਕਟਰ ਅਤੇ ਹਾਰਵਰਡ ਯੂਨੀਵਰਸਿਟੀ ਦੀ ਪ੍ਰੋਫੈਸਰ ਗੀਤਾ ਗੋਪੀਨਾਥ ਨੇ ਇਸ ਸਥਿਤੀ 'ਤੇ ਬੇਹੱਦ ਗੰਭੀਰ ਚੇਤਾਵਨੀ ਦਿੱਤੀ ਹੈ। ਉਨ੍ਹਾਂ ਮੁਤਾਬਕ, ਜੇਕਰ ਮੱਧ ਪੂਰਬ ਦੇ ਹਾਲਾਤ ਹੋਰ ਵਿਗੜਦੇ ਹਨ, ਤਾਂ ਕੱਚੇ ਤੇਲ ਦੀ ਕੀਮਤ 140 ਡਾਲਰ ਪ੍ਰਤੀ ਬੈਰਲ ਤੱਕ ਜਾ ਸਕਦੀ ਹੈ। ਇਹ ਮੌਜੂਦਾ ਸੰਕਟ 1970 ਦੇ ਦਹਾਕੇ ਦੇ ਇਤਿਹਾਸਕ ਤੇਲ ਸੰਕਟ ਨਾਲੋਂ ਵੀ ਭਿਆਨਕ ਰੂਪ ਧਾਰਨ ਕਰ ਸਕਦਾ ਹੈ।

ਰਿਪੋਰਟਾਂ ਦੇ ਅਨੁਸਾਰ, ਕੱਚੇ ਤੇਲ ਦੀ ਮਹਿੰਗਾਈ ਭਾਰਤ ਦੀ ਆਰਥਿਕ ਵਿਕਾਸ ਦਰ ਨੂੰ ਸਿੱਧਾ ਪ੍ਰਭਾਵਿਤ ਕਰੇਗੀ।

ਹਾਲਾਂਕਿ, ਗੋਪੀਨਾਥ ਨੇ ਇੱਕ ਸਕਾਰਾਤਮਕ ਪੱਖ ਵੀ ਪੇਸ਼ ਕੀਤਾ ਹੈ ਕਿ ਡਾਲਰ ਦੇ ਮੁਕਾਬਲੇ ਕਮਜ਼ੋਰ ਹੁੰਦਾ ਰੁਪਿਆ ਦਰਾਮਦ ਨੂੰ ਮਹਿੰਗਾ ਕਰੇਗਾ, ਜਿਸ ਨਾਲ ਵਿਦੇਸ਼ੀ ਚੀਜ਼ਾਂ ਦੀ ਖਪਤ ਘਟੇਗੀ ਅਤੇ ਵਿਦੇਸ਼ੀ ਮੁਦਰਾ ਭੰਡਾਰ 'ਤੇ ਦਬਾਅ ਘੱਟ ਹੋਵੇਗਾ। ਉਨ੍ਹਾਂ ਦਾ ਮੰਨਣਾ ਹੈ ਕਿ ਭਾਰਤੀ ਆਰਥਿਕਤਾ ਦੇ ਅੰਦਰੂਨੀ ਆਧਾਰ ਮਜ਼ਬੂਤ ਹਨ, ਪਰ ਸਰਕਾਰ ਨੂੰ ਸਹੀ ਨੀਤੀਆਂ ਅਤੇ ਆਰਥਿਕ ਸੁਧਾਰਾਂ ਨਾਲ ਅੱਗੇ ਵਧਣਾ ਹੋਵੇਗਾ।

ਦੇਸ਼ ਦੇ ਅੰਦਰੂਨੀ ਸਿਆਸੀ ਹਾਲਾਤ ਵੀ ਇਸ ਆਰਥਿਕ ਸੰਕਟ ਦੇ ਨਾਲ-ਨਾਲ ਭਖਦੇ ਜਾ ਰਹੇ ਹਨ। ਇੱਕ ਸਮਾਂ ਸੀ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਕੀਤਾ ਗਿਆ ਕੋਈ ਵੀ ਨਿੱਜੀ ਹਮਲਾ ਭਾਜਪਾ ਲਈ ਸਿਆਸੀ ਲਾਹਾ ਬਣ ਜਾਂਦਾ ਸੀ, ਪਰ ਹੁਣ ਸਥਿਤੀ ਬਦਲ ਰਹੀ ਹੈ। 2014 ਦੇ 'ਗੁਜਰਾਤ ਮਾਡਲ' ਦੇ ਨਾਅਰੇ ਦੀ ਹਵਾ ਹੁਣ ਨਿਕਲਦੀ ਦਿਖਾਈ ਦੇ ਰਹੀ ਹੈ ਅਤੇ ਜਨਤਾ ਸਿਰਫ਼ ਵਾਅਦਿਆਂ ਨਾਲ ਸੰਤੁਸ਼ਟ ਨਹੀਂ ਹੈ।

ਰਾਹੁਲ ਗਾਂਧੀ ਨੇ ਇੱਕ ਸਾਲ ਪਹਿਲਾਂ ਅਹਿਮਦਾਬਾਦ ਦੇ ਕਾਂਗਰਸ ਸੰਮੇਲਨ ਵਿੱਚ ਜਿਸ 'ਆਰਥਿਕ ਤੂਫ਼ਾਨ' ਦੀ ਚੇਤਾਵਨੀ ਦਿੱਤੀ ਸੀ, ਅੱਜ ਦੇਸ਼ ਦੀ ਆਰਥਿਕਤਾ ਉਸੇ ਮੋੜ 'ਤੇ ਖੜ੍ਹੀ ਹੈ। ਰਾਹੁਲ ਗਾਂਧੀ ਹੁਣ ਬੈਕਫੁੱਟ 'ਤੇ ਖੇਡਣ ਦੀ ਬਜਾਏ ਹਮਲਾਵਰ ਰੁਖ਼ ਅਖਤਿਆਰ ਕਰ ਚੁੱਕੇ ਹਨ। ਰਾਏਬਰੇਲੀ ਦੀ 'ਬਹੁਜਨ ਸਵਾਭੀਮਾਨ ਸਭਾ' ਵਿੱਚ ਉਨ੍ਹਾਂ ਨੇ ਸਰਕਾਰ ਨੂੰ ਸਿੱਧੇ ਕਟਹਿਰੇ ਵਿੱਚ ਖੜ੍ਹਾ ਕੀਤਾ ਸੀ।

ਜਿੱਥੇ ਮੋਦੀ ਵਲੋਂ ਆਮ ਜਨਤਾ ਨੂੰ ਵਿਦੇਸ਼ ਨਾ ਜਾਣ, ਸੋਨਾ ਨਾ ਖਰੀਦਣ ਅਤੇ ਖਾਦ ਦੀ ਵਰਤੋਂ ਘੱਟ ਕਰਨ ਵਰਗੀਆਂ ਨਸੀਹਤਾਂ ਦਿੱਤੀਆਂ ਜਾ ਰਹੀਆਂ ਹਨ, ਉੱਥੇ ਹੀ ਰਾਹੁਲ ਗਾਂਧੀ ਵਲੋਂ ਪ੍ਰਧਾਨ ਮੰਤਰੀ ਦੇ ਮਹਿੰਗੇ ਵਿਦੇਸ਼ੀ ਦੌਰਿਆਂ 'ਤੇ ਸਵਾਲ ਚੁੱਕੇ ਜਾ ਰਹੇ ਹਨ।

ਮਨਰੇਗਾ ਵਰਗੀਆਂ ਯੋਜਨਾਵਾਂ ਨੂੰ ਕਮਜ਼ੋਰ ਕਰਨ, ਦੇਸ਼ ਦੀ ਸੰਪਤੀ ਅੰਬਾਨੀ-ਅਡਾਨੀ ਵਰਗੇ ਵੱਡੇ ਪੂੰਜੀਪਤੀਆਂ ਦੇ ਹਵਾਲੇ ਕਰਨ ਅਤੇ ਜਾਤੀ ਜਨਗਣਨਾ ਤੋਂ ਸਰਕਾਰ ਦੇ ਪਿੱਛੇ ਹਟਣ ਦੇ ਮੁੱਦਿਆਂ ਨੂੰ ਰਾਹੁਲ ਗਾਂਧੀ ਵੱਡੀ ਚੁਣੌਤੀ ਵਜੋਂ ਪੇਸ਼ ਕਰ ਰਹੇ ਹਨ।

ਮੀਡੀਆ ਦੇ ਇੱਕ ਹਿੱਸੇ (ਜਿਸ ਨੂੰ 'ਗੋਦੀ ਮੀਡੀਆ' ਵੀ ਕਿਹਾ ਜਾਂਦਾ ਹੈ) ਦੁਆਰਾ ਰਾਹੁਲ ਗਾਂਧੀ ਦੇ ਲੰਮੇ ਭਾਸ਼ਣ ਵਿੱਚੋਂ ਸਿਰਫ਼ 'ਗੱਦਾਰ' ਸ਼ਬਦ ਨੂੰ ਫੜ ਕੇ ਹੰਗਾਮਾ ਕਰਨਾ ਇਹ ਦਰਸਾਉਂਦਾ ਹੈ ਕਿ ਅਸਲ ਆਰਥਿਕ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਕਾਂਗਰਸ ਹੁਣ ਇਸ ਹਮਲੇ ਦਾ ਡਟ ਕੇ ਜਵਾਬ ਦੇ ਰਹੀ ਹੈ, ਜਿਸ ਨਾਲ ਰਾਹੁਲ ਗਾਂਧੀ ਵਿਰੋਧ ਧਿਰ ਦੇ ਇੱਕ ਮਜ਼ਬੂਤ ਚਿਹਰੇ ਵਜੋਂ ਸਰਕਾਰ ਦੇ ਸਾਹਮਣੇ ਖੜ੍ਹੇ ਨਜ਼ਰ ਆ ਰਹੇ ਹਨ।

ਸੁਆਲ ਇਹ ਹੈ ਕਿ ਕੀ ਇਸ ਸੰਕਟ ਕਾਰਣ ਮੋਦੀ ਸਰਕਾਰ ਦਾ ਤਖਤਾ ਪਲਟ ਹੋ ਸਕਦਾ ਹੈ ?

ਇਸ ਸਵਾਲ ਦਾ ਜਵਾਬ ਭਾਰਤ ਦੇ ਲੋਕਤੰਤਰ ਦੀ ਪਰਿਪੱਕਤਾ ਵਿੱਚ ਛੁਪਿਆ ਹੋਇਆ ਹੈ। ਕਿਸੇ ਵੀ ਲੋਕਤੰਤਰ ਵਿੱਚ 'ਤਖਤਾ ਪਲਟ' ਹਿੰਸਕ ਜਾਂ ਗ਼ੈਰ-ਸੰਵਿਧਾਨਕ ਤਰੀਕੇ ਨਾਲ ਨਹੀਂ, ਬਲਕਿ ਜਨਤਾ ਦੀ ਵੋਟ ਦੀ ਤਾਕਤ ਰਾਹੀਂ ਹੁੰਦਾ ਹੈ।

ਮੌਜੂਦਾ ਹਾਲਾਤ ਇਹ ਸੰਕੇਤ ਦਿੰਦੇ ਹਨ ਕਿ ਜੇਕਰ ਮੋਦੀ ਸਰਕਾਰ ਹੋਰਮੁਜ਼ ਸੰਕਟ ਕਾਰਨ ਵਧਣ ਵਾਲੀ ਮਹਿੰਗਾਈ, ਬੇਰੁਜ਼ਗਾਰੀ ਅਤੇ ਡਿੱਗ ਰਹੀ ਆਰਥਿਕਤਾ ਨੂੰ ਸੰਭਾਲਣ ਵਿੱਚ ਨਾਕਾਮ ਰਹਿੰਦੀ ਹੈ, ਤਾਂ ਜਨਤਾ ਵਿੱਚ ਬੇਚੈਨੀ ਹੋਰ ਵਧੇਗੀ। ਕਈ ਗਲੋਬਲ ਰੇਟਿੰਗ ਏਜੰਸੀਆਂ ਨੇ ਪਹਿਲਾਂ ਹੀ ਵਿੱਤੀ ਸਾਲ 2026-27 ਲਈ ਭਾਰਤ ਦੀ ਵਿਕਾਸ ਦਰ ਦੇ ਅਨੁਮਾਨ ਨੂੰ ਘਟਾ ਦਿੱਤਾ ਹੈ।

ਜੇਕਰ ਆਰਥਿਕ ਮੰਦੀ ਅਤੇ ਭੁੱਖਮਰੀ ਵਰਗੇ ਹਾਲਾਤ ਬਣਦੇ ਹਨ, ਤਾਂ ਸਿਰਫ਼ ਸਿਆਸੀ ਪ੍ਰਚਾਰ ਜਾਂ ਸ਼ਬਦਾਂ ਦੀ ਸਿਆਸਤ ਸਰਕਾਰ ਨੂੰ ਨਹੀਂ ਬਚਾ ਸਕੇਗੀ। ਵਿਰੋਧ ਧਿਰ ਵੱਲੋਂ ਚੁੱਕੇ ਜਾ ਰਹੇ ਸਵਾਲ ਹੁਣ ਜਨਤਾ ਨੂੰ ਤਰਕਸੰਗਤ ਲੱਗਣ ਲੱਗੇ ਹਨ। ਇਸ ਲਈ, ਜੇਕਰ ਸਰਕਾਰ ਨੇ ਸਮੇਂ ਸਿਰ ਠੋਸ ਆਰਥਿਕ ਸੁਧਾਰ ਨਾ ਕੀਤੇ, ਤਾਂ ਆਉਣ ਵਾਲੀਆਂ ਚੋਣਾਂ ਵਿੱਚ ਜਨਤਾ ਵੋਟ ਦੀ ਚੋਟ ਰਾਹੀਂ ਸੱਤਾ ਪਰਿਵਰਤਨ ਦਾ ਰਸਤਾ ਸਾਫ਼ ਕਰ ਸਕਦੀ ਹੈ।

ਹੋਰਮੁਜ਼ ਜਲਡਮਰੂਮੱਧ ਦਾ ਸੰਕਟ ਭਾਰਤ ਲਈ ਇੱਕ ਵੱਡੀ ਅੰਤਰਰਾਸ਼ਟਰੀ ਪ੍ਰੀਖਿਆ ਹੈ, ਜਿੱਥੇ ਨਵੀਂ ਦਿੱਲੀ ਨੂੰ ਇਰਾਨ ਅਤੇ ਓਮਾਨ ਨਾਲ ਆਪਣੇ ਚੰਗੇ ਸਬੰਧਾਂ ਦੀ ਵਰਤੋਂ ਕਰਕੇ ਡਿਪਲੋਮੈਟਿਕ (ਰਾਜਨੀਤਿਕ) ਹੱਲ ਕੱਢਣਾ ਪਵੇਗਾ। ਦੂਜੇ ਪਾਸੇ, ਦੇਸ਼ ਦੇ ਅੰਦਰੂਨੀ ਹਾਲਾਤ ਇਹ ਮੰਗ ਕਰਦੇ ਹਨ ਕਿ ਸਰਕਾਰ ਵਿਰੋਧ ਧਿਰ ਦੇ ਸਵਾਲਾਂ ਨੂੰ ਦਬਾਉਣ ਦੀ ਬਜਾਏ ਆਰਥਿਕਤਾ ਨੂੰ ਸੰਭਾਲਣ ਵੱਲ ਧਿਆਨ ਦੇਵੇ। ਦੇਸ਼ ਦੇ ਪੈਰਾਂ ਹੇਠੋਂ ਖਿਸਕ ਰਹੀ ਆਰਥਿਕ ਜ਼ਮੀਨ ਨੂੰ ਸਿਰਫ਼ ਖੋਖਲੇ ਦਾਅਵਿਆਂ ਨਾਲ ਨਹੀਂ, ਬਲਕਿ ਜ਼ਮੀਨੀ ਹਕੀਕਤ ਨੂੰ ਬਦਲ ਕੇ ਹੀ ਬਚਾਇਆ ਜਾ ਸਕਦਾ ਹੈ।

# ਬ੍ਰਿਟੇਨ ਵਿੱਚ ਹਿੰਦੂ ਵਿਰੋਧੀ ਨ.ਫਰਤੀ ਅਪਰਾਧਾਂ ਦਾ ਹੜ੍ਹ

**✪ ਲੰਡਨ ਵਿਚ 23% ਉਛਾਲ: ਚਾਰ ਮਹੀਨਿਆਂ ਦੇ ਖ਼ੌਫ਼ਨਾਕ ਅੰਕੜਿਆਂ ਨੇ ਉਡਾਈ ਪ੍ਰਸ਼ਾਸਨ ਦੀ ਨੀਂਦ ✪ ਹੇਟ ਕਰਾਈਮ ਨੂੰ ਨੱਥ ਪਾਉਣ ਲਈ 'ਐਂਟੀ ਹੇਟ ਸੈਂਟਰ' ਤਿਆਰ ✪ ਬ੍ਰਿਟੇਨ ਵਿਚ ਘੱਟਗਿਣਤੀਆਂ ਦੀ ਸੁਰੱਖਿਆ ਦਾ ਸੰਕਟ: ਡਰ ਦੇ ਮਾਹੌਲ ਵਿੱਚ ਹਿੰਦੂ ਭਾਈਚਾਰੇ ਨੇ ਚੁੱਕਿਆ ਵੱਡਾ ਕਦਮ**

**ਖਾਸ ਖਬਰ**

ਬ੍ਰਿਟੇਨ ਵਿੱਚ ਪਿਛਲੇ ਕੁਝ ਸਮੇਂ ਤੋਂ ਘੱਟਗਿਣਤੀ ਭਾਈਚਾਰਿਆਂ ਖ਼ਿਲਾ.ਫ ਨ.ਫਰਤੀ ਅਪਰਾਧਾਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਖ਼ਾਸਕਰ ਹਿੰਦੂ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾਣ ਵਾਲੇ ਅਪਰਾਧਾਂ, ਮੰਦਰਾਂ 'ਤੇ ਹਮਲਿਆਂ ਅਤੇ ਸੋਸ਼ਲ ਮੀਡੀਆ 'ਤੇ ਮਿਲਣ ਵਾਲੀਆਂ ਧਮਕੀਆਂ ਨੇ ਉੱਥੇ ਰਹਿਣ ਵਾਲੇ ਪ੍ਰਵਾਸੀਆਂ ਅੰਦਰ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਅਜਿਹੇ ਮਾਹੌਲ ਵਿੱਚ ਬ੍ਰਿਟੇਨ ਵਿੱਚ 'ਐਂਟੀ ਹਿੰਦੂ ਹੇਟ ਮਾਨੀਟਰਿੰਗ ਸੈਂਟਰ' ਨਾਮਕ ਇੱਕ ਨਵੇਂ ਆਨਲਾਈਨ ਪਲੇਟਫਾਰਮ ਦੀ ਸ਼ੁਰੂਆਤ ਕਰਨਾ ਇੱਕ ਬਹੁਤ ਹੀ ਅਹਿਮ ਅਤੇ ਸਮੇਂ ਸਿਰ ਚੁੱਕਿਆ ਗਿਆ ਕਦਮ ਹੈ।

ਲੰਡਨ ਵਰਗੇ ਵਿਸ਼ਵ-ਪੱਧਰੀ ਅਤੇ ਬਹੁ-ਸੱਭਿਆਚਾਰਕ ਸ਼ਹਿਰ ਵਿੱਚ ਸਿਰ.ਫ ਚਾਰ ਮਹੀਨਿਆਂ (ਜਨਵਰੀ ਤੋਂ ਅਪ੍ਰੈਲ) ਦੇ ਅੰਦਰ ਧਾਰਮਿਕ ਨ.ਫਰਤ ਦੇ ਮਾਮਲਿਆਂ ਦਾ 839 ਤੋਂ ਵਧ ਕੇ 1,032 (ਲਗਭਗ 23 ਫੀਸਦੀ ਵਾਧਾ) ਹੋ ਜਾਣਾ ਬੇਹੱਦ ਪਰੇਸ਼ਾਨ ਕਰਨ ਵਾਲਾ ਹੈ। ਇਸ ਤੋਂ ਵੀ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਮੌਜੂਦਾ ਪ੍ਰਸ਼ਾਸਨਿਕ ਢਾਂਚੇ ਵਿੱਚ ਹਿੰਦੂ ਵਿਰੋਧੀ ਅਪਰਾਧਾਂ ਨੂੰ ਵੱਖਰੇ ਤੌਰ 'ਤੇ ਦਰਜ ਕਰਨ ਦੀ ਕੋਈ ਪੁਖ਼ਤਾ ਵਿਵਸਥਾ ਨਹੀਂ ਸੀ। ਨਤੀਜੇ ਵਜੋਂ, ਬਹੁਤ ਸਾਰੇ ਮਾਮਲੇ ਰਿਪੋਰਟ ਹੀ ਨਹੀਂ ਹੁੰਦੇ ਸਨ ਅਤੇ ਪੁਲਿਸ ਰਿਕਾਰਡ ਵਿੱਚ ਅਸਲ ਤਸਵੀਰ ਸਾਹਮਣੇ ਨਹੀਂ ਆ ਪਾਉਂਦੀ ਸੀ। ਮਾਹਿਰਾਂ ਅਨੁਸਾਰ ਬ੍ਰਿਟੇਨ ਅਤੇ ਹੋਰ ਪੱਛਮੀ ਦੇਸ਼ਾਂ ਵਿੱਚ ਹਿੰਦੂ ਭਾਈਚਾਰੇ ਵਿਰੁੱਧ ਨ.ਫਰਤ, ਵਿਤਕਰੇ ਜਾਂ ਨਸਲਵਾਦ ਦੇ ਮਾਮਲਿਆਂ ਪਿੱਛੇ ਕਿਸੇ ਇੱਕ ਖ਼ਾਸ ਸਮੂਹ ਦਾ ਹੱਥ ਨਹੀਂ ਹੈ। ਖੋਜ ਸੰਸਥਾਵਾਂ, ਸਮਾਜਿਕ ਵਿਗਿਆਨੀਆਂ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ (ਜਿਵੇਂ ਬ੍ਰਿਟੇਨ ਦੀ ਮੈਟਰੋਪੋਲੀਟਨ ਪੁਲਿਸ) ਦੀਆਂ ਰਿਪੋਰਟਾਂ ਅਨੁਸਾਰ, ਇਸ ਦੇ ਪਿੱਛੇ ਕਈ ਤਰ੍ਹਾਂ ਦੇ ਸਮਾਜਿਕ, ਰਾਜਨੀਤਿਕ ਅਤੇ ਡਿਜੀਟਲ ਕਾਰਨ ਸਰਗਰਮ ਹਨ। ਕੁਝ ਮਾਮਲਿਆਂ ਵਿੱਚ, ਵੱਖ-ਵੱਖ ਧਾਰਮਿਕ ਜਾਂ ਰਾਜਨੀਤਿਕ ਵਿਚਾਰਧਾਰਾਵਾਂ ਨਾਲ ਜੁੜੇ ਕੱਟੜਪੰਥੀ ਅਨਸਰ ਹਿੰਦੂ ਭਾਈਚਾਰੇ, ਉਨ੍ਹਾਂ ਦੇ ਧਾਰਮਿਕ ਸਥਾਨਾਂ (ਮੰਦਰਾਂ) ਅਤੇ ਸੱਭਿਆਚਾਰਕ ਚਿੰਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਸਾਲ 2022 ਵਿੱਚ ਬ੍ਰਿਟੇਨ ਦੇ ਲੈਸਟਰ ਸ਼ਹਿਰ ਵਿੱਚ ਹੋਈ ਹਿੰਸਾ ਉੱਥੋਂ ਦੇ ਇਤਿਹਾਸ ਵਿੱਚ ਹਿੰਦੂ ਅਤੇ ਮੁਸਲਿਮ ਭਾਈਚਾਰੇ ਦੇ ਕੁਝ ਨੌਜਵਾਨਾਂ ਵਿਚਕਾਰ ਹੋਈ ਇੱਕ ਬੇਹੱਦ ਅਸਾਧਾਰਨ ਅਤੇ ਗੰਭੀਰ ਹਿੰਸਕ ਝੜਪ ਸੀ। ਲੈਸਟਰ ਸ਼ਹਿਰ ਨੂੰ ਪੂਰੇ ਬ੍ਰਿਟੇਨ ਵਿੱਚ ਵੱਖ-ਵੱਖ ਧਰਮਾਂ ਦੇ ਲੋਕਾਂ ਦੇ ਆਪਸੀ ਭਾਈਚਾਰੇ ਅਤੇ ਸ਼ਾਂਤੀ ਦੀ ਇੱਕ ਮਿਸਾਲ ਮੰਨਿਆ ਜਾਂਦਾ ਸੀ, ਪਰ ਅਗਸਤ ਅਤੇ ਸਤੰਬਰ 2022 ਵਿੱਚ ਇੱਥੇ ਮਾਹੌਲ ਬੇਹੱਦ ਤਣਾਅਪੂਰਨ ਹੋ ਗਿਆ ਸੀ। ਇਸ ਹਿੰਸਾ ਦੇ ਮੁੱਖ ਕਾਰਨ, ਘਟਨਾਵਾਂ ਦਾ ਸਿਲਸਿਲਾ ਤੇ ਹਾਲ ਹੀ ਵਿੱਚ (ਸਾਲ 2026 ਵਿਚ) ਆਈਆਂ ਸੁਤੰਤਰ ਜਾਂਚ ਰਿਪੋਰਟਾਂ ਦੇ ਮੁੱਖ ਨੁਕਤੇ ਹੇਠ ਲਿਖੇ ਅਨੁਸਾਰ ਹਨ:



ਮਈ 2022 ਦੀ ਘਟਨਾ: ਹਾਲੀਆ ਜਾਂਚ ਰਿਪੋਰਟਾਂ ਮੁਤਾਬਕ ਤਣਾਅ ਦੀ ਸ਼ੁਰੂਆਤ ਮਈ 2022 ਵਿੱਚ ਹੋਈ ਸੀ, ਜਦੋਂ ਇੱਕ ਮੁਸਲਿਮ ਨੌਜਵਾਨ 'ਤੇ ਕੁਝ ਲੜਕਿਆਂ ਵੱਲੋਂ ਕਥਿਤ ਤੌਰ 'ਤੇ ਹਮਲਾ ਕੀਤਾ ਗਿਆ ਸੀ। ਇਸ ਤੋਂ ਬਾਅਦ ਅੰਦਰੇ-ਅੰਦਰ ਗੁੱਸਾ ਵਧ ਰਿਹਾ ਸੀ।

28 ਅਗਸਤ 2022 ਨੂੰ ਏਸ਼ੀਆ ਕੱਪ ਵਿੱਚ ਭਾਰਤ-ਪਾਕਿਸਤਾਨ ਦੇ ਕ੍ਰਿਕਟ ਮੈਚ ਤੋਂ ਬਾਅਦ ਇਹ ਤਣਾਅ ਸੜਕਾਂ 'ਤੇ ਆ ਗਿਆ ਸੀ। ਜਿੱਤ ਦੀ ਖੁਸ਼ੀ ਮਨਾ ਰਹੇ ਭਾਰਤੀ ਕ੍ਰਿਕਟ ਪ੍ਰਸ਼ੰਸਕਾਂ ਅਤੇ ਕੁਝ ਹੋਰ ਸਥਾਨਕ ਲੋਕਾਂ ਵਿਚਕਾਰ ਬਹਿਸਬਾਜ਼ੀ ਹੋਈ ਸੀ, ਜਿਸ ਨੇ ਹੌਲੀ-ਹੌਲੀ ਹਿੰਸਕ ਰੂਪ ਲੈ ਲਿਆ ਸੀ।

ਮੈਚ ਤੋਂ ਬਾਅਦ 17 ਸਤੰਬਰ 2022 ਨੂੰ ਲਗਭਗ 300 ਹਿੰਦੂ ਨੌਜਵਾਨਾਂ ਵੱਲੋਂ ਇੱਕ ਮਾਰਚ ਕੱਢਿਆ ਗਿਆ ਸੀ, ਜੋ ਮੁਸਲਿਮ ਬਹੁਗਿਣਤੀ ਵਾਲੇ ਇਲਾਕੇ (ਗ੍ਰੀਨ ਲੇਨ ਰੋਡ) ਵਿੱਚੋਂ ਲੰਘਿਆ ਸੀ। ਇਸ ਦੌਰਾਨ ਧਾਰਮਿਕ ਨਾਅਰੇਬਾਜ਼ੀ ਹੋਈ ਸੀ।

ਇਸ ਦੇ ਜਵਾਬ ਵਿੱਚ ਮੁਸਲਿਮ ਨੌਜਵਾਨਾਂ ਦੇ ਸਮੂਹ ਵੀ ਸੜਕਾਂ 'ਤੇ ਉਤਰ ਆਏ। ਦੋਵਾਂ ਧਿਰਾਂ ਵਿਚਕਾਰ ਪੱਥਰਬਾਜ਼ੀ ਹੋਈ, ਤੋੜਫੋੜ ਹੋਈ, ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ ਅਤੇ ਇੱਕ ਹਿੰਦੂ ਧਾਰਮਿਕ ਸਥਾਨ (ਮੰਦਰ) ਦੀ ਵੀ ਬੇਅਦਬੀ ਕੀਤੀ ਗਈ ਸੀ। ਇਸ ਹਿੰਸਾ ਵਿੱਚ ਕਈ ਲੋਕ ਜ਼ਖਮੀ ਹੋਏ ਸਨਅਤੇ ਪੁਲਿਸ ਨੇ 50 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ।

ਅੱਜ-ਕੱਲ੍ਹ ਨ.ਫਰਤ ਫੈਲਾਉਣ ਦਾ ਸਭ ਤੋਂ ਵੱਡਾ ਜ਼ਰੀਆ ਸੋਸ਼ਲ ਮੀਡੀਆ ਪਲੇਟਫਾਰਮ (ਜਿਵੇਂ ਐਕਸ, ਯੂਟਿਊਬ ਅਤੇ ਟਿਕਟਾਕ) ਬਣ ਚੁੱਕੇ ਹਨ। ਬ੍ਰਿਟੇਨ ਦੀ 'ਰਟਗਰਜ਼ ਯੂਨੀਵਰਸਿਟੀ' ਅਤੇ ਹੋਰ ਥਿੰਕ-ਟੈਂਕਸ ਦੀਆਂ ਰਿਪੋਰਟਾਂ ਮੁਤਾਬਕ, ਆਨਲਾਈਨ ਬੋਟਸ ਅਤੇ ਸੰਗਠਿਤ ਟ੍ਰੋਲਸ ਵੱਲੋਂ ਹਿੰਦੂਆਂ ਵਿਰੁੱਧ ਨ.ਫਰਤ ਭਰੇ ਮੀਮਜ਼, ਗਲਤ ਜਾਣਕਾਰੀਆਂ ਅਤੇ ਸਟੀਰੀਓਟਾਈਪ ਬਣਾ ਕੇ ਸਾਂਝੇ ਕੀਤੇ ਸਨ ਹਨ, ਜੋ ਹੌਲੀ-ਹੌਲੀ ਜ਼ਮੀਨੀ ਪੱਧਰ 'ਤੇ ਹਿੰਸਾ ਦਾ ਰੂਪ ਲੈ ਲੈਂਦੇ ਰਹੇ। ਇੰਟਰਨੈੱਟ 'ਤੇ ਇਹ ਝੂਠੀਆਂ ਅ.ਫਵਾਹਾਂ ਫੈਲਾਈਆਂ ਗਈਆਂ ਸਨ ਕਿ ਬਾਹਰੋਂ ਆਏ ਕੱਟੜਪੰਥੀ ਸੰਗਠਨ ਲੋਕਾਂ 'ਤੇ ਹਮਲੇ ਕਰ ਰਹੇ ਹਨ।

ਬ੍ਰਿਟੇਨ ਦੇ ਨਾਲ-ਨਾਲ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਬੈਠੇ ਸੋਸ਼ਲ ਮੀਡੀਆ ਅਕਾਊਂਟਸ ਅਤੇ ਬੋਟਸ ਨੇ ਇਨ੍ਹਾਂ ਅ.ਫਵਾਹਾਂ ਨੂੰ ਇੰਨਾ ਵਧਾ ਦਿੱਤਾ ਕਿ ਸਥਾਨਕ ਨੌਜਵਾਨ ਖ਼ੌ.ਫ ਅਤੇ ਗੁੱਸੇ ਵਿੱਚ ਸੜਕਾਂ 'ਤੇ ਉਤਰ ਆਏ ਸਨ। ਹਾਲ ਹੀ ਵਿੱਚ ਫਰਵਰੀ 2026 ਵਿੱਚ ਐਸਓਏਐਸ ਯੂਨੀਵਰਸਿਟੀ ਲੰਡਨ ਅਤੇ ਲੰਡਨ ਸਕੂਲ ਆ.ਫ ਇਕਨਾਮਿਕਸ) ਦੇ ਮਾਹਿਰਾਂ ਦੀ ਅਗਵਾਈ ਵਿੱਚ ਬਣੀ ਇੱਕ ਸੁਤੰਤਰ ਜਾਂਚ ਕਮਿਸ਼ਨ ਦੀ ਰਿਪੋਰਟ "ਬੈਟਰ ਟੂਗੈਦਰ" ਪ੍ਰਕਾਸ਼ਿਤ ਹੋਈ ਸੀ, ਜਿਸ ਵਿੱਚ ਇਹ ਗੱਲਾਂ ਸਾਹਮਣੇ ਆਈਆਂ ਸਨ:

ਰਿਪੋਰਟ ਮੁਤਾਬਕ ਇਸ ਹਿੰਸਾ ਲਈ ਕੋਈ ਇੱਕ ਭਾਈਚਾਰਾ ਜ਼ਿੰਮੇਵਾਰ ਨਹੀਂ ਸੀ; ਦੋਵੇਂ ਹਿੰਦੂ ਅਤੇ ਮੁਸਲਿਮ ਭਾਈਚਾਰੇ ਦੇ ਨੌਜਵਾਨ ਇਸ ਵਿੱਚ ਪੀੜਤ ਵੀ ਸਨ ਅਤੇ ਦੋਸ਼ੀ ਵੀ। ਰਿਪੋਰਟ ਵਿੱਚ ਮੰਨਿਆ ਗਿਆ ਕਿ ਭਾਰਤ ਤੋਂ ਆਈ ਦੱਖਣ-ਪੱਖੀ ਹਿੰਦੂ ਰਾਸ਼ਟਰਵਾਦ ਦੀ ਸੋਚ ਅਤੇ ਦੂਜੇ ਪਾਸੇ ਕੱਟੜਪੰਥੀ ਇਸਲਾਮਿਕ ਸੋਚ ਦੇ ਟਕਰਾਅ ਨੇ ਇਸ ਹਿੰਸਾ ਨੂੰ ਹਵਾ ਦਿੱਤੀ। ਖ਼ਾਸਕਰ ਹਾਲ ਹੀ ਵਿੱਚ ਭਾਰਤ ਦੇ ਦਮਨ ਅਤੇ ਦੀਵ ਖੇਤਰ ਤੋਂ ਲੈਸਟਰ ਆ ਕੇ ਵਸੇ ਨਵੇਂ ਪ੍ਰਵਾਸੀ ਨੌਜਵਾਨਾਂ ਦੀ ਇਸ ਵਿੱਚ ਮੁੱਖ ਭੂਮਿਕਾ ਰਹੀ ਸੀ।

ਮੇਅਰ, ਕੌਂਸਲ ਅਤੇ ਲੈਸਟਰਸ਼ਾਇਰ ਪੁਲਿਸ ਸ਼ੁਰੂਆਤੀ ਸੰਕੇਤਾਂ (ਮਈ ਤੋਂ ਅਗਸਤ ਦੇ ਵਿਚਕਾਰ) ਨੂੰ ਸਮਝਣ ਵਿੱਚ ਨਾਕਾਮ ਰਹੀ ਸੀ ਅਤੇ ਉਨ੍ਹਾਂ ਕੋਲ ਖ਼ੁ.ਫੀਆ ਜਾਣਕਾਰੀ ਦੀ ਘਾਟ ਸੀ, ਜਿਸ ਕਾਰਨ ਇਹ ਹਿੰਸਾ ਸਮੇਂ ਸਿਰ ਨਾ ਰੋਕੀ ਜਾ ਸਕੀ।

ਲੈਸਟਰ ਦੀ ਹਿੰਸਾ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਉਪ-ਮਹਾਂਦੀਪ (ਭਾਰਤ-ਪਾਕਿਸਤਾਨ) ਦੇ ਰਾਜਨੀਤਿਕ ਤੇ ਸਮਾਜਿਕ ਤਣਾਅ ਹੁਣ ਪੱਛਮੀ ਦੇਸ਼ਾਂ ਦੀਆਂ ਸੜਕਾਂ 'ਤੇ ਵੀ ਅਸਰ ਪਾ ਰਹੇ ਹਨ। ਇਹੀ ਕਾਰਨ ਹੈ ਕਿ ਹੁਣ ਬ੍ਰਿਟੇਨ ਵਿੱਚ 'ਐਂਟੀ ਹਿੰਦੂ ਹੇਟ ਮਾਨੀਟਰਿੰਗ ਸੈਂਟਰ' ਵਰਗੇ ਪਲੇਟਫਾਰਮ ਬਣਾਏ ਜਾ ਰਹੇ ਹਨ ਤਾਂ ਜੋ ਅਜਿਹੀਆਂ ਘਟਨਾਵਾਂ ਅਤੇ ਆਨਲਾਈਨ ਨ.ਫਰਤ ਦਾ ਪਹਿਲਾਂ ਹੀ ਪਤਾ ਲਗਾਇਆ ਜਾ ਸਕੇ।

ਪੱਛਮੀ ਦੇਸ਼ਾਂ ਵਿੱਚ ਮੌਜੂਦ ਬਹੁਤ ਜ਼ਿਆਦਾ ਸੱਜੇ-ਪੱਖੀ ਜਾਂ ਨਸਲਵਾਦੀ ਸਮੂਹ, ਜੋ ਆਮ ਤੌਰ 'ਤੇ ਸਾਰੇ ਪ੍ਰਵਾਸੀਆਂ ਦੇ ਖ਼ਿਲਾ.ਫ ਹੁੰਦੇ ਹਨ, ਉਹ ਵੀ ਹਿੰਦੂ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦੇ ਹਨ। ਉਨ੍ਹਾਂ ਲਈ ਹਿੰਦੂ ਭਾਈਚਾਰੇ ਦੀ ਭਾਸ਼ਾ, ਪਹਿਰਾਵਾ ਅਤੇ ਧਾਰਮਿਕ ਰੀਤੀ-ਰਿਵਾਜ "ਬੇਗਾਨੇ" ਹੁੰਦੇ ਹਨ, ਜਿਸ ਕਾਰਨ ਉਹ ਨਸਲੀ ਟਿੱਪਣੀਆਂ ਕਰਦੇ ਹਨ।

ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਪੱਛਮੀ ਮੀਡੀਆ ਅਤੇ ਅਕਾਦਮਿਕ ਸੰਸਥਾਵਾਂ ਵਿੱਚ ਕਈ ਵਾਰ ਹਿੰਦੂ ਧਰਮ ਅਤੇ ਇਸ ਦੇ ਪੈਰੋਕਾਰਾਂ ਨੂੰ ਗਲਤ ਜਾਂ ਇੱਕਪਾਸੜ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ। ਇਸ ਨਾਲ ਆਮ ਲੋਕਾਂ ਵਿੱਚ ਭਾਈਚਾਰੇ ਪ੍ਰਤੀ ਗਲਤ.ਫਹਿਮੀਆਂ ਪੈਦਾ ਹੁੰਦੀਆਂ ਹਨ, ਜੋ ਬਾਅਦ ਵਿੱਚ ਵਿਤਕਰੇ ਦਾ ਕਾਰਨ ਬਣਦੀਆਂ ਹਨ। ਇਹੀ ਕਾਰਨ ਹੈ ਕਿ ਬ੍ਰਿਟੇਨ ਵਿੱਚ ਬਣਾਇਆ ਗਿਆ 'ਐਂਟੀ ਹਿੰਦੂ ਹੇਟ ਮਾਨੀਟਰਿੰਗ ਸੈਂਟਰ' ਇਨ੍ਹਾਂ ਸਾਰੇ ਵੱਖ-ਵੱਖ ਸਰੋਤਾਂ ਤੋਂ ਆਉਣ ਵਾਲੀ ਨ.ਫਰਤ ਦਾ ਡਾਟਾ ਇਕੱਠਾ ਕਰ ਰਿਹਾ ਹੈ, ਤਾਂ ਜੋ ਇਹ ਸਪਸ਼ਟ ਹੋ ਸਕੇ ਕਿ ਕਿਸ ਖੇਤਰ ਵਿੱਚ ਅਤੇ ਕਿਸ ਸਮੂਹ ਵੱਲੋਂ ਸਭ ਤੋਂ ਵੱਧ ਨ.ਫਰਤ ਫੈਲਾਈ ਜਾ ਰਹੀ ਹੈ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

*ਮੁੱਖ ਨੁਕਤੇ ਅਤੇ ਚੁਣੌਤੀਆਂ*

* ਹੁਣ ਤੱਕ ਸਹੀ ਰਿਕਾਰਡਿੰਗ ਸਿਸਟਮ ਨਾ ਹੋਣ ਕਾਰਨ ਅਪਰਾਧਾਂ ਦੀ ਅਸਲ ਗਿਣਤੀ ਛੁਪੀ ਰਹਿੰਦੀ ਸੀ।ਪੀੜਤ ਲੋਕ ਅਕਸਰ ਡਰ ਜਾਂ ਕਾਨੂੰਨੀ ਉਲਝਣਾਂ ਕਾਰਨ ਸ਼ਿਕਾਇਤ ਕਰਨ ਤੋਂ ਕਤਰਾਉਂਦੇ ਹਨ।

* ਇਸ ਨਵੇਂ ਸੈਂਟਰ ਦੇ ਅੰਕੜਿਆਂ ਨੂੰ ਬ੍ਰਿਟੇਨ ਦੀ 'ਮੈਟਰੋਪੋਲੀਟਨ ਪੁਲਿਸ' ਵੱਲੋਂ ਅਧਿਕਾਰਤ ਮਾਨਤਾ ਮਿਲਣਾ ਬੇਹੱਦ ਜ਼ਰੂਰੀ ਹੈ, ਤਾਂ ਜੋ ਦੋਸ਼ੀਆਂ ਖ਼ਿਲਾ.ਫ ਸ.ਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਈ ਜਾ ਸਕੇ।

ਇਸ ਨਵੇਂ ਮਾਨੀਟਰਿੰਗ ਸੈਂਟਰ ਦਾ ਮੁੱਖ ਮਕਸਦ ਸਿਰ.ਫ ਸ਼ਿਕਾਇਤਾਂ ਦਰਜ ਕਰਨਾ ਹੀ ਨਹੀਂ, ਬਲਕਿ ਇੱਕ ਅਜਿਹਾ ਠੋਸ ਡਾਟਾਬੇਸ ਤਿਆਰ ਕਰਨਾ ਹੈ ਜਿਸ ਦੇ ਆਧਾਰ 'ਤੇ ਬ੍ਰਿਟਿਸ਼ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ 'ਤੇ ਸ.ਖ਼ਤ ਕਦਮ ਚੁੱਕਣ ਲਈ ਦਬਾਅ ਪਾਇਆ ਜਾ ਸਕੇ। ਸਥਾਨਕ ਆਗੂਆਂ ਵੱਲੋਂ ਕੀਤੀ ਗਈ ਇਹ ਪਹਿਲ ਤਾਂ ਹੀ ਸ.ਫਲ ਹੋ ਸਕਦੀ ਹੈ ਜੇਕਰ ਭਾਈਚਾਰੇ ਦੇ ਲੋਕ ਬਿਨਾਂ ਕਿਸੇ ਡਰ ਦੇ ਆਪਣੇ ਨਾਲ ਹੋਣ ਵਾਲੇ ਵਿਤਕਰੇ ਵਿਰੁੱਧ ਆਵਾਜ਼ ਉਠਾਉਣ ਅਤੇ ਇਸ ਪਲੇਟਫਾਰਮ ਦੀ ਵਰਤੋਂ ਕਰਨ।

ਬ੍ਰਿਟੇਨ ਵਰਗੇ ਜਮਹੂਰੀ ਦੇਸ਼ ਵਿੱਚ, ਜੋ ਆਪਣੀ ਵਿਭਿੰਨਤਾ ਅਤੇ ਮਨੁੱਖੀ ਅਧਿਕਾਰਾਂ ਲਈ ਜਾਣਿਆ ਜਾਂਦਾ ਹੈ, ਕਿਸੇ ਵੀ ਭਾਈਚਾਰੇ ਵਿਰੁੱਧ ਨ.ਫਰਤ ਫੈਲਾਉਣ ਵਾਲਿਆਂ ਨੂੰ ਖੁੱਲ੍ਹ ਨਹੀਂ ਮਿਲਣੀ ਚਾਹੀਦੀ। ਉਮੀਦ ਹੈ ਕਿ ਇਹ ਨਵਾਂ ਕੇਂਦਰ ਨਾ ਸਿਰ.ਫ ਅਪਰਾਧਾਂ ਨੂੰ ਰੋਕਣ ਵਿੱਚ ਮਦਦਗਾਰ ਸਾਬਤ ਹੋਵੇਗਾ, ਬਲਕਿ ਬ੍ਰਿਟੇਨ ਵਿੱਚ ਹਿੰਦੂ ਭਾਈਚਾਰੇ ਨੂੰ ਇੱਕ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਵਿੱਚ ਵੀ ਸ.ਫਲ ਹੋਵੇਗਾ।

# ਕੈਨੇਡਾ ਦੇ ਵਿਧਾਇਕ ਨੇ ਸੂਬਾਈ ਵਿਧਾਨ ਸਭਾ ਵਿਚ 1984 ਦੀ ਸਿੱਖ ਨਸਲਕੁਸ਼ੀ ਨੂੰ ਮਾਨਤਾ ਦੇਣ ਲਈ ਮਤਾ ਕੀਤਾ ਪੇਸ਼

ਚੰਡੀਗੜ੍ਹ-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਤੋਂ ਸੂਬਾਈ ਵਿਧਾਇਕ ਮਨਦੀਪ ਧਾਲੀਵਾਲ ਨੇ ਵਿਧਾਨ ਸਭਾ ਵਿੱਚ 1984 ਦੇ ਸਿੱਖ ਵਿਰੋਧੀ ਦੰਗਿਆਂ/ਹਿੰਸਾ ਨੂੰ ਅਧਿਕਾਰਤ ਤੌਰ 'ਤੇ 'ਸਿੱਖ ਨਸਲਕੁਸ਼ੀ' ਵਜੋਂ ਮਾਨਤਾ ਦੇਣ ਲਈ ਇੱਕ ਮਤਾ ਪੇਸ਼ ਕੀਤਾ ਹੈ। ਸਰੀ ਨੌਰਥ ਤੋਂ ਵਿਧਾਇਕ ਅਤੇ ਬੀਸੀ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਮਨਦੀਪ ਧਾਲੀਵਾਲ ਵੱਲੋਂ 20 ਮਈ ਨੂੰ ਪੇਸ਼ ਕੀਤੇ ਗਏ ਇਸ ਮਤੇ ਦਾ ਮੁੱਖ ਮਕਸਦ 1984 ਦੇ ਪੀੜਤਾਂ ਦੀ ਯਾਦ, ਸਿੱਖਿਆ ਅਤੇ ਸਿੱਖ ਵਿਰੋਧੀ ਨਫ਼ਰਤ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਹੈ।

### ਮਤੇ ਦੇ ਮੁੱਖ ਨੁਕਤੇ

* ਮਤੇ ਵਿੱਚ 1984 ਦੌਰਾਨ ਭਾਰਤ ਵਿੱਚ ਸਿੱਖਾਂ ਖ਼ਿਲਾਫ਼ ਹੋਈ ਹਿੰਸਾ, ਸਮੂਹਿਕ ਕਤਲੇਆਮ, ਘਰਾਂ, ਕਾਰੋਬਾਰਾਂ ਤੇ ਗੁਰਦੁਆਰਾ ਸਾਹਿਬਾਨ ਦੀ ਹੋਈ ਤਬਾਹੀ ਅਤੇ ਪੀੜਤ ਪਰਿਵਾਰਾਂ ਦੇ ਅਸਹਿ ਦਰਦ ਦਾ ਜ਼ਿਕਰ ਕੀਤਾ ਗਿਆ ਹੈ।

* ਵਿਧਾਇਕ ਧਾਲੀਵਾਲ ਨੇ ਕਿਹਾ, "ਬ੍ਰਿਟਿਸ਼ ਕੋਲੰਬੀਆ ਇੱਕ ਬਹੁਤ ਹੀ ਸਰਗਰਮ ਸਿੱਖ ਭਾਈਚਾਰੇ ਦਾ ਘਰ ਹੈ, ਜਿਸ ਨੇ ਸੂਬੇ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਇਤਿਹਾਸ, ਉਨ੍ਹਾਂ ਦੇ ਨੁਕਸਾਨ ਅਤੇ ਉਨ੍ਹਾਂ ਦੀ ਆਵਾਜ਼ ਨੂੰ ਸਨਮਾਨ ਦੇਣਾ ਸਾਡਾ ਫ਼ਰਜ਼ ਹੈ।"

* ਇਹ ਮਤਾ ਵਿਧਾਨ ਸਭਾ ਨੂੰ ਮਾਰੇ ਗਏ ਲੋਕਾਂ ਅਤੇ ਸਰਵਾਈਵਰਾਂ ਨੂੰ ਸ਼ਰਧਾਂਜਲੀ ਦੇਣ ਦੇ ਨਾਲ-ਨਾਲ ਸਿੱਖ ਵਿਰੋਧੀ ਨਫ਼ਰਤ, ਧਾਰਮਿਕ ਅਤਿਆਚਾਰ ਅਤੇ ਨਸਲਕੁਸ਼ੀ ਤੋਂ ਇਨਕਾਰ ਕਰਨ ਵਾਲੀ ਸੋਚ ਵਿਰੁੱਧ ਸੁਚੇਤ ਰਹਿਣ ਅਤੇ ਨਵੀਂ ਪੀੜ੍ਹੀ ਨੂੰ ਜਾਗਰੂਕ ਕਰਨ 'ਤੇ ਜ਼ੋਰ ਦਿੰਦਾ ਹੈ।

ਸਾਲ 1984 ਵਿੱਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ, ਖ਼ਾਸ ਕਰਕੇ ਦਿੱਲੀ ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਹਜ਼ਾਰਾਂ ਸਿੱਖਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਕਾਰਕੁਨ ਲੰਬੇ ਸਮੇਂ ਤੋਂ ਇਸ ਨੂੰ ਸਿਆਸੀ ਸ਼ਹਿ ਪ੍ਰਾਪਤ ਇੱਕ ਯੋਜਨਾਬੱਧ ਕਤਲੇਆਮ (ਨਸਲਕੁਸ਼ੀ) ਮੰਨਦੇ ਆ ਰਹੇ ਹਨ।

### ਕੈਨੇਡਾ ਵਿੱਚ ਵਧਦੀ ਮੰਗ

ਕੈਨੇਡਾ ਵਿੱਚ 1984 ਦੀ ਹਿੰਸਾ ਨੂੰ ਅਧਿਕਾਰਤ ਤੌਰ 'ਤੇ ਨਸਲਕੁਸ਼ੀ ਵਜੋਂ ਮਾਨਤਾ ਦਿਵਾਉਣ ਦੀ ਮੰਗ ਲਗਾਤਾਰ ਜ਼ੋਰ ਫੜ ਰਹੀ ਹੈ। ਇਸੇ ਮਹੀਨੇ ਦੇ ਸ਼ੁਰੂ ਵਿੱਚ ਓਟਾਵਾ ਵਿਖੇ ਕੈਨੇਡਾ ਦੀ ਸੈਨੇਟ ਵਿੱਚ ਇੱਕ ਵਿਸ਼ੇਸ਼ ਸਮਾਗਮ ਵੀ ਕਰਵਾਇਆ ਗਿਆ ਸੀ, ਜਿਸ ਨੂੰ ਸੈਨੇਟਰ ਬਲਤੇਜ ਸਿੰਘ ਢਿੱਲੋਂ ਅਤੇ ਕਈ ਸੰਸਦ ਮੈਂਬਰਾਂ ਦਾ ਸਮਰਥਨ ਹਾਸਲ ਸੀ। ਬ੍ਰਿਟਿਸ਼ ਕੋਲੰਬੀਆ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਡਾਇਸਪੋਰਾ ਰਹਿੰਦਾ ਹੈ, ਜੋ ਇਸ ਇਤਿਹਾਸਕ ਸੱਚਾਈ ਨੂੰ ਦੁਨੀਆ ਸਾਹਮਣੇ



ਲਿਆਉਣ ਲਈ ਦਹਾਕਿਆਂ ਤੋਂ ਸੰਘਰਸ਼ ਕਰ ਰਿਹਾ ਹੈ।

### ਹੁਣ ਤਕ ਕਿਥੇ ਕਿਥੇ ਮਤੇ ਪਾਸ ਹੋਏ

1984 ਦੇ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ' ਵਜੋਂ ਮਾਨਤਾ ਦੇਣ ਲਈ ਹੁਣ ਤੱਕ ਕੈਨੇਡਾ, ਅਮਰੀਕਾ ਅਤੇ ਭਾਰਤ ਸਮੇਤ ਦੁਨੀਆ ਦੇ ਕਈ ਸੂਬਿਆਂ, ਸ਼ਹਿਰਾਂ ਅਤੇ ਸੰਸਦਾਂ ਵਿੱਚ ਮਤੇ ਪੇਸ਼ ਜਾਂ ਪਾਸ ਕੀਤੇ ਜਾ ਚੁੱਕੇ ਹਨ।

### ਮੁੱਖ ਥਾਵਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ

ਕੈਨੇਡਾ ਦੇ ਵੱਖ-ਵੱਖ ਸੂਬਿਆਂ ਅਤੇ ਸੰਸਦ ਵਿੱਚ ਇਸ ਸਬੰਧੀ ਕਈ ਵਾਰ ਆਵਾਜ਼ ਉੱਠੀ ਹੈ। ਅਪ੍ਰੈਲ 2017 ਵਿੱਚ, ਓਨਟਾਰੀਓ ਦੀ ਵਿਧਾਨ ਸਭਾ ਨੇ ਇੱਕ ਇਤਿਹਾਸਕ ਮਤਾ ਪਾਸ ਕਰਕੇ 1984 ਦੀ ਹਿੰਸਾ ਨੂੰ ਅਧਿਕਾਰਤ ਤੌਰ 'ਤੇ 'ਨਸਲਕੁਸ਼ੀ' ਵਜੋਂ ਮਾਨਤਾ ਦਿੱਤੀ ਸੀ। ਇਹ ਮਤਾ ਉਸ ਵੇਲੇ ਦੀ ਐਮ.ਪੀ.ਪੀ. ਹਰਿੰਦਰ ਸਿੰਘ ਮੱਲ੍ਹੀ ਵੱਲੋਂ ਪੇਸ਼ ਕੀਤਾ ਗਿਆ ਸੀ।

* ਕੈਨੇਡਾ ਦੀ ਕੇਂਦਰੀ ਸੰਸਦ ਵਿੱਚ ਵੀ ਕਈ ਵਾਰ ਸਿੱਖ ਸੰਸਦ ਮੈਂਬਰਾਂ (ਜਿਵੇਂ ਸੁੱਖ ਧਾਲੀਵਾਲ) ਵੱਲੋਂ 1984 ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਪਟੀਸ਼ਨਾਂ ਅਤੇ ਮਤੇ ਪੇਸ਼ ਕੀਤੇ ਜਾ ਚੁੱਕੇ ਹਨ।

* ਤਾਜ਼ਾ ਖ਼ਬਰਾਂ ਵਿੱਚ ਸਾਹਮਣੇ ਆਇਆ ਹੈ, ਵਿਧਾਇਕ ਮਨਦੀਪ ਧਾਲੀਵਾਲ ਵੱਲੋਂ ਬੀ.ਸੀ. ਵਿਧਾਨ ਸਭਾ ਵਿੱਚ ਵੀ ਹੁਣ ਇਹ ਮਤਾ ਨੋਟਿਸ ਵਜੋਂ ਪੇਸ਼ ਕੀਤਾ ਗਿਆ ਹੈ।

ਅਮਰੀਕਾ ਦੇ ਕਈ ਰਾਜਾਂ ਅਤੇ ਸ਼ਹਿਰਾਂ ਦੀਆਂ ਕੌਂਸਲਾਂ ਨੇ ਇਸ ਸਬੰਧੀ ਮਤੇ ਪਾਸ ਕੀਤੇ ਹਨ।

* ਸਾਲ 2022 ਵਿੱਚ ਕਨੈਕਟੀਕਟ ਸੂਬੇ ਨੇ 1984 ਦੇ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਣ ਦਾ ਮਤਾ ਪਾਸ ਕੀਤਾ ਸੀ।

* ਨਿਊ ਜਰਸੀ ਦੀ ਜਨਰਲ ਅਸੈਂਬਲੀ ਵਿੱਚ ਵੀ 1984 ਦੀ ਹਿੰਸਾ ਦੀ ਨਿਖੇਧੀ ਕਰਨ ਅਤੇ ਇਸ ਨੂੰ ਨਸਲਕੁਸ਼ੀ ਵਜੋਂ ਯਾਦ ਕਰਨ ਲਈ ਮਤੇ ਪੇਸ਼ ਕੀਤੇ ਗਏ।

* ਪੈਨਸਿਲਵੇਨੀਆ ਦੀ ਸਟੇਟ ਅਸੈਂਬਲੀ ਵਿੱਚ ਵੀ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਮਤਾ ਲਿਆਂਦਾ ਗਿਆ ਸੀ।

ਸ਼ਹਿਰਾਂ ਦੀਆਂ ਕੌਂਸਲਾਂ: ਅਮਰੀਕਾ ਦੇ ਕਈ ਪ੍ਰਮੁੱਖ ਸ਼ਹਿਰਾਂ (ਜਿਵੇਂ ਕਿ ਕੈਲੀਫੋਰਨੀਆ ਦੇ ਕਈ ਸ਼ਹਿਰ) ਦੀਆਂ ਸਥਾਨਕ ਕੌਂਸਲਾਂ ਨੇ ਵੀ ਨਸਲਕੁਸ਼ੀ ਦੇ ਮਤੇ ਪਾਸ ਕੀਤੇ ਹੋਏ ਹਨ।

* ਦਸੰਬਰ 2015 ਵਿੱਚ ਦਿੱਲੀ ਵਿਧਾਨ ਸਭਾ ਨੇ ਇੱਕ ਮਤਾ ਪਾਸ ਕੀਤਾ ਸੀ, ਜਿਸ ਵਿੱਚ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ 'ਨਸਲਕੁਸ਼ੀ ਵਜੋਂ ਚਿੰਨ੍ਹਿਤ ਕਰਨ ਦੀ ਮੰਗ ਕੀਤੀ ਗਈ ਸੀ ਅਤੇ ਕੇਂਦਰ ਸਰਕਾਰ ਨੂੰ ਇਸ ਸਬੰਧੀ ਕਾਰਵਾਈ ਕਰਨ ਲਈ ਕਿਹਾ ਗਿਆ ਸੀ।

* ਆਸਟ੍ਰੇਲੀਆ ਅਤੇ ਯੂ.ਕੇ.: ਇਨ੍ਹਾਂ ਦੇਸ਼ਾਂ ਦੀਆਂ ਸੰਸਦਾਂ ਵਿੱਚ ਵੀ ਸਿੱਖ ਭਾਈਚਾਰੇ ਦੇ ਸਥਾਨਕ ਨੁਮਾਇੰਦਿਆਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ 1984 ਦੇ ਇਨਸਾਫ਼ ਲਈ ਅਤੇ ਇਸ ਨੂੰ ਨਸਲਕੁਸ਼ੀ ਐਲਾਨਣ ਲਈ ਸਮੇਂ-ਸਮੇਂ 'ਤੇ ਪਟੀਸ਼ਨਾਂ ਅਤੇ ਨਿੱਜੀ ਮਤੇ ਪੇਸ਼ ਕੀਤੇ ਜਾਂਦੇ ਰਹੇ ਹਨ।

ਇਹ ਮਤੇ ਕੌਮਾਂਤਰੀ ਪੱਧਰ 'ਤੇ 1984 ਦੇ ਪੀੜਤਾਂ ਲਈ ਇਨਸਾਫ਼ ਦੀ ਆਵਾਜ਼ ਨੂੰ ਮਜ਼ਬੂਤ ਕਰਨ ਅਤੇ ਦੁਨੀਆ ਨੂੰ ਇਸ ਇਤਿਹਾਸਕ ਦੁਖਾਂਤ ਬਾਰੇ ਜਾਗਰੂਕ ਕਰਨ ਲਈ ਪੇਸ਼ ਕੀਤੇ ਜਾਂਦੇ ਹਨ।

# ਸਿੱਖ ਭਾਵਨਾਵਾਂ ਵਿਰੁੱਧ ਮੱਦਾਂ ਕਬੂਲ ਨਹੀਂ

## ✪ ਸਤਿਕਾਰ ਐਕਟ ਵਿਰੁੱਧ ਸੰਗਤਾਂ ਨੂੰ ਜਾਗਰੂਕ ਕਰਨ ਲਈ ਐਡਵੋਕੇਟ ਧਾਮੀ ਦਾ ਸੱਦਾ



ਅੰਮ੍ਰਿਤਸਰ-ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਨੂੰ ਲੈ ਕੇ ਸਿੱਖ ਪੰਥ ਵਿੱਚ ਰੋਸ ਵਧਦਾ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਐਕਟ ਵਿੱਚ ਦਰਜ ਵਿਵਾਦਤ ਅਤੇ ਸਿੱਖ ਭਾਵਨਾਵਾਂ ਦੇ ਉਲਟ ਮੱਦਾਂ ਬਾਰੇ ਸੰਗਤਾਂ ਨੂੰ ਜਾਗਰੂਕ ਕਰਨ ਦਾ ਸੱਦਾ ਦਿੱਤਾ ਹੈ। ਇਸ ਸਬੰਧੀ ਫਗਵਾੜਾ ਦੇ ਗੁਰਦੁਆਰਾ ਸ੍ਰੀ ਸੁਖਚੈਨਆਨਾ ਸਾਹਿਬ ਵਿਖੇ ਕਪੂਰਥਲਾ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਜਲੰਧਰ ਜ਼ਿਲ੍ਹਿਆਂ ਦੇ ਪ੍ਰਚਾਰਕਾਂ, ਢਾਡੀਆਂ ਅਤੇ ਕਵੀਸ਼ਰ ਜਥਿਆਂ ਦੀ ਇੱਕ ਅਹਿਮ ਇਕੱਤਰਤਾ ਹੋਈ, ਜਿਸ ਦੀ ਅਗਵਾਈ ਐਡਵੋਕੇਟ ਧਾਮੀ ਨੇ ਕੀਤੀ।

ਐਡਵੋਕੇਟ ਧਾਮੀ ਨੇ ਦੱਸਿਆ ਕਿ "ਇਸ ਗੰਭੀਰ ਮਸਲੇ 'ਤੇ ਵਿਚਾਰ-ਵਟਾਂਦਰਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ 31 ਮਈ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ ਵਿਖੇ ਇੱਕ ਵਿਸ਼ਾਲ ਪੰਥਕ ਕਾਨਫਰੰਸ ਸੱਦੀ ਗਈ ਹੈ। ਉਨ੍ਹਾਂ ਨੇ ਪ੍ਰਚਾਰਕ ਜਥਿਆਂ ਨੂੰ ਆਖਿਆ ਕਿ ਉਹ ਪਿੰਡ-ਪਿੰਡ ਜਾ ਕੇ ਗੁਰਦੁਆਰਾ ਕਮੇਟੀਆਂ, ਗ੍ਰੰਥੀ ਸਿੰਘਾਂ ਅਤੇ ਸੰਗਤਾਂ ਨੂੰ ਇਸ ਕਾਨਫਰੰਸ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕਰਨ। ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣਾ ਹਰ ਸਿੱਖ ਦੀ ਮੰਗ ਹੈ, ਪਰ ਕਿਸੇ ਵੀ ਕਾਨੂੰਨ ਵਿੱਚ ਸਿੱਖ ਭਾਵਨਾਵਾਂ ਦੇ ਵਿਰੁੱਧ ਸ਼ਬਦਾਵਲੀ ਅਤੇ ਮੱਦਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ।" ਮੀਟਿੰਗ ਦੌਰਾਨ ਹਾਜ਼ਰ ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਚਾਰਕ ਜਥਿਆਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭਰੋਸਾ ਦਿੱਤਾ ਕਿ ਉਹ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਸੰਗਤਾਂ ਤੱਕ ਇਸ ਕਾਨੂੰਨ ਦੀਆਂ ਖਾਮੀਆਂ ਬਾਰੇ ਜਾਣਕਾਰੀ ਪਹੁੰਚਾਉਣਗੇ।

ਇਹ ਪ੍ਰਮੁੱਖ ਸ਼ਖ਼ਸੀਅਤਾਂ ਰਹੀਆਂ ਹਾਜ਼ਰ-ਇਸ ਅਹਿਮ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਜਥੇਦਾਰ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਰਣਜੀਤ ਸਿੰਘ ਕਾਹਲੋਂ, ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਬੀਬੀ ਦਵਿੰਦਰ ਕੌਰ ਕਾਲੜਾ, ਬੀਬੀ ਗੁਰਪ੍ਰੀਤ ਕੌਰ ਰੂਹੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਇੰਚਾਰਜ ਬਲਦੇਵ ਸਿੰਘ, ਗੁਰਭਾਗ ਸਿੰਘ, ਅਤੇ ਹੈੱਡ ਪ੍ਰਚਾਰਕ ਗਿਆਨੀ ਸਰਬਜੀਤ ਸਿੰਘ ਢੋਟੀਆਂ ਸਮੇਤ ਵੱਡੀ ਗਿਣਤੀ ਵਿੱਚ ਪ੍ਰਚਾਰਕ, ਕਵੀਸ਼ਰ ਅਤੇ ਢਾਡੀ ਜਥੇ ਮੌਜੂਦ ਸਨ।

# ਅਮਰੀਕੀ ਅਦਾਲਤ ਵੱਲੋਂ ਦਿਲਜੀਤ ਦੋਸਾਂਝ, ਜਿੰਮੀ ਫੈਲਨ ਅਤੇ ਹੋਰਨਾਂ ਨੂੰ ਸੰਮਨ ਜਾਰੀ

## ✪ 1984 ਕਤਲੇਆਮ ਪੀੜਤ ਵੱਲੋਂ ਸਿਵਲ ਮੁਕੱਦਮਾ ਦਾਇਰ

ਪਟਿਆਲਾ-ਮਸ਼ਹੂਰ ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ, ਅਮਰੀਕੀ ਟੈਲੀਵਿਜ਼ਨ ਮੇਜ਼ਬਾਨ ਜਿੰਮੀ ਫੈਲਨ, ਐੱਨ. ਬੀ. ਸੀ. ਯੂਨੀਵਰਸਲ ਅਤੇ ਲਾਈਵ ਨੇਸ਼ਨ ਐਂਟਰਟੇਨਮੈਂਟ ਕੰਪਨੀਆਂ ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਅਮਰੀਕਾ ਦੀ ਇੱਕ ਫੈਡਰਲ ਅਦਾਲਤ (ਨਿਊ ਯਾਰਕ ਦੇ ਦੱਖਣੀ ਜ਼ਿਲ੍ਹੇ ਦੀ ਜ਼ਿਲ੍ਹਾ ਅਦਾਲਤ) ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇੱਕ ਪੀੜਤ ਵੱਲੋਂ ਦਾਇਰ ਸਿਵਲ ਮੁਕੱਦਮੇ ਤਹਿਤ ਇਨ੍ਹਾਂ ਸਾਰਿਆਂ ਨੂੰ ਸੰਮਨ ਜਾਰੀ ਕੀਤੇ ਹਨ।

ਇਹ ਮੁਕੱਦਮਾ ਨਿਊ ਯਾਰਕ ਦੇ ਰਹਿਣ ਵਾਲੇ ਮਹਿੰਦਰ ਸਿੰਘ ਵੱਲੋਂ ਦਾਇਰ ਕੀਤਾ ਗਿਆ ਹੈ, ਜਿਸ ਦਾ ਦਾਅਵਾ ਹੈ ਕਿ ਉਹ 1984 ਦੀ ਨਸਲਕੁਸ਼ੀ ਦੌਰਾਨ ਬਚ ਗਿਆ ਸੀ, ਪਰ ਉਸ ਦੇ ਪਿਤਾ ਦੀ ਦਿੱਲੀ ਵਿੱਚ ਬੇਰਹਿਮੀ ਨਾਲ ਮੌਤ ਹੋ ਗਈ ਸੀ। 'ਸਿੱਖਸ ਫਾਰ ਜਸਟਿਸ' ਦੇ ਬਾਨੀ ਗੁਰਪਤਵੰਤ ਸਿੰਘ ਪੰਨੂ ਨੇ ਇਸ ਕੇਸ ਦੀ ਪੈਰਵੀ ਵਿੱਚ ਮੁਦਈ (ਸ਼ਿਕਾਇਤਕਰਤਾ) ਦੀ ਮਦਦ ਕਰਨ ਦਾ ਦਾਅਵਾ ਕੀਤਾ ਹੈ। ਅਮਰੀਕੀ ਕਾਨੂੰਨੀ ਪ੍ਰਕਿਰਿਆ ਮੁਤਾਬਕ ਹੁਣ ਬਚਾਅ ਪੱਖ ਨੂੰ 21 ਦਿਨਾਂ ਦੇ ਅੰਦਰ ਅਦਾਲਤ ਵਿੱਚ ਆਪਣਾ ਜਵਾਬ ਦਾਇਰ ਕਰਨਾ ਪਵੇਗਾ।



**ਕੀ ਹੈ ਪੂਰਾ ਮਾਮਲਾ ਅਤੇ ਦਿਲਜੀਤ 'ਤੇ ਕੀ ਹਨ ਦੋਸ਼?**-ਸ਼ਿਕਾਇਤਕਰਤਾ ਮੁਤਾਬਕ ਦਿਲਜੀਤ ਦੋਸਾਂਝ ਨੇ ਮਸ਼ਹੂਰ ਟੈਲੀਵਿਜ਼ਨ ਸ਼ੋਅ 'ਕੌਨ ਬਨੇਗਾ ਕਰੋੜਪਤੀ' ਵਿੱਚ ਬੌਲੀਵੁੱਡ ਅਦਾਕਾਰ ਅਮਿਤਾਭ ਬੱਚਨ ਦਾ ਜਨਤਕ ਤੌਰ 'ਤੇ ਸਨਮਾਨ ਕੀਤਾ ਅਤੇ ਸ਼ਰਧਾ ਵਜੋਂ ਉਨ੍ਹਾਂ ਦੇ ਪੈਰ ਛੂਹੇ।

ਮੁਕੱਦਮੇ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਅਮਿਤਾਭ ਬੱਚਨ ਨੇ ਕਥਿਤ ਤੌਰ 'ਤੇ 'ਖ਼ੂਨ ਬਦਲੇ ਖ਼ੂਨ' ਦਾ ਨਾਅਰਾ ਦਿੱਤਾ ਸੀ, ਜਿਸ ਨੇ ਨਵੰਬਰ 1984 ਵਿੱਚ ਸਿੱਖਾਂ ਖ਼ਿਲਾਫ਼ ਹਿੰਸਾ ਨੂੰ ਹਵਾ ਦਿੱਤੀ।

ਦਿਲਜੀਤ ਦੋਸਾਂਝ 1984 ਦੇ ਇਸ ਦਰਦਨਾਕ ਸਦਮੇ ਤੋਂ ਭਲੀ-ਭਾਂਤ ਜਾਣੂ ਸਨ, ਕਿਉਂਕਿ ਉਨ੍ਹਾਂ ਨੇ ਖ਼ੁਦ 2022 ਵਿੱਚ 'ਜੋਗੀ' ਫ਼ਿਲਮ ਕੀਤੀ ਸੀ, ਜਿਸ ਵਿੱਚ ਇਸ ਘਟਨਾ ਨੂੰ ਜਨਤਕ ਤੌਰ 'ਤੇ 'ਨਸਲਕੁਸ਼ੀ' ਵਜੋਂ ਪੇਸ਼ ਕੀਤਾ ਗਿਆ ਸੀ। ਇਸ ਦੇ ਬਾਵਜੂਦ ਅਮਿਤਾਭ ਬੱਚਨ ਦੇ ਪੈਰ ਛੂਹ ਕੇ ਉਨ੍ਹਾਂ ਨੇ ਪੀੜਤਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਹੈ।

**ਜਿੰਮੀ ਫੈਲਨ, ਐਨਬੀਸੀ ਅਤੇ ਲਾਈਵ ਨੇਸ਼ਨ ਨੂੰ ਕਿਉਂ ਕੀਤਾ ਨਾਮਜ਼ਦ?**-ਜਿੰਮੀ ਫੈਲਨ ਅਤੇ ਐਨਬੀਸੀ ਮੁਕੱਦਮੇ ਅਨੁਸਾਰ 'ਦਿ ਟੂਨਾਈਟ ਸ਼ੋਅ ਸਟਾਰਿੰਗ ਜਿੰਮੀ ਫੈਲਨ' ਰਾਹੀਂ ਦਿਲਜੀਤ ਦੋਸਾਂਝ ਨੂੰ ਅਮਰੀਕੀ ਟੈਲੀਵਿਜ਼ਨ 'ਤੇ 'ਮੰਚ' ਮੁਹੱਈਆ ਕਰਵਾਇਆ ਗਿਆ ਅਤੇ ਉਨ੍ਹਾਂ ਦੀ ਪ੍ਰਮੋਸ਼ਨ ਕੀਤੀ ਗਈ।

ਸਿੱਖ ਕਾਰਕੁਨ ਸਮੂਹਾਂ ਵੱਲੋਂ ਉਠਾਏ ਗਏ ਸਖ਼ਤ ਇਤਰਾਜ਼ਾਂ ਦੇ ਬਾਵਜੂਦ, ਇਸ ਕੰਪਨੀ ਨੇ ਦਿਲਜੀਤ ਦੋਸਾਂਝ ਦੇ ਅਮਰੀਕੀ ਕੰਸਰਟ ਟੂਰ ਨੂੰ ਵਪਾਰਕ ਤੌਰ 'ਤੇ ਪ੍ਰਮੋਟ ਕਰਨਾ ਜਾਰੀ ਰੱਖਿਆ। ਇਸ ਕਾਨੂੰਨੀ ਕਾਰਵਾਈ ਨੇ ਇਸ ਵੇਲੇ ਵਿਦੇਸ਼ਾਂ ਅਤੇ ਖ਼ਾਸਕਰ ਅਮਰੀਕਾ-ਕੈਨੇਡਾ ਵਿੱਚ ਵਸਦੇ ਪੰਜਾਬੀ ਭਾਈਚਾਰੇ ਅਤੇ ਮਨੋਰੰਜਨ ਜਗਤ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ।

# ਭਾਰਤ 'ਤੇ ਮੰਡਰਾਉਣ ਲੱਗਾ 'ਇਬੋਲਾ' ਦਾ ਖ਼ਤਰਾ : ਦਿੱਲੀ ਏਅਰਪੋਰਟ ਹਾਈ ਅਲਰਟ 'ਤੇ, ਵਿਸ਼ੇਸ਼ ਹੈਲਥ ਐਡਵਾਈਜ਼ਰੀ ਜਾਰੀ

ਨਵੀਂ ਦਿੱਲੀ-ਵਿਸ਼ਵ ਸਿਹਤ ਸੰਗਠਨ ਵੱਲੋਂ ਅਫ਼ਰੀਕੀ ਦੇਸ਼ਾਂ ਵਿੱਚ ਤੇਜ਼ੀ ਨਾਲ ਫੈਲ ਰਹੇ 'ਇਬੋਲਾ ਵਾਇਰਸ' ਨੂੰ ਅੰਤਰਰਾਸ਼ਟਰੀ ਸਿਹਤ ਐਮਰਜੈਂਸੀ ਐਲਾਨਣ ਤੋਂ ਬਾਅਦ ਹੁਣ ਭਾਰਤ ਸਰਕਾਰ ਵੀ ਪੂਰੀ ਤਰ੍ਹਾਂ ਚੌਕਸ ਹੋ ਗਈ ਹੈ। ਸਿਹਤ ਮੰਤਰਾਲੇ ਅਤੇ ਡਾਇਰੈਕਟੋਰੇਟ ਜਨਰਲ ਆਫ਼ ਹੈਲਥ ਸਰਵਿਸਿਜ ਦੇ ਨਿਰਦੇਸ਼ਾਂ 'ਤੇ ਦੇਸ਼ ਦੇ ਹਵਾਈ ਅੱਡਿਆਂ 'ਤੇ ਨਿਗਰਾਨੀ ਸਖ਼ਤ ਕਰ ਦਿੱਤੀ ਗਈ ਹੈ। ਇਸੇ ਤਹਿਤ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਇਬੋਲਾ ਪ੍ਰਭਾਵਿਤ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਇੱਕ ਵਿਸ਼ੇਸ਼ ਸਿਹਤ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ।

ਸਿਹਤ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਵਿੱਚ ਅਜੇ ਤੱਕ ਇਬੋਲਾ ਦਾ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ ਹੈ, ਪਰ ਇਹ ਕਦਮ ਸੁਰੱਖਿਆ ਦੇ ਲਿਹਾਜ਼ ਨਾਲ ਪਹਿਲਾਂ ਹੀ ਚੁੱਕੇ ਜਾ ਰਹੇ ਹਨ।

ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ 'ਤੇ ਵਿਸ਼ੇਸ਼ ਨਜ਼ਰ-ਏਅਰਪੋਰਟ ਹੈਲਥ ਆਰਗੇਨਾਈਜ਼ੇਸ਼ਨ ਵੱਲੋਂ ਜਾਰੀ ਐਡਵਾਈਜ਼ਰੀ ਮੁਤਾਬਕ, ਇਹ ਹੁਕਮ ਖ਼ਾਸ ਤੌਰ 'ਤੇ ਕਾਂਗੋ, ਯੁਗਾਂਡਾ ਅਤੇ ਦੱਖਣੀ ਸੁਡਾਨ ਵਰਗੇ ਹਾਈ ਰਿਸਕ (ਖ਼ਤਰੇ ਵਾਲੇ) ਅਫ਼ਰੀਕੀ ਦੇਸ਼ਾਂ ਤੋਂ ਸਿੱਧੇ ਆਉਣ ਵਾਲੇ ਜਾਂ ਉੱਥੋਂ ਹੋ ਕੇ ਗੁਜ਼ਰਨ ਵਾਲੇ ਯਾਤਰੀਆਂ ਲਈ ਲਾਗੂ ਹੋਣਗੇ। ਯਾਤਰੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਉਨ੍ਹਾਂ ਨੂੰ ਬੁਖ਼ਾਰ, ਉਲਟੀਆਂ, ਕਮਜ਼ੋਰੀ, ਦਸਤ, ਸਿਰਦਰਦ, ਗਲੇ ਵਿੱਚ ਖ਼ਰਾਸ਼ ਜਾਂ ਸਰੀਰ ਵਿੱਚੋਂ ਖ਼ੂਨ ਵਗਣ ਵਰਗੇ ਲੱਛਣ ਦਿਖਾਈ ਦੇਣ, ਤਾਂ ਉਹ ਇਮੀਗ੍ਰੇਸ਼ਨ ਕਲੀਅਰੈਂਸ ਤੋਂ ਪਹਿਲਾਂ ਹਵਾਈ ਅੱਡੇ ਦੇ ਹੈਲਥ ਡੈਸਕ ਨੂੰ ਤੁਰੰਤ ਸੂਚਿਤ ਕਰਨ।

ਕੇਂਦਰ ਸਰਕਾਰ ਵੱਲੋਂ ਉੱਚ ਪੱਧਰੀ ਬੈਠਕ; 21 ਦਿਨਾਂ ਤੱਕ ਨਿਗਰਾਨੀ ਰੱਖਣ ਦੀ ਸਲਾਹ-ਕੇਂਦਰੀ ਸਿਹਤ ਸਕੱਤਰ ਪੁੰਨਿਆ ਸਲਿਲਾ ਸ਼੍ਰੀਵਾਸਤਵ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਿਹਤ ਸਕੱਤਰਾਂ ਨਾਲ ਇੱਕ ਉੱਚ ਪੱਧਰੀ ਸਮੀਖਿਆ ਬੈਠਕ ਕਰਕੇ ਸਥਿਤੀ ਅਤੇ ਤਿਆਰੀਆਂ ਦਾ ਜਾਇਜ਼ਾ ਲਿਆ।

21 ਦਿਨਾਂ ਦਾ 'ਵਾਚ ਪੀਰੀਅਡ'-ਐਡਵਾਈਜ਼ਰੀ ਵਿੱਚ ਕਿਹਾ ਗਿਆ ਹੈ ਕਿ ਜੇਕਰ ਕੋਈ ਯਾਤਰੀ ਭਾਰਤ ਪਹੁੰਚਣ ਦੇ 21 ਦਿਨਾਂ ਦੇ ਅੰਦਰ ਅਜਿਹੇ ਕੋਈ ਵੀ ਲੱਛਣ ਮਹਿਸੂਸ ਕਰਦਾ ਹੈ, ਤਾਂ ਉਹ ਤੁਰੰਤ ਨਜ਼ਦੀਕੀ ਹਸਪਤਾਲ ਵਿੱਚ ਮੈਡੀਕਲ ਸਹਾਇਤਾ ਲਵੇ ਅਤੇ ਡਾਕਟਰਾਂ ਨੂੰ ਆਪਣੀ ਪੁਰਾਣੀ ਅਫ਼ਰੀਕੀ ਯਾਤਰਾ ਦੀ ਜਾਣਕਾਰੀ ਜ਼ਰੂਰ ਦੇਵੇ। ਕੇਂਦਰ ਸਰਕਾਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਇਸ ਸਥਿਤੀ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਭਾਰਤ ਕੋਲ ਅਜਿਹੀਆਂ ਸਿਹਤ ਚੁਣੌਤੀਆਂ ਅਤੇ ਵਾਇਰਸਾਂ ਨਾਲ ਨਜਿੱਠਣ ਦਾ ਪੂਰਾ ਤਜ਼ਰਬਾ ਅਤੇ ਪੁਖ਼ਤਾ ਇੰਤਜ਼ਾਮ ਮੌਜੂਦ ਹਨ।

# 'ਕ੍ਰਿਕਟ ਕੈਨੇਡਾ' ਦੇ ਨਵੇਂ ਚੁਣੇ ਪ੍ਰਧਾਨ ਅਰਵਿੰਦਰ ਖੋਸਾ ਦੇ ਘਰ 'ਤੇ ਅੰਨ੍ਹੇਵਾਹ ਗੋਲ਼ੀਬਾਰੀ

ਵਿਨੀਪੈੱਗ-ਕੈਨੇਡਾ ਦੇ ਸਰੀ ਸ਼ਹਿਰ ਤੋਂ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੇ 'ਕ੍ਰਿਕਟ ਕੈਨੇਡਾ' ਦੇ ਨਵੇਂ ਚੁਣੇ ਗਏ ਪ੍ਰਧਾਨ ਅਰਵਿੰਦਰ ਖੋਸਾ ਦੇ ਘਰ ਨੂੰ ਨਿਸ਼ਾਨਾ ਬਣਾ ਕੇ ਅਣਪਛਾਤੇ ਹਮਲਾਵਰਾਂ ਵੱਲੋਂ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ। ਅਰਵਿੰਦਰ ਖੋਸਾ ਨੇ ਖ਼ੁਦ ਇਸ ਗੋਲ਼ੀਬਾਰੀ ਦੀ ਪੁਸ਼ਟੀ ਕੀਤੀ ਹੈ।

ਰਾਹਤ ਦੀ ਗੱਲ ਇਹ ਰਹੀ ਕਿ ਤੜਕਸਾਰ ਹੋਈ ਇਸ ਗੋਲ਼ੀਬਾਰੀ ਸਮੇਂ ਘਰ ਦੇ ਸਾਰੇ ਮੈਂਬਰ ਅੰਦਰ ਹੀ ਮੌਜੂਦ ਸਨ, ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਗੋਲ਼ੀਆਂ ਲੱਗਣ ਕਾਰਨ ਘਰ ਦੇ ਦਰਵਾਜ਼ੇ, ਖਿੜਕੀਆਂ ਅਤੇ ਬਾਹਰੀ ਹਿੱਸੇ 'ਤੇ ਘੱਟੋ-ਘੱਟ ਪੰਜ ਨਿਸ਼ਾਨ ਦੇਖੇ ਗਏ ਹਨ।



ਸਰੀ ਪੁਲੀਸ ਮੁਤਾਬਕ ਉਨ੍ਹਾਂ ਨੂੰ ਇਸ ਘਟਨਾ ਦੀ ਸੂਚਨਾ ਮਿਲੀ। ਸ਼ੁਰੂਆਤੀ ਜਾਂਚ ਵਿੱਚ ਪੁਲੀਸ ਇਸ ਹਮਲੇ ਨੂੰ ਜਬਰੀ ਵਸੂਲੀ ਨਾਲ ਜੋੜ ਕੇ ਦੇਖ ਰਹੀ ਹੈ। ਪੁਲੀਸ ਅਧਿਕਾਰੀਆਂ ਅਨੁਸਾਰ, ਜਿਸ ਘਰ 'ਤੇ ਗੋਲੀ ਚਲਾਈ ਗਈ, ਉਸ ਨਾਲ ਜੁੜੇ ਇੱਕ ਵਿਅਕਤੀ ਨੂੰ ਪਹਿਲਾਂ ਜਬਰੀ ਵਸੂਲੀ ਲਈ ਧਮਕੀਆਂ ਮਿਲੀਆਂ ਸਨ।

ਦੂਜੇ ਪਾਸੇ, ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਕ ਇਸ ਹਮਲੇ ਦੇ ਤਾਰ ਕੈਨੇਡੀਅਨ ਕ੍ਰਿਕਟ ਜਗਤ ਦੇ ਅੰਦਰੂਨੀ ਵਿਵਾਦਾਂ ਅਤੇ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਵੀ ਜੁੜੇ ਹੋ ਸਕਦੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਪ੍ਰਕਾਸ਼ਿਤ ਹੋਈ 'ਪੰਜਵੀਂ ਅਸਟੇਟ'ਦੀ ਇੱਕ ਜਾਂਚ ਰਿਪੋਰਟ ਵਿੱਚ 'ਕ੍ਰਿਕਟ ਕੈਨੇਡਾ' ਦੀਆਂ ਪ੍ਰਮੁੱਖ ਹਸਤੀਆਂ 'ਤੇ ਭ੍ਰਿਸ਼ਟਾਚਾਰ, ਸੰਗਠਿਤ ਅਪਰਾਧ ਦੇ ਪ੍ਰਭਾਵ ਅਤੇ ਮੈਚ ਫਿਕਸਿੰਗ ਦੀਆਂ ਕੋਸ਼ਿਸ਼ਾਂ ਦੇ ਗੰਭੀਰ ਦੋਸ਼ ਲੱਗੇ ਸਨ।

ਅਰਵਿੰਦਰ ਖੋਸਾ ਨੂੰ ਬੀਤੀ 9 ਮਈ ਨੂੰ ਮਿਸੀਸਾਗਾ (ਓਨਟਾਰੀਓ) ਵਿਖੇ ਹੋਈ ਸਾਲਾਨਾ ਆਮ ਮੀਟਿੰਗ ਤੋਂ ਬਾਅਦ ਅਦਾਲਤ ਦੇ ਦਖ਼ਲ ਰਾਹੀਂ ਸਾਬਕਾ ਪ੍ਰਧਾਨ ਅਮਜਦ ਬਾਜਵਾ ਦੀ ਥਾਂ 'ਕ੍ਰਿਕਟ ਕੈਨੇਡਾ' ਦਾ ਨਵਾਂ ਪ੍ਰਧਾਨ ਚੁਣਿਆ ਗਿਆ ਸੀ।

### ਪੁਲੀਸ ਵੱਲੋਂ ਜਾਂਚ ਜਾਰੀ ਅਤੇ ਸਹਿਯੋਗ ਦੀ ਅਪੀਲ

ਸਰੀ ਪੁਲੀਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਘਟਨਾ ਨਾਲ ਸਬੰਧਿਤ ਕੋਈ ਜਾਣਕਾਰੀ, ਸੀਸੀਟੀਵੀ ਜਾਂ ਡੈਸ਼ਕੈਮ ਫੁਟੇਜ ਹੋਵੇ, ਤਾਂ ਉਹ ਤੁਰੰਤ ਐੱਸ.ਪੀ.ਐੱਸ. ਦੀ ਗੈਰ-ਐਮਰਜੈਂਸੀ ਲਾਈਨ 604-599-0502 'ਤੇ ਸੰਪਰਕ ਕਰਕੇ ਸਹਿਯੋਗ ਦੇਵੇ।

# ਸਤਿਕਾਰ ਸੋਧ ਐਕਟ ਮਾਮਲਾ : ਪੰਜਾਬ ਦੇ ਰਾਜਪਾਲ, ਜਥੇਦਾਰ ਗੜਗੱਜ ਅਤੇ ਐਡਵੋਕੇਟ ਧਾਮੀ ਵਿਚਾਲੇ ਹੋਈ ਅਹਿਮ ਮੁਲਾਕਾਤ; ਸੌਂਪਿਆ ਮੰਗ ਪੱਤਰ



ਆਲਮਗੀਰ/ਲੁਧਿਆਣਾ-ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ 'ਸਤਿਕਾਰ ਸੋਧ ਐਕਟ 2026' ਦੇ ਵਿਰੋਧ ਅਤੇ ਵਿਵਾਦ ਦਰਮਿਆਨ ਇੱਕ ਬਹੁਤ ਹੀ ਮਹੱਤਵਪੂਰਨ ਸਿਆਸੀ ਅਤੇ ਧਾਰਮਿਕ ਘਟਨਾਕ੍ਰਮ ਸਾਹਮਣੇ ਆਇਆ ਹੈ। ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ, ਆਲਮਗੀਰ ਵਿਖੇ ਨਤਮਸਤਕ ਹੋਣ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੌਕੇ ਜਥੇਦਾਰ ਗੜਗੱਜ ਵੱਲੋਂ ਰਾਜਪਾਲ ਨੂੰ ਇਸ ਕਾਨੂੰਨ ਦੀਆਂ ਖ਼ਾਮੀਆਂ ਸਬੰਧੀ ਇਕ ਵਿਸ਼ੇਸ਼ ਪੱਤਰ (ਮੰਗ ਪੱਤਰ) ਵੀ ਸੌਂਪਿਆ ਗਿਆ।

ਐਕਟ ਵਿਚ ਦਰਜ ਮੱਦਾਂ ਸਿੱਖ ਪਰੰਪਰਾਵਾਂ ਦੇ ਉਲਟ: ਪੰਥਕ ਆਗੂ-ਮੁਲਾਕਾਤ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਪਾਲ ਨੂੰ ਐਕਟ ਵਿੱਚ ਪੰਜਾਬ ਸਰਕਾਰ ਵੱਲੋਂ ਸ਼ਾਮਲ ਕੀਤੀਆਂ ਗਈਆਂ ਇਤਰਾਜ਼ਯੋਗ ਮੱਦਾਂ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ। ਪੰਥਕ ਆਗੂਆਂ ਨੇ ਸਪੱਸ਼ਟ ਕੀਤਾ ਕਿ ਇਹ ਸੋਧ ਐਕਟ ਸਿੱਖ ਪਰੰਪਰਾਵਾਂ, ਰਹਿਤ ਮਰਯਾਦਾ ਅਤੇ ਸਿੱਖ ਭਾਵਨਾਵਾਂ ਦੇ ਬਿਲਕੁਲ ਅਨੁਕੂਲ ਨਹੀਂ ਹੈ। ਸਰਕਾਰ ਦੀਆਂ ਇਨ੍ਹਾਂ ਤਬਦੀਲੀਆਂ ਕਾਰਨ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਅਤੇ ਨਿਰਾਸ਼ਾ ਪਾਈ ਜਾ ਰਹੀ ਹੈ।

ਮੁੱਖ ਮੰਤਰੀ ਨੂੰ ਬੁਲਾ ਕੇ ਗੱਲਬਾਤ ਕਰਾਂਗਾ: ਰਾਜਪਾਲ ਕਟਾਰੀਆ-ਸਿੱਖ ਆਗੂਆਂ ਨਾਲ ਮੁਲਾਕਾਤ ਕਰਨ ਅਤੇ ਮੰਗ ਪੱਤਰ ਲੈਣ ਤੋਂ ਬਾਅਦ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਮੀਡੀਆ ਨਾਲ ਮੁਖ਼ਾਤਬ ਹੁੰਦਿਆਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਅਤੇ ਇਸ ਨਾਲ ਜੁੜੇ ਵਿਵਾਦਾਂ ਸੰਬੰਧੀ ਉਹ ਜਲਦੀ ਹੀ ਪੰਜਾਬ ਦੇ ਮੁੱਖ ਮੰਤਰੀ ਨੂੰ ਆਪਣੇ ਕੋਲ ਬੁਲਾਉਣਗੇ ਅਤੇ ਇਸ ਸੰਵੇਦਨਸ਼ੀਲ ਮੁੱਦੇ 'ਤੇ ਵਿਸ਼ੇਸ਼ ਗੱਲਬਾਤ ਕਰਨਗੇ।

ਰਾਜਪਾਲ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ-ਇਸ ਤੋਂ ਪਹਿਲਾਂ ਰਾਜਪਾਲ ਕਟਾਰੀਆ ਨੇ ਗੁਰਦੁਆਰਾ ਆਲਮਗੀਰ ਸਾਹਿਬ ਵਿਖੇ ਸ਼ਰਧਾਪੂਰਵਕ ਮੱਥਾ ਟੇਕਿਆ। ਇਸ ਮੌਕੇ ਐੱਸ.ਜੀ.ਪੀ.ਸੀ. ਪ੍ਰਧਾਨ ਐਡਵੋਕੇਟ ਧਾਮੀ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਚਰਨ ਸਿੰਘ ਆਲਮਗੀਰ ਅਤੇ ਹਰਪਾਲ ਸਿੰਘ ਜੱਲਾ ਨੇ ਰਾਜਪਾਲ ਨੂੰ ਗੁਰਦੁਆਰਾ ਆਲਮਗੀਰ ਸਾਹਿਬ ਦੀ ਇੱਕ ਖ਼ੂਬਸੂਰਤ ਤਸਵੀਰ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।

## ਅਕਾਲੀ ਦਲ ਨੂੰ 'ਆਪ' ਸਰਕਾਰ ਦਾ ਬੇਅਦਬੀ ਕਾਨੂੰਨ ਪ੍ਰਵਾਨ ਨਹੀਂ, ਇਸ ਵਿੱਚ ਕਈ ਖ਼ਾਮੀਆਂ: ਸੁਖਬੀਰ ਸਿੰਘ ਬਾਦਲ



ਧਰਮਕੋਟ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਕ ਵਾਰ ਫਿਰ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਹੈ ਕਿ ਉਨ੍ਹਾਂ ਦੀ ਪਾਰਟੀ ਨੂੰ ਪੰਜਾਬ ਦੀ 'ਆਪ' (ਆਮ ਆਦਮੀ ਪਾਰਟੀ) ਸਰਕਾਰ ਵੱਲੋਂ ਬਣਾਇਆ ਗਿਆ ਨਵਾਂ ਬੇਅਦਬੀ ਕਾਨੂੰਨ ਕਿਸੇ ਵੀ ਕੀਮਤ 'ਤੇ ਪ੍ਰਵਾਨ ਨਹੀਂ ਹੈ। ਕਾਨੂੰਨੀ ਮਾਹਿਰਾਂ ਦਾ ਹਵਾਲਾ ਦਿੰਦਿਆਂ ਸ੍ਰੀ ਬਾਦਲ ਨੇ ਦਾਅਵਾ ਕੀਤਾ ਕਿ ਇਸ ਨਵੇਂ ਕਾਨੂੰਨ ਵਿੱਚ ਕਈ ਵੱਡੀਆਂ ਖ਼ਾਮੀਆਂ ਹਨ, ਜੋ ਆਉਣ ਵਾਲੇ ਸਮੇਂ ਵਿੱਚ ਨੁਕਸਾਨਦੇਹ ਸਾਬਤ ਹੋ ਸਕਦੀਆਂ ਹਨ।

ਸੁਖਬੀਰ ਸਿੰਘ ਬਾਦਲ ਨੇ ਖ਼ਦਸ਼ਾ ਪ੍ਰਗਟਾਇਆ ਕਿ ਇਸ ਨਵੇਂ ਕਾਨੂੰਨ ਦੇ ਤਹਿਤ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਗ੍ਰੰਥੀ ਸਿੰਘਾਂ ਨੂੰ ਕਾਨੂੰਨ ਦੇ ਘੇਰੇ ਹੇਠ ਲਿਆਂਦਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹਾ ਕਰਕੇ ਸਰਕਾਰ ਨੇ ਕਾਨੂੰਨ ਦੀ ਦੁਰਵਰਤੋਂ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ, ਜਿਸ ਨਾਲ ਬੇਕਸੂਰ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

"ਸ਼੍ਰੋਮਣੀ ਅਕਾਲੀ ਦਲ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਦੇ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਏ ਜਾਣ ਦੇ ਹਮੇਸ਼ਾ ਹੱਕ ਵਿੱਚ ਹੈ, ਪਰ ਅਜਿਹੇ ਸੰਵੇਦਨਸ਼ੀਲ ਕਾਨੂੰਨ ਨਾਲ ਸਰਕਾਰਾਂ ਦਾ ਕੋਈ ਨਿੱਜੀ ਜਾਂ ਸਿਆਸੀ ਮੁਫ਼ਾਦ ਨਹੀਂ ਜੁੜਿਆ ਹੋਣਾ ਚਾਹੀਦਾ।"

# ਤਪਦੀ ਭੱਠੀ ਬਣੇਗੀ ਧਰਤੀ: 2027 'ਚ ਟੁੱਟਣਗੇ ਗਰਮੀ ਦੇ ਸਾਰੇ ਰਿਕਾਰਡ!

## ✪ ਹੜ੍ਹ ਅਤੇ ਸੋਕੇ ਦੀ ਦੋਹਰੀ ਮਾਰ ਪਵੇਗੀ ✪ ਕੀ 1997 ਵਾਲੀ ਤਬਾਹੀ ਦੁਹਰਾਏਗਾ 'ਸੁਪਰ ਐਲ ਨੀਨੋ'?

ਨਿਊਜ਼ ਸਟੋਰੀ

ਵਿਗਿਆਨੀਆਂ ਵੱਲੋਂ ਆਉਣ ਵਾਲੇ ਸਮੇਂ, ਖਾਸ ਕਰਕੇ ਸਾਲ 2027 ਨੂੰ ਲੈ ਕੇ ਦਿੱਤੀ ਗਈ ਚੇਤਾਵਨੀ ਬੇਹੱਦ ਚਿੰਤਾਜਨਕ ਹੈ। ਰਿਪੋਰਟਾਂ ਮੁਤਾਬਕ, ਪ੍ਰਸ਼ਾਂਤ ਮਹਾਂਸਾਗਰ ਵਿੱਚ ਸਰਗਰਮ ਹੋ ਰਿਹਾ 'ਸੁਪਰ ਐਲ ਨੀਨੋ' ਸਾਲ 2027 ਨੂੰ ਇਤਿਹਾਸ ਦਾ ਸਭ ਤੋਂ ਗਰਮ ਸਾਲ ਬਣਾ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਪੂਰੀ ਦੁਨੀਆ ਨੂੰ ਭਿਆਨਕ ਗਰਮੀ, ਸੋਕੇ ਅਤੇ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

### 'ਐਲ ਨੀਨੋ' ਅਤੇ 'ਸੁਪਰ ਐਲ ਨੀਨੋ' ਕੀ ਹੈ?

ਬਿਲਕੁਲ ਸੌਖੇ ਸ਼ਬਦਾਂ ਵਿੱਚ ਸਮਝੀਏ ਤਾਂ ਇਹ ਸਮੁੰਦਰ ਅਤੇ ਮੌਸਮ ਦੇ ਵਿਗੜਨ ਦੀ ਇੱਕ ਪ੍ਰਕਿਰਿਆ ਹੈ। ਐਲ ਨੀਨੋ ਜਦੋਂ ਭੂ-ਮੱਧ ਰੇਖਾ ਦੇ ਨੇੜੇ ਪ੍ਰਸ਼ਾਂਤ ਮਹਾਂਸਾਗਰ ਦੇ ਪਾਣੀ ਦੀ ਸਤ੍ਹਾ ਦਾ ਤਾਪਮਾਨ ਅਚਾਨਕ ਆਮ ਨਾਲੋਂ ਬਹੁਤ ਜ਼ਿਆਦਾ ਵਧ ਜਾਂਦਾ ਹੈ, ਤਾਂ ਉਸ ਸਥਿਤੀ ਨੂੰ 'ਐਲ ਨੀਨੋ' ਕਹਿੰਦੇ ਹਨ।



ਸੁਪਰ ਐਲ ਨੀਨੋ: ਜਦੋਂ ਇਹ ਤਾਪਮਾਨ ਆਮ ਨਾਲੋਂ 2.7 ਡਿਗਰੀ ਫਾਰਨਹੀਟ ਤੋਂ ਵੀ ਉੱਪਰ ਚਲਾ ਜਾਵੇ, ਤਾਂ ਇਹ 'ਸੁਪਰ ਐਲ ਨੀਨੋ' ਦਾ ਰੂਪ ਲੈ ਲੈਂਦਾ ਹੈ। ਇਸ ਵਾਰ ਪਤਝੜ ਤੱਕ ਇਸ ਵਿੱਚ 4.5 ਡਿਗਰੀ ਫਾਰਨਹੀਟ ਤੱਕ ਦੇ ਵੱਡੇ ਉਛਾਲ ਦਾ ਖਦਸ਼ਾ ਹੈ। ਆਮ ਦਿਨਾਂ ਵਿੱਚ ਸਮੁੰਦਰੀ ਹਵਾਵਾਂ ਗਰਮ ਪਾਣੀ ਨੂੰ ਇੱਕ ਖਾਸ ਦਿਸ਼ਾ (ਅਮਰੀਕਾ ਤੋਂ ਆਸਟ੍ਰੇਲੀਆ ਵੱਲ) ਧੱਕਦੀਆਂ ਹਨ, ਜਿਸ ਨਾਲ ਮੌਸਮ ਦਾ ਸੰਤੁਲਨ ਬਣਿਆ ਰਹਿੰਦਾ ਹੈ। ਪਰ ਐਲ ਨੀਨੋ ਦੌਰਾਨ ਇਹ ਹਵਾਵਾਂ ਕਮਜ਼ੋਰ ਹੋ ਜਾਂਦੀਆਂ ਹਨ ਜਾਂ ਉਲਟ ਦਿਸ਼ਾ ਵਿੱਚ ਚੱਲਣ ਲੱਗਦੀਆਂ ਹਨ।

ਸਮੁੰਦਰ ਦੇ ਜਿਹੜੇ ਹਿੱਸੇ ਆਮ ਤੌਰ 'ਤੇ ਠੰਢੇ ਰਹਿੰਦੇ ਹਨ, ਉਹ ਵੀ ਬਹੁਤ ਗਰਮ ਹੋ ਜਾਂਦੇ ਹਨ। ਇਸ ਕਾਰਨ ਮੌਸਮ ਦਾ ਪੂਰਾ ਸਿਸਟਮ ਤਬਾਹ ਹੋ ਜਾਂਦਾ ਹੈ। ਜੇਕਰ ਇਹ ਸੁਪਰ ਐਲ ਨੀਨੋ ਪੂਰੀ ਤਰ੍ਹਾਂ ਸਰਗਰਮ ਹੁੰਦਾ ਹੈ, ਤਾਂ ਦੁਨੀਆ ਨੂੰ ਇਹਨਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ:

ਕਈ ਦੇਸ਼ਾਂ ਵਿੱਚ ਮੀਂਹ ਨਾ ਪੈਣ ਕਾਰਨ ਭਿਆਨਕ ਸੋਕਾ ਪਵੇਗਾ ਅਤੇ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਧਣਗੀਆਂ।

ਹੜ੍ਹ ਅਤੇ ਤੂਫ਼ਾਨ: ਕੁਝ ਇਲਾਕਿਆਂ ਵਿੱਚ ਰਿਕਾਰਡ ਤੋੜ ਮੀਂਹ ਪਵੇਗਾ, ਜਿਸ ਨਾਲ ਹੜ੍ਹ ਆਉਣਗੇ। ਸਮੁੰਦਰਾਂ ਵਿੱਚ ਖ਼ਤਰਨਾਕ ਚੱਕਰਵਾਤੀ ਤੂਫ਼ਾਨ ਉੱਠਣਗੇ। ਇਸ ਤੋਂ ਪਹਿਲਾਂ 1997-1998 ਵਿੱਚ ਆਏ ਐਲ ਨੀਨੋ ਕਾਰਨ ਦੁਨੀਆ ਭਰ ਵਿੱਚ ਲਗਭਗ 23,000 ਲੋਕਾਂ ਦੀ ਜਾਨ ਚਲੀ ਗਈ ਸੀ। ਇਹ ਚੇਤਾਵਨੀ ਸਿਰਫ਼ ਇੱਕ ਮੌਸਮੀ ਭਵਿੱਖਬਾਣੀ ਨਹੀਂ ਹੈ, ਸਗੋਂ ਮਨੁੱਖਤਾ ਲਈ ਇੱਕ ਵੱਡਾ ਅਲਾਰਮ ਹੈ। ਕੁਦਰਤ ਦੇ ਬਦਲਦੇ ਮਿਜ਼ਾਜ ਅਤੇ ਗਲੋਬਲ ਵਾਰਮਿੰਗ (ਧਰਤੀ ਦੇ ਵਧਦੇ ਤਾਪਮਾਨ) ਦੇ ਇਸ ਦੌਰ ਵਿੱਚ, ਸਾਰੇ ਦੇਸ਼ਾਂ ਨੂੰ ਮਿਲ ਕੇ ਵਾਤਾਵਰਣ ਦੀ ਸੰਭਾਲ ਲਈ ਠੋਸ ਕਦਮ ਚੁੱਕਣੇ ਪੈਣਗੇ, ਤਾਂ ਜੋ ਆਉਣ ਵਾਲੀਆਂ ਅਜਿਹੀਆਂ ਭਿਆਨਕ ਆਫ਼ਤਾਂ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ। ਅਣਦੇਖੀ ਦਾ ਨਤੀਜਾ ਬਹੁਤ ਮਾਰੂ ਹੋ ਸਕਦਾ ਹੈ।

# ਗੋਰੇ ਦੀ ਨਸਲਵਾਦੀ ਟਿੱਪਣੀ, ਪੱਗ ਨੂੰ ਕਿਹਾ ਸੀ 'ਬੈਂਡੇਜ'

**✪ ਨਸਲਵਾਦ ਦੇ ਹੰਕਾਰ ਨੂੰ ਰੂਬੇਨ ਸਿੰਘ ਨੇ ਰੋਲਸ-ਰਾਇਸ ਦੇ ਟਾਇਰਾਂ ਹੇਠ ਲਤਾੜਿਆ ! ✪ ਕਿਹਾ ਕਿ ਇਹ ਪੱਟੀ ਨਹੀਂ, ਸਾਡਾ ਤਾਜ ਹੈ ! ਰੋਲਸ-ਰਾਇਸ ਪੱਗ ਚੈਲੇਂਜ ਨੇ ਦੁਨੀਆ ਨੂੰ ਕਰਵਾਇਆ ਸਿੱਖੀ ਦੀ ਸ਼ਾਨ ਦਾ ਅਹਿਸਾਸ ✪ 7 ਦਿਨ, 7 ਰੋਲਸ-ਰਾਇਸ ਅਤੇ ਪਰਫੈਕਟ ਦਸਤਾਰ: ਵਿਸ਼ਵ ਮੀਡੀਆ 'ਤੇ ਛਾਇਆ 'ਸਿੰਘ ਦਾ ਸ਼ਾਹੀ ਅੰਦਾਜ਼'**

ਖਾਸ ਖ਼ਬਰ

ਅਜੋਕੇ ਦੌਰ ਵਿੱਚ ਜਿੱਥੇ ਸੋਸ਼ਲ ਮੀਡੀਆ ਅਕਸਰ ਨਫ਼ਰਤ, ਕੁੜੱਤਣ ਅਤੇ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਦਾ ਅਖਾੜਾ ਬਣ ਚੁੱਕਾ ਹੈ, ਉੱਥੇ ਬ੍ਰਿਟੇਨ ਦੇ ਸਿੱਖ ਕਾਰੋਬਾਰੀ ਰੂਬੇਨ ਸਿੰਘ ਦੇ "ਰੋਲਸ-ਰਾਇਸ ਪੱਗ ਚੈਲੇਂਜ" ਨੇ ਇੱਕ ਨਵਾਂ ਅਤੇ ਬੇਮਿਸਾਲ ਇਤਿਹਾਸ ਸਿਰਜਿਆ ਹੈ। ਇਹ ਘਟਨਾ ਸਿਰਫ਼ ਇੱਕ ਅਮੀਰ ਵਿਅਕਤੀ ਦੀ ਦੌਲਤ ਦਾ ਪ੍ਰਦਰਸ਼ਨ ਨਹੀਂ ਹੈ, ਬਲਕਿ ਇਹ ਪੱਛਮੀ ਦੇਸ਼ਾਂ ਵਿੱਚ ਸਦੀਆਂ ਤੋਂ ਚੱਲੇ ਆ ਰਹੇ ਨਸਲਵਾਦ ਦੇ ਹੰਕਾਰ ਨੂੰ ਸੱਭਿਅਕ ਅਤੇ ਸ਼ਾਹੀ ਤਰੀਕੇ ਨਾਲ ਚੂਰ-ਚੂਰ ਕਰਨ ਦੀ ਇੱਕ ਅਜਿਹੀ ਮਿਸਾਲ ਹੈ, ਜਿਸ ਦੀ ਗੂੰਜ ਪੂਰੀ ਦੁਨੀਆ ਵਿੱਚ ਸੁਣਾਈ ਦੇ ਰਹੀ ਹੈ।

### ਨਫ਼ਰਤ ਦੀ ਮਾਨਸਿਕਤਾ ਅਤੇ 'ਤਾਜ' ਦਾ ਅਪਮਾਨ

ਇਸ ਪੂਰੇ ਘਟਨਾਕ੍ਰਮ ਦੀ ਸ਼ੁਰੂਆਤ ਇੱਕ ਬੇਹੱਦ ਘਟੀਆ ਮਾਨਸਿਕਤਾ ਵਿੱਚੋਂ ਹੋਈ। ਇੱਕ ਅੰਗਰੇਜ਼ ਕਾਰੋਬਾਰੀ ਵੱਲੋਂ ਰੂਬੇਨ ਸਿੰਘ ਦੀ ਦਸਤਾਰ (ਪੱਗ) ਨੂੰ 'ਬੈਂਡੇਜ' (ਜ਼ਖ਼ਮ 'ਤੇ ਬੰਨ੍ਹਣ ਵਾਲੀ ਪੱਟੀ) ਕਹਿਣਾ, ਕੋਈ ਅਣਜਾਣੇ ਵਿੱਚ ਕੀਤੀ ਗਈ ਟਿੱਪਣੀ ਨਹੀਂ ਸੀ। ਇਹ ਪੱਛਮੀ ਸਮਾਜ ਦੇ ਇੱਕ ਹਿੱਸੇ ਵਿੱਚ ਘਰ ਕਰ ਚੁੱਕੀ ਉਸ ਨਸਲੀ ਸਰਵਉੱਚਤਾ ਦਾ ਪ੍ਰਤੀਕ ਸੀ, ਜੋ ਦੂਜੇ ਸੱਭਿਆਚਾਰਾਂ ਅਤੇ ਧਾਰਮਿਕ ਪ੍ਰਤੀਕਾਂ ਨੂੰ ਹਮੇਸ਼ਾ ਆਪਣੇ ਤੋਂ ਨੀਵਾਂ ਦੇਖਣਾ ਚਾਹੁੰਦੀ ਹੈ।

ਸਿੱਖ ਪੰਥ ਅਨੁਸਾਰ ਸਿੱਖ ਇਤਿਹਾਸ ਅਤੇ ਮਰਯਾਦਾ ਵਿੱਚ ਦਸਤਾਰ ਕੋਈ ਆਮ ਕੱਪੜਾ ਨਹੀਂ, ਬਲਕਿ ਗੁਰੂ ਸਾਹਿਬਾਨ ਵੱਲੋਂ ਬਖਸ਼ਿਆ ਹੋਇਆ ਇੱਕ 'ਤਾਜ' ਹੈ, ਜੋ ਬਰਾਬਰੀ, ਅਣਖ ਅਤੇ ਸਵੈ-ਮਾਣ ਦਾ ਪ੍ਰਤੀਕ ਹੈ। ਜਦੋਂ ਇਸ ਤਾਜ 'ਤੇ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਗਈ, ਤਾਂ ਰੂਬੇਨ ਸਿੰਘ ਕੋਲ ਕਾਨੂੰਨੀ ਲੜਾਈ ਲੜਨ ਜਾਂ ਸੋਸ਼ਲ ਮੀਡੀਆ 'ਤੇ ਗੁੱਸਾ ਕੱਢਣ ਦਾ ਰਸਤਾ ਮੌਜੂਦ ਸੀ। ਪਰ ਉਨ੍ਹਾਂ ਨੇ ਜੋ ਰਾਹ ਚੁਣਿਆ, ਉਸ ਨੇ ਨਫ਼ਰਤ ਫੈਲਾਉਣ ਵਾਲੇ ਨੂੰ ਅਜਿਹੀ ਮਾਨਸਿਕ ਹਾਰ ਦਿੱਤੀ ਜਿਸ ਦਾ ਕੋਈ ਇਲਾਜ ਨਹੀਂ ਹੈ।

ਰੂਬੇਨ ਸਿੰਘ ਨੇ ਉਸ ਨਸਲੀ ਟਿੱਪਣੀ ਦਾ ਜਵਾਬ ਦੇਣ ਲਈ ਦੁਨੀਆ ਦੀ ਸਭ ਤੋਂ ਆਲੀਸ਼ਾਨ ਕਾਰ 'ਰੋਲਸ-ਰਾਇਸ' ਨੂੰ ਆਪਣਾ ਹਥਿਆਰ ਬਣਾਇਆ। ਪੂਰਾ ਇੱਕ ਹਫ਼ਤਾ (7 ਦਿਨ) ਰੋਜ਼ਾਨਾ ਆਪਣੀ ਪੱਗ ਦੇ ਰੰਗ-ਭਾਵੇਂ ਉਹ ਗੂੜ੍ਹਾ ਬਰਗੰਡੀ ਹੋਵੇ, ਚਾਂਦੀ-ਗ੍ਰੇ, ਜੈੱਟ ਬਲੈਕ ਜਾਂ ਚਮਕਦਾਰ ਪੀਲਾ-ਨੂੰ ਆਪਣੀ ਵੱਖਰੀ ਰੋਲਸ-ਰਾਇਸ ਕਾਰ ਦੇ ਰੰਗ ਨਾਲ ਬਿਲਕੁਲ 'ਪਰਫੈਕਟ ਮੈਚ' ਕਰਕੇ ਪੇਸ਼ ਕਰਨਾ, ਇੱਕ ਕਲਾਤਮਕ ਵਿਦਰੋਹ ਸੀ।

ਇਸ ਚੈਲਿੰਜ ਰਾਹੀਂ ਉਨ੍ਹਾਂ ਨੇ ਦੁਨੀਆ ਨੂੰ



ਦੋ ਸਾਫ਼ ਸੁਨੇਹੇ ਦਿੱਤੇ:

ਪਹਿਲਾ: ਜਿਸ ਪੱਗ ਨੂੰ 'ਪੱਟੀ' ਕਹਿ ਕੇ ਗਰੀਬੀ ਜਾਂ ਪੱਛੜੇਪਣ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਸੀ, ਉਹ ਦੁਨੀਆ ਦੀ ਸਭ ਤੋਂ ਮਹਿੰਗੀ ਸਵਾਰੀ ਦੇ ਬਰਾਬਰ ਖੜ੍ਹੀ ਹੈ। ਵਿਦੇਸ਼ੀ ਧਰਤੀ 'ਤੇ ਜਾ ਕੇ ਵਸੇ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਨੇ ਆਪਣੀ ਮਿਹਨਤ ਦੇ ਦਮ 'ਤੇ ਉਹ ਮੁਕਾਮ ਹਾਸਲ ਕਰ ਲਿਆ ਹੈ, ਜੋ ਉੱਥੋਂ ਦੇ ਸਥਾਨਕ ਲੋਕਾਂ ਦੇ ਸੁਪਨਿਆਂ ਤੋਂ ਵੀ ਪਰ੍ਹੇ ਹੈ।

"ਨਸਲਵਾਦ ਦਾ ਸਭ ਤੋਂ ਕਰਾਰਾ ਅਤੇ ਪ੍ਰਭਾਵਸ਼ਾਲੀ ਜਵਾਬ ਸਿੱਖ ਪੰਥ ਦੀ ਉਹ ਬੇਮਿਸਾਲ ਸਫ਼ਲਤਾ ਹੈ, ਜਿਸ ਨੂੰ ਸਾਹਮਣੇ ਵਾਲਾ ਚਾਹ ਕੇ ਵੀ ਨਜ਼ਰਅੰਦਾਜ਼ ਨਾ ਕਰ ਸਕੇ।"

### ਗਲੋਬਲ ਮੀਡੀਆ ਅਤੇ ਲੋਕਾਂ 'ਤੇ ਪ੍ਰਭਾਵ

ਰੂਬੇਨ ਸਿੰਘ ਦੇ ਇਸ ਕਦਮ ਨੇ ਵਿਸ਼ਵ ਭਰ ਦੇ ਮੀਡੀਆ ਅਤੇ ਆਮ ਲੋਕਾਂ ਦੇ ਨਜ਼ਰੀਏ ਨੂੰ ਬਦਲ ਕੇ ਰੱਖ ਦਿੱਤਾ। ਅੰਤਰਰਾਸ਼ਟਰੀ ਮੀਡੀਆ, ਜੋ ਅਕਸਰ ਅਜਿਹੀਆਂ ਨਸਲੀ ਘਟਨਾਵਾਂ ਨੂੰ ਸਿਰਫ਼ ਪੀੜਤ ਦੀ ਲਾਚਾਰੀ ਵਜੋਂ ਪੇਸ਼ ਕਰਦਾ ਹੈ, ਨੂੰ ਇਸ ਵਾਰ ਇੱਕ 'ਜੇਤੂ' ਦੀ ਕਹਾਣੀ ਲਿਖਣੀ ਪਈ। ਇਸ ਚੈਲਿੰਜ ਨੇ ਵਿਦੇਸ਼ਾਂ ਵਿੱਚ ਰਹਿ ਰਹੇ ਲੱਖਾਂ ਸਿੱਖ ਨੌਜਵਾਨਾਂ ਦੇ ਅੰਦਰ ਇੱਕ ਨਵਾਂ ਆਤਮ-ਵਿਸ਼ਵਾਸ ਭਰਿਆ ਹੈ। ਇਹ ਸਾਬਤ ਹੋ ਗਿਆ ਕਿ ਪੱਛਮੀ ਦੇਸ਼ਾਂ ਵਿੱਚ ਰਹਿਣ ਲਈ ਆਪਣੇ ਸੱਭਿਆਚਾਰ ਜਾਂ ਪਛਾਣ ਨੂੰ ਛੱਡਣ ਦੀ ਲੋੜ ਨਹੀਂ, ਬਲਕਿ ਆਪਣੀ ਪਛਾਣ 'ਤੇ ਮਾਣ ਕਰਕੇ ਹੀ ਦੁਨੀਆ ਨੂੰ ਝੁਕਣ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਇਸ ਦੇ ਨਾਲ ਹੀ, ਇਸ ਚੈਲਿੰਜ ਨੂੰ ਇੱਕ ਚੈਰਿਟੀ (ਭਲਾਈ ਕਾਰਜਾਂ) ਨਾਲ ਜੋੜ ਕੇ ਰੂਬੇਨ ਸਿੰਘ ਨੇ ਸਿੱਖੀ ਦੇ 'ਵੰਡ ਛਕਣ' ਅਤੇ 'ਸਰਬੱਤ ਦੇ ਭਲੇ' ਦੇ ਸਿਧਾਂਤ ਨੂੰ ਵੀ ਦੁਨੀਆ ਦੇ ਸਾਹਮਣੇ ਪ੍ਰਗਟ ਕੀਤਾ।

ਰੂਬੇਨ ਸਿੰਘ ਦਾ "ਰੋਲਸ-ਰਾਇਸ ਪੱਗ ਚੈਲਿੰਜ" ਅੱਜ ਸਾਲਾਂ ਬਾਅਦ ਵੀ ਇੰਟਰਨੈੱਟ 'ਤੇ ਇਸ ਲਈ ਵਾਇਰਲ ਹੁੰਦਾ ਹੈ, ਕਿਉਂਕਿ ਇਹ ਸਾਨੂੰ ਸਿਖਾਉਂਦਾ ਹੈ ਕਿ ਹਰ ਜੰਗ ਗੁੱਸੇ ਜਾਂ ਹਿੰਸਾ ਨਾਲ ਨਹੀਂ ਜਿੱਤੀ ਜਾਂਦੀ। ਕੁਝ ਜੰਗਾਂ ਆਪਣੀ ਸ਼ਖ਼ਸੀਅਤ, ਸਟਾਈਲ ਅਤੇ ਸਵੈ-ਮਾਣ ਨੂੰ ਇੰਨਾ ਉੱਚਾ ਚੁੱਕ ਕੇ ਜਿੱਤੀਆਂ ਜਾਂਦੀਆਂ ਹਨ ਕਿ ਨਫ਼ਰਤ ਕਰਨ ਵਾਲਾ ਖੁਦ ਆਪਣੀ ਸੋਚ 'ਤੇ ਸ਼ਰਮਿੰਦਾ ਹੋ ਜਾਵੇ। ਇਹ ਸੰਪਾਦਕੀ ਹਰ ਉਸ ਵਿਅਕਤੀ ਨੂੰ ਸਲਾਮ ਕਰਦੀ ਹੈ ਜੋ ਨਫ਼ਰਤ ਦੇ ਹਨੇਰੇ ਨੂੰ ਆਪਣੀ ਸਫ਼ਲਤਾ ਦੀ ਚਮਕ ਨਾਲ ਰੋਸ਼ਨ ਕਰਨ ਦਾ ਹੌਸਲਾ ਰੱਖਦਾ ਹੈ। ਦਸਤਾਰ ਹਮੇਸ਼ਾ ਉੱਚੀ ਸੀ, ਉੱਚੀ ਹੈ ਅਤੇ ਉੱਚੀ ਰਹੇਗੀ। ਦੁਨੀਆ ਭਰ ਦੇ ਲੋਕਾਂ ਨੇ ਇਸ ਗੱਲ ਨੂੰ ਬਹੁਤ ਪਸੰਦ ਕੀਤਾ ਕਿ ਰੂਬੇਨ ਸਿੰਘ ਨੇ ਕਿਸੇ ਹਿੰਸਾ ਜਾਂ ਕਾਨੂੰਨੀ ਬਹਿਸਬਾਜ਼ੀ ਦੀ ਬਜਾਏ ਆਪਣੀ "ਅਣਥੱਕ ਸਫ਼ਲਤਾ" ਨੂੰ ਜਵਾਬ ਵਜੋਂ ਵਰਤਿਆ।

ਸੋਸ਼ਲ ਮੀਡੀਆ'ਤੇ ਲੋਕਾਂ ਨੇ ਲਿਖਿਆ ਕਿ "ਨਫ਼ਰਤ ਦਾ ਸਭ ਤੋਂ ਉੱਤਮ ਜਵਾਬ ਤੁਹਾਡੀ ਅਨਪੋਲੋਜੈਟਿਕ (ਬਿਨਾਂ ਕਿਸੇ ਝਿਜਕ ਦੇ) ਸਫ਼ਲਤਾ ਹੈ।" ਮੀਡੀਆ ਨੇ ਉਨ੍ਹਾਂ ਦੀ ਸਫ਼ਲਤਾ ਅਤੇ ਕਾਰੋਬਾਰੀ ਸੂਝ ਦੀ ਤੁਲਨਾ ਬਿਲ ਗੇਟਸ ਨਾਲ ਕਰਦਿਆਂ ਉਨ੍ਹਾਂ ਨੂੰ ਸਵੈ-ਮਾਣ ਦੀ ਇੱਕ ਮਿਸਾਲ ਵਜੋਂ ਪੇਸ਼ ਕੀਤਾ।

ਇਹ ਵਿਆਖਿਆ ਸਾਨੂੰ ਦੱਸਦੀ ਹੈ ਕਿ ਰੂਬੇਨ ਸਿੰਘ ਨੇ ਆਪਣੀ ਦੌਲਤ, ਸਟਾਈਲ ਸੈਂਸ ਅਤੇ ਸੱਭਿਆਚਾਰਕ ਪਛਾਣ ਦੀ ਵਰਤੋਂ ਇੱਕ ਹਥਿਆਰ ਵਜੋਂ ਕੀਤੀ। ਉਨ੍ਹਾਂ ਨੇ ਸਾਬਤ ਕੀਤਾ ਕਿ ਜੇਕਰ ਕੋਈ ਤੁਹਾਡੀ ਪਛਾਣ 'ਤੇ ਸੱਟ ਮਾਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਦਾ ਜਵਾਬ ਹਿੰਸਾ ਜਾਂ ਗੁੱਸੇ ਨਾਲ ਦੇਣ ਦੀ ਬਜਾਏ, ਆਪਣੀ ਸ਼ਖ਼ਸੀਅਤ ਨੂੰ ਇੰਨਾ ਉੱਚਾ ਚੁੱਕ ਕੇ ਦਿਓ ਕਿ ਸਾਹਮਣੇ ਵਾਲੇ ਦੀ ਨਫ਼ਰਤ ਖੁਦ-ਬਖੁਦ ਬੌਣੀ (ਛੋਟੀ) ਸਾਬਤ ਹੋ ਜਾਵੇ।

## ਕਾਲਜ ਵਿੱਚ ਦੋਸਤੀ ਤੋਂ ਇਨਕਾਰ ਕਰਨ 'ਤੇ ਵਿਦਿਆਰਥੀ ਨੇ ਕੁੜੀ ਦੀ ਕਨਪਟੀ 'ਤੇ ਤਾਣੀ ਪਿਸਤੌਲ, ਮਾਮਲਾ ਦਰਜ

ਜਲੰਧਰ-ਜਲੰਧਰ ਦੇ ਕਸਬਾ ਸ਼ਾਹਕੋਟ ਵਿੱਚ ਇੱਕ ਸਿਰਫਿਰੇ ਆਸ਼ਿਕ ਵੱਲੋਂ ਦਿਨ-ਦਿਹਾੜੇ ਗੁੰਡਾਗਰਦੀ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਸ਼ਾਹਕੋਟ ਦੇ ਸਰਕਾਰੀ ਕਾਲਜ ਵਿੱਚ ਇੱਕ ਵਿਦਿਆਰਥੀ ਨੇ ਆਪਣੀ ਹੀ ਜਮਾਤ ਵਿੱਚ ਪੜ੍ਹਦੀ ਕੁੜੀ ਵੱਲੋਂ ਦੋਸਤੀ (ਫਰੈਂਡਸ਼ਿਪ) ਨਾ ਕਰਨ 'ਤੇ ਉਸ ਦੀ ਕਨਪਟੀ 'ਤੇ ਪਿਸਤੌਲ ਤਾਣ ਦਿੱਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਘਟਨਾ ਤੋਂ ਬਾਅਦ ਸ਼ਾਹਕੋਟ ਪੁਲਸ ਨੇ ਮੁਲਜ਼ਮ ਨੌਜਵਾਨ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੀੜਤ ਵਿਦਿਆਰਥਣ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੋਸ਼ ਲਾਇਆ ਕਿ ਮੁਲਜ਼ਮ ਨੌਜਵਾਨ, ਜੋ ਕਿ ਉਸ ਦਾ ਹਮਜਮਾਤੀ ਹੈ, ਪਿਛਲੇ ਲੰਮੇ ਸਮੇਂ ਤੋਂ ਉਸ 'ਤੇ ਦੋਸਤੀ ਕਰਨ ਲਈ ਦਬਾਅ ਪਾ ਰਿਹਾ ਸੀ। ਬੀਤੇ ਦਿਨ ਜਦੋਂ ਉਹ ਕਾਲਜ ਵਿੱਚ ਬੀ.ਏ. ਦਾ ਪੇਪਰ ਦੇ ਕੇ ਬਾਹਰ ਨਿਕਲੀ, ਤਾਂ ਮੁਲਜ਼ਮ ਨੇ ਉਸ ਨੂੰ ਰਸਤੇ ਵਿੱਚ ਹੀ ਘੇਰ ਲਿਆ। ਜਦੋਂ ਕੁੜੀ ਨੇ ਮੁੜ ਦੋਸਤੀ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ, ਤਾਂ ਨੌਜਵਾਨ ਨੇ ਅਚਾਨਕ ਪਿਸਤੌਲ ਕੱਢ ਕੇ ਉਸ 'ਤੇ ਤਾਣ ਦਿੱਤੀ। ਪਿਸਤੌਲ ਦੇਖ ਕੇ ਜਦੋਂ ਪੀੜਤ ਕੁੜੀ ਨੇ ਹਿੰਮਤ ਦਿਖਾਉਂਦਿਆਂ ਮੌਕੇ 'ਤੇ ਹੀ ਰੌਲ਼ਾ ਪਾਉਣਾ ਸ਼ੁਰੂ ਕੀਤਾ, ਤਾਂ ਕਾਲਜ ਦੇ ਅਧਿਆਪਕ ਅਤੇ ਹੋਰ ਵਿਦਿਆਰਥੀ ਤੁਰੰਤ ਉੱਥੇ ਇਕੱਠੇ ਹੋ ਗਏ। ਆਲੇ-ਦੁਆਲੇ ਦੇ ਲੋਕਾਂ ਨੂੰ ਆਪਣੇ ਵੱਲ ਆਉਂਦੇ ਦੇਖ ਮੁਲਜ਼ਮ ਨੌਜਵਾਨ ਡਰ ਗਿਆ ਅਤੇ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਿਆ।

ਪਿੰਡ ਮਾਣਕਪੁਰ ਦੇ ਮੁੰਡੇ 'ਤੇ ਪਰਚਾ ਦਰਜ=ਸ਼ਾਹਕੋਟ ਪੁਲਸ ਮੁਤਾਬਕ ਪੀੜਤ ਵਿਦਿਆਰਥਣ ਦੇ ਬਿਆਨਾਂ ਦੇ ਅਧਾਰ 'ਤੇ ਨੇੜਲੇ ਪਿੰਡ ਮਾਣਕਪੁਰ ਦੇ ਰਹਿਣ ਵਾਲੇ ਮੁਲਜ਼ਮ ਨੌਜਵਾਨ ਵਿਰੁੱਧ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਪੁਲਸ ਵੱਲੋਂ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਕਾਲਜ ਕੈਂਪਸ ਦੇ ਆਸ-ਪਾਸ ਸੁਰੱਖਿਆ ਨੂੰ ਲੈ ਕੇ ਵੀ ਚੌਕਸੀ ਵਧਾ ਦਿੱਤੀ ਗਈ ਹੈ।

# ਸਿਆਸੀ ਪ੍ਰਯੋਗਾਂ ਦੀ ਪ੍ਰਯੋਗਸ਼ਾਲਾ: 'ਸ਼ੇਰਾਂ-ਬਾਜ਼ਾਂ' ਨੂੰ 'ਕਾਕਰੋਚ' ਬਣਾਉਣ ਦਾ ਮਨੋਵਿਗਿਆਨਕ ਜਾਲ

**ਬਘੇਲ ਸਿੰਘ ਧਾਲੀਵਾਲ**
**99142-58142**






ਭਾਰਤ ਦੀ ਰਾਜਨੀਤੀ ਵਿੱਚ ਪਿਛਲੇ ਡੇਢ ਕੁ ਦਹਾਕੇ ਦੌਰਾਨ ਅਜਿਹੇ ਕਈ ਪ੍ਰਯੋਗ ਹੋਏ ਹਨ, ਜਿਸ ਦੌਰਾਨ ਲੋਕ-ਭਾਵਨਾਵਾਂ ਨੂੰ ਕੈਸ਼ ਕਰਨ ਦੇ ਸਫ਼ਲ ਤਜਰਬੇ ਸਾਹਮਣੇ ਆਏ। ਇਹ ਸਭ ਕੁਝ ਅਚਾਨਕ ਨਹੀਂ ਹੁੰਦਾ, ਬਲਕਿ ਇਸ ਦੇ ਪਿੱਛੇ 'ਡੀਪ ਸਟੇਟ' ਅਤੇ ਵੱਡੀਆਂ ਸਿਆਸੀ ਤਾਕਤਾਂ ਦੀ ਇੱਕ ਸੋਚੀ-ਸਮਝੀ ਰਣਨੀਤੀ ਕੰਮ ਕਰ ਰਹੀ ਹੁੰਦੀ ਹੈ। ਸਾਲ 2011 ਵਿੱਚ "ਭ੍ਰਿਸ਼ਟਾਚਾਰ ਵਿਰੋਧੀ ਲਹਿਰ" ਖੜ੍ਹੀ ਕੀਤੀ ਗਈ। ਇਹ ਸਿਰਫ਼ ਇੱਕ ਅੰਦੋਲਨ ਨਹੀਂ ਸੀ, ਬਲਕਿ ਦੇਸ਼ ਦੇ ਪਾਵਰ ਸੈਂਟਰ ਨੂੰ ਬਦਲਣ ਦਾ ਇੱਕ ਵੱਡਾ ਪ੍ਰਯੋਗ ਸੀ। ਇਸੇ ਅੰਦੋਲਨ ਦੇ ਭਾਵਨਾਤਮਿਕ ਜੋਸ਼ ਵਿੱਚੋਂ ਦੋ ਵੱਡੀਆਂ ਰਾਜਨੀਤਿਕ ਤਾਕਤਾਂ ਨਿਕਲੀਆਂ। ਇੱਕ ਪਾਸੇ ਭਾਰਤੀ ਜਨਤਾ ਪਾਰਟੀ ਨੇ ਕਾਂਗਰਸ ਨੂੰ ਜੜ੍ਹੋਂ ਉਖਾੜ ਕੇ ਕੇਂਦਰ ਦੀ ਸੱਤਾ ਹਾਸਲ ਕੀਤੀ। ਦੂਜੇ ਪਾਸੇ, ਹੱਥ ਵਿੱਚ ਝਾੜੂ ਲੈ ਕੇ "ਆਮ ਆਦਮੀ" ਦੇ ਕਪਟੀ ਲਾਰੇ ਅਤੇ ਨਾਅਰੇ ਹੇਠ ਆਮ ਆਦਮੀ ਪਾਰਟੀ ਹੋਂਦ ਵਿੱਚ ਆਈ। ਇਸ ਲਹਿਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸਾਂ ਦੇ ਹੱਥਾਂ ਵਿੱਚੋਂ ਤਿੰਨ ਫੁੱਟੀ ਕਿਰਪਾਨ ਛੁਡਵਾ ਕੇ ਝਾੜੂ ਫੜਾ ਦਿੱਤੇ। ਪੰਜਾਬ ਦੇ ਲੋਕਾਂ ਨੂੰ 'ਵੀ.ਆਈ.ਪੀ. ਕਲਚਰ' ਖ਼ਤਮ ਕਰਨ ਅਤੇ ਇਮਾਨਦਾਰੀ ਦਾ ਭਰਮਾਇਆ ਗਿਆ, ਪਰ ਕੁਝ ਹੀ ਸਾਲਾਂ ਵਿੱਚ ਬਦਲਾਅ ਦੇ ਦਾਅਵੇਦਾਰ ਖ਼ੁਦ ਵੱਡੇ-ਵੱਡੇ ਕਾਫ਼ਲਿਆਂ ਅਤੇ ਸਾਇਰਨਾਂ ਵਾਲੀ ਪੁਰਾਣੀ ਚਾਲਾਕ ਰਾਜਨੀਤੀ ਦਾ ਹਿੱਸਾ ਬਣ ਗਏ।

ਅੱਜ ਫਿਰ ਸੋਸ਼ਲ ਮੀਡੀਆ ਦੇ ਰਾਹੀਂ 'ਕਾਕਰੋਚ ਜਨਤਾ ਪਾਰਟੀ' ਨਾਮ ਦੀ ਇੱਕ ਨਵੀਂ ਡਿਜੀਟਲ ਲਹਿਰ ਨੂੰ ਰਾਤੋ-ਰਾਤ ਖੜ੍ਹਾ ਕੀਤਾ ਗਿਆ ਹੈ। ਜਿਸ ਪਾਰਟੀ ਦਾ ਨਾਮ ਕੱਲ੍ਹ ਤੱਕ ਕਿਸੇ ਨੇ ਨਹੀਂ ਸੁਣਿਆ ਸੀ, ਉਹ ਅਚਾਨਕ ਲੱਖਾਂ ਫਾਲੋਅਰਜ਼ ਅਤੇ ਮੈਂਬਰਾਂ ਵਾਲੀ ਪਾਰਟੀ ਕਿਵੇਂ ਬਣ ਗਈ?

ਕਿਹਾ ਜਾ ਰਿਹਾ ਹੈ ਕਿ ਭਾਰਤ ਦੇ ਚੀਫ਼ ਜਸਟਿਸ ਵੱਲੋਂ ਨੌਜਵਾਨਾਂ ਲਈ 'ਕਾਕਰੋਚ' ਵਰਗਾ ਨਕਾਰਾਤਮਕ ਸ਼ਬਦ ਵਰਤਿਆ ਗਿਆ ਸੀ, ਜਿਸ ਦੇ ਵਿਰੋਧ ਵਜੋਂ ਨੌਜਵਾਨਾਂ ਨੇ ਵਿਅੰਗ ਅਤੇ ਮੀਮਜ ਰਾਹੀਂ ਇਸ ਨੂੰ ਆਪਣੀ ਪਛਾਣ ਬਣਾ ਲਿਆ। ਪਰ ਇਸ ਦੇ ਪਿੱਛੇ ਦੀ ਸਿਆਸਤ ਬਹੁਤ ਡੂੰਘੀ ਹੈ:

ਇਸ ਮੁਹਿੰਮ ਦੇ ਸੰਸਥਾਪਕ ਅਭਿਜੀਤ ਦਿਪਕੇ ਦੇ ਪਿਛੋਕੜ ਅਤੇ ਆਮ ਆਦਮੀ ਪਾਰਟੀ ਨਾਲ ਉਨ੍ਹਾਂ ਦੇ ਪੁਰਾਣੇ ਸਬੰਧਾਂ ਨੇ ਕਈ ਸ਼ੰਕੇ ਪੈਦਾ ਕੀਤੇ ਹਨ। ਮਨੀਸ਼ ਸਿਸੋਦੀਆ ਵਰਗੇ ਆਗੂਆਂ ਵੱਲੋਂ ਇਸ ਦੇ ਪੱਖ ਵਿੱਚ ਬਿਆਨ ਦੇਣਾ ਅਤੇ ਨੀਟ-ਯੂਜੀ ਪੇਪਰ ਲੀਕ ਮਾਮਲੇ ਤੋਂ ਤੁਰੰਤ ਬਾਅਦ ਇਸ ਦਾ ਸਰਗਰਮ ਹੋਣਾ ਸਿਆਸੀ ਰੋਡਮੈਪ ਵੱਲ ਇਸ਼ਾਰਾ ਕਰਦਾ ਹੈ। ਸਾਬਕਾ ਅਫ਼ਸਰਸ਼ਾਹ ਆਸ਼ੀਸ਼ ਜੋਸ਼ੀ ਵਰਗੇ ਲੋਕਾਂ ਵੱਲੋਂ ਇਸ ਦੀ ਨਿਰਪੱਖਤਾ 'ਤੇ ਸਵਾਲ ਚੁੱਕਦਿਆਂ ਅਸਤੀਫ਼ਾ ਦੇਣਾ ਇਸ ਗੱਲ ਦਾ ਸਬੂਤ ਹੈ।

ਦੂਜੇ ਪਾਸੇ, ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਆਰ.ਐਸ.ਐਸ. ਜਾਂ ਭਾਜਪਾ ਦੇ ਵਿਰੋਧੀ ਸਪੇਸ ਨੂੰ ਖ਼ਤਮ ਕਰਨ ਅਤੇ ਨੌਜਵਾਨਾਂ ਦੇ ਗੁੱਸੇ ਨੂੰ ਕਿਸੇ ਹੋਰ ਪਾਸੇ ਮੋੜਨ ਦੀ ਖੇਡ ਵੀ ਹੋ ਸਕਦੀ ਹੈ, ਤਾਕਿ ਅਸਲ ਵਿਦਰੋਹ ਨੂੰ ਡਿਜੀਟਲ ਮੀਮਜ਼ ਤੱਕ ਸੀਮਤ ਕੀਤਾ ਜਾ ਸਕੇ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਕਿਸੇ ਗਾਲ੍ਹ ਜਾਂ ਬੇਇੱਜ਼ਤੀ ਨੂੰ ਆਪਣੀ ਪਛਾਣ ਬਣਾਉਣਾ ਕੋਈ ਸਿਆਣਪ ਹੈ? ਕਾਕਰੋਚ ਗਟਰ ਦਾ ਇੱਕ ਗੰਦਾ ਕੀੜਾ ਹੈ, ਜਿਸ ਨੂੰ ਲੋਕ ਜ਼ਹਿਰ ਪਾ ਕੇ ਮਾਰਦੇ ਹਨ। ਫਿਰ ਇੱਕ ਗ਼ੈਰਤਮੰਦ ਕੌਮ ਦਾ ਨੌਜਵਾਨ ਆਪਣੇ ਆਪ ਨੂੰ ਇਸ ਨਾਮ ਨਾਲ ਕਿਵੇਂ ਜੋੜ ਸਕਦਾ ਹੈ? ਇਹ ਇੱਕ ਬਹੁਤ ਗਹਿਰਾ ਮਨੋਵਿਗਿਆਨਕ ਹਮਲਾ ਹੈ।

ਨੌਜਵਾਨਾਂ ਨੂੰ ਇਹ ਸਮਝਾਇਆ ਜਾ ਰਿਹਾ ਹੈ ਕਿ ਉਹ ਸਿਸਟਮ ਅੱਗੇ ਲਾਚਾਰ ਹਨ, ਇਸ ਲਈ ਆਪਣੀ ਬੇਇੱਜ਼ਤੀ ਨੂੰ ਹੀ ਮਾਣ ਸਮਝ ਕੇ ਸਵੀਕਾਰ ਕਰ ਲੈਣ।

ਵਿਗਿਆਨ ਮੁਤਾਬਕ ਕਾਕਰੋਚ ਦੇ ਸਰੀਰ ਵਿੱਚ ਛੋਟੇ ਨਰਵ ਸੈਂਟਰ ਹੁੰਦੇ ਹਨ, ਜਿਸ ਕਾਰਨ ਉਹ ਬਿਨਾਂ ਸਿਰ ਜਾਂ ਬਿਨਾਂ ਦਿਮਾਗ ਦੇ ਵੀ ਸਾਹ ਲੈ ਸਕਦਾ ਹੈ। ਅੱਜ ਦੇ ਸਿਆਸੀ ਪ੍ਰਬੰਧਕ ਜਨਤਾ ਨੂੰ ਵੀ ਅਜਿਹੀ ਹੀ ਭੀੜ ਬਣਾਉਣਾ ਚਾਹੁੰਦੇ ਹਨ-ਜੋ ਬਿਨਾਂ ਸੋਚੇ-ਸਮਝੇ, ਸਿਰਫ਼ ਖੈਰਾਤ (ਮੁਫ਼ਤ ਰਾਸ਼ਨ/ਸਬਸਿਡੀਆਂ) ਦੇ ਆਸਰੇ ਜਿਊਂਦੀ ਰਹੇ ਦੇਸ਼ ਦੀ 140 ਕਰੋੜ ਦੀ ਆਬਾਦੀ ਵਿੱਚੋਂ 100 ਕਰੋੜ ਤੋਂ ਵੱਧ ਲੋਕ ਸਰਕਾਰੀ ਖੈਰਾਤ 'ਤੇ ਨਿਰਭਰ ਕਰ ਦਿੱਤੇ ਗਏ ਹਨ। ਇਹ 'ਕਾਕਰੋਚ ਮਾਨਸਿਕਤਾ' ਲੋਕਾਂ ਨੂੰ ਮਿਹਨਤ ਜਾਂ ਬੁੱਧੀ ਦੀ ਵਰਤੋਂ ਕਰਨ ਤੋਂ ਰੋਕ ਕੇ ਸਿਰਫ਼ 'ਲਾਭਪਾਤਰੀ' ਬਣਾ ਕੇ ਰੱਖਣਾ ਚਾਹੁੰਦੀ ਹੈ।

ਪੰਜਾਬ ਦੀ ਧਰਤੀ ਕੋਈ ਆਮ ਧਰਤੀ ਨਹੀਂ ਹੈ; ਇਹ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਫ਼ਲਸਫ਼ਾ: ਦਸਵੇਂ ਪਾਤਸ਼ਾਹ ਨੇ ਮੁਰਦਾ ਜ਼ਮੀਰਾਂ ਵਿੱਚ ਜਾਨ ਪਾਈ ਸੀ। ਉਨ੍ਹਾਂ ਨੇ ਡਰੇ ਹੋਏ ਲੋਕਾਂ ਨੂੰ 'ਸਿੰਘ' (ਸ਼ੇਰ) ਬਣਾਇਆ, ਜਿਸ ਦਾ ਅਰਥ ਹੀ ਆਜ਼ਾਦੀ, ਦਲੇਰੀ ਅਤੇ ਖ਼ੁਦਦਾਰੀ ਹੈ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਬਾਜ਼ ਪਰਵਿਰਤੀ ਨਾਲ ਜਿਊਣ ਦੀ ਪ੍ਰੇਰਣਾ ਦਿੱਤੀ। ਬਾਜ਼ ਕਦੇ ਗੁਲਾਮ ਨਹੀਂ ਰਹਿੰਦਾ, ਉਹ ਪਿੰਜਰੇ ਵਿੱਚ ਰਹਿਣ ਨਾਲੋਂ ਮਰਨਾ ਬਿਹਤਰ ਸਮਝਦਾ ਹੈ ਅਤੇ ਹਮੇਸ਼ਾ ਉੱਚੀ ਉਡਾਣ ਭਰਦਾ ਹੈ। ਕਾਕਰੋਚ ਦੇ ਗੁਪਤ ਏਜੰਡੇ ਨੂੰ ਸਮਝਿਆ ਜਾਵੇ। ਕਿਉਂਕਿ ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਵਰਤ ਕੇ ਬਹੁਤ ਵੱਡੇ ਰਾਜਨੀਤਿਕ ਖੇਡ ਖੇਡੇ ਗਏ ਹਨ। ਪੰਜਾਬ ਲਈ ਸਭ ਤੋਂ ਵੱਡਾ ਖਤਰਾ ਇਹ ਹੈ ਕਿ ਇੱਥੋਂ ਦੀ ਨੌਜਵਾਨੀ ਪਹਿਲਾਂ ਹੀ ਬੇਰੁਜ਼ਗਾਰੀ, ਨਸ਼ਿਆਂ, ਮਾਈਗ੍ਰੇਸ਼ਨ ਅਤੇ ਮਾਨਸਿਕ ਤਣਾਅ ਨਾਲ ਜੂਝ ਰਹੀ ਹੈ। ਐਸੇ ਮਾਹੌਲ ਵਿੱਚ ਜੇਕਰ ਕੋਈ ਨਵੀਂ ਲਹਿਰ ਉਹਨਾਂ ਨੂੰ ਬਗਾਵਤ ਦੇ ਨਾਮ ਤੇ ਆਪਣੇ ਨਾਲ ਜੋੜਦੀ ਹੈ ਤਾਂ ਨੌਜਵਾਨ ਬੜੀ ਤੇਜ਼ੀ ਨਾਲ ਪ੍ਰਭਾਵਿਤ ਹੋ ਸਕਦੇ ਹਨ। ਪਰ ਬਗਾਵਤ ਅਤੇ ਭਟਕਣ ਵਿੱਚ ਬਹੁਤ ਵੱਡਾ ਫਰਕ ਹੁੰਦਾ ਹੈ।

ਗੁਰੂ ਸਾਹਿਬਾਨਾਂ ਨੇ ਵੀ ਜ਼ੁਲਮ ਦੇ ਖਿਲਾਫ਼ ਬਗਾਵਤ ਕਰਨ ਦੀ ਤਾਕੀਦ ਕੀਤੀ ਸੀ, ਉਹ ਬਗਾਵਤ ਇਨਸਾਨੀ ਅਜ਼ਾਦੀ ਲਈ ਸੀ,ਉਹ ਖੁਦਾਰੀ ਲਈ ਸੀ। ਪਰ ਜੇਕਰ ਕੋਈ ਭਾਵਨਾਤਮਕ ਲਹਿਰ ਤੁਹਾਡੀ ਪਛਾਣ ਹੀ ਇੱਕ ਗੰਦੇ ਕੀੜੇ ਨਾਲ ਜੋੜ ਕੇ ਕਰਦੀ ਹੋਵੇ, ਤਾਂ ਫਿਰ ਜ਼ਰੂਰ ਇਹ ਸੋਚਣ ਦੀ ਲੋੜ ਹੈ ਕਿ ਤੁਹਾਨੂੰ ਮਾਨਸਿਕ ਤੌਰ ਤੇ ਹੋਰ ਹੇਠਾਂ ਕਿਉਂ ਸੁੱਟਿਆ ਜਾ ਰਿਹਾ ਹੈ। ਪੰਜਾਬ ਦੀ ਨੌਜਵਾਨੀ ਨੂੰ ਯਾਦ ਰੱਖਣਾ ਪਵੇਗਾ ਕਿ ਉਹ ਗੁਰੂਆਂ ਦੇ ਵਾਰਸ ਹਨ। ਉਹ ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਅਤੇ ਹਰੀ ਸਿੰਘ ਨਲੂਏ, ਰਣਜੀਤ ਦੀ ਖਾਲਸ਼ਾਹੀ ਜਾਹੋ ਜਲਾਲ ਨਾਲ ਲਬਰੇਜ ਧਰਤੀ ਦੇ ਪੁੱਤਰ ਹਨ। ਉਹਨਾਂ ਦੀ ਪਛਾਣ ਸਿੰਘ,ਸਿਰਦਾਰ ਅਤੇ ਬਾਜ ਹੈ, ਕਾਕਰੋਚ ਬਿਲਕੁਲ ਵੀ ਨਹੀਂ।

ਅੱਜ ਸੋਸ਼ਲ ਮੀਡੀਆ ਦੇ ਟਰੈਂਡਾਂ ਰਾਹੀਂ ਪੰਜਾਬ ਦੇ ਨੌਜਵਾਨਾਂ ਅੰਦਰ ਕਾਕਰੋਚ ਬਣਨ ਵਾਲੀ ਮਾਨਸਿਕਤਾ ਪੈਦਾ ਕੀਤੀ ਜਾ ਰਹੀ ਹੈ। ਦਿੱਲੀ ਅੰਦੋਲਨ ਦੌਰਾਨ ਲਾਲ ਕਿਲ੍ਹੇ ਦੀ ਘਟਨਾ ਤੋਂ ਬਾਅਦ ਜਿਸ ਤਰ੍ਹਾਂ ਮਰਹੂਮ ਦੀਪ ਸਿੱਧੂ ਖ਼ਿਲਾਫ਼ ਇੱਕ ਝੂਠਾ ਬਿਰਤਾਂਤ ਸਿਰਜ ਕੇ ਪਲਾਂ ਵਿੱਚ ਉਸ ਦੇ ਅਕਸ ਨੂੰ ਲੋਕ-ਦੁਸ਼ਮਣ ਵਾਲੀ ਬਣਾ ਦਿੱਤਾ ਗਿਆ ਸੀ, ਉਹ ਇਸੇ ਡਿਜੀਟਲ ਖੇਡ ਦਾ ਹਿੱਸਾ ਸੀ, ਜਦਕਿ ਉਸ ਨੇ ਪੰਜਾਬ-ਪ੍ਰਸਤੀ ਬਦਲੇ ਆਪਣੀ ਜਾਨ ਤੱਕ ਗੁਆ ਦਿੱਤੀ।

ਸੁਆਲ ਇਹ ਹੈ ਕਿ ਕੀ ਦੇਸ਼ ਵਿੱਚ ਕੋਈ ਵੱਡੀ ਉਥਲ-ਪੁਥਲ ਹੋਵੇਗੀ? ਇਹ ਸੱਚ ਹੈ ਕਿ ਦੇਸ਼ ਦੇ ਨੌਜਵਾਨਾਂ ਅੰਦਰ ਡਿਗਰੀਆਂ ਹੱਥ ਵਿੱਚ ਲੈ ਕੇ ਸੜਕਾਂ 'ਤੇ ਘੁੰਮਣ ਕਾਰਨ, ਨੀਟ ਵਰਗੇ ਪੇਪਰ ਲੀਕ ਹੋਣ ਕਾਰਨ ਅਤੇ ਬੇਰੁਜ਼ਗਾਰੀ ਕਾਰਨ ਇੱਕ ਡੂੰਘਾ ਗੁੱਸਾ ਅਤੇ ਬੇਚੈਨੀ ਹੈ। ਜਦੋਂ ਰਵਾਇਤੀ ਵਿਰੋਧੀ ਪਾਰਟੀਆਂ ਜਨਤਾ ਦੀ ਆਵਾਜ਼ ਨਹੀਂ ਬਣਦੀਆਂ, ਤਾਂ ਅਜਿਹੇ ਡਿਜੀਟਲ ਪਲੇਟਫਾਰਮ (ਜਿਵੇਂ ਸੀਜੇਪੀ) ਗੁੱਸਾ ਕੱਢਣ ਦਾ ਜ਼ਰੀਆ ਬਣਦੇ ਹਨ।

ਭਾਰਤ ਸਰਕਾਰ ਵੱਲੋਂ ਇਸ ਪਾਰਟੀ ਦੇ ਐਕਸ (ਯ) ਖਾਤੇ 'ਤੇ ਪਾਬੰਦੀ ਲਗਾਉਣਾ ਇਹ ਦੱਸਦਾ ਹੈ ਕਿ ਸੱਤਾਧਾਰੀ ਧਿਰ ਵੀ ਇਸ ਤੋਂ ਅਸਹਿਜ ਹੈ। ਇਹ ਬੇਚੈਨੀ ਭਵਿੱਖ ਵਿੱਚ ਕਿਸੇ ਵੱਡੀ ਸਿਆਸੀ ਉਥਲ-ਪੁਥਲ ਦਾ ਸੰਕੇਤ ਜ਼ਰੂਰ ਹੈ। ਪਰ ਇਸ ਨਾਲ ਕੋਈ ਜ਼ਮੀਨੀ ਕ੍ਰਾਂਤੀ ਆਉਣ ਵਾਲੀ ਨਹੀਂ ਹੈ। ਇਸ ਬੇਚੈਨੀ ਦਾ ਲਾਭ ਭਗਵੇਂ ਉਠਾਉਣਗੇ।

ਸੁਆਲ ਇਹ ਹੈ ਕਿ ਪੰਜਾਬ ਨੂੰ ਇਸ ਬਿਰਤਾਂਤ ਤੋਂ ਬਚਣ ਦੀ ਕਿਉਂ ਲੋੜ ਹੈ?

ਪੰਜਾਬ ਪਹਿਲਾਂ ਹੀ ਕਈ ਰਾਜਨੀਤਿਕ ਪ੍ਰਯੋਗਾਂ ਦੀ ਮਾਰ ਝੱਲ ਚੁੱਕਾ ਹੈ। ਕਦੇ ਨਸ਼ਿਆਂ ਅਤੇ ਪੈਸੇ ਦੀ ਰਾਜਨੀਤੀ ਨਾਲ ਨੌਜਵਾਨੀ ਨੂੰ ਤਬਾਹ ਕੀਤਾ ਗਿਆ, ਕਦੇ 'ਬਦਲਾਅ' ਦੇ ਨਾਮ 'ਤੇ ਵੋਟਾਂ ਬਟੋਰੀਆਂ ਗਈਆਂ। ਹਰ ਵਾਰ ਪੰਜਾਬ ਨੇ ਵਿਸ਼ਵਾਸ ਕੀਤਾ ਅਤੇ ਹਰ ਵਾਰ ਧੋਖਾ ਮਿਲਿਆ।

ਪੰਜਾਬ ਦੇ ਨੌਜਵਾਨ ਪਹਿਲਾਂ ਹੀ ਬੇਰੁਜ਼ਗਾਰੀ, ਮਾਈਗ੍ਰੇਸ਼ਨ (ਵਿਦੇਸ਼ ਜਾਣ ਦਾ ਰੁਝਾਨ) ਅਤੇ ਮਾਨਸਿਕ ਤਣਾਅ ਨਾਲ ਜੂਝ ਰਹੇ ਹਨ। ਅਜਿਹੇ ਵਿੱਚ ਬਗਾਵਤ ਦੇ ਨਾਮ 'ਤੇ ਕਿਸੇ ਵੀ ਡਿਜੀਟਲ ਲਹਿਰ ਦੇ ਪਿੱਛੇ ਅੱਖਾਂ ਬੰਦ ਕਰਕੇ ਲੱਗ ਜਾਣਾ ਵੱਡੀ ਭੁੱਲ ਹੋਵੇਗੀ। ਪੰਜਾਬ ਦੀ ਗ਼ੈਰਤਮੰਦ ਜੁਆਨੀ ਨੂੰ ਇਹ ਯਾਦ ਰੱਖਣਾ ਪਵੇਗਾ ਕਿ ਉਹ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਬਘੇਲ ਸਿੰਘ, ਮਹਾਰਾਜਾ ਰਣਜੀਤ ਸਿੰਘ ਅਤੇ ਜਰਨੈਲ ਹਰੀ ਸਿੰਘ ਨਲੂਆ ਦੀ ਵਿਰਾਸਤ ਦੇ ਵਾਰਸ ਹਨ। ਉਹ ਗੁਰੂ ਕੇ ਨਾਦੀ ਪੁੱਤਰ, ਪੁਤਰੀਆਂ ਹਨ, ਜਿਨ੍ਹਾਂ ਨੇ ਵੱਡੇ-ਵੱਡੇ ਸਾਮਰਾਜਾਂ ਦੇ ਮੂੰਹ ਮੋੜ ਦਿੱਤੇ ਸਨ।

ਜੇਕਰ ਪੰਜਾਬ ਦੀ ਜੁਆਨੀ ਦੁਬਾਰਾ ਗੁਮਰਾਹ ਹੋ ਕੇ ਕਿਸੇ ਦਿੱਲੀ ਜਾਂ ਵਿਦੇਸ਼ਾਂ ਤੋਂ ਚੱਲਣ ਵਾਲੀ ਡਿਜੀਟਲ 'ਕਾਕਰੋਚ ਰਾਜਨੀਤੀ' ਦੇ ਜਾਲ ਵਿੱਚ ਫਸ ਗਈ, ਤਾਂ ਪੰਜਾਬ ਸਿਰਫ਼ ਇੱਕ ਨਵੀਂ ਸਿਆਸੀ ਲੈਬ ਬਣ ਕੇ ਰਹਿ ਜਾਵੇਗਾ। ਪੰਜਾਬ ਨੂੰ ਕਾਕਰੋਚ ਬਣਨ ਦੀ ਬਜਾਏ ਆਪਣੀ ਖ਼ੁਦਮੁਖਤਿਆਰ ਰਾਜਨੀਤਕ ਅਤੇ ਬੌਧਿਕ ਤਾਕਤ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

# ਸਿਆਸਤ ਦੀ ਲਾਡਲੀ ਜਾਂ ਸਿਰਫ਼ ਵੋਟ ਬੈਂਕ

ਗੁਰਮੀਤ ਸਿੰਘ ਪਲਾਹੀ
9815802070



ਔਰਤਾਂ ਨੂੰ ਅਸਲ ਤਾਕਤ ਅਤੇ ਆਤਮ-ਨਿਰਭਰਤਾ ਦੇਣ ਦੀ ਬਜਾਏ, ਉਨ੍ਹਾਂ ਨੂੰ ਵੱਖ-ਵੱਖ ਸਹਾਰਿਆਂ ਅਤੇ ਆਸਰਿਆਂ 'ਤੇ ਨਿਰਭਰ ਬਣਾਈ ਰੱਖਣ ਦੀ ਪ੍ਰਵਿਰਤੀ ਭਾਰਤ ਦੀਆਂ ਸਿਆਸੀ ਪਾਰਟੀਆਂ ਨੇ ਜਿਵੇਂ ਤਨੋਂ-ਮਨੋਂ ਅਪਨਾ ਲਈ ਹੈ। ਇਹ ਮਹਿਜ਼ ਇੱਕ ਸੰਜੋਗ ਹੀ ਨਹੀਂ ਹੈ ਕਿ ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ, ਤਾਂ ਔਰਤਾਂ ਦੇ ਕਲਿਆਣ ਦੀਆਂ ਯੋਜਨਾਵਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਵਿੱਚ ਇੱਕ ਅਨੋਖੀ ਹੋੜ ਜਿਹੀ ਲੱਗ ਜਾਂਦੀ ਹੈ। ਹਰ ਕੋਈ ਔਰਤਾਂ ਨੂੰ ਵੱਖ-ਵੱਖ ਸਹੂਲਤਾਂ ਦਾ ਐਲਾਨ ਹੀ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦਾ ਦਾਅਵਾ ਵੀ ਕਰ ਰਿਹਾ ਹੈ, ਤਾਂ ਜੋ ਉਨ੍ਹਾਂ ਦਾ ਅੱਧੀ ਆਬਾਦੀ ਵਾਲਾ ਵੋਟ ਬੈਂਕ ਪੂਰੀ ਤਰ੍ਹਾਂ ਪੱਕਾ ਹੋ ਸਕੇ।

ਭਾਜਪਾ ਹੋਵੇ ਜਾਂ ਕਾਂਗਰਸ, ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ) ਹੋਵੇ ਜਾਂ ਆਮ ਆਦਮੀ ਪਾਰਟੀ -ਇਸ ਸਿਆਸੀ ਖੇਡ ਵਿੱਚ ਸਾਰੇ ਹੀ ਆਪਣੀ ਪੂਰੀ ਤਾਕਤ ਲਗਾ ਰਹੇ ਹਨ। ਚੋਣਾਂ ਤੋਂ ਠੀਕ ਪਹਿਲਾਂ ਜਾਂ ਬਾਅਦ ਵਿੱਚ, ਇੱਕ ਨਿਸ਼ਚਿਤ ਨਗਦ ਰਾਸ਼ੀ ਸਿੱਧੀ ਔਰਤਾਂ ਦੇ ਬੈਂਕ ਖ਼ਾਤਿਆਂ ਵਿੱਚ ਟ੍ਰਾਂਸਫਰ ਕਰ ਦਿੱਤੀ ਜਾਂਦੀ ਹੈ ਅਤੇ ਸਰਕਾਰੀ ਬੱਸਾਂ ਵਿੱਚ ਯਾਤਰਾ ਉਨ੍ਹਾਂ ਲਈ ਪੂਰੀ ਤਰ੍ਹਾਂ ਮੁਫ਼ਤ ਹੋ ਜਾਂਦੀ ਹੈ। ਅਸਲ ਵਿੱਚ, ਮੁਫ਼ਤ ਦੀਆਂ ਰੇਉੜੀਆਂ ਵੰਡਣ ਦੀ ਇਹ ਪ੍ਰਥਾ ਭਾਰਤੀ ਲੋਕਤੰਤਰ ਦਾ ਇੱਕ ਅਹਿਮ ਅਤੇ ਚਿੰਤਾਜਨਕ ਹਿੱਸਾ ਬਣ ਚੁੱਕੀ ਹੈ। ਭਾਰਤੀ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਵੀ ਮੁਫ਼ਤ ਤੋਹਫ਼ੇ ਪ੍ਰਦਾਨ ਕਰਨ ਦੀ ਇਸ ਸੰਸਕ੍ਰਿਤੀ ਨੂੰ ਲੈ ਕੇ ਕਈ ਵਾਰ ਡੂੰਘੀ ਚਿੰਤਾ ਪ੍ਰਗਟ ਕਰ ਚੁੱਕੇ ਹਨ, ਪਰ ਸਿਆਸੀ ਲਾਹੇ ਅੱਗੇ ਇਹ ਚਿੰਤਾਵਾਂ ਬੇਅਸਰ ਦਿਖਾਈ ਦਿੰਦੀਆਂ ਹਨ।

ਆਰਥਿਕ ਮਾਹਰਾਂ ਦਾ ਸਪੱਸ਼ਟ ਕਹਿਣਾ ਹੈ ਕਿ ਔਰਤਾਂ ਦੇ ਕਲਿਆਣ ਦੇ ਨਾਂ 'ਤੇ ਸ਼ੁਰੂ ਕੀਤੀ ਗਈ ਇਸ ਸਿਆਸੀ ਹੋੜ ਕਾਰਨ ਕਈ ਸੂਬੇ ਕਰਜ਼ੇ ਦੇ ਭਾਰੀ ਦਲਦਲ ਵਿੱਚ ਧਸਦੇ ਜਾ ਰਹੇ ਹਨ। ਵਿੱਤੀ ਅਨੁਸ਼ਾਸਨ, ਜੋ ਕਿਸੇ ਵੀ ਸੂਬੇ ਜਾਂ ਦੇਸ਼ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਰੀੜ੍ਹ ਦੀ ਹੱਡੀ ਵਾਂਗ ਹੁੰਦਾ ਹੈ, ਉਹ ਪੂਰੀ ਤਰ੍ਹਾਂ ਚਰਮਰਾ ਚੁੱਕਾ ਹੈ। ਹਾਲ ਹੀ ਵਿੱਚ ਹੋਏ ਕੁਝ ਆਰਥਿਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਨੂੰ 1,000 ਰੁਪਏ ਤੋਂ ਲੈ ਕੇ 2,500 ਰੁਪਏ ਤੱਕ ਮਹੀਨਾਵਾਰ ਦੇਣ ਵਾਲੀਆਂ ਇਨ੍ਹਾਂ ਸਕੀਮਾਂ ਨੇ ਸੂਬਿਆਂ ਦੇ ਵਿੱਤੀ ਖੇਤਰ ਵਿੱਚ ਇੱਕ ਤਰ੍ਹਾਂ ਦੀ ਸੁਨਾਮੀ ਲਿਆਂਦੀ ਹੈ। ਇਸ ਨਾਲ ਮੱਧ ਪ੍ਰਦੇਸ਼, ਪੰਜਾਬ, ਛੱਤੀਸਗੜ੍ਹ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਉੜੀਸਾ, ਪੱਛਮੀ ਬੰਗਾਲ, ਦਿੱਲੀ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਦਾ ਬਜਟ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਮੱਧ ਪ੍ਰਦੇਸ਼ ਦੀ ਬੇਹੱਦ ਚਰਚਿਤ 'ਲਾਡਲੀ ਬਹਿਨਾ ਯੋਜਨਾ' ਤਹਿਤ ਯੋਗ ਔਰਤਾਂ ਨੂੰ ਹਰ ਮਹੀਨੇ 1,000 ਰੁਪਏ (ਹੁਣ ਵਧਾਈ ਹੋਈ ਰਾਸ਼ੀ) ਦੇਣ ਨਾਲ ਸੂਬਾ ਸਰਕਾਰ 'ਤੇ ਸਾਲਾਨਾ ਲਗਭਗ 12,000 ਕਰੋੜ ਰੁਪਏ ਦਾ ਸਿੱਧਾ ਵਿੱਤੀ ਬੋਝ ਪੈ ਰਿਹਾ ਹੈ। ਮਹਾਰਾਸ਼ਟਰ ਵਿੱਚ ਸ਼ੁਰੂ ਕੀਤੀ ਗਈ ਇਸੇ ਤਰ੍ਹਾਂ ਦੀ ਯੋਜਨਾ 'ਤੇ ਸੂਬੇ ਦੇ ਖ਼ਜ਼ਾਨੇ ਵਿੱਚੋਂ ਲਗਭਗ 46,000 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ, ਜਿਸ ਨਾਲ ਰਾਜ ਦੇ ਹੋਰ ਵਿਕਾਸ ਕਾਰਜ ਪ੍ਰਭਾਵਿਤ ਹੋ ਰਹੇ ਹਨ।

ਪੱਛਮੀ ਬੰਗਾਲ ਦੀ 'ਅੰਨਪੂਰਨਾ ਭੰਡਾਰ' ਯੋਜਨਾ ਲਈ 79,000 ਕਰੋੜ ਰੁਪਏ, ਬੇਰੁਜ਼ਗਾਰੀ ਭੱਤੇ ਲਈ 30,000 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ (ਡੀ.ਏ.) ਦੇ ਬਕਾਏ ਲਈ 62,000 ਕਰੋੜ ਰੁਪਏ ਦਾ ਪ੍ਰਬੰਧ ਹੈ। ਜੇਕਰ ਇਨ੍ਹਾਂ ਤਿੰਨਾਂ ਨੂੰ ਮਿਲਾ ਦਿੱਤਾ ਜਾਵੇ, ਤਾਂ ਇਹ ਰਾਸ਼ੀ 1,71,000 ਕਰੋੜ ਰੁਪਏ ਵਰਗੀ ਭਾਰੀ-ਭਰਕਮ ਰਕਮ ਬਣਦੀ ਹੈ।

ਸਵਾਲ ਇਹ ਉੱਠਦਾ ਹੈ ਕਿ ਕੀ ਇਹ ਰਿਆਇਤਾਂ ਅਤੇ ਮੁਫ਼ਤ ਯੋਜਨਾਵਾਂ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਸੂਬਿਆਂ ਵਿੱਚ ਇੱਕ ਗੰਭੀਰ ਵਿੱਤੀ ਐਮਰਜੈਂਸੀ ਵਰਗੀ ਸਥਿਤੀ ਪੈਦਾ ਨਹੀਂ ਕਰ ਦੇਣਗੀਆਂ? ਵੋਟਾਂ ਨੂੰ ਬਟੋਰਨ ਦੀ ਕਾਹਲ ਵਿੱਚ ਸੂਬਿਆਂ ਦੀ ਲੰਮੇ ਸਮੇਂ ਦੀ ਆਰਥਿਕ ਸਿਹਤ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਜਾ ਰਹੀ ਹੈ। ਸਿਆਸੀ ਲਾਭ ਲਈ ਬਣਾਈਆਂ ਗਈਆਂ ਇਹ ਯੋਜਨਾਵਾਂ ਸਮਾਜ ਅਤੇ ਸਰਕਾਰੀ ਤੰਤਰ ਵਿੱਚ ਇਸ ਕਦਰ ਆਪਣੀਆਂ ਜੜ੍ਹਾਂ ਜਮਾ ਲੈਂਦੀਆਂ ਹਨ ਕਿ ਬਾਅਦ ਵਿੱਚ ਕਿਸੇ ਵੀ ਸਰਕਾਰ ਲਈ ਇਨ੍ਹਾਂ ਨੂੰ ਵਾਪਸ ਲੈਣਾ ਜਾਂ ਬੰਦ ਕਰਨਾ ਸਿਆਸੀ ਤੌਰ 'ਤੇ ਲਗਭਗ ਅਸੰਭਵ ਹੋ ਜਾਂਦਾ ਹੈ। ਉਦਾਹਰਨ ਲਈ, ਪੰਜਾਬ ਵਿੱਚ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਅਤੇ ਆਮ ਜਨਤਾ ਲਈ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਕੀ ਕਦੇ ਕੋਈ ਸਰਕਾਰ ਬੰਦ ਕਰਨ ਦੀ ਹਿੰਮਤ ਕਰ ਸਕੇਗੀ? ਜਵਾਬ ਹੈ-ਬਿਲਕੁਲ ਨਹੀਂ, ਕਿਉਂਕਿ ਅਜਿਹਾ ਕਰਨਾ ਕਿਸੇ ਵੀ ਪਾਰਟੀ ਲਈ ਸਿਆਸੀ ਖ਼ੁਦਕੁਸ਼ੀ ਵਰਗਾ ਹੋਵੇਗਾ।

ਭਾਰਤ ਦੀ ਮੌਜੂਦਾ ਰਾਜਨੀਤੀ ਵਿੱਚ ਔਰਤ ਇਸ ਕਰਕੇ 'ਲਾਡਲੀ' ਜਾਂ ਪਿਆਰੀ ਨਹੀਂ ਬਣੀ ਕਿ ਸਿਆਸਤਦਾਨਾਂ ਦੇ ਦਿਲਾਂ ਵਿੱਚ ਉਨ੍ਹਾਂ ਲਈ ਕੋਈ ਸੱਚਾ ਸਤਿਕਾਰ ਹੈ ਜਾਂ ਉਨ੍ਹਾਂ ਦੇ ਪਿਛੜੇਪਣ ਨੂੰ ਲੈ ਕੇ ਕੋਈ ਅਸਲ ਦਰਦ ਹੈ। ਇਸਦੇ ਪਿੱਛੇ ਦਾ ਸਿੱਧਾ ਅਤੇ ਕੜਵਾ ਸੱਚ ਇਹ ਹੈ ਕਿ ਪਾਰਟੀਆਂ ਨੂੰ ਚੋਣਾਂ ਜਿੱਤਣ ਲਈ ਔਰਤਾਂ ਦਾ ਇੱਕਮੁਸ਼ਤ ਅਤੇ ਵਫ਼ਾਦਾਰ ਵੋਟ ਬੈਂਕ ਚਾਹੀਦਾ ਹੈ।

ਭਾਰਤੀ ਜਨਤਾ ਪਾਰਟੀ ਨੇ ਪਿਛਲੇ ਪਾਰਲੀਮੈਂਟ ਸੈਸ਼ਨ ਵਿੱਚ ਮਹਿਲਾ ਕਾਰਡ ਖੇਡਦੇ ਹੋਏ ਇੱਕ ਵੱਡਾ ਦਾਅ ਚੱਲਿਆ। ਪਹਿਲਾਂ ਹੀ ਸਿਧਾਂਤਕ ਰੂਪ ਵਿੱਚ ਪਾਸ ਕੀਤੇ ਜਾ ਚੁੱਕੇ 33% ਮਹਿਲਾ ਰਾਖਵਾਂਕਰਨ ਐਕਟ 'ਤੇ ਕੁਝ ਤਕਨੀਕੀ ਸੋਧਾਂ ਦਾ ਬਹਾਨਾ ਬਣਾ ਕੇ, ਪੱਛਮੀ ਬੰਗਾਲ, ਕੇਰਲ ਅਤੇ ਹੋਰ ਰਾਜਾਂ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਬਿੱਲ ਨੂੰ ਦੁਬਾਰਾ ਸੰਸਦ ਵਿੱਚ ਚਰਚਾ ਦੇ ਕੇਂਦਰ ਵਿੱਚ ਲਿਆਂਦਾ ਗਿਆ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਸਭ ਮਹਿਲਾ ਵੋਟਰਾਂ ਨੂੰ ਇਹ ਸੰਦੇਸ਼ ਦੇਣ ਲਈ ਕੀਤਾ ਗਿਆ ਕਿ ਸਿਰਫ਼ ਮੌਜੂਦਾ ਸਰਕਾਰ ਹੀ ਉਨ੍ਹਾਂ ਦੀ ਸੱਚੀ ਹਿਤੈਸ਼ੀ ਹੈ?

ਜੇਕਰ ਅਸੀਂ ਇਤਿਹਾਸ ਵਿੱਚ ਜਾਈਏ ਕਿ ਔਰਤਾਂ ਅਚਾਨਕ ਰਾਜਨੀਤੀ ਦੀਆਂ ਇੰਨੀਆਂ ਲਾਡਲੀਆਂ ਕਦੋਂ ਤੋਂ ਬਣ ਗਈਆਂ, ਤਾਂ ਇਸਦਾ ਉੱਤਰ ਨਵੰਬਰ 2023 ਦੀਆਂ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਮਿਲਦਾ ਹੈ। ਚੋਣਾਂ ਤੋਂ ਠੀਕ ਪਹਿਲਾਂ ਸੱਤਾ ਵਿਰੋਧੀ ਲਹਿਰ ਤੋਂ ਘਬਰਾਈ ਤਤਕਾਲੀ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਨੇ 'ਲਾਡਲੀ ਬਹਿਨਾ ਯੋਜਨਾ' ਦਾ ਦਾਅ ਖੇਡਿਆ। ਇਸ ਤਹਿਤ 21 ਤੋਂ 60 ਸਾਲ ਦੀਆਂ ਔਰਤਾਂ ਦੇ ਖਾਤੇ ਵਿੱਚ ਸਿੱਧੇ ਪੈਸੇ ਟ੍ਰਾਂਸਫਰ ਕੀਤੇ ਗਏ। ਨਤੀਜਾ ਇਹ ਹੋਇਆ ਕਿ ਤਮਾਮ ਅੰਦਾਜ਼ਿਆਂ ਨੂੰ ਦਰਕਿਨਾਰ ਕਰਦੇ ਹੋਏ ਭਾਜਪਾ ਨੇ 230 ਵਿੱਚੋਂ 163 ਸੀਟਾਂ ਜਿੱਤ ਕੇ ਹੂੰਝਾਫੇਰ ਬਹੁਮਤ ਹਾਸਲ ਕੀਤਾ।

ਇਸ ਸਬੰਧ ਵਿੱਚ ਭਾਰਤੀ ਸਟੇਟ ਬੈਂਕ ਦੀ ਇੱਕ ਰਿਸਰਚ ਰਿਪੋਰਟ ਬੇਹੱਦ ਚੌਂਕਾਉਣ ਵਾਲੇ ਤੱਥ ਸਾਹਮਣੇ ਲਿਆਉਂਦੀ ਹੈ। ਰਿਪੋਰਟ ਅਨੁਸਾਰ, ਮੱਧ ਪ੍ਰਦੇਸ਼ ਦੇ ਜਿਨ੍ਹਾਂ ਜ਼ਿਲ੍ਹਿਆਂ ਵਿੱਚ 'ਲਾਡਲੀ ਬਹਿਨਾ ਯੋਜਨਾ' ਦੇ ਲਾਭਪਾਤਰੀਆਂ ਦੀ ਸੰਖਿਆ ਵਿੱਚ ਮਹਿਜ਼ 1% ਦਾ ਵਾਧਾ ਦੇਖਿਆ ਗਿਆ, ਉੱਥੇ ਸੱਤਾਧਾਰੀ ਦਲ ਦੇ ਵੋਟ ਸ਼ੇਅਰ ਅਤੇ ਸਫ਼ਲਤਾ ਦਰ ਵਿੱਚ 0.36% ਦਾ ਸਿੱਧਾ ਉਛਾਲ ਦਰਜ ਕੀਤਾ ਗਿਆ। ਇਸ ਯੋਜਨਾ ਨੇ ਔਰਤਾਂ ਨੂੰ ਨਾ ਸਿਰਫ਼ ਆਰਥਿਕ ਤੌਰ 'ਤੇ ਪ੍ਰਭਾਵਿਤ ਕੀਤਾ, ਸਗੋਂ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਭਾਰੀ ਸੰਖਿਆ ਵਿੱਚ ਪੋਲਿੰਗ ਬੂਥਾਂ ਤੱਕ ਜਾ ਕੇ ਇੱਕਤਰਫ਼ਾ ਵੋਟ ਪਾਉਣ ਲਈ ਵੀ ਪ੍ਰੇਰਿਤ ਕੀਤਾ।

ਇਸ 'ਲਾਡਲੀ ਸਿਆਸਤ' ਦੀ ਅਸਲੀ ਵਜ੍ਹਾ ਕੋਈ ਗੁਪਤ ਰਹੱਸ ਨਹੀਂ ਹੈ, ਸਗੋਂ ਇਹ ਮਹਿਲਾ ਵੋਟਰਾਂ ਦੇ ਤੇਜ਼ੀ ਨਾਲ ਬਦਲਦੇ ਅੰਕੜਿਆਂ ਨਾਲ ਜੁੜੀ ਹੋਈ ਹੈ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤ ਦੇ ਇਤਿਹਾਸ ਵਿੱਚ ਰਿਕਾਰਡ 31.2 ਕਰੋੜ ਔਰਤਾਂ ਨੇ ਆਪਣੇ ਮਤਾਧਿਕਾਰ ਦਾ ਇਸਤੇਮਾਲ ਕੀਤਾ। ਦੇਸ਼ ਦੇ 36 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ 19 ਰਾਜਾਂ ਵਿੱਚ ਔਰਤਾਂ ਦਾ ਵੋਟਿੰਗ ਫ਼ੀਸਦੀ ਮਰਦਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸੀ। ਔਰਤਾਂ ਦੀ ਇਹ ਭਾਰੀ ਹਿੱਸੇਦਾਰੀ ਹੁਣ ਕਿਸੇ ਵੀ ਚੋਣ ਦਾ ਪਾਸਾ ਪਲਟਣ ਲਈ ਕਾਫ਼ੀ ਹੈ।

ਜੇਕਰ ਅਸੀਂ ਅਤੀਤ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਸਾਲ 1962 ਦੀਆਂ ਆਮ ਚੋਣਾਂ ਵਿੱਚ ਔਰਤਾਂ ਦਾ ਕੁੱਲ ਵੋਟਿੰਗ ਟਰਨਆਊਟ ਮਹਿਜ਼ 47% ਸੀ, ਜਦੋਂ ਕਿ ਮਰਦਾਂ ਦਾ 63% ਸੀ-ਯਾਨੀ ਦੋਵਾਂ ਵਿਚਕਾਰ 16% ਦਾ ਇੱਕ ਵੱਡਾ ਫ਼ਰਕ ਸੀ। ਪਰ ਸਾਲ 2019 ਦੀਆਂ ਚੋਣਾਂ ਵਿੱਚ ਪਹਿਲੀ ਵਾਰ ਇੱਕ ਨਵਾਂ ਇਤਿਹਾਸ ਬਣਿਆ, ਜਦੋਂ ਔਰਤਾਂ ਨੇ ਮਤਦਾਨ ਦੇ ਮਾਮਲੇ ਵਿੱਚ ਮਰਦਾਂ ਨੂੰ ਪਿੱਛੇ ਛੱਡ ਦਿੱਤਾ। ਸਾਲ 2024 ਵਿੱਚ ਇਹ ਅੰਤਰ ਹੋਰ ਵਧ ਗਿਆ ਅਤੇ ਦੇਸ਼ ਦੇ ਲਗਭਗ 137 ਲੋਕ ਸਭਾ ਖੇਤਰਾਂ ਵਿੱਚ ਔਰਤਾਂ ਨੇ ਮਰਦਾਂ ਦੀ ਤੁਲਨਾ ਵਿੱਚ ਬਹੁਤ ਜ਼ਿਆਦਾ ਮਤਦਾਨ ਕੀਤਾ। ਇਹ ਬਦਲਾਅ ਸਿਰਫ਼ ਸੰਖਿਆ ਦਾ ਨਹੀਂ ਹੈ, ਸਗੋਂ ਇਹ ਭਾਰਤੀ ਔਰਤਾਂ ਦੇ ਅੰਦਰ ਆਉਂਦੀ ਜਾ ਰਹੀ ਸਿਆਸੀ ਅਤੇ ਸਮਾਜਿਕ ਚੇਤਨਾ ਦਾ ਵੀ ਇੱਕ ਵੱਡਾ ਪ੍ਰਤੀਕ ਹੈ।

ਅੰਤਰਰਾਸ਼ਟਰੀ ਥਿੰਕ ਟੈਂਕ 'ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ' ਦੇ ਇੱਕ ਵਿਆਪਕ ਅਧਿਐਨ ਅਨੁਸਾਰ, ਚੋਣਾਂ ਵਿੱਚ ਔਰਤਾਂ ਦੀ ਇਹ ਵਧਦੀ ਹੋਈ ਭਾਗੀਦਾਰੀ ਸਿੱਧੇ ਤੌਰ 'ਤੇ ਉਨ੍ਹਾਂ ਕਲਿਆਣਕਾਰੀ ਅਤੇ ਵਿੱਤੀ ਯੋਜਨਾਵਾਂ ਨਾਲ ਜੁੜੀ ਹੋਈ ਹੈ ਜੋ ਸਿੱਧੇ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਪਰ ਇੱਥੇ ਇੱਕ ਬੁਨਿਆਦੀ ਅਤੇ ਨੈਤਿਕ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਰਤੀ ਔਰਤਾਂ ਸੱਚਮੁੱਚ ਸਿਆਸੀ ਤੌਰ 'ਤੇ ਜਾਗਰੂਕ ਅਤੇ ਸੁਤੰਤਰ ਹੋ ਗਈਆਂ ਹਨ, ਜਾਂ ਫਿਰ ਸਿਆਸਤਦਾਨਾਂ ਵੱਲੋਂ ਉਨ੍ਹਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਅਤੇ ਪੈਸਿਆਂ ਦਾ ਲਾਲਚ ਦੇ ਕੇ ਆਪਣੀ ਤਰਫ਼ ਖਿੱਚਿਆ ਜਾ ਰਿਹਾ ਹੈ?

ਹਾਲਾਂਕਿ, ਇੱਕ ਹੋਰ ਹਾਂ-ਪੱਖੀ ਪਹਿਲੂ ਇਹ ਵੀ ਹੈ ਕਿ ਸਾਲ 2014 ਅਤੇ 2019 ਦੇ ਵਿਚਕਾਰ ਕੀਤੇ ਗਏ ਕੁਝ ਸਰਵੇਖਣ ਦੱਸਦੇ ਹਨ ਕਿ ਲਗਭਗ 70% ਔਰਤਾਂ ਨੇ ਆਪਣੀ ਮਰਜ਼ੀ ਨਾਲ ਅਤੇ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਵੋਟ ਪਾਈ, ਅਤੇ ਉਨ੍ਹਾਂ ਨੇ ਆਪਣੇ ਪਤੀ ਜਾਂ ਪਰਿਵਾਰ ਦੇ ਮਰਦਾਂ ਦੇ ਸਿਆਸੀ ਦਬਾਅ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। 2024 ਦੀਆਂ ਚੋਣਾਂ ਵਿੱਚ ਔਰਤਾਂ ਦੀ ਇਹ ਵੈਚਾਰਿਕ ਸੁਤੰਤਰਤਾ ਹੋਰ ਮਜ਼ਬੂਤ ਹੋ ਕੇ ਉਭਰੀ ਹੈ।

ਉਦਾਹਰਨ ਦੇ ਤੌਰ 'ਤੇ, ਤਾਮਿਲਨਾਡੂ ਵਿੱਚ ਡੀ.ਐਮ.ਕੇ. ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਫ਼ਤ ਬੱਸ ਸੇਵਾ ਦੇ ਨਤੀਜੇ ਸਮਾਜਿਕ ਤੌਰ 'ਤੇ ਕਾਫ਼ੀ ਉਤਸ਼ਾਹਜਨਕ ਰਹੇ। ਇਸ ਨਾਲ ਕੰਮਕਾਜੀ ਅਤੇ ਗਰੀਬ ਔਰਤਾਂ ਦੀ ਗਤੀਸ਼ੀਲਤਾ ਵਧੀ ਅਤੇ ਉਹ ਕੰਮ ਦੇ ਸਿਲਸਿਲੇ ਵਿੱਚ ਬਾਹਰ ਨਿਕਲਣ ਲੱਗੀਆਂ। ਪਰ ਇਸਦਾ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਨਾਲ ਸੂਬਾ ਟ੍ਰਾਂਸਪੋਰਟ ਨਿਗਮ ਅਤੇ ਸਰਕਾਰੀ ਖ਼ਜ਼ਾਨੇ 'ਤੇ ਸਾਲਾਨਾ 1,500 ਕਰੋੜ ਰੁਪਏ ਦੀ ਸਬਸਿਡੀ ਦਾ ਭਾਰੀ ਵਿੱਤੀ ਬੋਝ ਆ ਪਿਆ। ਇਸੇ ਤਰਜ਼ 'ਤੇ ਜੂਨ 2023 ਵਿੱਚ ਕਰਨਾਟਕ ਅਤੇ ਤੇਲੰਗਾਨਾ ਦੀਆਂ ਸਰਕਾਰਾਂ ਨੇ ਵੀ ਇਸ ਯੋਜਨਾ ਨੂੰ ਲਾਗੂ ਕੀਤਾ, ਜਿਸ ਨਾਲ ਉਨ੍ਹਾਂ ਦਾ ਬਜਟ ਘਾਟਾ ਵਧ ਗਿਆ।

ਇੱਥੇ ਸਭ ਤੋਂ ਵੱਡਾ ਅਤੇ ਗੰਭੀਰ ਸਵਾਲ ਇਹ ਹੈ ਕਿ ਕੀ ਮੁਫ਼ਤ ਦੀਆਂ ਇਹ ਲੋਕ-ਲੁਭਾਵਣ ਯੋਜਨਾਵਾਂ ਸੂਬਿਆਂ ਦੇ ਮੁੱਖ ਵਿਕਾਸ ਕਾਰਜਾਂ ਜਿਵੇਂ-ਗੁਣਵੱਤਾਪੂਰਨ ਸਿੱਖਿਆ, ਸਿਹਤ ਸਹੂਲਤਾਂ, ਹਸਪਤਾਲ ਅਤੇ ਬੁਨਿਆਦੀ ਢਾਂਚੇ ਦੇ ਨਿਰਮਾਣ ਨੂੰ ਬਹੁਤ ਪਿੱਛੇ ਨਹੀਂ ਧੱਕ ਰਹੀਆਂ? ਖ਼ਜ਼ਾਨੇ ਖਾਲੀ ਹੋਣ ਕਾਰਨ ਵਿਕਾਸ ਯੋਜਨਾਵਾਂ ਅਤੇ ਨਵੀਂਆਂ ਨੌਕਰੀਆਂ ਪੈਦਾ ਕਰਨ ਦੇ ਕੰਮ ਸਰਕਾਰਾਂ ਦੀ ਤਰਜੀਹੀ ਸੂਚੀ ਵਿੱਚ ਦੂਜੇ ਜਾਂ ਤੀਜੇ ਨੰਬਰ 'ਤੇ ਚਲੇ ਗਏ ਹਨ।

ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਮਹੀਨਾਵਾਰ ਭੱਤੇ ਅਤੇ ਮੁਫ਼ਤ ਯਾਤਰਾਵਾਂ ਗਰੀਬ ਔਰਤਾਂ ਨੂੰ ਤਤਕਾਲੀ ਰੂਪ ਵਿੱਚ ਇੱਕ ਵੱਡੀ ਆਰਥਿਕ ਰਾਹਤ ਦਿੰਦੀਆਂ ਹਨ। ਪਰ ਉਨ੍ਹਾਂ ਲੰਮੇ ਸਮੇਂ ਦੇ ਅਤੇ ਠੋਸ ਪ੍ਰੋਜੈਕਟਾਂ ਦਾ ਕੀ ਹੋਵੇਗਾ ਜੋ ਔਰਤਾਂ ਦੇ ਸਥਾਈ ਸਸ਼ਕਤੀਕਰਨ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਲਈ ਬੇਹੱਦ ਜ਼ਰੂਰੀ ਹਨ? ਸਰਕਾਰਾਂ ਕੇਵਲ ਸ਼ਾਰਟ-ਟਰਮ (ਘੱਟ ਸਮੇਂ ਦੇ) ਫਾਇਦੇ ਦਿਖਾ ਕੇ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਕੇ ਸੱਤਾ ਦੀ ਕੁਰਸੀ ਹਥਿਆ ਰਹੀਆਂ ਹਨ।

ਔਰਤਾਂ ਨੂੰ ਬੱਸਾਂ ਵਿੱਚ ਸਿਰਫ਼ ਮੁਫ਼ਤ ਸਫ਼ਰ ਦਾ ਲਾਲਚ ਦੇਣ ਜਾਂ ਚੰਦ ਰੁਪਏ ਪ੍ਰਤੀ ਮਹੀਨਾ ਦੇਣ ਦੀ ਬਜਾਏ, ਉਨ੍ਹਾਂ ਨੂੰ ਸਮਾਜ ਵਿੱਚ ਬਿਹਤਰ ਅਤੇ ਉੱਚ ਸਿੱਖਿਆ ਕਿਉਂ ਨਹੀਂ ਦਿੱਤੀ ਜਾਂਦੀ? ਉਨ੍ਹਾਂ ਨੂੰ ਹਰ ਖੇਤਰ ਵਿੱਚ ਰੁਜ਼ਗਾਰ ਦੇ ਬਰਾਬਰ ਅਵਸਰ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ, ਸਖ਼ਤ ਕਾਨੂੰਨੀ ਸੁਰੱਖਿਆ, ਸੁਰੱਖਿਅਤ ਮਾਹੌਲ ਅਤੇ ਦੇਸ਼ ਦੀ ਮੁੱਖ ਧਾਰਾ ਦੀ ਰਾਜਨੀਤੀ ਵਿੱਚ ਬਰਾਬਰ ਦੀ ਟਿਕਟ ਅਤੇ ਹਿੱਸੇਦਾਰੀ ਕਿਉਂ ਨਹੀਂ ਦਿੱਤੀ ਜਾਂਦੀ? ਜਦੋਂ ਤੱਕ ਔਰਤਾਂ ਨੂੰ ਫੈਸਲੇ ਲੈਣ ਵਾਲੇ ਉੱਚ ਪ੍ਰਸ਼ਾਸਨਿਕ ਅਹੁਦਿਆਂ ਅਤੇ ਨੀਤੀ-ਘੜਨ ਵਾਲੀਆਂ ਕਮੇਟੀਆਂ ਵਿੱਚ ਅਸਲ ਨੁਮਾਇੰਦਗੀ ਨਹੀਂ ਮਿਲਦੀ, ਉਦੋਂ ਤੱਕ ਅਜਿਹੀਆਂ ਸਕੀਮਾਂ ਸਿਰਫ਼ ਸਿਆਸੀ ਹੱਥਕੰਡਾ ਹੀ ਰਹਿਣਗੀਆਂ।

# ਕੁੱਤਿਆਂ ਦੀ ਸਮੱਸਿਆ ਲਈ ਸੁਪਰੀਮ ਕੋਰਟ ਦੀ ਸਖਤੀ

ਸੁਖਪਾਲ ਸਿੰਘ ਗਿਲ
98781 11445
ਅਬਿਆਣਾ ਕਲਾਂ





7 ਨਵੰਬਰ 2025 ਦੇ ਆਪਣੇ ਹੁਕਮ ਨੂੰ ਜਾਇਜ਼ ਠਹਿਰਾਉਂਦਿਆਂ ਮਾਨਯੋਗ ਸੁਪਰੀਮ ਕੋਰਟ ਨੇਕਿਹਾ ਹੈ ਕਿ ਮਨੁੱਖੀ ਜਾਨਾਂ ਕੀਮਤੀ ਅਤੇ ਪਹਿਲਾਂ ਹਨ। ਇਹਨਾ ਨੂੰ ਕੁੱਤਿਆਂ ਦੀ ਆੜ ਹੇਠ ਨਹੀਂ ਰੱਖਿਆ ਜਾ ਸਕਦਾ। ਨਿਤ ਦਿਨ ਅਖਬਾਰ ਦੀਆਂ ਸੁਰਖੀਆਂ ਕੁੱਤਿਆਂ ਦੇ ਕੱਟਣ ਦੀਆਂ ਹੁੰਦੀਆਂ ਹਨ। ਇਹਨਾਂ ਪਿੱਛੇ ਵੱਡਾ ਕਾਰਨ ਇਹ ਹੈ, ਕਿ ਕੁੱਤੇ ਅਵਾਰਾ ਕਿਉਂ ਹੁੰਦੇ ਹਨ? ਇਹ ਹੈ ਕਿ ਇਹਨਾਂ ਬਾਰੇ ਸਾਡੇ ਮੁਲਕ ਵਿੱਚ ਕੋਈ ਖਾਸ ਨੀਤੀ ਨਹੀਂ ਹੈ, ਜੇ ਨੀਤੀ ਬਣਦੀ ਹੈ ਤਾਂ ਧਾਰਮਿਕ ਤੇ ਪਾਪ ਪੁੰਨ ਦੇ ਫਲਸਫ਼ੇ ਵਿੱਚ ਫਸ ਜਾਂਦੀ ਹੈ। ਮਨੁੱਖ ਤੋਂ ਬਾਅਦ ਹਰ ਸਾਹ ਵਾਲੀ ਚੀਜ਼ ਨੂੰ ਜੀਉਣ ਦਾ ਅਧਿਕਾਰ ਹੈ। ਪਰ "ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ"। ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਮਨੁੱਖ, ਮਨੁੱਖ ਹੈ, ਕੁੱਤਾ, ਕੁੱਤਾ ਹੈ। ਹੈਰਾਨੀ ਹੁੰਦੀ ਹੈ ਜਦ ਸੋਸ਼ਲ ਮੀਡੀਆ ਤੇ ਕੁੱਤਿਆਂ ਨਾਲ ਨਿਵੇਕਲੀ ਕਿਸਮ ਦੀਆਂ ਹਰਕਤਾਂ ਕੀਤੀਆਂ ਜਾਂਦੀਆਂ ਹਨ, ਜੋ ਘਟਨਾਵਾਂ ਬਣ ਜਾਦੀਆਂ ਹਨ।

ਭਾਰਤ ਚ 6 ਕਰੋੜ ਦੇ ਲਗਭਗ ਅਵਾਰਾ ਕੁੱਤੇ ਹਨ। ਭਾਰਤ ਚ ਹਰ ਸਾਲ 2 ਕਰੋੜ ਲੋਕ ਜਾਨਵਰਾਂ ਦੀ ਹਿੰਸਾ ਵਿੱਚ ਗ੍ਰਸਤ ਹੁੰਦੇ ਹਨ, ਜਿਨਾਂ ਵਿੱਚ 92% ਕੁੱਤਿਆਂ ਰਾਹੀਂ ਹੁੰਦੇ ਹਨ। ਸੰਸਾਰ ਸਿਹਤ ਸੰਸਥਾ ਅਨੁਸਾਰ ਹਲਕਾਅ ਕਾਰਨ ਦੁਨੀਆਂ ਦੀਆਂ ਕੁਲ ਮੌਤਾਂ ਵਿੱਚੋਂ 36% ਮੌਤਾਂ ਭਾਰਤ ਵਿੱਚ ਹੁੰਦੀਆਂ ਹਨ। 2018 ਵਿੱਚ ਲੁਧਿਆਣਾ ਵਿੱਚ 15324, ਜਲੰਧਰ ਵਿੱਚ 9839 ਅਤੇ ਹੁਸ਼ਿਆਰਪੁਰ ਵਿੱਚ 9260 ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਹੋਈਆਂ ਸਨ। ਅੰਮ੍ਰਿਤਸਰ ਜ਼ਿਲ੍ਹੇ ਵਿੱਚ 1 ਜਨਵਰੀ 2025 ਤੋਂ ਜੂਨ 2025 ਤੱਕ 24601 ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਹੋਈਆਂ।ਭਾਰਤ ਚ ਹਲਕਾਅ ਕਾਰਨ 2023 ਵਿੱਚ 50 ਮੌਤਾਂ ਅਤੇ 2024 ਵਿੱਚ 54 ਮੌਤਾਂ ਹੋਈਆਂ ਸਨ। ਦਿੱਲੀ ਵਿੱਚ ਪਿਛਲੇ ਦਿਨੀ ਹਲਕਾਅ ਕਾਰਨ ਇੱਕ ਵਿਦਿਆਰਥੀ ਦੀ ਮੌਤ ਹੋਈ ਸੀ।

ਭਾਰਤ ਚ ਪਸ਼ੂ ਜਨਮ ਨਿਯੰਤਰਣ ਨਿਯਮ 2023 ਅਵਾਰਾ ਪਸ਼ੂਆਂ ਦੇ ਪ੍ਰਬੰਧਨ ਲਈ ਲਾਗੂ ਕੀਤੇ ਗਏ ਹਨ। ਇਸੇ ਤਹਿਤ ਅਵਾਰਾ ਕੁੱਤਿਆਂ ਦੀ ਗਿਣਤੀ ਕੰਟਰੋਲ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ ਗਏ ਸਨ। ਪਰ ਮਾਨਯੋਗ ਸੁਪਰੀਮ ਕੋਰਟ ਨੇ ਇਸ ਨੂੰ ਬੇਤੁਕਾ ਕਰਾਰ ਦਿੱਤਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਕੁੱਤਿਆਂ ਦੀ ਸਾਂਭ ਸੰਭਾਲ ਲਈ ਵੱਖ-ਵੱਖ ਨਿਯਮ ਹਨ। ਇੰਗਲੈਂਡ ਵਿੱਚ ਸਥਾਨਕ ਪ੍ਰਸ਼ਾਸਨ ਅਵਾਰਾ ਕੁੱਤਿਆਂ ਦੀ ਸੰਭਾਲ ਕਰਦਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਕੁੱਤਿਆਂ ਦੇ ਮਾਈਕਰੋ ਚਿੱਪਾਂ ਵੀ ਲਗਾਈਆਂ ਗਈਆਂ ਤਾਂ ਜੋ ਕੁੱਤੇ ਦੀ ਪਛਾਣ ਹੋ ਸਕੇ। ਦੂਜੇ ਪਾਸੇ ਕੁੱਤੇ ਮਨੁੱਖ ਦੇ ਸਾਥੀ ਅਤੇ ਵਫਾਦਾਰ ਵੀ ਹੁੰਦੇ ਹਨ ਇਸ ਪ੍ਰਤੀ ਬਾਬਾ ਬੁੱਲੇ ਸ਼ਾਹ ਦਾ ਕਲਾਮ ਸਾਂਝਾ ਕਰਨਾ ਬਣਦਾ ਹੈ:- "ਰਾਤੀ ਜਾਗਣ ਕੁੱਤੇ,
ਕਰੇ ਇਬਾਦਤ, ਰਾਤੀ ਜਾਗਣ ਕੁੱਤੇ,
ਤੈਥੋਂ ਉੱਤੇ, ਭੌਂਕਣੋ ਬੰਦ ਮੂਲ ਨਾ ਹੁੰਦੇ,
ਜਾ ਰੂੜੀ ਤੇ ਸੁੱਤੇ ਤੈਥੋਂ ਉੱਤੇ,
ਖਸਮ ਆਪਣੇ ਦਾ ਦਰ ਨਾ,
ਛੱਡਦੇ ਭਾਵੇਂ ਵੱਜਣ ਜੁੱਤੇ,
ਤੈਥੋਂ ਉੱਤੇ, ਬੁੱਲੇ ਸ਼ਾਹ ਕੋਈ
ਰਖਤ ਵਿਹਾਜ ਲੈ,
ਨਹੀਂ ਤੇ ਬਾਜੀ ਲੈ ਗਏ ਕੁੱਤੇ, ਤੈਥੋਂ ਉੱਤੇ"

ਪਾਲਤੂ ਕੁੱਤਿਆਂ ਨੂੰ ਭੋਜਨ ਮਿਲਦਾ ਹੈ, ਪਰ ਆਜ਼ਾਦੀ ਅਤੇ ਜੈਵਿਕ ਲੋੜਾਂ ਪੂਰੀਆਂ ਨਾ ਹੋਣ ਕਾਰਨ ਇਹ ਵੀ ਹਿੰਸਾ ਕਰਦੇ ਹਨ। ਇਹਨਾ ਪਾਲਤੂ ਕੁਤਿਆਂ ਦੇ ਸੌਂਕੀਆਂ ਲਈ ਵੀ ਸਖਤ ਨਿਯਮ ਅਤੇ ਜਿੰਮੇਵਾਰੀ ਬਣੇ।ਜਦਕਿ ਅਵਾਰਾ ਕੁੱਤੇ ਆਜ਼ਾਦੀ ਅਤੇ ਜੈਵਿਕ ਲੋੜਾਂ ਪੂਰੀਆਂ ਕਰਦੇ ਹਨ, ਪਰ ਭੋਜਨ ਨਾ ਮਿਲਣ ਕਾਰਨ ਇਹ ਵੀ ਹਿੰਸਾ

**ਅਵਾਰਾ ਕੁੱਤੇ ਦੁਰਘਟਨਾਵਾਂ ਵੀ ਕਰਾਉਂਦੇ ਹਨ। ਸਕੂਟਰ ਮੋਟਰਸਾਈਕਲਾਂ ਵਿੱਚ ਵੱਜਦੇ ਹਨ। ਜਦੋਂ ਕੋਈ ਵਾਹਣ ਲੰਘਦਾ ਹੈ ਤਾਂ ਉਸਦੇ ਅੱਗੇ-ਪਿੱਛੇ ਦੌੜਦੇ ਹਨ ਤਾਂ ਵੀ ਘਟਨਾਵਾਂ ਨੂੰ ਜਨਮ ਮਿਲਦਾ ਹੈ। ਕੁੱਤੇ ਦੀ ਸਰੀਰਕ ਭਾਸ਼ਾ ਸਮਝਣੀ ਵੀ ਚਾਹੀਦੀ ਹੈ। ਅਵਾਰਾ ਕੁੱਤਿਆਂ ਦੀ ਸਾਂਭ ਸੰਭਾਲ ਹਿੱਤ ਇੱਕ ਵਿਸਥਾਰਤ ਨੀਤੀ ਦੀ ਲੋੜ ਹੈ ਤਾਂ ਜੋ ਕੁੱਤਿਆਂ ਦੀ ਵਜਹਾ ਤੇ ਹੁੰਦੀਆਂ ਘਟਨਾਵਾਂ ਨੂੰ ਰੋਕਣ ਲਈ ਵੱਡੀ ਰਾਹਤ ਮਿਲੇ। ਇਸ ਨਾਲ ਹੀ ਕੁੱਤਿਆਂ ਨਾਲ ਹੁੰਦੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਸਾਰੀਆਂ ਅਟਕਲਾਂ ਤੇ ਵਿਰਾਮ ਲਾ ਕੇ ਮਨੁੱਖ ਦੀ ਜਾਨ ਨੂੰ ਬਚਾਉਣ ਦਾ ਹੁਕਮ ਕਾਬਲੇ ਤਰੀਫ਼ ਹੈ।**

ਕਰਦੇ ਹਨ। ਅਵਾਰਾ ਕੁੱਤੇ ਦੁਰਘਟਨਾਵਾਂ ਵੀ ਕਰਾਉਂਦੇ ਹਨ। ਸਕੂਟਰ ਮੋਟਰਸਾਈਕਲਾਂ ਵਿੱਚ ਵੱਜਦੇ ਹਨ। ਜਦੋਂ ਕੋਈ ਵਾਹਣ ਲੰਘਦਾ ਹੈ ਤਾਂ ਉਸਦੇ ਅੱਗੇ-ਪਿੱਛੇ ਦੌੜਦੇ ਹਨ ਤਾਂ ਵੀ ਘਟਨਾਵਾਂ ਨੂੰ ਜਨਮ ਮਿਲਦਾ ਹੈ। ਕੁੱਤੇ ਦੀ ਸਰੀਰਕ ਭਾਸ਼ਾ ਸਮਝਣੀ ਵੀ ਚਾਹੀਦੀ ਹੈ। ਅਵਾਰਾ ਕੁੱਤਿਆਂ ਦੀ ਸਾਂਭ ਸੰਭਾਲ ਹਿੱਤ ਇੱਕ ਵਿਸਥਾਰਤ ਨੀਤੀ ਦੀ ਲੋੜ ਹੈ ਤਾਂ ਜੋ ਕੁੱਤਿਆਂ ਦੀ ਵਜਹਾ ਤੇ ਹੁੰਦੀਆਂ ਘਟਨਾਵਾਂ ਨੂੰ ਰੋਕਣ ਲਈ ਵੱਡੀ ਰਾਹਤ ਮਿਲੇ। ਇਸ ਨਾਲ ਹੀ ਕੁੱਤਿਆਂ ਨਾਲ ਹੁੰਦੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਸਾਰੀਆਂ ਅਟਕਲਾਂ ਤੇ ਵਿਰਾਮ ਲਾ ਕੇ ਮਨੁੱਖ ਦੀ ਜਾਨ ਨੂੰ ਬਚਾਉਣ ਦਾ ਹੁਕਮ ਕਾਬਲੇ ਤਰੀਫ਼ ਹੈ।

# ਵਿਆਹ ਵਰਗਾ ਛੋਟਾ ਰਸਤਾ ਅਖ਼ਤਿਆਰ ਕਰ ਕੇ ਕੈਨੇਡਾ ’ਚ ਨਹੀਂ ਵਸ ਸਕਣਗੇ ਜੋੜੇ

**ਔਟਵਾ : ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਅਤੇ ਪੀ.ਆਰ. ਹਾਸਲ ਕਰਨ ਲਈ ਵਿਆਹ ਨੂੰ ਸ਼ਾਰਟਕੱਟ ਵਜੋਂ ਵਰਤਣ ਵਾਲੇ ਲੋਕਾਂ ਵਿਰੁਧ ਕੈਨੇਡਾ ਸਰਕਾਰ ਨੇ ਸ਼ਿਕੰਜਾ ਕੱਸ ਦਿਤਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ, ਰਿਫ਼ਊਜੀਜ਼ ਅਤੇ ਸਿਟੀਜ਼ਨਸ਼ਿਪ ਵਿਭਾਗ ਨੇ ਇਕ ਵਿਸ਼ੇਸ਼ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਸਿਰਫ਼ ਕੈਨੇਡਾ ਫ਼ਰਸਤੋਂਚ ਦਾਖ਼ਲ ਹੋਣ ਜਾਂ ਉੱਥੋਂ ਦੀ ਨਾਗਰਿਕਤਾ ਲੈਣ ਦੇ ਮਕਸਦ ਨਾਲ ਕੀਤੇ ਗਏ ਫ਼ਰਜ਼ੀ ਵਿਆਹਾਂ (ਕੰਟਰੈਕਟ ਮੈਰਿਜ) ਨੂੰ ਸਹੂਲਤ ਦਾ ਰਿਸ਼ਤਾ ਮੰਨਿਆ ਜਾਵੇਗਾ, ਜੋ ਕਿ ਇਕ ਗੰਭੀਰ ਕਾਨੂੰਨੀ ਅਪਰਾਧ ਹੈ।**

ਅਜਿਹਾ ਕਰਨ ਵਾਲੇ ਸਪਾਂਸਰ ਅਤੇ ਬਿਨੈਕਾਰ ਦੋਵਾਂ ਨੂੰ ਭਾਰੀ ਨਤੀਜੇ ਭੁਗਤਣੇ ਪੈਣਗੇ। ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜੇਕਰ ਕੋਈ ਵਿਦੇਸ਼ੀ ਨਾਗਰਿਕ ਕੈਨੇਡੀਅਨ ਨਾਗਰਿਕ ਜਾਂ ਉੱਥੋਂ ਦੇ ਸਥਾਈ ਨਿਵਾਸੀ ਨਾਲ ਸਿਰਫ਼ ਵੀਜ਼ਾ ਲੈਣ ਲਈ ਵਿਆਹ ਕਰਦਾ ਹੈ ਤਾਂ ਉਸ ਦਾ ਵੀਜ਼ਾ ਤੁਰਤ ਰੱਦ ਕਰ ਦਿਤਾ ਜਾਵੇਗਾ। ਇਸ ਦੇ ਨਾਲ ਹੀ ਉਸ ਵਿਅਕਤੀ ਤੇ ਕੈਨੇਡਾ ਆਉਣ ਲਈ 5 ਸਾਲਾਂ ਦੀ ਪਾਬੰਦੀ ਲਗਾ ਦਿਤੀ ਜਾਵੇਗੀ। ਇਹ ਧੋਖਾਧੜੀ ਬਿਨੈਕਾਰ ਦੇ ਸਥਾਈ ਇਮੀਗ੍ਰੇਸ਼ਨ ਰਿਕਾਰਡ ਵਿਚ ਦਰਜ ਹੋ ਜਾਵੇਗੀ, ਜਿਸ ਕਾਰਨ ਭਵਿੱਖ ਵਿਚ ਉਸ ਨੂੰ ਕਿਸੇ ਵੀ ਦੇਸ਼ ਦਾ ਵੀਜ਼ਾ ਮਿਲਣਾ ਮੁਸ਼ਲਿ ਹੋ ਜਾਵੇਗਾ। ਇਸ ਤੋਂ ਇਲਾਵਾ ਕੈਨੇਡਾ ਚ ਰਹਿ ਰਹੇ ਉਨ੍ਹਾਂ ਲੋਕਾਂ ਨੂੰ ਵੀ ਸਖ਼ਤ ਹਦਾਇਤ ਕੀਤੀ ਗਈ ਹੈ ਜੋ ਪੈਸੇ ਦੇ ਲਾਲਚ ਜਾਂ ਕਿਸੇ ਦਬਾਅ ਹੇਠ ਆ ਕੇ ਅਜਿਹੇ ਫ਼ਰਜ਼ੀ ਵਿਆਹਾਂ ਲਈ ਹਾਮੀ ਭਰਦੇ ਹਨ। ਕੈਨੇਡੀਅਨ ਕਾਨੂੰਨ ਮੁਤਾਬਕ ਵਿਆਹ ਟੁੱਟਣ ਜਾਂ ਰਿਸ਼ਤਾ ਖ਼ਤਮ ਹੋਣ ਦੇ ਬਾਵਜੂਦ, ਸਪਾਂਸਰ ਕਰਨ ਵਾਲੇ ਵਿਅਕਤੀ ਨੂੰ 3 ਸਾਲਾਂ ਤਕ ਆਪਣੇ ਸਾਥੀ ਦਾ ਸਾਰਾ ਵਿੱਤੀ ਖ਼ਰਚਾ ਚੁੱਕਣਾ ਪਵੇਗਾ। ਜੇਕਰ ਸਪਾਂਸਰ ਕੀਤਾ ਸਾਥੀ ਕੈਨੇਡਾ ਆ ਕੇ ਸਰਕਾਰੀ ਵੈਲਫ਼ੇਅਰ ਲੈਂਦਾ ਹੈ ਤਾਂ ਉਹ ਸਾਰਾ ਪੈਸਾ ਸਰਕਾਰ ਸਪਾਂਸਰ ਕੋਲੋਂ ਵਸੂਲ ਕਰੇਗੀ।

ਜਦੋਂ ਤਕ ਇਹ ਕਰਜ਼ਾ ਨਹੀਂ ਉਤਾਰਿਆ ਜਾਂਦਾ, ਸਪਾਂਸਰ ਕਿਸੇ ਹੋਰ ਨੂੰ ਕੈਨੇਡਾ ਨਹੀਂ ਬੁਲਾ ਸਕੇਗਾ। ਪੈਸੇ ਲੈ ਕੇ ਵਿਆਹ ਕਰਵਾਉਣ ਵਾਲੇ ਕੈਨੇਡੀਅਨ ਨਾਗਰਿਕਾਂ ਤੇ ਅਪਰਾਧਿਕ ਮੁਕੱਦਮਾ ਚਲਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਜੇਲ ਵੀ ਹੋ ਸਕਦੀ ਹੈ। ਇਮੀਗ੍ਰੇਸ਼ਨ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੇ ਅਧਿਕਾਰੀ ਫ਼ਰਜ਼ੀ ਰਿਸ਼ਤਿਆਂ ਨੂੰ ਪਛਾਣਨ ਲਈ ਖ਼ਾਸ ਟਰੇਨਿੰਗ ਹਾਸਲ ਕਰਦੇ ਹਨ। ਵੀਜ਼ਾ ਪ੍ਰਕਿਰਿਆ ਦੌਰਾਨ ਦਸਤਾਵੇਜ਼ਾਂ, ਵਿਆਹ ਦੀਆਂ ਤਸਵੀਰਾਂ, ਚੈਟ ਹਿਸਟਰੀ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਂਦੀ ਹੈ ਅਤੇ ਦੋਵਾਂ ਧਿਰਾਂ ਦੀਆਂ ਵੱਖੋ-ਵਖਰੀਆਂ ਸਖ਼ਤ ਇੰਟਰਵਿਊਜ਼ ਲਈਆਂ ਜਾਂਦੀਆਂ ਹਨ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਇਸ ਸਖ਼ਤ ਕਾਨੂੰਨ ਵਿਚਾਲੇ ਸਰਕਾਰ ਨੇ ਇਕ ਮਨੁੱਖੀ ਪਹਿਲੂ ਵੀ ਸਾਂਝਾ ਕੀਤਾ ਹੈ।

ਜੇਕਰ ਕੋਈ ਵਿਅਕਤੀ ਅਸਲ ਵਿਆਹ ਰਾਹੀਂ ਕੈਨੇਡਾ ਆਇਆ ਹੈ ਪਰ ਉਸ ਦਾ ਕੈਨੇਡੀਅਨ ਸਾਥੀ ਉਸ ਨਾਲ ਕੁੱਟਮਾਰ ਜਾਂ ਮਾਨਸਿਕ ਤਸ਼ੱਦਦ ਕਰਦਾ ਹੈ ਤਾਂ ਪੀੜਤ ਨੂੰ ਅਪਣੀ ਪੀ.ਆਰ. ਬਚਾਉਣ ਲਈ ਉਸ ਹਿੰਸਕ ਰਿਸ਼ਤੇ ਵਿਚ ਰਹਿਣ ਦੀ ਕੋਈ ਮਜਬੂਰੀ ਨਹੀਂ ਹੈ।

ਅਜਿਹੇ ਪੀੜਤਾਂ ਦੀ ਮਦਦ ਲਈ ਕੈਨੇਡਾ ਵਿਚ ਵਿਸ਼ੇਸ਼ ਸੁਰੱਖਿਆ ਕਾਨੂੰਨ ਮੌਜੂਦ ਹਨ। ਕੈਨੇਡਾ ਸਰਕਾਰ ਦੀ ਇਸ ਚਿਤਾਵਨੀ ਤੋਂ ਸਾਫ਼ ਹੈ ਕਿ ਕੈਨੇਡਾ ਜਾਣ ਦੇ ਚਾਹਵਾਨਾਂ ਨੂੰ ਕਾਂਟਰੈਕਟ ਮੈਰਿਜ ਜਾਂ ਫ਼ਰਜ਼ੀ ਵਿਆਹਾਂ ਦੇ ਸ਼ਾਰਟਕੱਟਾਂ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਕ ਗਲਤ ਕਦਮ ਸੁਪਨਿਆਂ ਦੇ ਦੇਸ਼ ਦੇ ਬੂਹੇ ਹਮੇਸ਼ਾ ਲਈ ਬੰਦ ਕਰ ਸਕਦਾ ਹੈ।

# ਗੁਰੂ ਕੇ ਸਿੱਖੋ! ਮਨਮਤਿ ਅਤੇ ਬਿਪਰਵਾਦ ਨੂੰ ਤਿਆਗੋ...

**ਰਣਜੀਤ ਸਿੰਘ ਦਮਦਮੀ ਟਕਸਾਲ**
**ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ**



**ਸਿੱਖਾਂ ਦੇ ਹੱਥਾਂ ਵਿੱਚ ਬ੍ਰਾਮਣ ਵੱਲੋਂ ਦੱਸੀਆਂ ਨਗਾਂ ਵਾਲੀਆਂ ਪਾਈਆਂ ਮੁੰਦਰੀਆਂ, ਗੁੱਟ ਉੱਤੇ ਲਾਲ ਧਾਗੇ, ਗਲ ਅਤੇ ਲੱਕ 'ਤੇ ਬੰਨ੍ਹੀਆ ਕਾਲੀਆਂ ਡੋਰੀਆਂ, ਦੁਕਾਨਾਂ ਉੱਤੇ ਟੰਗੇ ਮਿਰਚਾਂ-ਨਿੰਬੂ, ਹਿੰਦੂ ਦੇਵੀ-ਦੇਵਤਿਆਂ ਦੀਆਂ ਤਸਵੀਰਾਂ, ਮੂਰਤੀ ਪੂਜਾ, ਜਠੇਰਿਆਂ ਦੀ ਪੂਜਾ, ਸ਼ਿਵਲਿੰਗ ਦੀ ਪੂਜਾ, ਜੰਤਰ-ਮੰਤਰ, ਸ਼ਰਾਧ, ਅੰਧ-ਵਿਸ਼ਵਾਸ, ਫੋਕਟ ਕਰਮ-ਕਾਂਡ, ਟੇਵੇ, ਵਹਿਮ-ਭਰਮ, ਜਾਤ-ਗੋਤ, ਊਚ-ਨੀਚ ਮਾੜੇ-ਚੰਗੇ ਦਿਨਾਂ ਦੇ ਵਿਚਾਰ ਸਿੱਖਾਂ ਨੂੰ ਕਿੱਧਰ ਲੈ ਤੁਰੇ ਹਨ। ਗੁਰੂ ਸਾਹਿਬ ਨੇ ਹੁਕਮ ਕੀਤਾ ਸੀ 'ਜਬ ਲਗ ਖਾਲਸਾ ਰਹੈ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ। ਜਬ ਇਹ ਗਹੈ ਬਿਪਰਨ ਕੀ ਰੀਤ। ਮੈਂ ਨ ਕਰੂੰ ਇਨ ਕੀ ਪ੍ਰਤੀਤ।' ਪਰ ਅਸੀਂ ਕਿਉਂ ਸਿੱਖੀ ਵਿਚਾਰਧਾਰਾ, ਸਿਧਾਂਤ ਤੇ ਮਰਯਾਦਾ ਨੂੰ ਭੁੱਲ ਕੇ ਆਪਣਾ ਨਿਆਰਾਪਨ ਖ਼ਤਮ ਕਰਕੇ ਬ੍ਰਾਹਮਣੀ ਰੀਤਾਂ ਦੇ ਧਾਰਨੀ ਹੋ ਚੁੱਕੇ ਹਾਂ ?**



ਇਸ ਵਕਤ ਸਿੱਖ ਸਮਾਜ ਗੁਰੂ ਸਾਹਿਬਾਨਾਂ ਦੇ ਦਰਸਾਏ ਮਾਰਗ ਤੋਂ ਦੂਰ ਹੁੰਦਾ ਨਜ਼ਰ ਆ ਰਿਹਾ ਹੈ। ਸਿੱਖ ਪਰਿਵਾਰਾਂ ਵਿੱਚ ਮਨਮਤਿ ਅਤੇ ਬਿਪਰਵਾਦ ਦਾ ਪਸਾਰਾ ਵੱਧਦਾ ਜਾ ਰਿਹਾ ਹੈ, ਨਸ਼ਾ ਅਤੇ ਪਤਿਤਪੁਣਾ ਪੂਰੇ ਜ਼ੋਰਾਂ 'ਤੇ ਹੈ, ਐਸ਼ਪ੍ਰਸਤੀ ਅਤੇ ਅਸ਼ਲੀਲਤਾ ਵੀ ਹਰ ਘਰ ਵਿੱਚ ਵੜਦੀ ਜਾ ਰਹੀ ਹੈ ਤੇ ਇਸ ਵਰਤਾਰੇ ਨੂੰ ਵੇਖ ਕੇ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਗੁਰ-ਮਤਿ ਕਿਤੇ ਖੰਭ ਲਾ ਕੇ ਉੱਡ ਗਈ ਹੋਵੇ। ਦਸ ਗੁਰੂ ਸਾਹਿਬਾਨਾਂ ਨੇ ਸਾਨੂੰ ਸ਼ਬਦ-ਗੁਰੂ ਦੇ ਸਿਧਾਂਤ ਨਾਲ ਜੋੜਿਆ ਸੀ ਪਰ ਇਸ ਦੇ ਬਾਵਜੂਦ ਵੀ ਬਹੁਤਾਂਤ ਸਿੱਖ ਦੇਹਧਾਰੀ ਗੁਰੂ-ਡੰਮ੍ਹ ਨਾਲ ਜੁੜੇ ਹੋਏ ਹਨ।

ਕਲਗੀਧਰ ਪਾਤਸ਼ਾਹ ਜੀ ਦਾ ਬਚਨ ਬੜਾ ਸਪਸ਼ਟ ਸੀ ਕਿ 'ਸਭ ਸਿੱਖਨਿ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।' ਪਰ ਅੱਜ ਦਾ ਸਿੱਖ ਜਿੱਥੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਮੱਥਾ ਟੇਕਦਾ ਹੈ, ਓਥੇ ਹੀ ਦੰਭੀਆਂ-ਪਖੰਡੀਆਂ, ਪੰਡਿਤਾਂ ਤੇ ਹੋਰ ਅਖੌਤੀ ਸਾਧ-ਬਾਬਿਆਂ ਨੂੰ ਵੀ ਮੰਨੀ ਜਾ ਰਿਹਾ ਹੈ। ਕਬਰਾਂ, ਮੜ੍ਹੀਆਂ-ਮਸਾਣਾਂ, ਪੀਰਾਂ ਦੇ ਮੇਲਿਆਂ ਵਿੱਚ ਸਿੱਖਾਂ ਦੀ ਹੀ ਭੀੜ ਨਜ਼ਰੀਂ ਆਉਂਦੀ ਹੈ। ਹਰ ਵੀਰਵਾਰ ਕਿਸੇ ਪੀਰ-ਫ਼ਕੀਰ ਦੀ ਮਟੀ ਉੱਤੇ ਤੇਲ ਚੜ੍ਹਾਉਣ ਲਈ ਲਾਈਨਾਂ ਵਿੱਚ ਸਭ ਤੋਂ ਵੱਧ ਸਿੱਖ ਹੀ ਲੱਗੇ ਹੁੰਦੇ ਨੇ, ਗੁੜ ਵਾਲੇ ਚੌਲਾਂ ਦੀਆਂ ਬਾਲਟੀਆਂ-ਪਰਾਤਾਂ ਭਰ ਕੇ ਪੜ੍ਹੀਆਂ-ਲਿਖੀਆਂ ਬੀਬੀਆਂ ਤੇ ਨੌਜਵਾਨ ਵੀ ਚਾਰ ਇੱਟਾਂ ਵਿੱਚ ਰੱਖੇ ਦੀਵੇ ਨੂੰ ਰੱਬ ਮੰਨ ਕੇ ਪੂਜ ਰਹੇ ਹੁੰਦੇ ਨੇ। ਪੀਰ ਸ਼ੇਖ ਫੱਤੇ ਵਾਲੀ ਜਗ੍ਹਾ ਉੱਤੇ ਪਿੰਡਾਂ ਦੇ ਲੋਕ ਖੀਰਾਂ ਦੇ ਟੱਬ ਭਰ-ਭਰ ਕੇ ਟਰਾਲੀਆਂ, ਗੱਡੀਆਂ ਤੇ ਬੱਸਾਂ 'ਤੇ ਅੰਨ੍ਹੀ ਸ਼ਰਧਾ-ਵੱਸ ਹੋ ਕੇ ਪਹੁੰਚਦੇ ਨੇ।

ਸੋਮਵਾਰ ਨੂੰ ਸ਼ਿਵ ਜੀ ਦੇ ਅਤੇ ਮੰਗਲਵਾਰ ਨੂੰ ਮਾਤਾ ਦੇ ਵਰਤ ਵੀ ਸਿੱਖ ਬੀਬੀਆਂ ਰੱਖ ਲੈਂਦੀਆਂ ਨੇ ਤੇ ਸਵੇਰੇ ਤੜਕਸਾਰ ਕੇਸ ਖੋਲ੍ਹ ਕੇ ਮੰਦਰਾਂ ਵੱਲ ਨੂੰ ਤੁਰੀਆਂ ਹੁੰਦੀਆਂ ਨੇ। ਸ਼ਨੀਵਾਰ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸ਼ਨੀ ਮੰਦਰ ਦੇ ਅੱਗੇ ਜਦ ਪੱਗਾਂ ਵਾਲੇ ਵੇਖੀਦੇ ਹਨ ਤਾਂ ਸੋਚੀਦਾ ਹੈ ਕਿ ਕੀ ਇਹਨਾਂ ਸਿੱਖਾਂ ਨੂੰ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਉੱਤੇ ਵਿਸ਼ਵਾਸ ਨਹੀਂ ਰਿਹਾ, ਇਹ ਕਿਉਂ ਭੁੱਲੇ-ਭਟਕੇ ਫਿਰਦੇ ਹਨ ? ਅਖ਼ਬਾਰਾਂ ਵਿੱਚ ਛਪਦੀਆਂ ਰਾਸ਼ੀਆਂ ਨੂੰ ਕਈ ਸਿੱਖ ਬੜੇ ਗਹੁ ਨਾਲ ਪੜ੍ਹਦੇ ਹਨ ਤੇ ਟੀ.ਵੀ. ਚੈਨਲਾਂ ਉੱਤੇ ਪੰਡਿਤਾਂ ਵੱਲੋਂ ਰਾਹੂ-ਕੇਤੂ ਦੇ ਚੱਕਰਾਂ ਨੂੰ ਬੀਬੀਆਂ ਨੀਝ ਲਾ ਕੇ ਸੁਣਦੀਆਂ-ਵੇਖਦੀਆਂ ਹਨ।

ਸਿੱਖਾਂ ਦੇ ਹੱਥਾਂ ਵਿੱਚ ਬ੍ਰਾਮਣ ਵੱਲੋਂ ਦੱਸੀਆਂ ਨਗਾਂ ਵਾਲੀਆਂ ਪਾਈਆਂ ਮੁੰਦਰੀਆਂ, ਗੁੱਟ ਉੱਤੇ ਲਾਲ ਧਾਗੇ, ਗਲ ਅਤੇ ਲੱਕ 'ਤੇ ਬੰਨ੍ਹੀਆ ਕਾਲੀਆਂ ਡੋਰੀਆਂ, ਦੁਕਾਨਾਂ ਉੱਤੇ ਟੰਗੇ ਮਿਰਚਾਂ-ਨਿੰਬੂ, ਹਿੰਦੂ ਦੇਵੀ-ਦੇਵਤਿਆਂ ਦੀਆਂ ਤਸਵੀਰਾਂ, ਮੂਰਤੀ ਪੂਜਾ, ਜਠੇਰਿਆਂ ਦੀ ਪੂਜਾ, ਸ਼ਿਵਲਿੰਗ ਦੀ ਪੂਜਾ, ਜੰਤਰ-ਮੰਤਰ, ਸ਼ਰਾਧ, ਅੰਧ-ਵਿਸ਼ਵਾਸ, ਫੋਕਟ ਕਰਮ-ਕਾਂਡ, ਟੇਵੇ, ਵਹਿਮ-ਭਰਮ, ਜਾਤ-ਗੋਤ, ਊਚ-ਨੀਚ ਮਾੜੇ-ਚੰਗੇ ਦਿਨਾਂ ਦੇ ਵਿਚਾਰ ਸਿੱਖਾਂ ਨੂੰ ਕਿੱਧਰ ਲੈ ਤੁਰੇ ਹਨ। ਗੁਰੂ ਸਾਹਿਬ ਨੇ ਹੁਕਮ ਕੀਤਾ ਸੀ 'ਜਬ ਲਗ ਖਾਲਸਾ ਰਹੈ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ। ਜਬ ਇਹ ਗਹੈ ਬਿਪਰਨ ਕੀ ਰੀਤ। ਮੈਂ ਨ ਕਰੂੰ ਇਨ ਕੀ ਪ੍ਰਤੀਤ।' ਪਰ ਅਸੀਂ ਕਿਉਂ ਸਿੱਖੀ ਵਿਚਾਰਧਾਰਾ, ਸਿਧਾਂਤ ਤੇ ਮਰਯਾਦਾ ਨੂੰ ਭੁੱਲ ਕੇ ਆਪਣਾ ਨਿਆਰਾਪਨ ਖ਼ਤਮ ਕਰਕੇ ਬ੍ਰਾਹਮਣੀ ਰੀਤਾਂ ਦੇ ਧਾਰਨੀ ਹੋ ਚੁੱਕੇ ਹਾਂ ?

ਵੱਡੇ-ਵੱਡੇ ਪੀਰ, ਫ਼ਕੀਰ, ਵਲੀ, ਮਹਾਤਮਾ, ਸੰਤ, ਸਾਧ, ਜੋਗੀ, ਜਤੀ, ਨਾਥ, ਸਿੱਧ, ਮੌਲਾਣੇ, ਪੰਡਿਤ, ਕਾਜ਼ੀ, ਜਾਦੂਗਰ ਸਾਡੇ ਗੁਰੂ ਸਾਹਿਬਾਨਾਂ ਦੇ ਚਰਨਾਂ ਵਿੱਚ ਢਹਿ ਪਏ ਸਨ ਪਰ ਜਦੋਂ ਅੱਜ ਦਾ ਸਿੱਖ ਕਿਸੇ ਪੰਡਿਤ ਨੂੰ ਹੱਥ ਵਿਖਾ ਰਿਹਾ ਹੋਵੇ, ਕਿਸੇ ਮੌਲਾਣੇ ਤੋਂ ਫਾਂਡਾ ਕਰਵਾ ਰਿਹਾ ਹੋਵੇ, ਕਿਸੇ ਰੋਡੇ ਸ਼ਾਹ ਦੀ ਜਗ੍ਹਾ ਉੱਤੇ ਸ਼ਰਾਬ ਚੜ੍ਹਾ ਰਿਹਾ ਹੋਵੇ, ਡੇਰਾ ਸਿਰਸਾ ਜਾਂ ਰਾਧਾ ਸੁਆਮੀ ਤੇ ਅਜਿਹੇ ਹੋਰ ਡੇਰਿਆਂ ਦੇ ਸੋਹਿ-ਲੇ ਗਾ ਰਿਹਾ ਹੋਵੇ ਤਾਂ ਕੀ ਉਹ ਸਿੱਖ ਕਹਿਲਾਉਣ ਦਾ ਹੱਕਦਾਰ ਰਹਿ ਜਾਂਦਾ ਹੈ ? 'ਰਹਿਤ ਬਿਨਾਂ ਨਹਿ ਸਿੱਖ ਕਹਾਵੈ। ਰਹਿਤ ਬਿਨਾਂ ਦਰਿ ਚੋਟਾਂ ਖਾਵੈ।' ਇਸ ਲਈ ਜਦੋਂ ਕੋਈ ਵੀ ਸਿੱਖ ਗੁਰਦੁਆਰੇ ਸਾਹਿਬ ਜਾਂਦਾ ਹੈ ਤਾਂ ਉਹ ਗੁਰੂ ਸਾਹਿਬ ਦੇ ਕੋਲ ਬਿਬੇਕ ਬੁੱਧੀ ਅਤੇ ਸਿੱਖੀ ਦੀ ਦਾਤ ਜ਼ਰੂਰ ਮੰਗਿਆ ਕਰੇ ਕਿਉਂਕਿ ਇਕੱਲਾ ਭੇਖ ਧਾਰਨ ਨਾਲ ਕੋਈ ਸਿੱਖ ਨਹੀਂ ਬਣ ਜਾਂਦਾ, ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣਾ ਵੀ ਜ਼ਰੂਰੀ ਹੈ।

ਗੁਰਬਾਣੀ ਅਨੁਸਾਰ ਗੁਰੂ ਦੇ ਹੁਕਮ ਉੱਤੇ ਪਹਿਰਾ ਦੇਣ ਵਾਲਾ ਹੀ ਗੁਰੂ ਕਾ ਸਿੱਖ ਹੈ "ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥" ਸਿੱਖ ਰਹਿਤ ਮਰਯਾਦਾ ਵਿੱਚ ਦਰਜ ਸਿੱਖ ਦੀ ਪਰਿਭਾਸ਼ਾ ਨੂੰ ਸਮਝੋ "ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ) ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਪਿਤਾ ਜੀ ਦੇ ਖੰਡੇ-ਬਾਟੇ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ ਉਹ ਸਿੱਖ ਹੈ। ਇੱਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ-ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ। ਆਪਣੀ ਮੁਕਤੀ ਦਾ ਦਾਤਾ ਅਤੇ ਇਸ਼ਟ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਮੰਨਣਾ ਹੈ।" ਇਸ ਲਈ ਗੁਰੂ ਕੇ ਸਿੱਖੋ! 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ' ਸਿਧਾਂਤ ਉੱਤੇ ਪਹਿਰਾ ਦੇਵੋ। ਕੇਸਾਧਾਰੀ, ਅੰਮ੍ਰਿਤਧਾਰੀ, ਸ਼ਸਤਰਧਾਰੀ ਤੇ ਬਾਣੀ-ਬਾਣੇ ਦੇ ਧਾਰਨੀ ਹੋਵੋ।

## ਸ੍ਰੀ ਪਾਉਂਟਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਲੈਸਟਰ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਜੀ ਨੂੰ ਪਤਿਤ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸ਼ਹੀਦ ਹੋਏ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ 11 ਨਿਹੰਗ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਲੈਸਟਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਵਿਸ਼ੇਸ਼ ਗੁਰਮਤਿ ਸਮਾਗਮ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਇਆ ਗਿਆ। ਇਹ ਸਮਾਗਮ ਸ੍ਰੀ ਪਾਉਂਟਾ ਸਾਹਿਬ ਵਿਖੇ 22 ਮਈ 1964 ਨੂੰ ਵਾਪਰੇ ਸ਼ਹੀਦੀ ਸਾਕੇ ਦੀ ਯਾਦ ਨੂੰ ਸਮਰਪਿਤ ਸੀ, ਜਿਸ ਦੌਰਾਨ ਨਿਹੰਗ ਸਿੰਘਾਂ ਨੇ ਗੁਰੂ ਘਰ ਦੀ ਮਰਿਆਦਾ ਅਤੇ ਪ੍ਰਬੰਧ ਦੀ ਰੱਖਿਆ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਸਨ। ਸਮਾਗਮ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਨਾਲ ਹੋਈ। ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਹਿਆਲਾ ਅਤੇ ਭਾਈ ਬਲਵੀਰ ਸਿੰਘ ਜੀ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਨ੍ਹਾਂ ਵੱਲੋਂ ਸ਼ਹੀਦੀ ਅਤੇ ਗੁਰਸਿੱਖੀ ਨਾਲ ਸੰਬੰਧਿਤ ਸ਼ਬਦਾਂ ਦਾ ਗਾਇਨ ਕਰਕੇ ਹਾਜ਼ਰ ਸੰਗਤਾਂ ਨੂੰ ਭਾਵੁਕ ਕੀਤਾ ਗਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਦਾ ਦਰਬਾਰ ਹਾਲ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨਾਲ ਭਰਿਆ ਹੋਇਆ ਸੀ ਅਤੇ ਸੰਗਤਾਂ ਨੇ ਗੁਰੂ ਜਸ ਸਰਵਣ ਕਰਦਿਆਂ ਸ਼ਰਧਾ ਪ੍ਰਗਟਾਈ। ਇਸ ਸਮਾਗਮ ਵਿੱਚ ਰੋਜ਼ਾਨਾ ਪੰਜਾਬ ਟਾਈਮਜ਼ ਦੇ ਚੀਫ਼ ਐਡੀਟਰ ਬਲਜੀਤ ਸਿੰਘ ਬਰਾੜ, ਉੱਘੇ ਪੱਤਰਕਾਰ ਗਿਆਨੀ ਤ੍ਰਿਲੋਚਨ ਸਿੰਘ ਵਿਰਕ, ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਜਗਤਾਰ ਸਿੰਘ ਰਾਹੋਂ, ਜਸਪਾਲ ਸਿੰਘ ਢਿੱਲੋਂ, ਗੁਰਜੰਟ ਸਿੰਘ, ਸਿੱਖ ਵਿਦਵਾਨ ਸਰਬਜੀਤ ਸਿੰਘ ਸੰਘਾ, ਕੌਂਸਲਰ ਸੰਤੋਖ ਸਿੰਘ ਅਟਵਾਲ, ਪ੍ਰਸਿੱਧ ਸੰਗੀਤਕਾਰ ਗਿਆਨੀ ਬਲਵੰਤ ਸਿੰਘ ਲਿੱਤਰਾਂ ਵਾਲੇ ਅਤੇ ਦਮਦਮੀ ਟਕਸਾਲ ਦੇ ਹੈੱਡ ਗ੍ਰੰਥੀ ਗਿਆਨੀ ਸੁਖਚੈਨ ਸਿੰਘ ਸਮੇਤ ਹੋਰ ਅਨੇਕਾਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਸੰਗਤਾਂ ਨੂੰ ਸੰਬੋਧਨ ਕਰਦਿਆਂ ਬਲਜੀਤ ਸਿੰਘ ਬਰਾੜ ਨੇ ਕਿਹਾ ਕਿ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਨੇ ਹਮੇਸ਼ਾ ਪੰਥਕ ਕਾਰਜਾਂ ਵਿੱਚ ਚੜ੍ਹਦੀ ਕਲਾ ਨਾਲ ਭੂਮਿਕਾ ਨਿਭਾਈਹੈ ਅਤੇ ਗੁਰੂ ਘਰਾਂ ਦੀ ਮਰਿਆਦਾ ਦੀ ਰੱਖਿਆ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਪਾਉਂਟਾ ਸਾਹਿਬ ਦੀ ਆਜ਼ਾਦੀ ਲਈ ਨਿਹੰਗ ਸਿੰਘਾਂ ਵੱਲੋਂ ਦਿੱਤੀਆਂ ਸ਼ਹਾਦਤਾਂ ਸਿੱਖ ਇਤਿਹ-ਾਸ ਦਾ ਅਹਿਮ ਅਧਿਆਇ ਹਨ, ਜਿਨ੍ਹਾਂ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਬੇਲਾਂ ਨੇ ਵੀ ਬਹੁਤ ਮੁਸ਼ਕਲਾਂ ਦੇ ਬਾਵਜੂਦ ਪੰਥ ਦੀ ਸੇਵਾ ਅਤੇ ਗੁਰੂ ਘਰਾਂ ਦੀ ਮਰਿਆਦਾ ਲਈ ਅਹਿਮ ਯੋਗਦਾਨ ਪਾਇਆ ਹੈ।ਗਿਆਨੀ ਤ੍ਰਿਲੋਚਨ ਸਿੰਘ ਵਿਰਕ ਅਤੇ ਹੋਰ ਬੁਲਾਰਿਆਂ ਨੇ ਵੀ ਆਪਣੇ ਸੰਬੋਧਨਾਂ ਵਿੱਚ ਸ਼ਹੀਦ ਨਿਹੰਗ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹ-ਾਸ ਨਾਲ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਿੱਖ ਇਤਿਹਾਸ ਅਤੇ ਸ਼ਹੀਦੀ ਪਰੰਪਰਾ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਗੁਰੂ ਘਰ ਅਤੇ ਮਾਤਾ ਖੀਵੀ ਜੀ ਸੁਸਾਇਟੀ ਵੱਲੋਂ ਬਲਜੀਤ ਸਿੰਘ ਬਰਾੜ ਨੂੰ ਪੱਤਰਕਾਰੀ, ਸਿੱਖੀ ਪ੍ਰਚਾਰ ਅਤੇ ਪੰਥਕ ਕਾਰਜਾਂ ਵਿੱਚ ਨਿਭਾਈਆਂ ਜਾ ਰਹੀਆਂ ਵਿਸ਼ੇਸ਼ ਸੇਵਾਵਾਂ ਲਈ ਸਿਰੋਪਾਓ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ ਗਿਆ।**



**ਬਲਜੀਤ ਸਿੰਘ ਬਰਾੜ ਨੂੰ ਸਨਮਾਨਿਤ ਕਰਦੇ ਹੋਏ ਗੁਰੂ ਘਰ ਦੇ ਪ੍ਰਬੰਧਕ.**

(6 ਜੂਨ ਲਈ) ਜਨਮ ਦਿਨ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸਿੱਖਾਂ ਦਾ ਬੇਤਾਜ ਬਾਦਸ਼ਾਹ – ਕੌਮੀ ਸਿੱਖ ਆਗੂ ਬਾਬਾ ਖੜਕ ਸਿੰਘ

ਸਿੱਖਾਂ ਦੇ ਬੇਤਾਜ ਬਾਦਸ਼ਾਹ ਵਜੋਂ ਜਾਣੇ ਜਾਂਦੇ ਕੌਮੀ ਸਿੱਖ ਆਗੂ ਸਨ, ਜਿਨ੍ਹਾਂ ਨੂੰ ਅੱਜ ਵੀ ਉਸੇ ਪਿਆਰ ਤੇ ਸ਼ਿਦਤ ਨਾਲ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਗੁਰ-ਦੁਆਰਾ ਸੁਧਾਰ ਲਹਿਰ ਦੇ ਬਿਖੜੇ ਸਮੇਂ, ਉਹ ਇੰਨੇ ਕੁ ਹਰਮਨ ਪਿਆਰੇ ਸਨ ਕਿ ਸਾਂਝੇ ਪੰਜਾਬ ਵਿੱਚ ਵੱਸਣ ਵਾਲਾ ਹਰ ਸਿੱਖ ਉਨ੍ਹਾਂ ਨੂੰ ਆਪਣਾ ਦਾਸ੍ਰੋਤ ਮੰਨਦਾ ਸੀ। ਸਿੱਖ ਕੌਮ ਦੀ ਮੌਜੂਦਾ ਪਾਰਲੀਮੈਂਟ ਅਤੇ ਸਿਰਮੌਰ ਸਿੱਖ ਜਥੇਬੰਦੀ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਉਹ ਤਿੰਨ ਵਾਰ ਪ੍ਰਧਾਨ ਦੇ ਸਨਮਾਨਿਤ ਅਹੁਦੇ 'ਤੇ ਕਾਰਜਸ਼ੀਲ ਰਹੇ। ਬਾਬਾ ਖੜਕ ਸਿੰਘ ਅਜਿਹੀ ਦ੍ਰਿੜ ਇਰਾਦੇ ਨਾਲ ਜੁਝਾਰੂ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਅੰਗ੍ਰੇਜ਼ ਹਕੂਮਤ ਵੱਲੋਂ ਡੇਰਾ ਗਾਜੀਖ਼ਾਨ (ਪਾਕਿ-ਸਤਾਨ) ਦੀ ਜੇਲ੍ਹ ਵਿੱਚ ਜਦੋਂ ਕਾਲੀ ਦਸਤਾਰ ਸਜਾਉਣ ਅਤੇ ਗਾਂਧੀ ਟੋਪੀ ਪਾਉਣ 'ਤੇ ਪੂਰਨ ਰੂਪ ਵਿੱਚ ਪਾਬੰਦੀ ਲਾ ਦਿੱਤੀ ਗਈ, ਤਾਂ ਉਨ੍ਹਾਂ ਜੇਲ੍ਹ ਵਿੱਚ ਰਹਿੰਦਿਆਂ ਬਾਕੀ ਸਾਰੀ ਸਜ਼ਾ ਕੇਵਲ ਇਕ ਕਛਹਿਰਾ ਪਹਿਨ ਕੇ ਕੱਟੀ। ਸਰੀਰ ਉਪਰ ਪਹਿਨਣ ਵਾਲੇ ਸਾਰੇ ਬਸਤਰਾਂ ਦਾ ਤਿਆਗ ਕਰਕੇ ਕੌਮ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਇਸੇ ਕਰਕੇ ਇਸ ਮਹਾਨ ਹਸਤੀ ਨੂੰ ਸਿੱਖਾਂ ਦੇ ਬੇਤਾਜ ਬਾਦਸ਼ਾਹ ਵਜੋਂ ਕੌਮ ਸਤਿਕਾਰ ਦਿੰਦੀ ਹੈ।

ਬਾਬਾ ਖੜਕ ਸਿੰਘ ਜੀ ਦਾ ਜਨਮ 6 ਜੂਨ, 1868 ਈ: ਨੂੰ ਰਾਏ ਬਹਾਦਰ ਸ. ਹਰੀ ਸਿੰਘ ਦੇ ਗ੍ਰਹਿ ਵਿਖੇ ਸਿਆਲਕੋਟ (ਲਹਿੰਦਾ ਪੰਜਾਬ) ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਜੀ ਆਪਣੇ ਸਮੇਂ ਦੇ ਮੰਨੇ-ਪ੍ਰਮੰਨੇ ਠੇਕੇਦਾਰ ਅਤੇ ਸਨਅਤਕਾਰ ਸਨ। ਬਾਬਾ ਜੀ ਨੇ ਮੈਟ੍ਰਿਕ ਦਾ ਇਮਤਿਹਾਨ ਮਿਸ਼ਨ ਹਾਈ ਸਕੂਲ ਸਿਆਲਕੋਟ ਤੋਂ ਪਾਸ ਕੀਤਾ। ਸਰਕਾਰੀ ਕਾਲਜ ਲਾਹੌਰ ਤੋਂ 1889 ਈ: ਵਿੱਚ ਬੈਚੂਲਰ ਦੀ ਡਿਗਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਇਲਾਹਾਬਾਦ ਦੇ ਲਾਅ ਕਾਲਜ ਵਿੱਚ ਦਾਖਲਾ ਲਿਆ, ਪਰ ਪਿਤਾ ਜੀ ਅਤੇ ਵੱਡੇ ਭਰਾ ਦੀ ਬੇਵਕਤ ਮੌਤ ਕਾਰਨ ਉਨ੍ਹਾਂ ਨੂੰ ਵਾਪਸ ਆਪਣੇ ਸ਼ਹਿਰ ਸਿਆਲਕੋਟ ਆਉਣਾ ਪਿਆ। 1912 ਈ: ਵਿੱਚ ਬਾਬਾ ਖੜਕ ਸਿੰਘ ਨੇ ਲੋਕ ਸੇਵਾ ਵਿੱਚ ਪ੍ਰਵੇਸ਼ ਕੀਤਾ। ਉਸ ਸਮੇਂ ਦੇਸ਼ ਦੇ ਲੋਕ ਗੁਰਬਤ ਤੇ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਹੋਏ ਸਨ। ਇਸ ਤੋਂ ਬਾਅਦ ਹੀ ਜਲ੍ਹਿਆਂਵਾਲੇ ਬਾਗ ਦਾ ਖ਼ੂਨੀ ਸਾਕਾ ਵਾਪਰਦਾ ਹੈ। ਬਾਬਾ ਜੀ ਨੂੰ ਇਸ ਖ਼ੂਨੀ ਸਾਕੇ ਨੇ ਝੰਜੋੜ ਕੇ ਰੱਖ ਦਿੱਤਾ। ਇਹੀ ਸਾਕਾ ਬਾਬਾ ਜੀ ਨੂੰ ਰਾਜਨੀਤੀ ਵਿੱਚ ਕੁੱਦਣ ਲਈ ਪ੍ਰੇਰਦਾ ਹੈ। 1920 ਈ: ਵਿੱਚ ਤੇਜ ਤਰਾਰ ਸਿੱਖ ਆਗੂ ਹੋਣ ਕਾਰਨ ਬਾਬਾ ਜੀ ਨੂੰ ਸੈਂਟਰਲ ਸਿੱਖ ਲੀਗ ਦਾ ਪ੍ਰਧਾਨ ਚੁਣਿਆ ਗਿਆ। ਦੇਸ਼ ਦੀ ਅਜ਼ਾਦੀ ਲਈ ਚੱਲੀ ਨਾ-ਮਿਲਵਰਤਨ ਲਹਿਰ ਵਿੱਚ ਪੂਰੇ ਉਤਸ਼ਾਹ ਨਾਲ ਪੰਜਾਬ ਦੇ ਸਰਗਰਮ ਆਗੂ ਵਜੋਂ ਯੋਗਦਾਨ ਪਾਇਆ। 1921 ਈ: ਵਿੱਚ ਨਵੀ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਇਨ੍ਹਾਂ ਦੀ ਅਗਵਾਈ ਵਿੱਚ ਸਫ਼ਲਤਾ ਨਾਲ ਜਿੱਤਿਆ ਗਿਆ।

26 ਨਵੰਬਰ, 1921 ਨੂੰ ਅੰਗ੍ਰੇਜ਼ ਹਕੂਮਤ ਵਿਰੁੱਧ ਸਖ਼ਤ ਤਕਰੀਰ ਕਰਨ ਕਰਕੇ ਗ੍ਰਿਫਤਾਰ ਕਰ ਲਿਆ ਗਿਆ। ਇਸ ਸਰਕਾਰ ਵਿਰੋਧੀ ਪ੍ਰਚਾਰ ਦੇ ਇਵਜ਼ ਵਜੋਂ 6 ਮਹੀਨੇ ਦੀ ਸਖ਼ਤ ਕੈਦ ਦੀ ਸਜ਼ਾ ਕੱਟਣੀ ਪਈ। ਇਸ ਤੋਂ ਅਗਲੇ ਵਰ੍ਹੇ 1922 ਵਿੱਚ ਕ੍ਰਿਪਾਨਾਂ ਬਣਾਉਣ ਦੀ ਫੈਕਟਰੀ ਚਲਾਉਣ ਦੇ ਜੁਰਮ ਵਿੱਚ ਮੁੜ ਇਕ ਸਾਲ ਦੀ ਹੋਰ ਕੈਦ ਹੋ ਗਈ। ਇਸ ਦੇ ਨਾਲ ਹੀ ਅੰਗ੍ਰੇਜ਼ ਹਕੂਮਤ ਦੇ ਵਿਰੋਧ ਵਿੱਚ ਬਾਗੀ-ਆਨਾ ਭਾਸ਼ਨ ਕਰਨ ਕਰਕੇ ਤਿੰਨ ਸਾਲ ਦੀ ਹੋਰ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ। ਜਦੋਂ ਇਸ ਸਜ਼ਾ ਅਧੀਨ ਡੇਰਾ ਗਾਜੀਖ਼ਾਨ (ਪਾਕਿਸਤਾਨ) ਵਿਖੇ ਅਨੇਕਾਂ ਹੋਰ ਰਾਜਸੀ ਕੈਦੀਆਂ ਨੂੰ ਜੇਲ੍ਹ ਵਿੱਚ ਕਾਲੀ ਦਸਤਾਰ ਅਤੇ ਗਾਂਧੀ ਟੋਪੀ 'ਤੇ ਪਾਬੰਦੀ ਲਾ ਦਿੱਤੀ ਗਈ ਤਾਂ ਉਨ੍ਹਾਂ ਰਾਜਸੀ ਕੈਦੀਆਂ ਨੂੰ ਹੱਕ ਦਿਵਾਉਣ ਖਾਤਰ ਸਾਰੀ ਕੈਦ ਇਕੱਲੇ ਕਛਹਿਰੇ ਨਾਲ ਬਿਤਾਉਣ ਦਾ ਪੱਕਾ ਨਿਰਣਾ ਲੈ ਲਿਆ। ਸਾਰੀ ਕੈਦ ਨੰਗੇ ਪਿੰਡੇ ਹੀ ਕੱਟੀ। ਇਸ ਕੈਦ ਵਿੱਚੋਂ 4 ਜੂਨ 1927 ਈ: ਨੂੰ ਰਿਹਾਅ ਕੀਤੇ ਗਏ।



ਬਾਬਾ ਖੜਕ ਸਿੰਘ ਜੀ

ਜਦੋਂ 1925 ਈ: ਵਿੱਚ ਗੁਰਦੁਆਰਾ ਸੁਧਾਰ ਲਹਿਰ ਦੇ ਸੰਘਰਸ਼ ਤੋਂ ਬਾਅਦ ਅੰਗ੍ਰੇਜ਼ ਹਕੂਮਤ ਵੱਲੋਂ ਗੁਰਦੁਆਰਾ ਐਕਟ ਬਣਾਇਆ ਗਿਆ ਤਾਂ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਬਾਬਾ ਜੀ ਜਦੋਂ ਨੰਗੇ ਪਿੰਡੇ ਕੈਦ ਕੱਟ ਰਹੇ ਸਨ ਤਾਂ ਉਨ੍ਹਾਂ ਨੂੰ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਦੌਰਾਨ ਸਮੁੱਚੇ ਸਿੱਖ ਜਗਤ ਵਿੱਚ ਬਿਨਾਂ ਕੱਪੜਿਆਂ ਤੋਂ ਕੈਦ ਕੱਟਣ ਕਰਕੇ ਬਾਬਾ ਜੀ ਨੂੰ ਸਿੱਖਾਂ ਦੇ ਬੇਤਾਜ ਬਾਦਸ਼ਾਹ ਦੇ ਲਕਬ ਨਾਲ ਘਰਾਂ ਵਿੱਚ ਬੈਠੇ ਲੋਕ ਸਤਿਕਾਰ ਦੇ ਰਹੇ ਸਨ। ਭਾਵੇਂ ਉਸ ਸਮੇਂ ਅੱਜ ਵਾਂਗ ਮੀਡੀਆ ਦਾ ਫੈਲਾਉ ਨਹੀਂ ਸੀ, ਇਹ ਸਿਰਫ਼ ਲੋਕ ਮਨਾਂ ਦੀ ਅਵਾਜ਼ ਸੀ। ਇਸ ਤੋਂ ਬਾਅਦ 1930 ਈ: ਵਿੱਚ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਪਿੱਛੋਂ ਹੋਏ ਜਨਰਲ ਇਜਲਾਸ ਵਿੱਚ ਫਿਰ ਪ੍ਰਧਾਨ ਚੁਣ ਲਿਆ ਗਿਆ। 1928-29 ਈ: ਵਿੱਚ ਨਹਿਰੂ ਕਮੇਟੀ ਰਿਪੋਰਟ ਦਾ ਸਖ਼ਤ ਵਿਰੋਧ ਕੀਤਾ। 1947 ਈ: ਵਿੱਚ ਦੇਸ਼ ਦੇ ਬਟਵਾਰੇ ਤੋਂ ਪਿੱਛੋਂ ਆਪ ਦਿੱਲੀ ਆ ਵੱਸੇ। ਇਥੇ ਇਨ੍ਹਾਂ ਦੇ ਇਕਲੌਤ ਲੜਕੇ ਸ. ਪ੍ਰਿਥੀਪਾਲ ਸਿੰਘ ਦੀ ਇਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਉਮਰ ਦੇ ਆਖ਼ਰੀ ਸਾਲਾਂ ਵਿੱਚ ਇਸ ਵੱਡੇ ਦੁੱਖ ਨੂੰ ਵੀ ਗੁਰੂ ਦਾ ਹੁਕਮ ਤੇ ਭਾਣਾ ਮੰਨ ਕੇ ਪ੍ਰਵਾਨ ਕੀਤਾ।

ਬਾਬਾ ਜੀ 95 ਵਰ੍ਹਿਆਂ ਦੀ ਉਮਰ ਵਿੱਚ 6 ਅਕਤੂਬਰ 1963 ਈ: ਨੂੰ ਦਿੱਲੀ ਵਿਖੇ ਹੀ ਆਪਣੇ ਸਨੇਹੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਬਾਬਾ ਜੀ ਦੀ ਯਾਦ ਵਿੱਚ ਕਨਾਟ ਪਲੇਸ ਤੋਂ ਗੋਲ-ਮਾਰਕੀਟ ਨੂੰ ਜਾਂਦੀ ਸੜਕ ਦਾ ਨਾਂਅ ਬਾਬਾ ਖੜਕ ਸਿੰਘ ਮਾਰਗ ਰੱਖਿਆ ਗਿਆ। ਕੌਮੀ ਮਰਜੀਵੜਿਆਂ ਦੇ ਮਨ ਵਿੱਚ ਉਨ੍ਹਾਂ ਦੀ ਯਾਦ ਹਮੇਸ਼ਾ ਬਣੀ ਰਹੇਗੀ।

## ਸ਼ਿਕਾਗੋ ਵਿੱਚ ਹੋਈ ਗੋਲੀਬਾਰੀ ਵਿਚ 3 ਔਰਤਾਂ ਸਣੇ 4 ਜ਼ਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸ਼ਿਕਾਗੋ ਵਿਚ ਹੋਈ ਸਮੂਹਿਕ ਗੋਲੀਬਾਰੀ ਵਿਚ ਇੱਕ ਔਰਤ, 2 ਲੜਕੀਆਂ ਤੇ ਇਕ ਲੜਕਾ ਜ਼ਖਮੀ ਹੋ ਗਏ। ਗਰਮੀਆਂ ਤੋਂ ਪਹਿਲਾਂ ਹਿੰਸਾ ਨੂੰ ਰੋਕਣ ਲਈ ਅਧਿਕਾਰੀਆਂ ਵੱਲੋਂ ਜਨਤਾ ਨੂੰ ਮਦਦ ਦੀ ਕੀਤੀ ਅਪੀਲ ਤੋਂ ਕੁਝ ਦਿਨਾਂ ਬਾਅਦ ਇਹ ਘਟਨਾ ਵਾਪਰੀ ਹੈ। ਸ਼ਿਕਾਗੋ ਪੁਲਿਸ ਵਿਭਾਗ ਦੇ ਇੱਕ ਬਿਆਨ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਸਥਨਕ ਸਮੇ ਅਨੁਸਾਰ ਤੜਕਸਾਰ 3 ਵਜੇ ਸ਼ਹਿਰ ਦੇ ਦੱਖਣ-ਪੱਛਮੀ ਪਾਸੇ ਲਿਟਲ ਵਿਲੇਜ ਵਿਚ ਵਾਪਰੀ। ਹਮਲਾਵਰ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਅਨੁਸਾਰ ਜਖਮੀਆਂ ਵਿੱਚ ਇਕ ਔਰਤ, ਦੋ 16-16 ਸਾਲ ਦੀਆਂ ਲੜਕੀਆਂ ਤੇ ਇਕ 14 ਸਾਲਾਂ ਦਾ ਮੁੰਡਾ ਸ਼ਾਮਿਲ ਹੈ। ਚਾਰਾਂ ਨੂੰ ਮਾਊਂਟ ਸਿਨਾਈ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਅਨੁਸਾਰ ਸ਼ੱਕੀ ਦੀ ਭਾਲ ਕੀਤੀ ਜਾ ਰਹੀ ਹੈ ਤੇ ਮਾਮਲਾ ਜਾਂਚ ਅਧੀਨ ਹੈ।

## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪੀਟਰਬਰੋ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਪੀਟਰਬਰੋ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ, ਕੰਮ ਦਾ ਵੇਰਵਾ, ਯੋਗਤਾ ਅਤੇ ਸ਼ਰਤਾਂ ਹੇਠਾਂ ਲਿਖੇ ਅਨੁਸਾਰ ਹਨ: **ਸਥਾਨ:-** ਪੀਟਰਬਰੋ ਵਿਖੇ

**ਮੁੱਖ ਕੰਮ:-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਅਖੰਡ ਪਾਠ ਕਰਨ ਜਾਣਦਾ ਹੋਵੇ।

**ਸਮਾਂ:-** ਦੋ ਸਾਲ ਲਈ ਸਵੇਰੇ ਸ਼ਾਮ ਸੇਵਾ, (ਕੰਮ 28 ਘੰਟੇ ਪ੍ਰਤੀ ਹਫ਼ਤਾ)।

ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।

**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਵਿੱਚ ਪ੍ਰਸ਼ਾਦ ਬਨਾਉਣ ਦੀ ਸੇਵਾ ਵੀ ਕਰ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ । ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

**ਬੰਦ ਹੋਣ ਦੀ ਤਾਰੀਕ:-** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 5 ਜੂਨ 2026 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ। ਜਾਂ ਅਮਰੀਕ ਸਿੰਘ ਨੂੰ ਈਮੇਲ ਰਾਹੀਂ ਭੇਜੋ।

## Vacancy for (Tier - 5) Religious worker

**Main Duties:** Performing Kirtan (Hymn Singing), Nitnem, Sukhmani Sahib Paath, Akhand Paath Kirtan in Morning and Evening.

**Location:** **Peterborough.**

**Duration & Remuneration: 24 months. Attractive Salary will be according to UK employment Law. Job related accomodation shall be provided.**

**Requirements:** Should be able to perform Kirtan and carry out other religious activities as listed in main duties. Must be able to carryout making Parsaad. Must read and speak Punjabi. Must have sufficient experience. Work reference required from previous employer. Must have right to work in U.K.

*Candidates with knowledge and experience Please apply with 'cv' to*
**Email:sangha.amrik@btinternet.com *before 5th June 2026***

**SRI GURU SINGH SABHA GURDWARA, PETERBOROUGH**

**NEWARK ROAD, PETERBOROUGH, PE1 5XS, U.K.**

***For Information contact:*** **Amrik Singh Sangha: 07979 706505**

**- ਲੇਖਕ -**
**ਗਿ: ਗੁਰਬਖ਼ਸ਼ ਸਿੰਘ ਗੁਲਸ਼ਨ**
**ਸੰਪਰਕ ਲਈ:**
**+44 7956 302743**




# ਗੁਰੂ ਬੈਠਾ ਅਮਰੁ ਸਰੂਪ ਹੋਇ




ਬਾਉਲੀ ਸਾਹਿਬ ਸ੍ਰੀ ਗੋਇੰਦਵਾਲ

## ਕਿਸ਼ਤ-39

ਇਕ ਦਿਨ ਦੀ ਘਟਨਾ ਹੈ ਜਦੋਂ ਜੇਠਾ ਜੀ ਦੇ ਸਿਰ 'ਤੇ ਮਿੱਟੀ ਦੀ ਭਰੀ ਟੋਕਰੀ ਸੀ ਜੋ ਪਰ੍ਹੇ ਸੁੱਟਣ ਜਾ ਰਹੇ ਸਨ, ਟੋਕਰੀ ਦੀਆਂ ਵਿਰਲਾਂ ਵਿਚੋਂ ਮਿੱਟੀ ਕਿਰਦੀ ਦਾੜ੍ਹੇ ਅਤੇ ਬਸਤ੍ਰਾਂ 'ਤੇ ਪੈ ਰਹੀ ਸੀ। ਕੁਦਰਤੀ ਮੌਕਾ ਮੇਲ! ਲਾਹੌਰੋਂ ਆਏ ਸ਼ਰੀਕਾਂ ਦਾ ਜਥਾ ਸਾਹਮਣੇ ਆ ਮਿਲਿਆ ਜੋ ਗੰਗਾ ਨਾਉਣ ਅੱਗੇ ਜਾ ਰਿਹਾ ਸੀ। ਰਾਹ ਵਿਚ ਘਾਟ 'ਤੇ ਗੋਇੰਦਵਾਲ ਸੀ, ਉਨ੍ਹਾਂ ਦੇ ਮਨ ਆਇਆ ਕਿ ਕਿਉਂ ਨਾ ਇਥੇ ਰਾਤ ਗੁਜ਼ਾਰ ਕੇ ਭਲਕੇ ਅੱਗੇ ਜਾਇਆ ਜਾਵੇ ਕਿਉਂਕਿ ਏਥੇ ਗੁਰੂ ਅਮਰਦਾਸ ਦੇ ਘਰ ਉਨ੍ਹਾਂ ਦਾ ਸੋਢੀ ਪੁੱਤਰ ਵਿਆਹਿਆ ਹੋਇਆ ਇਨ੍ਹਾਂ ਦੇ ਕੋਲ ਹੀ ਰਹਿੰਦਾ ਹੈ, ਇਸ ਲਈ ਉਨ੍ਹਾਂ ਦੀ ਖ਼ਾਸ ਆਉ-ਭਗਤ ਹੋਵੇਗੀ। ਅਜਿਹੀਆਂ ਦਲੀਲਾਂ ਵਿਚਾਰਦਿਆਂ ਉਹ ਬਾਉਲੀ ਸਾਹਿਬ ਦੇ ਵਿਹੜੇ ਵਿਚ ਦਾਖ਼ਲ ਹੋਏ ਤਾਂ ਕੀ ਦੇਖਦੇ ਹਨ ਕਿ ਇਨ੍ਹਾਂ ਦਾ ਜੇਠਾ ਤਾਂ ਸਿਰ 'ਤੇ ਮਿੱਟੀ ਦੀ ਭਰੀ ਟੋਕਰੀ ਚੁੱਕੀ ਕਿਤੇ ਜਾ ਰਿਹਾ ਹੈ। ਭਾਵੇਂ ਚਿਹਰਾ ਤੇ ਦਾਹੜਾ ਮਿੱਟੀ ਨਾਲ ਭਰਪੂਰ ਸਨ ਪਰ, ਪਛਾਣਦਿਆਂ ਦੇਰ ਨ ਲੱਗੀ। ਉਨ੍ਹਾਂ ਦੀ ਆਸ ਸੀ ਕਿ ਜੇਠਾ ਬੜੀ ਸਜ-ਧਜ ਨਾਲ ਮਿਲੇਗਾ ਪਰ ਇਥੇ ਤਾਂ ਸਭ ਕੁਝ ਉਲਟ ਹੀ ਵਿਖਾਈ ਦਿੱਤਾ ਅਰ ਜੋ ਵਿਖਾਈ ਦਿੱਤਾ ਉਸ ਵਿਚ ਸੋਢੀ ਬਜ਼ੁਰਗਾਂ ਨੇ ਆਪਣੇ ਖ਼ਾਨਦਾਨ ਦੀ ਭਾਰੀ ਹੱਤਕ ਮਹਿਸੂਸ ਕੀਤੀ, ਫਿਰ, ਬਿਨਾਂ ਕੁਝ ਜਾਨਣ ਦੇ ਕੁਬੋਲ ਬੋਲਣ ਲੱਗੇ,

'ਜੇਠਿਆ! ਜੇ ਸਹੁਰੇ ਘਰ ਟੋਕਰੀ ਹੀ ਢੋਣੀ ਸੀ ਤਾਂ ਲਾਹੌਰ ਵਿਚ ਕਿਹੜੀ ਨਹੀਂ ਸੀ ਢੋਈ ਜਾ ਸਕਦੀ? ਏਵੇਂ ਕਰ ਕੇ ਤੂੰ ਤਾਂ ਖ਼ਾਨਦਾਨ ਦੇ ਸਿਰ ਵਿਚ ਮਿੱਟੀ ਪਾ ਦਿੱਤੀ ਹੈ'।

ਤਬ ਉਨੋ ਨੇ ਕਹਾ, ਕੀ ਤੁਮ ਇਆ ਕਉਨ ਕਾਮ ਕਰਤੇ ਹੋ? ਸੁਸਰਾਰ ਮੋ, ਮਟੀ ਢੋਵਤੇ ਹੋ, ਹਮਾਰੇ ਬਢਕਿਉ ਕੇ ਸਿਰ ਖਾਕ ਡਾਲਤੇ ਹੋ, ਤੁਮ ਕਉ ਨ ਚਾਹੀਏ।

ਜੇਠਾ ਜੀ ਨੂੰ ਉਨ੍ਹਾਂ ਦੀ ਮਾਨਸਿਕ ਅਵਸਥਾ ਸਮਝਣ ਵਿਚ ਕੋਈ ਦੇਰ ਨਹੀਂ ਲੱਗੀ, ਇਕ ਦਮ ਸੰਭਲਦਿਆਂ ਕਹਿਣ ਲੱਗੇ, 'ਬਾਪੂ ਜੀ! ਅਜਿਹੀ ਕੋਈ ਗੱਲ ਨਹੀਂ, ਇਹ ਤਾਂ ਮੈਂ ਸੇਵਾ ਕਰਦਾ ਸੰਗਤ ਨਾਲ ਹੱਥ ਵਟਾ ਰਿਹਾ ਹਾਂ। ਮੈਂ ਟੋਕਰੀ ਸੁੱਟ ਕੇ ਹੁਣੇ ਵਾਪਸ ਆਇਆ ਅਰ ਆਪਾਂ ਗੁਰੂ ਸਾਹਿਬ ਦੇ ਦਰਸ਼ਨ ਕਰਦੇ ਹਾਂ'।

ਤਬ ਜੇਠਾ ਜੀ ਨੇ ਕਹਾ- ਅਸੀ ਗੁਰ ਪਰਮੇਸਰ ਕੇ ਦੁਆਰੇ ਕੀ ਕਾਰ ਕਰਤੇ ਹੈ।
**ਤੁਮ ਨਹੀ ਜਾਨਤੇ।ਮ.ਪ੍ਰ.ਵਾਰਤਕ**

ਗੁੱਸੇ ਨਾਲ ਭਰੇ ਪੀਤਿਆਂ ਨੂੰ ਨਾਂ ਤਾਂ ਜੇਠਾ ਜੀ ਦਾ ਉੱਤਰ ਸੁਣਨ ਦੀ ਉਡੀਕ ਸੀ ਅਰ ਨਾ ਹੀ ਆਪ ਜੀ ਨੇ ਕੁਝ ਹੋਰ ਬੋਲਣ ਦੀ ਲੋੜ ਸਮਝੀ। ਜਦੋਂ ਆਪ ਜੀ ਮੂੰਹ ਹੱਥ ਧੋ ਕੇ ਗੁਰੂ ਸਾਹਿਬ ਕੋਲ ਪਹੁੰਚੇ ਤਾਂ ਵੇਖਿਆ ਕਿ ਸੋਢੀ ਬਾਬਾ ਮੰਗਲਾ ਤਾਂ ਪਹਿਲਾਂ ਹੀ ਹੋਰਨਾਂ ਨਾਲ ਓਥੇ ਬੈਠਾ ਗੁਰੂ ਸਾਹਿਬ ਕੋਲ ਗਿਲਾ ਕਰ ਰਿਹਾ ਸੀ,

'ਇਹ ਤਾਂ ਫਿਰ ਵੀ ਨਿਆਣਾ-ਸਿਆਣਾ ਹੈ ਤੁਸੀਂ ਤਾਂ ਗੁਰੂ ਹੋਣ ਕਰ ਕੇ ਸਭ ਕੁਝ ਜਾਣਦੇ ਹੋ ਕਿ ਘਰ-ਜੁਆਈ ਨੂੰ ਕਿਵੇਂ ਰੱਖਿਆ ਜਾਂਦਾ ਹੈ। ਤੁਸੀਂ ਜੇਠੇ ਸਿਰ ਟੋਕਰੀ ਚੁਕਾ ਕੇ ਉਸ ਦੇ ਸਿਰ ਮਿੱਟੀ ਪਾਉਣ ਵਾਲਾ ਕੰਮ ਕਰ ਰਹੇ ਹੋ, ਸਾਡੀ ਸੋਢੀਆਂ ਦੀ ਤੁਸਾਂ ਹੱਤਕ ਕੀਤੀ ਹੈ'।

ਇਸ ਨੇ ਤੌ ਸਿਰ ਮਾਟੀ ਪਾਈ।
(ਇਸ ਨੇ ਤਾਂ ਸਿਰ ਮਿੱਟੀ ਪਾ ਲਈ)
ਕਰਹੁ ਬਿਚਾਰ ਨ ਤੁਮ ਉਚਤਾਈ।
(ਠੀਕ ਵਿਚਾਰ ਤੁਸੀਂ ਵੀ ਨਹੀਂ ਕੀਤਾ)
ਕਾਰ ਅਨੁਚਿਤ ਆਪ ਨੇ ਦੀਨ।
(ਤੁਸੀਂ ਗ਼ਲਤ ਕੰਮ ਤੇ ਲਾ ਦਿੱਤਾ)
ਲਾਜ ਕੁਟੰਬ ਨ ਤੁਮ ਨੇ ਚੀਨ।61॥
(ਪ੍ਰਵਾਰ ਦੀ ਇੱਜ਼ਤ ਦਾ ਧਿਆਨ ਨਾ ਕੀਤਾ)

ਸ੍ਰੀ ਜੇਠਾ ਜੀ ਗੁਰੂ ਕੇ ਪ੍ਰੇਮ ਵਿਚ ਨਿਮਗਨ ਹੋਏ ਖੜੋਤੇ ਸੁਣ ਰਹੇ ਸਨ ਅਰ ਸਤਿਗੁਰੂ ਜੀ ਏਨ੍ਹਾਂ ਵੱਲ ਦੇਖ ਰਹੇ ਸਨ। ਜਦੋਂ ਮੰਗਲਾ ਸੋਢੀ ਨੇ ਇਉਂ ਕਿਹਾ ਤਾਂ ਗੁਰੂ ਪਾਤਸ਼ਾਹ ਜੀ ਕਹਿਣ ਲੱਗੇ,

'ਭਾਈ! ਤੁਸੀਂ ਠੀਕ ਨਹੀਂ ਸਮਝੇ, ਅਸੀਂ ਜੇਠੇ ਦੇ ਸਿਰ ਟੋਕਰੀ ਨਹੀਂ -ਸੇਵਾ ਦਾ ਛੱਤ੍ਰ ਰੱਖ ਦਿੱਤਾ ਹੈ। ਤੁਸੀਂ ਖ਼ੁਸ਼ਕਿਸਮਤ ਹੋ ਜਿਨ੍ਹਾਂ ਦੇ ਬੰਸ ਵਿਚ ਜੇਠੇ ਦਾ ਜਨਮ ਹੋਇਆ, ਸਮਝੋ ਇਸ ਪਿਛੇ ਤੁਹਾਡੇ ਬੰਸ ਦਾ ਉਧਾਰ ਹੋ ਗਿਆ'।

'ਜੇ ਇਹ ਬੰਸ ਜਨਮ ਨਹਿੰ ਧਾਰੇ।
(ਜੇ ਇਹ ਤੁਹਾਡੇ ਪ੍ਰਵਾਰ ਵਿਚ ਨ ਜਨਮਦਾ)
ਗਿਰਤ ਨਰਕ ਮਹਿੰ ਪਿਤਰ ਤੁਮ੍ਹਾਰੇ'।
(ਤੁਹਾਡੇ ਪਿੱਤਰ ਨਰਕਾਂ ਵਿਚ ਗੋਤੇ ਖਾਂਦੇ)

ਸੋਢੀ ਤਾਂ ਇਹ ਸੁਣ ਕੇ ਚੁੱਪ ਕਰ ਗਏ ਪਰ, ਸ੍ਰੀ ਜੇਠਾ ਜੀ ਹੱਥ ਜੋੜ ਕੇ ਕਹਿਣ ਲਗੇ,

'ਆਪ ਨਿਮਾਣਿਆਂ ਦੇ ਮਾਣ ਹੋ, ਪਾਤਸ਼ਾਹ ਜੀ! ਅਸੀਂ ਆਪ ਦੀ ਮਹਿਮਾ ਨਹੀਂ ਜਾਣਦੇ'। ਤਰਸ ਦੀ ਮੂਰਤਿ ਪਾਤਸ਼ਾਹ ਇਹ ਬੋਲ ਸੁਣ ਕੇ ਕਹਿਣ ਲੱਗੇ, 'ਰਾਮਦਾਸ ਬੇਟਾ! ਤੁਸੀਂ ਧੰਨ ਹੋ, ਸੇਵਾ ਕਰ ਕੇ ਤੁਸਾਂ ਸਾਨੂੰ ਵੱਸ ਕਰ ਲਿਆ ਹੈ। ਬੱਸ! ਤੁਸਾਂ ਸਾਨੂੰ ਸਮਝ ਲਿਆ ਅਸੀਂ ਤੁਹਾਨੂੰ ਸਮਝ ਲਿਆ ਹੈ'।

ਸੁਨਿ ਕਰਿ ਸਤਿਗੁਰ ਭਏ ਪ੍ਰਸੰਨ।
(ਸੁਣ ਕੇ ਪਾਤਸ਼ਾਹ ਹੁੰਦਿਆਂ ਕਿਹਾ)
'ਰਾਮਦਾਸ! ਤੁਝ ਕੋ ਧੰਨ ਧੰਨ।67॥
(ਰਾਮਦਾਸ! ਤੁਸੀਂ ਧੰਨ ਹੋ)
ਕਰਿ ਸੇਵਾ ਮੁਝ ਕੋ ਬਸਿ ਕੀਨਾ।(ਸੇਵਾ ਕਰ ਕੇ ਤੁਸਾਂ ਸਾਨੂੰ ਵੱਸ ਕਰ ਲਿਆ ਹੈ)
ਮੈਂ ਜਾਨੋਂ ਤੁਝ, ਤੈਂ ਮੁਝ ਚੀਨਾ।
(ਅਸੀਂ ਤੁਹਾਨੂੰ ਜਾਣ ਗਏ ਹਾਂ, ਤੁਸੀਂ ਸਾਨੂੰ)

ਇੰਨਾ ਕਹਿੰਦਿਆਂ ਨਿਮਾਣਿਆਂ ਦੇ ਮਾਣ ਪਾਤਸ਼ਾਹ ਜੀ ਨੇ ਸ੍ਰੀ ਰਾਮਦਾਸ ਜੀ ਨੂੰ ਸੀਨੇ ਨਾਲ ਲਾ ਕੇ ਪਿਆਰ ਦਿੱਤਾ।

**ਹੋਰ ਇਤਿਹਾਸਕ ਹਵਾਲੇ:**

ਪੁਨ ਸਭਹਿਨ ਮਿਲ ਬਾਤ ਬਖਾਨੀ।
'ਤੁਮ ਜਗਤ ਗੁਰੂ ਸਗਲੋ ਜਗ ਜਾਨੀ।
ਕੁਟੰਬ ਲਾਜ ਸਭ ਕੋ ਜਗ ਮਾਹੀ।
ਤੁਮ ਜਗਤ ਗੁਰੂ ਤੁਮ ਕੋ ਕਛੁ ਨਾਹੀ।15।
ਪੁਨ ਜੇਠਾ ਜੀ ਕੋ ਦੇਖ ਤਿਨ ਕਹਾ।
ਹਮਰੇ ਕੁਲ ਏਹੀ ਇਕ ਭਇਆ।
ਪਿਤਾ ਗ੍ਰਿਹ ਤਿਆਗ ਸਹੁਰੈ ਬਸੈ।
ਸਿਰ ਮਾਟੀ ਢੋਵੈ ਸਭ ਜਗ ਹਸੈ'।17॥...
'ਤੁਮ ਥਡੇ ਸਭਗਤ ਪਰੇਮ ਨਹੀ ਜਾਨੋ।
ਦਿਢ ਭੇਡ ਚਾਲ ਨਹੀ ਭਗਤਿ ਪਛਾਨੋ।
ਜੋ ਜੇਠਾ ਤੁਮ ਕੁਲ ਜਨਮ ਨ ਧਰਤੇ।
ਕੁਲ ਪਿਤ੍ਰ ਸਗਲ ਤੁਮ ਨਰਕਹ ਪਰਤਹ'।
22॥...
ਤਬ ਹਸੇ ਦਿਆਲ ਸੁਨ ਭਏ ਪ੍ਰਸੰਨ।
'ਧੰਨ ਧੰਨ ਜੇਠਾ ਤੁਮ ਧੰਨ।
ਤੁਮ ਬਿਨ ਕੋਊ ਨ ਮੋਕਉ ਬੂਝੈ।
ਮੈ ਤੋ ਕੋ ਤੂ ਮੋ ਕੋ ਸੂਝੈ'।24॥ ਮ.ਪ੍ਰ.

ਅੱਜ ਦੀ ਇਸ ਘੜੀ ਨੂੰ ਖ਼ਾਸ ਧਿਆਨ ਵਿਚ ਰੱਖਦੇ ਭਾਈ ਕੇਸਰ ਸਿੰਘ ਲਿਖਦੇ ਹਨ:

ਸਿਖ ਨਹੀਂ ਕੋਈ ਅੰਗਦ ਜੇਹਾ ਹੋਇਆ।
ਸੇਵਕ ਨਹੀਂ ਕੋਈ
ਅਮਰਦਾਸ ਜੇਹਾ ਬਨ ਖਲੋਇਆ।
ਸਾਕ ਨਹੀਂ ਕੋਈ ਰਾਮਦਾਸ ਜੈਸਾ।
ਪੁੱਤਰ ਨਹੀ ਕੋਈ ਅਰਜਨ ਵੈਸਾ।ਬੰ.ਨਾ.

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸ਼ਬਦ ਮੰਨਣ ਅਰ ਸੇਵਾ ਕਰਨ ਦੀ ਇਸ ਮਹਾਨ ਘਾਲਣਾ ਨੂੰ ਕਦੀ ਭੱਟ ਕੀਰਤਿ ਜੀ ਨੇ ਇਉਂ ਚਿੱਤਰਿਆ:

ਜਿਨਿ ਸਬਦੁ ਕਮਾਇ ਪਰਮ ਪਦੁ
ਪਾਇਓ ਸੇਵਾ ਕਰਤ ਨ ਛੋਡਿਓ ਪਾਸੁ॥
ਤਾ ਤੇ ਗਉਹਰੁ ਗਯਾਨ ਪ੍ਰਗਟੁ ਉਜੀਆਰਉ
ਦੁਖ ਦਰਿਦ੍ਰ ਅੰਧਯਾਰ ਕੋ ਨਾਸੁ॥
ਕਵਿ ਕੀਰਤਿ ਜੋ ਸੰਤ ਚਰਨ ਮੁੜਿ ਲਾਗਹਿ
ਤਿਨ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ॥
ਜਿਵ ਅੰਗਦੁ ਅੰਗਿ ਸੰਗਿ ਨਾਨਕ
**ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ॥1॥**
ਗੁ.ਗ੍ਰ.ਸਾ. ਪੰਨਾ 1405

**ਕਾਬੁਲ ਵਾਲੀ ਮਾਈ**

ਇਕ ਦਿਨ ਗੁਰੂ ਸਾਹਿਬ ਕੋਲ ਕੁਝ ਗੁਰਸਿੱਖਾਂ ਨੇ ਬਚਨ ਕੀਤਾ ਕਿ ਪਾਤਸ਼ਾਹ ਜੀ ਅਸੀਂ ਇਥੇ ਹਰ ਰੋਜ਼ ਇਕ ਮਾਈ ਨੂੰ ਆਪਣੇ ਵਿਚ ਸੇਵਾ ਕਰਦੇ ਵੇਖਦੇ ਹਾਂ ਜੋ ਕਿਸੇ ਨਾਲ ਬਹੁਤ ਘੱਟ ਗੱਲਬਾਤ ਕਰਦੀ ਹੈ, ਬੱਸ, ਲਗਾਤਾਰ ਸੇਵਾ ਵਿਚ ਜੁੱਟੀ ਰਹਿੰਦੀ ਹੈ।ਅਸਚਰਜ ਇਹ ਹੈ ਕਿ ਸੇਵਾ ਕਰਦਿਆਂ ਉਹ ਕਈ ਵਾਰ ਹਵਾ ਵਿਚ ਇਉਂ ਹੱਥ ਪਸਾਰਦੀ ਹੈ ਜਿਵੇਂ ਬੱਚੇ ਦੇ ਪੰਘੂੜੇ ਨੂੰ ਹਿਲਾ ਰਹੀ ਹੋਵੇ ਜਦ ਕਿ ਕਿਸੇ ਨੂੰ ਵੀ ਕੁਝ ਨਜ਼ਰ ਨਹੀਂ ਆਉਂਦਾ। ਹੋਰ ਹੈਰਾਨੀ ਦੀ ਗੱਲ ਹੈ ਕਿ ਇਹ ਹਰ ਰੋਜ਼ ਸਵੇਰੇ ਆਉਂਦੀ ਹੈ ਅਰ ਸ਼ਾਮ ਪੈਣ ਸਮੇਂ ਕਿਧਰੇ ਚਲੀ ਜਾਂਦੀ ਹੈ। ਪਾਤਸ਼ਾਹ ਜੀ ਇਹ ਮਾਈ ਕੌਣ ਹੈ ਤੇ ਕਿਥੋਂ ਆਉਂਦੀ ਹੈ? ਸੁਣ ਕੇ ਹਜ਼ੂਰ ਨੇ ਫ਼ੁਰਮਾਇਆ,

'ਇਹ ਆਤਮ-ਬਲ ਵਾਲੀ ਇਕ ਗੁਰਸਿੱਖ ਮਾਈ ਹੈ ਜੋ ਹਰ ਰੋਜ਼ ਕਾਬੁਲ ਤੋਂ ਸੇਵਾ ਕਰਨ ਲਈ ਆਉਂਦੀ ਹੈ। ਇਸ ਦਾ ਪਤੀ ਓਥੇ ਆਪਣੇ ਵਿਹਾਰ ਵਿਚ ਰੁੱਝਿਆ ਹੋਣ ਕਰ ਕੇ ਆ ਨਹੀਂ ਸਕਦਾ ਸੀ ਪਰ, ਉਹ ਵੀ ਗੁਰੂ ਕਾ ਬਹੁਤ ਨਿਸ਼ਠਾਵਾਨ ਸਿੱਖ ਹੈ ਉਸ ਨੇ ਹੀ ਇਸ ਨੂੰ ਗੁਰੂ-ਘਰ ਦੀ ਸੇਵਾ ਦੀ ਮਹਾਨਤਾ ਸਮਝਾਈ ਹੈ। ਇਹ ਦ੍ਰਿੜ ਪਤੀਬਰਤਾ ਇਸਤ੍ਰੀ ਹੈ ਅਰ ਸਿੱਖ ਧਰਮ ਵਿਚ ਬਹੁਤ ਸ਼ਰਧਾ ਰੱਖਦੀ ਹੈ। ਇਸ ਨੇ ਪਤੀ ਕੋਲੋਂ ਆਗਿਆ ਲਈ ਕਿ ਇਹ ਏਥੇ ਪਹੁੰਚ ਸੇਵਾ ਕਰਨੀ ਚਾਹੁੰਦੀ ਹੈ ਤਾਂ ਉਸ ਨੇ ਬੜੀ ਖ਼ੁਸ਼ੀ ਪ੍ਰਗਟ ਕੀਤੀ ਕਿ ਚੰਗੀ ਗੱਲ ਹੈ ਕਿ ਸਾਡੇ ਦੋਹਾਂ ਵਿਚੋਂ ਇਕ ਹੀ ਸਹੀ - ਗੁਰੂ-ਦਰ 'ਤੇ ਸੇਵਾ ਵਿਚ ਹਿੱਸਾ ਲੈਣਾ ਚਾਹੀਦਾ ਹੈ। ਇਨ੍ਹਾਂ ਛੋਟਾ ਜਿਹਾ ਬੇਟਾ ਹੈ ਜਿਸ ਨੂੰ ਖੁਆ ਪਿਲਾ ਕੇ ਪਿਛੇ ਬਾਪ ਦੀ ਸੰਭਾਲ ਵਿਚ ਛੱਡ ਆਉਂਦੀ ਹੈ। ਜਦੋਂ ਬੱਚਾ ਪੰਘੂੜੇ ਵਿਚ ਸੁੱਤਾ ਜਾਗਦਾ ਹੈ ਤਾਂ ਪੰਘੂੜੇ ਨੂੰ ਜ਼ਰਾ ਹਿਲਾ ਦੇਂਦੀ ਹੈ ਤਾਂ ਜੁ ਉਹ ਕੁਝ ਸਮਾਂ ਹੋਰ ਟਿਕਿਆ ਰਹੇ'।

ਤਬ ਸਾਹਿਬ ਬੋਲੇ- ਕੀ ਇਆਹ ਸਿਖਨੀ ਕਾਬਲ ਮੋ ਰਹਤੀ ਹੈ। ਇਆਹ ਅਪਨੇ ਬਾਲਕ ਕੋ ਪਾਲਣੇ ਪਰ ਛੋਡ ਆਵਤੀ ਹੈ। ਇਆਹ ਏਕ ਛਿਨ ਮੋ ਦਰਸਨ ਕੋ ਆਵਤੀ ਹੈ।ਅਰ ਹਾਥ ਜੋ ਹਿਲਾਵਤੀ ਹੈ, ਸੋ ਜਬ ਇਸ ਕਾ ਬਾਲਕ ਜਾਗਤਾ ਹੈ, ਤਬ ਇਹਾ ਸੋ ਮਨਸਾ ਕਰਕੇ ਹਿਲਾਇ ਛੋਡਤੀ ਹੈ। ਤਬ ਬਾਲਕ ਸੋਇ ਜਾਤਾ ਹੈ। ਇਆਹ ਬਡੀ ਗੁਰਮੁਖ ਹੈ। ਮ.ਪ੍ਰ.ਵਾਰਤਕ

**ਚਲਦਾ.....**

**ਲੜੀਵਾਰ ਨਾਵਲ**


ਲੇਖਕ
ਗੁਰਨਾਮ ਬਾਵਾ
ਮ +91 83073 6430



**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ–9**

# ਬੰਦੂਕ ਤੋਂ ਕਲਮ ਤੱਕ

**ਹਾਈ ਕਮਾਂਡ ਉਨ੍ਹਾਂ 'ਤੇ ਹਥਿਆਰਬੰਦ ਐਕਸ਼ਨ ਕਰਨ ਲਈ ਦਬਾਅ ਪਾ ਰਹੀ ਸੀ ਪਰ ਨਰਿੰਦਰ ਦਲੀਲ ਦੇ ਰਿਹਾ ਸੀ, ਸਾਡੀ ਫੈਡਰੇਸ਼ਨ ਤੁਹਾਡੇ ਲਈ ਰੰਗਰੂਟ ਭਰਤੀ ਕਰਨ ਦਾ ਇਕ ਬਹੁਤ ਵੱਡਾ ਪਲੇਟਫਾਰਮ ਹੈ । ਜੇਕਰ ਅਸੀਂ ਵੀ ਮੂਹਰਲੀ ਕਤਾਰ ਵਾਲਿਆਂ ਵਾਂਗ ਕੋਈ ਅਜਿਹਾ ਐਕਸ਼ਨ ਕੀਤਾ ਤਾਂ ਪੁਲਸ ਦੀ ਹਿੱਟ ਲਿਸਟ 'ਤੇ ਆ ਜਾਵਾਂਗੇ ਤੇ ਸਾਨੂੰ ਵੀ ਅੰਡਰਗਰਾਊਂਡ ਹੋਣਾ ਪੈਣਾ । ਇਸ ਨਾਲ ਸਭ ਤੋਂ ਵੱਡਾ ਘਾਟਾ ਇਹ ਪੈਣਾ ਕਿ ਸਾਡਾ ਕਿਸੇ ਵੀ ਕਾਲਜ ਵਿੱਚ ਯੂਨਿਟ ਨਹੀਂ ਕਾਇਮ ਰਹਿਣਾ ਤੇ ਹੁਣ ਤਾਂ ਇਸ ਸੋਚ ਵਾਲੇ ਨੌਜਵਾਨ ਤੁਹਾਨੂੰ ਲੱਭਣ ਲਈ ਸਾਡੇ ਨਾਲ ਸੌਖੇ ਜੁੜ ਜਾਂਦੇ ਆ ਫਿਰ ਅਸੀਂ ਵੇਖ ਪਰਖ ਕੇ ਤੁਹਾਨੂੰ ਮਿਲਾ ਦੇਂਦੇ ਆਂ ਇਹ ਕੰਮ ਵੀ ਰੁੱਕ ਜਾਊ ।**




## ਭਾਗ 10

ਮੈਂ ਵਰਿੰਦਰ ਨਾਲ ਗੱਲਬਾਤ ਸ਼ੁਰੂ ਕਰਦੇ ਪੁੱਛਿਆ, ਭਾਜੀ ਤੁਸੀਂ ਕ੍ਰਿਪਾਲ ਸਿੰਘ ਵੀਰ ਜੀ ਨੂੰ ਮਿਲੇ ਸੀ ਕਦੀ ?

ਵਰਿੰਦਰ, ਇਹ ਗੱਲ ਸੁਣ ਕੇ ਠੰਡਾ ਹਉਕਾ ਲੈ ਕੇ ਬੋਲਿਆ, ਹਾਂ ਦੋ-ਤਿੰਨ ਵਾਰ।

ਮੈਂ ਉਸ ਨੂੰ ਅੱਗੋਂ ਹੋਰ ਸਵਾਲ ਕਰਦਾ ਪਰ ਵਰਿੰਦਰ ਨੇ ਪਹਿਲਾਂ ਹੀ ਮੈਨੂੰ ਸਵਾਲ ਕਰਦਿਆਂ ਪੁੱਛਿਆ, ਤੂੰ ਕ੍ਰਿਪਾਲ ਸਿੰਘ ਨੂੰ ਕਿਵੇਂ ਜਾਣਦੈਂ ?

ਕ੍ਰਿਪਾਲ ਵੀਰ ਜੀ ਨੂੰ ਯਾਦ ਕਰਕੇ ਅੱਖਾਂ ਵਿੱਚ ਆਏ ਹੰਝੂਆਂ ਨੂੰ ਸਾਫ਼ ਕਰਦੇ ਕਹਿਣਾ ਸ਼ੁਰੂ ਕੀਤਾ, ਸਾਨੂੰ ਗੱਤਕਾ ਸਿਖਾਉਣ ਆਉਂਦੇ ਉਸਤਾਦ ਜੀ ਨਾਲ ਕ੍ਰਿਪਾਲ ਵੀਰ ਜੀ ਵੀ ਸਾਡੇ ਗੁਰਦਵਾਰਾ ਸਾਹਿਬ ਕਦੇ-ਕਦਾਈਂ ਆਉਂਦੇ ਸਨ। ਇਕ ਵਾਰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੋਂ ਪਹਿਲਾਂ ਉਸਤਾਦ ਜੀ ਦਾ ਐਕਸੀਡੈਂਟ ਹੋ ਗਿਆ ਸੀ। ਇਸ ਕਰਕੇ ਸਾਨੂੰ ਤਿਆਰੀ ਕਰਾਉਣ ਲਈ ਕ੍ਰਿਪਾਲ ਸਿੰਘ ਵੀਰ ਜੀ ਆਉਣ ਲੱਗ ਪਏ ਸਨ। ਉਨ੍ਹਾਂ ਦਿਨਾਂ ਵਿੱਚ ਮੈਂ ਉਨ੍ਹਾਂ ਨੂੰ ਥੋੜ੍ਹਾ-ਥੋੜ੍ਹਾ ਜਾਨਣ ਲੱਗ ਪਿਆ ਸਾਂ ਫਿਰ ਉਹ ਸਾਡੇ ਘਰ ਵੀ ਆਉਣ ਲੱਗ ਪਏ ਸਨ। ਉਨ੍ਹਾਂ ਦਾ ਮੇਰੇ ਪਿਤਾ ਜੀ ਨਾਲ ਖਾਸਾ ਪਿਆਰ ਸੀ। ਹੁਣ ਉਹ ਇਕ-ਦੋ ਰਾਤਾਂ ਸਾਡੇ ਘਰ ਵੀ ਰਹਿ ਜਾਂਦੇ ਸਨ। ਜਦ ਵੀ ਕ੍ਰਿਪਾਲ ਵੀਰ ਜੀ ਸਾਡੇ ਘਰ ਆਉਂਦੇ ਇਸੇ ਹੀ ਚੁਬਾਰੇ ਵਿੱਚ ਹੀ ਰੁਕਦੇ। ਮੇਰੇ ਪਿਤਾ ਜੀ ਉਨ੍ਹਾਂ ਨਾਲ ਦੇਰ ਰਾਤ ਤੱਕ ਗੱਲਾਂ ਕਰਦੇ ਰਹਿੰਦੇ।

ਵਰਿੰਦਰ ਨੇ ਫਿਰ ਗੱਲ ਨੂੰ ਅੱਗੇ ਤੋਰਨ ਲਈ ਮੈਨੂੰ ਪੁੱਛਣਾ ਸ਼ੁਰੂ ਕੀਤਾ, ਕਮਲਜੀਤ ਤੁਹਾਨੂੰ ਕ੍ਰਿਪਾਲ ਦੇ ਪੁਲਸ ਹੱਥੋਂ ਫੜੇ ਜਾਣ ਦਾ ਕਿਵੇਂ ਪਤਾ ਲੱਗਾ ਤੇ ਉਸ ਨਾਲ ਇਸ ਤੋਂ ਬਾਅਦ ਕੀ ਬੀਤੀ। ਪਤਾ ਕੁਝ ?

ਮੈਂ ਫਿਰ ਦੱਸਣਾ ਸ਼ੁਰੂ ਕੀਤਾ, ਹਾਂ ਵੀਰ ਜੀ ਉਨ੍ਹਾਂ ਦੇ ਛੋਟੇ ਭਰਾ ਨੇ ਦੱਸਿਆ ਸੀ ਕਿ ਕ੍ਰਿਪਾਲ ਵੀਰ ਜੀ ਨੂੰ ਗੋਇੰਦਵਾਲ ਤੋਂ ਕਿਸੇ ਬਹਿਕ ਵਾਲਿਆਂ ਨੇ ਫੜਾ ਦਿੱਤਾ ਸੀ। ਫਿਰ ਉਨ੍ਹਾਂ ਨੂੰ ਆਖਰੀ ਵਾਰ ਕਪੂਰਥਲਾ ਦੇ ਸਦਰ ਥਾਣੇ ਦੇ ਹਵਾਲਾਤ ਵਿੱਚੋਂ ਕੱਢ ਕੇ ਰਾਤ ਨੂੰ ਇਕ ਬੁੱਚੜ ਕਿਸਮ ਦਾ ਐਸ. ਐਸ. ਪੀ. ਲੈ ਗਿਆ ਸੀ। ਜਿਸ ਨੇ ਮੰਡ ਵਿੱਚ ਲਿਜਾ ਕੇ ਝੂਠਾ ਮੁਕਾਬਲਾ ਬਣਾ ਕੇ ਸ਼ਹੀਦ ਕੀਤਾ ਸੀ।

ਇਕ ਦਿਨ ਪਹਿਲਾਂ ਕੋਈ ਸ਼ਰਾਬ ਕੱਢਣ ਵਾਲਾ ਬੰਦਾ ਫੜ ਕੇ ਉਥੇ ਹੀ ਬੰਦ ਕੀਤਾ ਹੋਇਆ ਸੀ। ਉਸ ਨੂੰ ਕ੍ਰਿਪਾਲ ਵੀਰ ਜੀ ਨੇ ਆਪਣੀ ਹੋਣੀ ਦਾ ਪਹਿਲਾਂ ਹੀ ਲੱਖਣ ਲਾ ਕੇ ਕਿਹਾ ਸੀ, ਵੀਰ ਮੇਰਾ ਕੋਈ ਪਤਾ ਨਹੀਂ ਮੈਨੂੰ ਕਦ ਇਹ ਮਾਰ ਦੇਣ ਐਥੋਂ ਕੱਢ ਕੇ। ਉਸ ਨੇ ਹੌਸਲਾ ਦੇਂਦੇ ਕਿਹਾ ਸੀ, ਕੋਈ ਨਾ ਵੀਰ ਰੱਬ ਭਲੀ ਕਰੂ। ਪਰ ਫਿਰ ਵੀ ਵੀਰ ਜੀ ਨੇ ਉਸ ਨੂੰ ਆਪਣੇ ਘਰ ਦਾ ਪਤਾ ਸਮਝਾ ਦਿੱਤਾ ਸੀ ਤੇ ਕਿਹਾ ਸਿੰਘਾ। ਮੇਰੇ ਘਰਦਿਆਂ ਨੂੰ ਮੇਰੀ ਹੋਣੀ ਬਾਰੇ ਦੱਸ ਦੇਣਾ। ਉਸ ਦੇ ਦੱਸਣ ਮੁਤਾਬਿਕ ਉਸ ਸਮੇਂ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਸੀ। ਫਿਰ ਉਸੇ ਰਾਤ ਹੀ ਪੁਲਸ ਵਾਲੇ ਵੀਰ ਨੂੰ ਕੈਂਟਰ ਵਿੱਚ ਸੁੱਟ ਲੈ ਗਏ ਤਾਂ ਦੋ ਘੰਟਿਆਂ ਬਾਅਦ ਵਾਪਸ ਆਏ ਪਰ ਵੀਰ ਕ੍ਰਿਪਾਲ ਉਨ੍ਹਾਂ ਦੇ ਨਾਲ ਨਹੀਂ ਸੀ ਉਹੀ ਭਾਵੀ ਬੀਤ ਗਈ ਸੀ।

ਰਾਤ ਬਹੁਤ ਹੋ ਗਈ ਸੀ। ਅਸੀਂ ਦੋਵੇਂ ਊਂਘਣ ਲੱਗੇ ਤੇ ਸੌਂ ਗਏ। ਵਰਿੰਦਰ ਹੁਰਾਂ ਬਾਰੇ ਮੈਨੂੰ ਪੁੱਛਣ ਦਾ ਮੌਕਾ ਮੇਲ ਹੀ ਨਾ ਬਣਿਆ। ਅਗਲੇ ਦਿਨ ਐਤਵਾਰ ਸੀ। ਨਾ ਤਾਂ ਮੈਂ ਸਕੂਲ ਜਾਣਾ ਸੀ, ਨਾ ਕੋਈ ਹੋਰ ਖਾਸ ਕੰਮ ਸੀ। ਇਸ ਲਈ ਮੈਂ ਵੀ ਬੇਫ਼ਿਕਰ ਸੁੱਤਾ ਹੋਇਆ ਸੀ। ਪਰ ਵਰਿੰਦਰ ਪਹਿਲਾਂ ਉੱਠ ਗਿਆ ਸੀ।

ਮੈਂ ਉਸ ਨੂੰ ਰਾਤ ਹੀ ਦੱਸ ਦਿੱਤਾ ਸੀ ਕਮਰੇ ਵਿੱਚੋਂ ਬਾਹਰ ਨਿਕਲਦੇ ਹੀ ਸਾਂਝਾ ਬਾਥਰੂਮ ਹੈ, ਜਿਸ ਅੰਦਰ ਹੀ ਪਖਾਨਾ ਵੀ ਹੈ। ਇਸ ਲਈ ਵਰਿੰਦਰ ਨੂੰ ਮੈਨੂੰ ਜਗਾਉਣ ਦੀ ਲੋੜ ਨਾ ਪਈ। ਉਹ ਇਸ਼ਨਾਨ ਕਰਕੇ ਆ ਕੇ ਮੰਜੇ 'ਤੇ ਬੈਠ ਪਾਠ ਕਰਨ ਲੱਗ ਪਿਆ। ਮਾਂ ਵੀ ਰੋਜ਼ਾਨਾ ਵਾਂਗ ਜਲਦੀ ਜਾਗ ਗਈ ਸੀ। ਉਸ ਦਾ ਧਿਆਨ ਵੀ ਉਪਰ ਚੁਬਾਰੇ ਵੱਲ ਹੀ ਸੀ। ਉਸ ਨੂੰ ਪਤਾ ਲੱਗ ਗਿਆ ਸੀ ਕਿ ਵਰਿੰਦਰ ਜਾਗ ਗਿਆ ਹੈ ਤੇ ਇਸ਼ਨਾਨ ਕਰ ਰਿਹਾ ਹੈ। ਉਹ ਚਾਹ ਦਾ ਗਿਲਾਸ (ਕੌਲੀ ਨਾਲ ਢੱਕ ਕੇ) ਕਮਰੇ ਵਿੱਚ ਦੇਣ ਆਈ ਤਾਂ ਦੇਖਿਆ ਵਰਿੰਦਰ ਪਾਠ ਕਰ ਰਿਹਾ ਸੀ। ਉਹ ਚੁੱਪ-ਚੁਪੀਤੇ ਗਿਲਾਸ ਸਟੂਲ ਉਪਰ ਰੱਖ ਬਾਹਰ ਚਲੀ ਗਈ।

ਵਰਿੰਦਰ ਪਾਠ ਦਾ ਭੋਗ ਪਾ ਕੇ ਚਾਹ ਦਾ ਗਲਾਸ ਸਟੂਲ ਤੋਂ ਚੁੱਕਣ ਹੀ ਲੱਗਾ ਸੀ। ਮੈਂ ਵੀ ਉੱਠ ਖੜ੍ਹਾ ਹੋਇਆ। ਮੈਂ ਵਰਿੰਦਰ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਉਠ ਕੇ ਬਾਹਰ ਜਾਣ ਲੱਗਾ ਤਾਂ, ਵਰਿੰਦਰ ਬੋਲਿਆ, ਬੈਠ ਜਾ ਕਿੱਥੇ ਚੱਲਿਆਂ ?

ਮੈਂ ਅੰਗੜਾਈ ਲੈਂਦਾ ਬੋਲਿਆ, ਆਇਆ ਵੀਰ ਜੀ ਫਰੈਸ਼ ਹੋ ਕੇ, ਨਾਲੇ ਮਾਤਾ ਨੂੰ ਕਹਿਣੈ ਕਿ ਤੁਹਾਡੇ ਲਈ ਪਰੌਠੇ ਬਣਾ ਦੇਵੇ। ਵਰਿੰਦਰ ਨੇ ਹੱਸ ਕੇ ਕਿਹਾ, ਆਹੋ ਖਾਣੇ ਆਪ ਪਰੌਠੇ ਤੇ ਨਾਮ ਮੇਰਾ ਕਰਨਾ, ਚੱਲ ਜਾ ਹੋ ਆ ਫਰੈਸ਼। ਮੈਂ ਵੀ ਮੁਸਕਰਾਉਂਦਾ ਪੌੜੀਆਂ ਉਤਰ ਗਿਆ।

## ਭਾਗ 11

ਪੰਜ ਤੋਂ ਛੇ ਬੰਦੇ ਇਕ ਬੰਦ ਕਮਰੇ ਵਿੱਚ ਬੈਠੇ ਆਪਸ ਵਿੱਚ ਗੱਲਬਾਤ ਕਰ ਰਹੇ ਸਨ। ਕਦੇ ਇਹ ਗੱਲਬਾਤ ਆਮ ਜਿਹੀ ਚਲਦੀ ਹੈ, ਕਦੇ ਇਸ ਵਿੱਚ ਤਲਖ਼ੀ ਆ ਜਾਂਦੀ ਹੈ। ਅਸਲ ਵਿੱਚ ਨਰਿੰਦਰ ਆਪਣੀ ਹਾਈ ਕਮਾਂਡ ਦੇ ਲੀਡਰਾਂ ਨਾਲ ਬਹਿਸ ਕਰ ਰਿਹਾ ਸੀ।

ਹਾਈ ਕਮਾਂਡ ਉਨ੍ਹਾਂ 'ਤੇ ਹਥਿਆਰਬੰਦ ਐਕਸ਼ਨ ਕਰਨ ਲਈ ਦਬਾਅ ਪਾ ਰਹੀ ਸੀ ਪਰ ਨਰਿੰਦਰ ਦਲੀਲ ਦੇ ਰਿਹਾ ਸੀ, ਸਾਡੀ ਫੈਡਰੇਸ਼ਨ ਤੁਹਾਡੇ ਲਈ ਰੰਗਰੂਟ ਭਰਤੀ ਕਰਨ ਦਾ ਇਕ ਬਹੁਤ ਵੱਡਾ ਪਲੇਟਫਾਰਮ ਹੈ। ਜੇਕਰ ਅਸੀਂ ਵੀ ਮੂਹਰਲੀ ਕਤਾਰ ਵਾਲਿਆਂ ਵਾਂਗ ਕੋਈ ਅਜਿਹਾ ਐਕਸ਼ਨ ਕੀਤਾ ਤਾਂ ਪੁਲਸ ਦੀ ਹਿੱਟ ਲਿਸਟ 'ਤੇ ਆ ਜਾਵਾਂਗੇ ਤੇ ਸਾਨੂੰ ਵੀ ਅੰਡਰਗਰਾਊਂਡ ਹੋਣਾ ਪੈਣਾ। ਇਸ ਨਾਲ ਸਭ ਤੋਂ ਵੱਡਾ ਘਾਟਾ ਇਹ ਪੈਣਾ ਕਿ ਸਾਡਾ ਕਿਸੇ ਵੀ ਕਾਲਜ ਵਿੱਚ ਯੂਨਿਟ ਨਹੀਂ ਕਾਇਮ ਰਹਿਣਾ ਤੇ ਹੁਣ ਤਾਂ ਇਸ ਸੋਚ ਵਾਲੇ ਨੌਜਵਾਨ ਤੁਹਾਨੂੰ ਲੱਭਣ ਲਈ ਸਾਡੇ ਨਾਲ ਸੌਖੇ ਜੁੜ ਜਾਂਦੇ ਆ ਫਿਰ ਅਸੀਂ ਵੇਖ ਪਰਖ ਕੇ ਤੁਹਾਨੂੰ ਮਿਲਾ ਦੇਂਦੇ ਆਂ ਇਹ ਕੰਮ ਵੀ ਰੁੱਕ ਜਾਊ।

ਕਮਰੇ ਦੀ ਇਕ ਨੁੱਕਰੇ ਬੈਠਾ ਪਤਲਾ ਜਿਹਾ ਨੌਜਵਾਨ ਚੁੱਪ-ਚਾਪ ਬੜੇ ਧਿਆਨ ਨਾਲ ਇਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਸ ਨੂੰ ਜਦ ਇਨ੍ਹਾਂ ਦੀ ਗੱਲਬਾਤ ਕਿਸੇ ਤਣ-ਪੱਤਣ ਨਾ ਲੱਗਦੀ ਦਿਸੀ ਤਾਂ ਉਹ ਇਸ ਬਹਿਸ ਨੂੰ ਖ਼ਤਮ ਕਰਨ ਲਈ ਇਨ੍ਹਾਂ ਕੋਲ ਆ ਬੈਠਦਾ ਹੈ।

ਉਸ ਨੂੰ ਅੱਗੇ ਆ ਬੈਠਦੇ ਨੂੰ ਵੇਖ, ਹਾਈ ਕਮਾਂਡ ਵੀ ਚੁੱਪ ਕਰ ਗਈ ਫਿਰ ਉਹ ਗੱਲ ਨਿਬੇੜਨ ਲਈ ਬੋਲਿਆ, ਖ਼ਾਲਸਾ ਜੀ! ਜਵਾਨ ਠੀਕ ਕਹਿ ਰਿਹਾ, ਇਨ੍ਹਾਂ ਦੇ ਗਰੁੱਪ 'ਤੇ ਦਬਾਅ ਨਾ ਪਾਉ ਕਿਉਂਕਿ ਮਾਹੌਲ ਇਸ ਸਮੇਂ ਸਾਡੇ ਪੱਖ ਵਿੱਚ ਨਹੀਂ ਹੈ। ਸਮਝ ਗਏ ਜਾਂ ਖੁੱਲ੍ਹ ਕੇ ਸਮਝਾਵਾਂ ? ਬਾਕੀ ਇਨ੍ਹਾਂ ਨੂੰ ਛੁੱਟੀ ਦਿਉ ਤੇ ਆਪਾਂ ਆਪਣੀ ਗੱਲਬਾਤ ਕਰੀਏ। ਜਿਸ ਲਈ ਮੈਂ ਆਪ ਜੀ ਕੋਲ ਆਇਆਂ।

ਉਸ ਸਿੰਘ ਦੀ ਗੱਲ ਸੁਣ ਕੇ ਹਾਈ ਕਮਾਂਡ ਦੇ ਲੀਡਰਾਂ ਨੇ ਇਨ੍ਹਾਂ ਦੋਵਾਂ ਨੂੰ ਤਾਕੀਦ ਕਰਦਿਆਂ ਕਿਹਾ, ਸਾਨੂੰ ਕਿਸੇ ਖਾਸ ਐਕਸ਼ਨ ਲਈ ਦੋ ਨਵੇਂ ਨੌਜਵਾਨਾਂ ਦੀ ਲੋੜ ਪੈ ਸਕਦੀ ਹੈ। ਇਸ ਲਈ ਇਹ ਤਿਆਰੀ ਜ਼ਰੂਰ ਕਰਕੇ ਰੱਖਣਾ।

ਫਿਰ ਇਹ ਦੋਵੇਂ ਉਨ੍ਹਾਂ ਨੂੰ ਫਤਹਿ ਬੁਲਾ ਕੇ ਬਾਹਰ ਆ ਗਏ।

ਨਰਿੰਦਰ ਸਿੰਘ ਅਤੇ ਵਰਿੰਦਰ ਸਿੰਘ ਦੀ ਦੋਸਤੀ ਖ਼ਾਲਸਾ ਕਾਲਜ ਜਲੰਧਰ ਆ ਕੇ ਪਈ ਸੀ। ਨਰਿੰਦਰ ਕਰਤਾਰਪੁਰ ਦੇ ਨੇੜੇ ਦਿਆਲਪੁਰ ਪਿੰਡ ਦਾ ਤੇ ਵਰਿੰਦਰ ਫਗਵਾੜਾ ਲਾਗੇ ਰਾਣੀਪੁਰ ਪਿੰਡ ਦਾ ਸੀ। ਦੋਵਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ। ਦੋਵੇਂ ਭਾਵੇਂ ਘਰੋਂ ਬਹੁਤੇ ਅਮੀਰ ਨਹੀਂ ਸਨ ਪਰ ਮੱਧ ਪਰਿਵਾਰ ਵਿੱਚੋਂ ਜ਼ਰੂਰ ਆਉਂਦੇ ਸਨ। ਇਸ ਲਈ ਇਨ੍ਹਾਂ ਦੋਵਾਂ ਨੇ ਇਸ ਸਭ ਦੇ ਨਾਲ ਆਪਣੀ ਪੜ੍ਹਾਈ ਵਿੱਚ ਵਿਘਨ ਨਹੀਂ ਪੈਣ ਦਿੱਤਾ ਸੀ। ਉਹ ਬੀ.ਐਡ. ਵੀ ਇਹੋ ਸੋਚ ਕੇ ਕਰ ਰਹੇ ਸਨ। ਜੋ ਅੱਜ ਦਾ ਮਾਹੌਲ ਹੈ ਇਕ ਨਾ ਇਕ ਦਿਨ ਇਸ ਲਹਿਰ ਦਾ ਭੋਗ ਪੈ ਜਾਣਾ ਹੈ ਜਾਂ ਹੋਰ ਦੋ ਸਾਲਾਂ ਬਾਅਦ ਇਲੈਕਸ਼ਨ ਤਾਂ ਹੋਣੇ ਹੀ ਹੋਣੇ ਆ ਅਤੇ ਸਰਕਾਰ ਵੀ ਅਕਾਲੀਆਂ ਦੀ ਹੀ ਆਊ, ਪਰ ਉਹ ਸਮੇਂ ਅਨੁਸਾਰ ਹਾਈ ਕਮਾਂਡ ਨਾਲ ਵੀ ਨਹੀਂ ਵਿਗਾੜਨਾ ਚਾਹੁੰਦੇ ਸਨ। ਜਿਨ੍ਹਾਂ ਨੇ ਹਾਈ ਕਮਾਂਡ ਦੇ ਗਲਤ ਫ਼ੈਸਲਿਆਂ ਦਾ ਵਿਰੋਧ ਕੀਤਾ ਸੀ ਤੇ ਆਪਣਾ ਵੱਖਰਾ ਰਸਤਾ ਅਖ਼ਤਿਆਰ ਕੀਤਾ ਸੀ ਤਾਂ ਉਨ੍ਹਾਂ ਦਾ ਇਹ ਕਹਿ ਕੇ ਕਤਲ ਕਰ ਦਿੱਤਾ ਗਿਆ ਸੀ ਕਿ ਇਹ ਤਾਂ ਸਰਕਾਰ ਨਾਲ ਮਿਲ ਗਏ ਹਨ ਜਾਂ ਫਲਾਣੇ ਸਿੰਘ ਨੂੰ ਇਨ੍ਹਾਂ ਨੇ ਮੁਖ਼ਬਰੀ ਕਰਕੇ ਪੁਲਸ ਨੂੰ ਚੁਕਵਾਇਆ ਸੀ। ਇਸ ਦਾ ਨਾ ਤਾਂ ਕਿਸੇ ਸਬੂਤ ਮੰਗਿਆ ਨਾ ਹੀ ਕਿਸੇ ਵਿੱਚ ਹਿੰਮਤ ਸੀ ਇਸ ਬਾਰੇ ਪੁੱਛਣ ਦੀ, ਐਥੋਂ ਤੱਕ ਕਿ ਚੋਟੀ ਦੇ ਫੈਡਰੇਸ਼ਨ ਆਗੂਆਂ ਦਾ ਕਤਲ ਵੀ ਕੀਤਾ ਗਿਆ ਸੀ।

**ਬਾਕੀ ਹਿਸਾ ਅਗਲੇ ਸਫ਼ੇ 32 ਤੇ ਪੜ੍ਹੋ**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**713. ਸਾਕਤ ਦੇ ਕੀ ਲੱਛਣ/ਕਰਮ ਹਨ?**

ਸਾਕਤ (ਮਾਇਆਧਾਰੀ, ਪ੍ਰਭੂ ਤੋਂ ਬੇਮੁਖ/ਮੁਨਕਰ) ਮਨੁੱਖ ਹਰੀ (ਦੇ ਨਾਮ) ਰਸ ਦਾ ਸੁਆਦ ਨਹੀਂ ਜਾਣਦਾ, ਕਿਉਂਕਿ ਉਹਨਾਂ ਦੇ ਅੰਦਰ ਹਉਮੈ ਰੂਪੀ ਕੰਡਾ ਹੁੰਦਾ ਹੈ। ਜਿੱਦਾਂ ਜਿੱਦਾਂ ਉਹ ਚੱਲਦੇ ਹਨ ਉਹ ਕੰਡਾ ਚੁੱਭਦਾ ਹੈ ਤੇ ਉਹ ਦੁਖ ਪਾਉਂਦੇ ਹਨ, ਉਹ ਆਪਣੇ ਸਿਰ ਤੇ ਜਮ ਕਾਲ ਦਾ ਡੰਡਾ ਸਹਾਰਦੇ ਹਨ। "ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥2॥ ਅੰਗ 13 ਅਤੇ 171"।

ਸਾਕਤ ਗੁਰੂ ਦੇ ਸ਼ਬਦ ਵਿਚ ਨਹੀਂ ਭਿੱਜਦਾ, ਆਪਣੀ ਭੈੜੀ ਮਤਿ ਕਾਰਨ ਜੰਮਦਾ ਮਰਦਾ ਰਹਿੰਦਾ ਹੈ। "ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥ ਅੰਗ 21"। ਸਾਕਤ ਨੂੰ ਪ੍ਰਭੂ (ਦਾ ਨਾਮ) ਚੰਗਾ ਨਹੀਂ ਲੱਗਦਾ; ਝੂਠੇ ਸਾਕਤ ਦੀ ਇੱਜ਼ਤ ਭੀ ਝੂਠੀ ਹੁੰਦੀ ਹੈ (ਭਾਵ ਸਦੀਵੀ ਨਹੀਂ ਹੁੰਦੀ)। ਦੁਬਿਧਾ ਦਾ ਜਕੜਿਆ ਹੋਇਆ ਉਹ ਜੰਮਦਾ ਮਰਦਾ ਰਹਿੰਦਾ ਹੈ। "ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ॥ ਅੰਗ 22"। ਅਤੇ, "ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥ ਅੰਗ 109"। ਬਿਨਾ ਗੁਰੂ ਤੋਂ ਕਹੋ ਕੌਣ ਸਾਕਤ ਤਰਿਆ ਹੈ? ਭਾਵ ਗੁਰੂ ਤੋਂ ਬਿਨਾ ਕੋਈ ਵੀ ਸਾਕਤ ਪਾਰ ਨਹੀਂ ਉਤਰ ਸਕਦਾ। ਹਉਮੈ ਕਰਦਾ ਹੋਇਆ ਉਹ ਡਰਾਉਣੇ ਸੰਸਾਰ ਸਮੁੰਦਰ ਵਿਚ ਡੁੱਬ ਜਾਂਦਾ ਹੈ। "ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥ ਹਉਮੈ ਕਰਤਾ ਭਵਜਲਿ ਪਰਿਆ ॥ ਅੰਗ 1030"। ਸਾਕਤ ਗੁਰੂ ਤੋਂ ਬਿਨਾ ਤਬਾਹ ਹੋ ਜਾਂਦਾ ਹੈ; (ਉਸ) ਨਿਗੁਰੇ ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ। "ਬਿਨੁ ਸਤਿਗੁਰ ਪਚਿ ਮੁਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥11॥ ਅੰਗ 1073"। ਸਾਕਤ ਮਨੁੱਖ ਗੁਰੂ ਦੇ ਸ਼ਬਦ 'ਚ ਜੁੜਨ ਵਾਲੀ ਸੁਰਤਿ ਪ੍ਰਾਪਤ ਨਹੀਂ ਕਰਦਾ। ਸ਼ਬਦ ਵਿਚ ਸੁਰਤਿ ਜੋੜਨ ਤੋਂ ਬਿਨਾ ਜੰਮਦੇ ਮਰਦੇ ਰਹੀਦਾ ਹੈ। "ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦੁ ਸੁਰਤਿ ਬਿਨੁ ਆਈਐ ਜਾਈਐ ॥ ਅੰਗ 1042"। ਪੂਰੇ ਗੁਰੂ ਤੋਂ ਬਿਨਾ ਮੁਕਤੀ ਨਹੀਂ ਮਿਲਦੀ; ਪ੍ਰਭੂ ਦੀ ਦਰਗਹ ਵਿਚ ਸਾਕਤ ਪੁਰਸ਼ ਲੁੱਟਿਆ ਜਾਂਦਾ ਹੈ। "ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠ ॥1॥ ਰਹਾਉ ॥ ਅੰਗ 1151"। ਸਤਿਗੁਰੂ ਤੋਂ ਬਿਨਾ (ਲੁਕਾਈ) ਵਿਲਕਦੀ ਦਿਸਦੀ ਹੈ; ਸਾਕਤ ਮਨੁੱਖ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ।1।ਰਹਾਉ। "ਬਿਨੁ ਸਤਿਗੁਰ ਦੀਸੈ ਬਿਲਲਾਂਤੀ ਸਾਕਤੁ ਫਿਰਿ ਫਿਰਿ ਆਵੈ ਜਾਵੈ॥1॥ ਰਹਾਉ ॥ ਅੰਗ 1183"। ਅਤੇ "ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥1॥ਅੰਗ 1224"।

ਧਨ ਜਾਣ (ਨੁਕਸਾਨ ਹੋਣ) ਤੇ ਸਾਕਤ ਦਾ ਚਿੱਤ ਚਲਾਏਮਾਨ ਹੁੰਦਾ ਹੈ ਤੇ ਮਨ ਵਾਰ ਵਾਰ ਡੋਲਦਾ ਹੈ। "ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥ ਅੰਗ 63"।

ਮਾਇਆ ਦੇ ਸ਼ਿਕਾਰੀ, ਮਾਇਆਧਾਰੀ ਸਾਕਤਾਂ ਨੂੰ, ਜਮ ਆਪਣੀ ਤੱਕ ਵਿਚ ਰੱਖਦੇ ਹਨ। ਉਹ ਸਤਿਗੁਰੂ ਦੇ ਅੱਗੇ ਆਪਣਾ ਸਿਰ ਨਹੀਂ ਵੇਚਦੇ (ਭਾਵ ਆਪਣੀ ਹਉਮੈ ਨਹੀਂ ਤਿਆਗਦੇ) ਉਹ ਬਦ-ਕਿਸਮਤ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। "ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥ ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥4॥ ਅੰਗ 172"। ਅਤੇ, "ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥3॥ ਅੰਗ 214"।

ਸਾਕਤ ਦਾ ਇਹ ਵਰਤਣ-ਵਿਹਾਰ ਹੈ ਕਿ ਜਿਹੜਾ ਕੰਮ ਭਲਾਈ ਦਾ ਹੈ ਉਸ ਨੂੰ ਬੁਰਾ ਕਰਕੇ ਜਾਣਦਾ ਹੈ, ਜੇ ਕੋਈ ਇਸ ਨੂੰ ਸੱਚ (ਪ੍ਰਭੂ ਦੀ ਗੱਲ) ਆਖੇ, ਇਸ ਨੂੰ ਜ਼ਹਿਰ ਵਰਗਾ ਲੱਗਦਾ ਹੈ। ਇਹ ਨਹੀਂ ਸਮਝਦਾ ਹੈ ਕਿ ਕਿਹੜਾ ਕੰਮ ਜੀਵਨ-ਬਾਜ਼ੀ ਨੂੰ ਜਿੱਤਣ ਵਾਸਤੇ ਹੈ ਤੇ ਕਿਹੜਾ ਹਾਰ ਵਾਸਤੇ। "ਜੋ ਭਲਾਈ ਸੋ ਬੁਰਾ ਜਾਨੈ ॥ ਸਾਚੁ ਕਹੈ ਸੋ ਬਿਖੈ ਸਮਾਨੈ ॥ ਜਾਣੈ ਨਾਹੀ ਜੀਤ ਅਰੁ ਹਾਰ ॥ ਇਹੁ ਵਲੇਵਾ ਸਾਕਤ ਸੰਸਾਰ॥2॥ ਅੰਗ 180"। ਸਾਕਤ ਮਨੁੱਖ ਦੀ ਜੀਵਨ-ਮਰਯਾਦਾ ਐਸੀ ਹੈ ਕਿ ਉਹ ਜੋ ਕੁਝ ਕਰਦਾ ਹੈ ਸਭ ਉਲਟਾ ਹੀ ਕਰਦਾ ਹੈ। "ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥2॥ ਅੰਗ 195"। ਹੇ ਮੇਰੇ ਮਨ! ਪ੍ਰਭੂ ਤੋਂ ਬਿਨਾ ਹੋਰ ਜਿਸਦੇ ਨਾਲ਼ ਵੀ ਪ੍ਰੇਮ ਪਾਏਂਗਾ, ਉੱਥੇ ਉੱਥੇ ਮਾਇਆ ਦੇ ਬੰਧਨ ਪੈਣਗੇ। ਜਿਹੜੇ ਤਰੀਕੇ (ਮਾਇਆ ਮੋਹ) ਨਾਲ ਕਦੇ ਵੀ ਮਾਇਕ ਬੰਧਨਾਂ ਤੋਂ ਛੁਟਕਾਰਾ ਨਹੀਂ ਹੁੰਦਾ ਸਾਕਤ ਪੁਰਸ਼ ਉਹੀ ਕੰਮ ਕਰਦੇ ਹਨ। "ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥ ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥ ਅੰਗ 252"। ਹੇ ਨਾਨਕ! ਮੂਰਖ ਤੇ ਗੰਦੇ ਸਾਕਤ ਮਨੁੱਖ ਨੇ ਦੁਨੀਆਂ ਨਾਲ਼ (ਜੀਵਨ ਅਜਾਈਂ) ਗੁਜ਼ਾਰ ਦਿੱਤਾ। "ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ ॥ ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ ਨਪਾਕ ॥1॥ ਅੰਗ 523"। ਸਾਕਤ ਮਨੁੱਖ ਮਾਇਆ ਦੇ ਮੋਹ ਵਿਚ ਮਨ ਦੀਆਂ ਵਾਸ਼ਨਾਵਾਂ (ਪੂਰੀਆਂ ਕਰਨ) ਦੀ ਖ਼ਾਤਰ ਵਿਸ਼ੇ ਵਿਕਾਰਾਂ ਵਿਚ ਖਚਿਤ ਰਹਿੰਦੇ ਹਨ, ਉਹ ਸਭ ਅਗਿਆਨ ਵਿਚ ਆਪਣਾ ਜੀਵਨ ਵਿਅਰਥ ਗਵਾ ਲੈਂਦੇ ਹਨ। "ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ॥2॥ ਅੰਗ 734"। ਸਾਕਤ ਦੀ ਜ਼ਿੰਦਗੀ ਮਾਇਕ ਕੰਮ ਕਰਦਿਆਂ ਹੀ ਗੁਜ਼ਰ ਜਾਂਦੀ ਹੈ। "ਸਾਕਤ ਇਵ ਹੀ ਕਰਤ ਬਿਹਾਨੀ॥3॥ ਅੰਗ 888"। ਸਾਕਤ ਦਾ ਤੌਰ ਤਰੀਕਾ ਮੈਂ ਅੱਖੀਂ ਦੇਖ ਲਿਆ ਹੈ, ਉਸਨੂੰ ਪ੍ਰਭੂ ਦਾ ਅੰਮ੍ਰਿਤ ਨਾਮ ਕੌੜਾ ਲੱਗਦਾ ਹੈ ਤੇ ਜ਼ਹਿਰ ਰੂਪੀ ਮਾਇਆ ਮਿੱਠੀ ਲੱਗਦੀ ਹੈ। "ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥ ਅੰਗ 892"। ਆਪਣੇ ਪਰਵਾਰ, ਧਨ, ਤੇ ਘਰ ਨੂੰ ਦੇਖ ਕੇ ਸਾਕਤ ਪੁਰਸ਼ ਪਰਾਲ਼ੀ ਜਿੰਨੀ ਕੀਮਤ ਵਾਲ਼ੇ ਘਰ ਪ੍ਰਵਾਰ ਦੇ ਜਾਲ਼ ਵਿਚ ਫਸਿਆ ਪਿਆ ਰਹਿੰਦਾ ਹੈ। "ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ ॥9॥ ਅੰਗ 906"। ਭੈੜਾ ਸਾਕਤ ਪੁਰਸ਼ ਮਾਇਆ ਦਾ ਭਰਮਾਇਆ ਹੋਇਆ ਦੂਜੇ (ਮਾਇਆ ਮੋਹ ਤੇ ਦੁਨਿਆਵੀ ਪਦਾਰਥਾਂ ਦੇ) ਸੁਆਦ ਵਿਚ ਲੱਗਿਆ ਹੋਇਆ ਹੈ। "ਸਾਕਤ ਦੁਰਜਨ ਭਰਮਿਆ ਜੋ ਲਗੇ ਦੂਜੈ ਸਾਦਿ ॥ ਅੰਗ 957"। ਸਾਕਤ ਪੁਰਸ਼ ਮਾਇਆ ਪਿੱਛੇ ਬਹੁਤ ਭੱਜਦਾ ਹੈ। ਨਾਮ ਨੂੰ ਭੁੱਲ ਕੇ ਉਸਨੂੰ ਸੁਖ ਕਿੱਦਾਂ ਮਿਲ ਸਕਦਾ ਹੈ। ਮਾਇਆ ਦੇ ਤਿੰਨ ਗੁਣਾਂ ਦੇ ਅੰਦਰ ਖਪਦਾ ਹੈ ਤੇ ਖਪ ਜਾਂਦਾ ਹੈ, ਉਸਦਾ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਨਹੀਂ ਹੁੰਦਾ। "ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥ ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥14॥ ਅੰਗ 1028"।

ਸਾਕਤ ਦਾ ਵਿਹਾਰ ਇਹ ਹੈ ਕਿ ਜੋ ਕੁਛ ਉਹ (ਇਕੱਠਾ) ਕਰਦਾ ਹੈ ਉਸਦੇ ਨਾਲ਼ ਨਹੀਂ ਜਾਂਦਾ। "ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥2॥ ਅੰਗ 1200"।

ਜਿਵੇਂ ਸੱਪ ਦੀ ਉਮਰ ਤਾਂ ਲੰਮੀ ਹੈ, ਪਰ ਸੱਪ ਆਪਣੀ ਜ਼ਹਿਰ ਨੂੰ ਨਹੀਂ ਛੱਡਦਾ, ਇਸੇ ਤਰ੍ਹਾਂ ਸਾਕਤ ਮਨੁੱਖ ਪ੍ਰਭੂ ਦਾ ਨਾਮ ਭੁਲਾ ਕੇ ਜੀਵਨ (ਵਿਅਰਥ ਹੀ) ਜਿਉਂਦਾ/ਗਵਾਉਂਦਾ ਹੈ।

**ਚਲਦਾ...**

ਪੰਜਾਬ ਟਾਈਮਜ਼
PANJAB TIMES (EST 1965)
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :
FOR SUBSCRIPTION
(PLEASE TICK ONE RELEVANT BOX)
6 MONTHS ---- £105
1 YEAR ---- £205
ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।
NAME....................
ADDRESS....................
....................POST CODE....................
TEL....................
Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85
Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
www.panjabtimes.uk Email: Panjabtimes@aol.com

## ਲੜੀਵਾਰਫ ਨਾਵਲ

31 ਸਫ਼ੇ ਦੀ ਬਾਕੀ

ਜਿਸ ਬੰਦੇ ਨੇ ਉਨ੍ਹਾਂ ਉਪਰ ਪਾਏ ਜਾ ਰਹੇ ਹਾਈ ਕਮਾਂਡ ਵੱਲੋਂ ਹਥਿਆਰ ਚੁੱਕਣ ਦੇ ਦਬਾਅ ਤੋਂ ਇਨ੍ਹਾਂ ਦਾ ਪਿੱਛਾ ਛੁਡਾਇਆ ਸੀ, ਉਸ ਨੂੰ ਨਰਿੰਦਰ ਵੀ ਪਹਿਲੀ ਵਾਰ ਮਿਲਿਆ ਸੀ ਪਰ ਉਹ ਹੈ ਕੌਣ ਸੀ, ਉਸ ਬਾਰੇ ਉਹ ਨਹੀਂ ਜਾਣਦਾ ਸੀ। ਪਰ ਉਹ ਜ਼ਰੂਰ ਕੋਈ ਚੰਗਾ ਰਸੂਖ ਰੱਖਣ ਵਾਲਾ ਲੱਗਦਾ ਸੀ ਤਾਂ ਹੀ ਕੋਈ ਵੀ ਲੀਡਰ ਉਸ ਨੂੰ ਅੱਗੋਂ ਕੋਈ ਜਵਾਬ ਨਹੀਂ ਦੇ ਸਕਿਆ ਸੀ।

ਹੁਣ ਵਰਿੰਦਰ ਦਾ ਕਮਲਜੀਤ ਘਰ ਰੁੱਕਣਾ ਇਨ੍ਹਾਂ ਦੋਵਾਂ ਦੀ ਸਲਾਹ ਨਾਲ ਤੈਅ ਹੋਇਆ ਸੀ। ਤਾਂ ਜੋ ਕਮਲਜੀਤ ਦੇ ਹੋਰ ਨੇੜੇ ਹੋਇਆ ਜਾਏ। ਉਸ ਦੀ ਮਨੋ-ਅਵਸਥਾ ਨੂੰ ਵੀ ਜਾਣਿਆ ਜਾਵੇ ਜੇਕਰ ਉਹ ਥੋੜ੍ਹਾ ਜਿਹਾ ਵੀ ਲਹਿਰ ਵਿੱਚ ਆਉਣ ਦਾ ਝੁਕਾਅ ਰੱਖਦਾ ਹੋਵੇ ਤਾਂ ਉਸ ਨੂੰ ਤਿਆਰ ਕਰਕੇ ਰੱਖਿਆ ਜਾਵੇ। ਜਦੋਂ ਵੀ ਹਾਈ ਕਮਾਂਡ ਇਹ ਹੁਕਮ ਲਾਊ, ਲਿਆਉ ਵੀ ਦਿਉ, ਉਹ ਨਵੇਂ ਬੰਦੇ ਜਿਸ ਬਾਰੇ ਤੁਹਾਨੂੰ ਕਿਹਾ ਸੀ। ਦੋ ਨਹੀਂ ਤਾਂ ਇਕ ਨੂੰ ਭਰਤੀ ਕਰਵਾ ਕੇ ਆਪਣੀ ਜਾਨ ਛੁਡਵਾ ਲਵਾਂਗੇ। ਹੁਣ ਵੈਸੇ ਵੀ ਇਨ੍ਹਾਂ ਦੋਵਾਂ ਦੀ ਬੀ. ਐਡ. ਦੇ ਦੋ ਕੁ ਮਹੀਨੇ ਹੀ ਰਹਿ ਗਏ ਸਨ। ਉਹ ਵੀ ਚਾਹੁੰਦੇ ਸਨ ਕਿ ਕਿਸੇ ਤਰੀਕੇ ਉਨ੍ਹਾਂ ਦੀ ਪੜ੍ਹਾਈ ਪੂਰੀ ਹੋ ਜਾਵੇ।

**ਚਲਦਾ...**

# ਆਲ੍ਹਣੇ



ਕਹਾਣੀ
**ਜਗਤਾਰ ਸਮਾਲਸਰ**
ਏਲਨਾਬਾਦ, ਸਿਰਸਾ (ਹਰਿਆਣਾ)
ਸੰਪਰਕ- 94670-95953



ਪਿੰਡ ਦੀ ਫਿਰਨੀ ਤੇ ਬਣੀ ਜਰਨੈਲ ਸਿੰਘ ਦੀ ਵੱਡੀ ਕੋਠੀ ਦੂਰੋਂ ਹੀ ਚਮਕਦੀ ਸੀ। ਚਿੱਟਾ ਸੰਗਮਰਮਰ, ਇੱਕ ਵੱਡਾ ਲਾਅਨ ਅਤੇ ਪਿੱਛੇ ਲੱਗਿਆ ਅੰਬਾਂ ਦਾ ਬਾਗ ਜਰਨੈਲ ਸਿੰਘ ਦੇ ਆਰਥਿਕ ਪੱਖੋਂ ਮਜਬੂਤ ਹੋਣ ਦੀ ਗਵਾਹੀ ਭਰਦਾ ਸੀ, ਪਰ ਜਰਨੈਲ ਸਿੰਘ ਨੂੰ ਆਪਣੇ 10 ਏਕੜ ਦੇ ਖੇਤ ਨਾਲ ਐਨਾ ਮੋਹ ਸੀ ਕਿ ਉਹ ਇਸ ਕੋਠੀ ਵਿੱਚ ਘੱਟ ਦਿਲਚਸਪੀ ਰੱਖਦਾ ਅਤੇ ਸਾਰਾ ਦਿਨ ਕੋਠੀ ਦੇ ਸਾਹਮਣੇ ਬਣੇ ਖੇਤਾਂ ਵਿੱਚ ਗੁਜ਼ਾਰਦਾ।

ਜਰਨੈਲ ਸਿੰਘ ਅਤੇ ਉਸਦੀ ਪਤਨੀ ਗੁਰਮੀਤ ਕੌਰ ਦੇ ਦੋ ਪੁੱਤ ਸਨ ਜੋਂ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੈਨੇਡਾ ਜਾ ਵਸੇ ਸਨ। ਉਹ ਸਾਲ ਵਿੱਚ ਇੱਕ ਵਾਰ ਪਿੰਡ ਆਉਂਦੇ, ਚਾਰ ਦਿਨ ਠਹਿਰਦੇ, ਆਪਣੇ ਮਾਪਿਆਂ ਨਾਲ ਫੋਟੋ ਖਿੱਚਦੇ ਅਤੇ ਫਿਰ ਚਲੇ ਜਾਂਦੇ।

ਕੋਠੀ ਵਿੱਚ ਸਿਰਫ ਜਰਨੈਲ ਸਿੰਘ ਉਸਦੀ ਪਤਨੀ ਗੁਰਮੀਤ ਕੌਰ ਅਤੇ ਇੱਕ ਦੋ ਕਾਮੇ ਰਹਿੰਦੇ ਸਨ। ਜਰਨੈਲ ਸਿੰਘ ਦੀ ਇਹ ਕੋਠੀ ਆਉਂਦੇ ਜਾਂਦੇ ਰਾਹੀਆਂ ਲਈ ਵੀ ਹਮੇਸ਼ਾ ਖੁੱਲੀ ਰਹਿੰਦੀ ।

ਜਰਨੈਲ ਸਿੰਘ ਨੂੰ ਪੰਛੀਆਂ ਨਾਲ ਅਥਾਹ ਪਿਆਰ ਸੀ। 70 ਸਾਲ ਦੀ ਉਮਰ ਵਿੱਚ ਵੀ ਉਹ ਹਰ ਰੋਜ਼ ਸਵੇਰੇ 5 ਵਜੇ ਉੱਠਦਾ, ਸੋਟੀ ਹੱਥ ਵਿੱਚ ਫੜਦਾ ਅਤੇ ਆਪਣੇ ਖੇਤਾਂ ਵੱਲ ਤੁਰ ਪੈਂਦਾ। ਉਸਨੇ ਖੇਤ ਵਿੱਚ ਲੱਗੇ ਹਰ ਦਰੱਖਤ ਤੇ ਬਾਂਸ ਅਤੇ ਘਾਹ ਦੇ ਬਣੇ ਆਲ੍ਹਣੇ ਟੰਗੇ ਹੋਏ ਸਨ। ਉਹ ਆਪਣੀ ਪਤਨੀ ਗੁਰਮੀਤ ਕੌਰ ਨੂੰ ਅਕਸਰ ਆਖਦਾ ਭਾਗਵਾਨੇ ਤੂੰ ਘਰ ਦੀ ਦੇਖਭਾਲ ਕਰ, ਮੈਂ ਬਾਹਰ ਪਰਿਵਾਰ ਦੀ ਦੇਖਭਾਲ ਕਰਦਾ ਹਾਂ। ਗੁਰਮੀਤ ਕੌਰ ਕਈ ਵਾਰ ਉਸਦੇ ਅਜਿਹੇ ਬੋਲ ਸੁਣਕੇ ਗੁੱਸੇ ਹੋ ਜਾਂਦੀ ਅਤੇ ਆਖਦੀ "ਤੁਸੀਂ ਸਾਰਾ ਦਿਨ ਪੰਛੀਆਂ ਦੇ ਪਿੱਛੇ ਪਿੱਛੇ ਰਹਿੰਦੇ ਹੋ, ਤੁਹਾਨੂੰ ਆਪਣੇ ਪੁੱਤਾਂ ਦੀ ਯਾਦ ਨਹੀ ਆਉਂਦੀ। ਉਹ ਝੱਟ ਆਖਦਾ "ਇਹ ਵੀ ਮੇਰੇ ਹੀ ਬੱਚੇ ਹਨ, ਗੁਰਮੀਤ ਕੁਰੇ ਫਰਕ ਸਿਰਫ ਇਹ ਹੈ ਕਿ ਇਹ ਪੈਸੇ ਨਹੀਂ ਮੰਗਦੇ, ਸਿਰਫ਼ ਕੁਝ ਦਾਨਿਆਂ ਦੇ ਬਦਲੇ ਬਹੁਤ ਸਾਰਾ ਪਿਆਰ ਦਿੰਦੇ ਹਨ। "ਪੁੱਤਰਾਂ ਲਈ ਬਣਾਏ ਗਏ ਆਲ੍ਹਣਿਆਂ ਅਤੇ ਪੰਛੀਆਂ ਲਈ ਬਣਾਏ ਗਏ ਆਲ੍ਹਣਿਆਂ ਵਿੱਚ ਕੋਈ ਫ਼ਰਕ ਨਹੀਂ ਹੁੰਦਾ । ਜਦੋਂ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਮਰ ਜਾਂਦੇ ਹਨ ਤਾਂ ਦੋਵੇਂ ਤਬਾਹ ਹੋ ਜਾਂਦੇ ਹਨ।"

ਖੇਤ ਵਿੱਚ ਪਹੁੰਚ ਕੇ ਉਹ ਪਹਿਲਾਂ ਮਿੱਟੀ ਦੇ ਘੜੇ ਸਾਫ਼ ਪਾਣੀ ਨਾਲ ਭਰਦਾ, ਫਿਰ ਬਾਜਰਾ, ਕਣਕ ਅਤੇ ਚੌਲ ਮਿਲਾ ਕੇ ਦਰੱਖਤਾਂ ਹੇਠ ਖਿਲਾਰ ਦਿੰਦਾ। ਪੰਛੀਆਂ ਨੇ ਵੀ ਉਸਨੂੰ ਪਛਾਣ ਲਿਆ ਸੀ। ਚਿੜੀਆਂ ਉਸਦੇ ਮੋਢਿਆਂ ਤੇ ਆ ਬੈਠਦੀਆਂ। ਤੋਤੇ ਉਸਦੀ ਹਥੇਲੀ ਤੋਂ ਦਾਣੇ ਚੁੱਕਦੇ, ਮੈਨਾ ਖੇਤ ਵਿੱਚ ਉਸਦੇ ਪਿੱਛੇ-ਪਿੱਛੇ ਆਉਂਦੀਆਂ ਅਤੇ





ਮੋਰ ਉਸਨੂੰ ਵੇਖਕੇ ਪੈਲ੍ਹਾਂ ਪਾਉਣ ਲੱਗਦੇ। ਉਸਨੂੰ ਖੇਤਾਂ ਵਿੱਚ ਵੇਖਕੇ ਜਿਵੇ ਸਾਰੇ ਪੰਛੀਆਂ ਨੂੰ ਚਾਅ ਚੜ ਜਾਂਦਾ।

ਸਾਵਣ ਦਾ ਮਹੀਨਾ ਸੀ। ਅੱਜ ਵੀ ਜਰਨੈਲ ਸਿੰਘ ਆਮ ਵਾਂਗ ਖੇਤ ਗਿਆ ਸੀ। ਉਸਨੇ ਦਰੱਖਤਾਂ ਹੇਠਾਂ ਪੰਛੀਆਂ ਲਈ ਦਾਣੇ ਖਿਲਾਰੇ ਅਤੇ ਕਟੋਰਿਆਂ ਵਿੱਚ ਪਾਣੀ ਭਰਿਆ। ਉਸਦੇ ਆਲੇ ਦੁਆਲੇ ਪੰਛੀਆਂ ਨੇ ਝੁਰਮਟ ਪਾ ਲਿਆ ਸੀ। ਜਰਨੈਲ ਸਿੰਘ ਦੇ ਮਨ ਵਿੱਚ ਪੰਛੀਆਂ ਪ੍ਰਤੀ ਮੋਹ ਡੁੱਲ ਡੁੱਲ ਕੇ ਪੈ ਰਿਹਾ ਸੀ।

ਅਚਾਨਕ ਉਸਦੇ ਸੀਨੇ ਵਿੱਚ ਤੇਜ਼ ਦਰਦ ਉੱਠਿਆ ਅਤੇ ਉਹ ਉੱਥੇ ਹੀ ਬੈਠ ਗਿਆ। ਕੁਝ ਸਮੇਂ ਬਾਅਦ ਉਨ੍ਹਾਂ ਦਾ ਕਾਮਾ ਦਰਸ਼ੀ ਜਦੋਂ ਖੇਤ ਪਹੁੰਚਿਆ ਤਾਂ ਉਸਨੇ ਵੇਖਿਆ ਕਿ ਜਰਨੈਲ ਸਿੰਘ ਅੰਬ ਦੇ ਦਰੱਖਤ ਹੇਠ ਪਿਆ ਸੀ। ਉਸ ਦੀਆਂ ਅੱਖਾਂ ਬੰਦ ਸਨ ਅਤੇ ਚਿਹਰੇ ਤੇ ਇੱਕ ਅਜੀਬ ਜਿਹੀ ਸ਼ਾਂਤੀ ਸੀ। ਇੱਕ ਚਿੜੀ ਉਸਦੇ ਕੋਲ ਬੈਠੀ ਸੀ ਜੋਂ ਉੱਡਣ ਤੋਂ ਇਨਕਾਰ ਕਰ ਰਹੀ ਸੀ। ਦਰਸ਼ੀ ਨੇ ਜੱਫੀ ਭਰਕੇ ਉਠਾਇਆ ਪਰ ਜਰਨੈਲ ਸਿੰਘ ਇਸ ਦੁਨੀਆ ਤੋਂ ਰੁਖਸਤ ਹੋ ਚੁੱਕਾ ਸੀ।

ਉਸਦੇ ਭੋਗ ਤੋਂ ਬਾਅਦ ਘਰ ਦੇ ਦਰਵਾਜ਼ੇ ਦੁਨੀਆ ਲਈ ਬੰਦ ਹੋ ਗਏ। ਗੁਰਮੀਤ ਕੌਰ ਨੇ ਖੇਤਾਂ ਵਿੱਚ ਜਾਣਾ ਬੰਦ ਕਰ ਦਿੱਤਾ। "ਹੁਣ ਗੁਰਮੀਤ ਕੌਰ ਨੂੰ ਖੇਤ ਵਿੱਚ ਲੱਗੇ ਰੁੱਖਾਂ ਦੇ ਝੁੰਡ ਦੇਖਕੇ ਡਰ ਲੱਗਣ ਲੱਗਦਾ। ਪੰਛੀਆਂ ਦੇ ਆਲ੍ਹਣਿਆਂ ਵਿੱਚ ਵੀ ਉਦਾਸੀ ਛਾ ਗਈ ਸੀ। ਪਾਣੀ ਨਾਲ ਭਰੇ ਰਹਿਣ ਵਾਲੇ ਕਟੋਰੇ ਖਾਲੀ ਸਨ। ਦਰੱਖਤਾਂ ਹੇਠਾਂ ਕੋਈ ਦਾਣਾ ਨਹੀਂ ਸੀ। ਪੰਛੀ ਆਪਣੇ ਆਲ੍ਹਣਿਆਂ ਨੂੰ ਦੇਖਦੇ ਸਨ, ਚਹਿਕਦੇ ਅਤੇ ਜਰਨੈਲ ਸਿੰਘ ਨੂੰ ਲੱਭਦੇ। ਫਿਰ ਹੌਲੀ-ਹੌਲੀ ਇੱਥੇ ਪੰਛੀਆਂ ਦਾ ਆਉਣਾ ਘੱਟ ਹੋ ਗਿਆ। ਇੱਕ ਮਹੀਨੇ ਬਾਅਦ ਹੀ ਖੇਤ ਵਿੱਚ ਆਲ੍ਹਣੇ ਵੀਰਾਨ ਹੋ ਗਏ। ਆਲ੍ਹਣੇ ਹਵਾ ਵਿੱਚ ਝੂਲਦੇ ਪਰ ਉਨ੍ਹਾਂ ਵਿਚੋਂ ਪੰਛੀਆਂ ਦੇ ਚਹਿਕਣ ਦੀਆਂ ਆਵਾਜ਼ਾਂ ਗੁੰਮ ਹੋ ਗਈਆਂ ਸਨ।

ਹੁਣ ਗੁਰਮੀਤ ਕੌਰ ਵੀ ਆਪਣੀ ਆਲੀਸ਼ਾਨ ਕੋਠੀ ਵਿੱਚ ਇਕੱਲੀ ਰਹਿ ਗਈ ਸੀ। ਉਹਦੇ ਪੁੱਤ ਉਹਨੂੰ ਵੀਡੀਓ ਕਾਲ ਕਰਦੇ ਅਤੇ ਆਖਦੇ "ਮੰਮੀ ਤੁਸੀ ਇੱਥੇ ਸਾਡੇ ਕੋਲ ਆ ਜਾਓ । ਤੁਸੀਂ ਇੱਥੇ ਇਕੱਲੇ ਕੀ ਕਰੋਗੇ ?" ਪਰ ਗੁਰਮੀਤ ਕੌਰ ਦਾ ਜਵਾਬ ਹਮੇਸ਼ਾ ਇੱਕੋ ਜਿਹਾ ਹੁੰਦਾ "ਪੁੱਤਰੋ ਮੈਂ ਉਸ ਘਰ ਨੂੰ ਛੱਡਕੇ ਕਿਵੇਂ ਆ ਜਾਵਾਂ ਜਿਸ ਵਿੱਚ ਤੁਹਾਡੇ ਬਾਪੂ ਦੀਆਂ ਯਾਦਾਂ ਜੁੜੀਆ ਹੋਈਆ ਹਨ ? ਇਹ ਕੰਧਾਂ ਹੀ ਹੁਣ ਮੇਰਾ ਪਰਿਵਾਰ ਹੈ।" ਉਹ ਆਖਦੀ।

ਉਹ ਅੰਮ੍ਰਿਤ ਅਤੇ ਆਥਣ ਵੇਲੇ ਕੋਠੀ ਦੀ ਛੱਤ ਤੇ ਬੈਠਦੀ ਅਤੇ ਖੇਤਾਂ ਵੱਲ ਦੇਖਦੀ। ਖੇਤ ਉਦਾਸ ਹੋ ਗਏ ਸਨ। ਦਰੱਖਤਾਂ ਤੇ ਚਹਿਕਦੇ ਪੰਛੀ ਕਿਧਰੇ ਲੋਪ ਹੋ ਗਏ ਸਨ। ਆਲ੍ਹਣੇ ਖਾਲੀ ਸਨ। ਉਸਨੂੰ ਕਦੇ ਜਰਨੈਲ ਸਿੰਘ ਦੇ ਮੂੰਹੋਂ ਨਿਕਲੇ ਇਹ ਸ਼ਬਦ ਵਾਰ ਵਾਰ ਯਾਦ ਆਉਂਦੇ ਪੁੱਤਰਾਂ ਲਈ ਬਣਾਏ ਗਏ ਆਲ੍ਹਣਿਆਂ ਅਤੇ ਪੰਛੀਆਂ ਲਈ ਬਣਾਏ ਗਏ ਆਲ੍ਹਣਿਆਂ ਵਿੱਚ ਕੋਈ ਫ਼ਰਕ ਨਹੀਂ ਹੁੰਦਾ । ਜਦੋਂ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਮਰ ਜਾਂਦੇ ਹਨ ਤਾਂ ਦੋਵੇਂ ਤਬਾਹ ਹੋ ਜਾਂਦੇ ਹਨ।"

ਹੁਣ ਹੌਲੀ ਹੌਲੀ ਕੋਠੀ ਵੀ ਵੀਰਾਨ ਹੁੰਦੀ ਜਾ ਰਹੀ ਸੀ। ਕੋਠੀ ਦੇ ਵਿਹੜੇ ਵਿੱਚ ਘਾਹ ਉੱਗ ਆਇਆ ਸੀ ਜਿੱਥੇ ਕਦੇ ਉਨ੍ਹਾਂ ਦੇ ਪੁੱਤ ਹਰਨੇਕ ਅਤੇ ਬਲਵੰਤ ਗੁੱਲੀ-ਡੰਡਾ ਖੇਡਦੇ ਸਨ। ਜਿਸ ਰਸੋਈ ਵਿੱਚ ਉਹ ਜਰਨੈਲ ਸਿੰਘ ਲਈ ਖਾਣਾ ਅਤੇ ਚਾਹ ਬਣਾਉਂਦੀ ਉਹ ਵੀ ਉਦਾਸ ਸੀ।

ਜਰਨੈਲ ਸਿਉਂ ਨੂੰ ਇਸ ਦੁਨੀਆ ਤੋਂ ਰੁਖਸਤ ਹੋਇਆ ਸੱਤ ਸਾਲ ਬੀਤ ਗਏ ਸਨ।

ਇੱਕ ਦਿਨ ਘਰ ਦੇ ਕਮਰੇ ਵਿੱਚ ਖੜੀ ਗੁਰਮੀਤ ਕੌਰ ਅਚਾਨਕ ਡਿੱਗ ਪਈ। ਖੜਕਾ ਸੁਣਦਿਆ ਹੀ ਘਰ ਦੇ ਕਾਮਿਆਂ ਨੇ ਭੱਜਕੇ ਉਸਨੂੰ ਸੰਭਾਲਿਆ ਗੁਰਮੀਤ ਕੌਰ ਆਪਣੇ ਪਤੀ ਜਰਨੈਲ ਸਿੰਘ ਦੀ ਫੋਟੋ ਹੱਥ ਵਿੱਚ ਫੜੀ ਜ਼ਮੀਨ ਤੇ ਡਿੱਗੀ ਹੋਈ ਸੀ। ਡਾਕਟਰ ਨੂੰ ਬੁਲਾਇਆ ਗਿਆ ਪਰ ਉਸਦੇ ਆਉਣ ਤੋਂ ਪਹਿਲਾ ਹੀ ਉਹ ਉਸ ਦੁਨੀਆ ਵਿੱਚ ਜਾ ਪਹੁੰਚੀ ਸੀ ਜਿੱਥੋਂ ਕਦੇ ਕੋਈ ਵਾਪਸ ਨਹੀ ਆਉਂਦਾ।

ਦੋ ਦਿਨ ਗੁਰਮੀਤ ਕੌਰ ਦੀ ਲਾਸ਼ ਨੂੰ ਫਰੀਜ਼ਰ ਵਿੱਚ ਰੱਖਿਆ ਗਿਆ, ਪੁੱਤ ਕੈਨੇਡਾ ਤੋਂ ਆਏ ਅਤੇ ਅੰਤਿਮ ਸੰਸਕਾਰ ਕੀਤਾ ਗਿਆ। ਕੋਠੀ ਨੂੰ ਜਿੰਦਰਾ ਲੱਗ ਗਿਆ ਅਤੇ ਉਹ ਕੋਠੀ ਨੂੰ ਵੇਚਣ ਦੀ ਸਕੀਮਾਂ ਬਣਾਉਂਦੇ ਹੋਏ ਵਾਪਸ ਕੈਨੇਡਾ ਚਲੇ ਗਏ।

**"ਹੁਣ ਗੁਰਮੀਤ ਕੌਰ ਨੂੰ ਖੇਤ ਵਿੱਚ ਲੱਗੇ ਰੁੱਖਾਂ ਦੇ ਝੁੰਡ ਦੇਖਕੇ ਡਰ ਲੱਗਣ ਲੱਗਦਾ। ਪੰਛੀਆਂ ਦੇ ਆਲ੍ਹਣਿਆਂ ਵਿੱਚ ਵੀ ਉਦਾਸੀ ਛਾ ਗਈ ਸੀ। ਪਾਣੀ ਨਾਲ ਭਰੇ ਰਹਿਣ ਵਾਲੇ ਕਟੋਰੇ ਖਾਲੀ ਸਨ। ਦਰੱਖਤਾਂ ਹੇਠਾਂ ਕੋਈ ਦਾਣਾ ਨਹੀਂ ਸੀ। ਪੰਛੀ ਆਪਣੇ ਆਲ੍ਹਣਿਆਂ ਨੂੰ ਦੇਖਦੇ ਸਨ, ਚਹਿਕਦੇ ਅਤੇ ਜਰਨੈਲ ਸਿੰਘ ਨੂੰ ਲੱਭਦੇ। ਫਿਰ ਹੌਲੀ-ਹੌਲੀ ਇੱਥੇ ਪੰਛੀਆਂ ਦਾ ਆਉਣਾ ਘੱਟ ਹੋ ਗਿਆ। ਇੱਕ ਮਹੀਨੇ ਬਾਅਦ ਹੀ ਖੇਤ ਵਿੱਚ ਆਲ੍ਹਣੇ ਵੀਰਾਨ ਹੋ ਗਏ। ਆਲ੍ਹਣੇ ਹਵਾ ਵਿੱਚ ਝੂਲਦੇ ਪਰ ਉਨ੍ਹਾਂ ਵਿਚੋਂ ਪੰਛੀਆਂ ਦੇ ਚਹਿਕਣ ਦੀਆਂ ਆਵਾਜ਼ਾਂ ਗੁੰਮ ਹੋ ਗਈਆਂ ਸਨ।**

ਸਮਾਂ ਬੀਤਿਆ ਹੁਣ ਜਰਨੈਲ ਸਿੰਘ ਅਤੇ ਗੁਰਮੀਤ ਕੌਰ ਦਾ ਇਹ ਆਲ੍ਹਣਾ ਵੀ ਉਨ੍ਹਾਂ ਦੇ ਖੇਤਾਂ ਵਿੱਚ ਬਣੇ ਪੰਛੀਆਂ ਦੇ ਆਲ੍ਹਣਿਆਂ ਵਾਂਗ ਵੀਰਾਨ ਹੋ ਗਿਆ ਸੀ। ਹੁਣ ਇਨ੍ਹਾਂ ਆਲ੍ਹਣਿਆਂ ਵਿੱਚ ਵਿੱਚ ਕੋਈ ਚਹਿਕਣ ਜਾਂ ਰਹਿਣ ਵਾਲਾ ਨਹੀਂ ਸੀ। ਖੇਤ ਵਿੱਚ ਪਏ ਪਾਣੀ ਵਾਲੇ ਕਟੋਰੇ ਮਿੱਟੀ ਨਾਲ ਭਰ ਗਏ ਸਨ। ਕੋਠੀ ਦੀਆਂ ਖਿੜਕੀਆਂ ਵਿੱਚ ਮਿੱਟੀ ਜੰਮ ਗਈ ਸੀ।

ਹੁਣ ਵੀ ਹਰ ਬਸੰਤ ਰੁੱਤ ਵਿੱਚ ਕੋਈ ਪ੍ਰਵਾਸੀ ਪੰਛੀ ਉਸ ਖੇਤ ਵਿੱਚ ਅੰਬ ਦੇ ਦਰੱਖਤ ਤੇ ਆ ਕੇ ਬੈਠਦਾ ਹੈ। ਸ਼ਾਇਦ ਉਹ ਜਰਨੈਲ ਸਿੰਘ ਨੂੰ ਲੱਭ ਰਿਹਾ ਹੈ। ਕੋਈ ਰਾਹਗੀਰ ਉਸ ਕੋਠੀ ਦੇ ਬੰਦ ਦਰਵਾਜ਼ੇ ਤੇ ਆ ਕੇ ਹਾਉਕੇ ਭਰਦਾ ਹੈ। ਸ਼ਾਇਦ ਉਹ ਜਰਨੈਲ ਸਿੰਘ ਅਤੇ ਗੁਰਮੀਤ ਕੌਰ ਦੀਆਂ ਯਾਦਾਂ ਨੂੰ ਲੱਭ ਰਿਹਾ ਹੈ। ਫਰਕ ਸਿਰਫ਼ ਇਹ ਹੈ ਕਿ ਇੱਕ ਹੋਰ ਜਰਨੈਲ ਸਿੰਘ ਆਵੇਗਾ ਅਤੇ ਪੰਛੀਆਂ ਦੇ ਆਲ੍ਹਣੇ ਦੁਬਾਰਾ ਬਣਾਏਗਾ ਪਰ ਮਾਪਿਆਂ ਦੇ ਖੰਡਰ ਹੋਏ ਆਲ੍ਹਣਿਆਂ ਨੂੰ ਦੁਬਾਰਾ ਬਣਾਉਣਾ ਮੁਸ਼ਕਲ ਹੈ ਕਿਉਕਿ ਕਹਿੰਦੇ ਨੇ ਕੈਨੇਡਾ ਤਾਂ ਮਿੱਠੀ ਜੇਲ੍ਹ ਹੈ ਉੱਥੇ ਗਿਆ ਬੰਦਾ ਤਾਂ ਕਦੇ ਵਾਪਸ ਨਹੀ ਆਉਂਦਾ, ਤਾਂ ਹੀ ਸਿਆਣਿਆਂ ਨੇ ਸੱਚ ਕਿਹਾ ਹੈ ਕਿ ਘਰ ਕੰਧਾਂ ਨਾਲ ਨਹੀਂ ਸਗੋਂ ਆਪਣਿਆਂ ਦੇ ਸਾਹਾਂ ਨਾਲ ਵਸੇ ਹੋਏ ਹੁੰਦੇ ਨੇ, ਜਦੋਂ ਸਾਹ ਰੁਕ ਜਾਂਦੇ ਹਨ ਤਾਂ ਮਹਿਲ ਵੀ ਆਲ੍ਹਣਿਆਂ ਵਾਂਗ ਉਜਾੜ ਬਣ ਜਾਂਦੇ ਹਨ। ਅੱਜ ਪੰਜਾਬ ਦੀ ਧਰਤੀ ਤੇ ਇਹੀ ਵਰਤਾਰਾ ਵਰਤ ਰਿਹਾ ਹੈ। ਰੱਬ ਖੈਰ ਕਰੇ

## ਜ਼ਰੂਰੀ ਸੂਚਨਾ

**ਅਦਾਰਾ ਪੰਜਾਬ ਟਾਈਮਜ਼ ਵੱਲੋਂ ਪਾਠਕਾਂ ਨੂੰ ਬੇਨਤੀ ਹੈ 1965 ਤੋਂ ਛਪ ਰਿਹਾ ਅਖ਼ਬਾਰ ਸਭ ਨਾਲੋਂ ਵੱਧ ਪੜ੍ਹਿਆ ਜਾਂਦਾ ਹੈ । ਪੂਰਾ ਅਖ਼ਬਾਰ ਆਪਣੇ ਨੇੜੇ ਦੀ ਦੁਕਾਨ ਤੋਂ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰ ਸਕਦੇ ਹੋ ।**

**ਫ਼ੋਨ ਨੰਬਰ: 01332 372851**

# • ਪੰਜਾਬੀ ਫ਼ਿਲਮ ਦਰਪਣ •

## ਕੈਰਵ ਕੰਗ ਤੇ ਜੋਤ ਅਰੋੜਾ ਦੀ ਫ਼ਿਲਮ ਮੇਰੀ ਗਰਲ ਫਰੈਂਡ ਦਾ ਵਿਆਹ



ਜੋਤ ਅਰੋੜਾ ਟੀਨ ਏਜ ਨਾਲ ਕੈਰਵ ਕੰਗ ਹਮ ਉਮਰ ਤੇ ਦੋਵਾਂ ਦੇ ਸਟਾਰ ਤੇਜ਼ ਇਹ ਸੰਕੇਤ ਮਿਲ ਗਿਆ ਹੈ। ਪਾਲੀਵੁੱਡ ਦੇ ਸੁਪਰ ਡਾਇਰੈਕਟਰ ਸਮੀਪ ਕੰਗ ਦੀ ਨਵੀਂ ਫ਼ਿਲਮ ਦੀ ਨਾਇਕਾ ਜੋਤ ਅਰੋੜਾ ਬਣੀ ਹੈ ਤੇ ਸਮੀਪ ਕੰਗ ਦਾ ਬੇਟਾ ਕੈਰਵ ਕੰਗ ਹੀਰੋ ਬਣ ਜੋਤ ਅਰੋੜਾ ਦੇ ਨਾਲ ਰੋਮਾਂਟਿਕ ਲੀਡ ਚ ਨਜ਼ਰ ਆਏਗਾ। ਫ਼ਿਲਮ ਦਾ ਟਾਈਟਲ ਵੀ ਬਹੁਤ ਪਿਆਰਾ ਹੈ, "ਮੇਰੀ ਗਰਲ ਫਰੈਂਡ ਦਾ ਵਿਆਹ" ਤੇ ਸਮੀਪ ਕੰਗ ਵੱਲੋਂ ਜੋਤ ਅਰੋੜਾ ਦੀ ਚੋਣ ਪ੍ਰਤਿਭਾ ਤੇ ਖ਼ੂਬਸੂਰਤੀ ਦੀ ਸ਼ਾਨਦਾਰ ਚੋਣ ਹੈ। ਸਭ ਤੋਂ ਵੱਧ ਕ੍ਰੈਡਿਟ ਫਿਲਮ ਦੇ ਨਿਰਮਾਣ ਤੇ ਵਿਤਰਨ ਨਾਲ ਜੁੜੇ ਹੋਏ ਕਾਮਯਾਬ ਫਿਲਮਕਾਰ ਤੇ ਵਿਤਰਕ ਮਨੀਸ਼ ਸਾਹਨੀ ਨੂੰ ਜਾਂਦਾ ਹੈ। ਮਨੀਸ਼ ਸਾਹਨੀ ਨੇ ਕਿਹਾ ਕਿ ਜੋਤ ਥੀਏਟਰ, ਟੀਵੀ ਦੀ ਪ੍ਰਤਿਭਾ ਭਰਪੂਰ ਐਕਟ੍ਰੈਸ ਹੈ ਤੇ ਯਕੀਨ ਨਾਲ ਆਖਦੇ ਹਾਂ ਸਾਡੀ ਕਹਾਣੀ ਦੇ ਐਨ ਫਿੱਟ ਓਹ ਹੈ। ਜੋਤ ਅਰੋੜਾ ਨੇ ਕਿਹਾ ਕਿ ਉਹ ਕੈਰਵ ਕੰਗ ਦੇ ਲਾਂਚ ਕੈਰੀਅਰ ਤੇ ਓਸ ਨੂੰ ਸ਼ੁੱਭ ਕਾਮਨਾਵਾਂ ਦਿੰਦੀ ਹੈ ਤੇ ਪੂਰੇ ਸਹਿਯੋਗ ਨਾਲ ਫਿਲਮ ਕਰ ਪਾਲੀਵੁੱਡ ਨੂੰ ਇੱਕ ਸ਼ਾਨਦਾਰ ਫਿਲਮ ਜੋੜੀ ਮਿਲਣ ਤੇ ਖੁਸ਼ ਹੈ ਜਦ ਕਿ ਫਿਲਮ ਐਕਸਪਰਟ ਦਲਜੀਤ ਸਿੰਘ ਅਰੋੜਾ ਨੇ ਕਿਹਾ ਕਿ ਸੱਚ ਜੋੜੀਆਂ ਉੱਪਰ ਤੋਂ ਬਣ ਆਉਂਦੀਆਂ ਨੇ ਤੇ ਇਹ ਫਿਲਮ ਜੋੜੀ ਵੀ ਇੰਜ ਹੀ ਹੈ, ਰੱਬ ਖ਼ੈਰ ਕਰੇ ਸੱਤੇ ਖੈਰਾਂ ਹੋਣ ਆਫ਼ਰੀਨ। ਜੋਤ ਅਰੋੜਾ ਦੀ ਮਸੂਮ ਲੁੱਕ ਤੇ ਕੰਗ ਦਾ ਚਾਕਲੇਟ ਚਿਹਰਾ ਫਿਲਮ ਯੁਵਾ ਵਰਗ ਨੂੰ ਪਸੰਦ ਆਉਣ ਵਾਲੀ ਬਣਨ ਵਾਲੀ ਹੈ।

## ਸਿਵੀਆ ਨੇ ਗੁਰਬਖਸ਼ ਸ਼ੌਂਕੀ ਤੋਂ ਕਰਵਾਇਆ ਗੀਤ ਕਾਕਰੋਚ ਜਾਗੋ ਪਾਰਟੀ





ਰੱਬ ਗਾਜ਼ਰਾਂ ਦੇਵੇ ਤਾਂ ਰੰਬਾ ਵਿੱਚ ਹੀ ਇਹ ਗੁਰ ਕਰਨੈਲ ਸਿਵੀਆ ਕੋਲ ਹੈ ਤੇ ਸਿਵੀਆ ਅੱਜ ਕਲ ਇੰਜ ਲੱਗਦਾ ਜੀਕਣ ਸਤਰਾਂ ਅਠਾਰਾਂ ਸਾਲ ਦਾ ਗੱਭਰੂ ਗੀਤ ਲੇਖਕ ਹੋਏ ਤਾਂ ਹੀ ਦਿਮਾਗ ਓਸ ਦਾ ਅੱਜ ਕਲ ਹਰ ਈਵੈਂਟ ਜਿਹੜਾ ਚਰਚਿਤ ਨੂੰ ਪਕੜ ਲੈਂਦਾ ਹੈ। ਪਹਿਲਾਂ ਓਸ ਪੰਜਾਬ ਕਿੰਗਜ ਕ੍ਰਿਕਟ ਲਈ ਗਾਣਾ ਕਰ ਦਿੱਤਾ ਤੇ ਅੱਜ ਭਾਰਤ ਵਿੱਚ ਤਹਿਲਕਾ ਮਚਾ ਦੇਣ ਵਾਲੀ ਸਭ ਨੂੰ ਪਿੱਛੇ ਸਿਟਣ ਵਾਲੀ "ਕਾਕਰੋਚ ਜਾਗੋ ਪਾਰਟੀ" ਤੇ ਕਰਨੈਲ ਸਿਵੀਆ ਨੇ ਗਾਣਾ ਕਰ ਦਿੱਤਾ ਹੈ। ਸਦਕੇ ਜਾਵਾਂ ਇਸ ਨੂੰ ਓਹ ਕਰਨੈਲ ਸਿਵੀਆ ਆਫਾਈਸ਼ਲ ਤੋਂ ਲਿਆ ਰਹੇ ਹਨ। ਪੋਸਟਰ ਦੇਖ ਕਰਨੈਲ ਨੂੰ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਮੁਬਾਰਕਾਂ ਆ ਰਹੀਆਂ ਹਨ। ਵਧੀਆ ਤੇ ਖਾਸ ਗੱਲ ਇਹ ਕਿ ਇਹ ਗੀਤ ਆਵਾਜ਼ ਦੇ ਧਨੀ ਸਟਾਰ ਏ ਪੰਜਾਬੀ ਗਾਇਕੀ ਗੁਰਬਖਸ਼ ਸ਼ੌਂਕੀ ਨੇ ਗਾਇਆ ਹੈ। ਕਰਨੈਲ ਸਿਵੀਆ ਨੇ ਗੁਰਬਖਸ਼ ਸ਼ੌਂਕੀ ਦੀ ਆਵਾਜ਼ ਵਿੱਚ ਸੰਗੀਤ ਫੋਕ ਸਟਾਇਲ ਦਾ ਲਿਆ ਹੈ। ਪੋਸਟਰ ਦੇਖ ਅਸ਼ਕ ਜਿਹਾ ਸਕੂਨ ਆ ਰਿਹਾ ਹੈ। ਬਾਕੀ ਇਸ ਗਾਣੇ ਨੇ ਧੁੰਮਾਂ ਪਾ ਦੇਣੀਆਂ ਨੇ ਤੇ ਕਰਨੈਲ ਸਿਵੀਆ ਨੂੰ ਲੱਖ ਰੋਕ ਲਓ ਓਸ ਚਰਚਿਤ ਹੋਣਾ ਹੀ ਹੈ ਫਿਰ ਕਮਾਲ ਏ ਨਾ ਆਪਣਾ ਭਾਊ ਕਰਨੈਲ ਸਿੰਘ ਸਿਵੀਆ। ਯਾਦ ਰਹੇ ਕਰਨੈਲ ਸਿਵੀਆ ਨੇ ਪੰਜਾਬੀ ਗੀਤਕਾਰੀ ਤੇ ਰਾਜ ਕੀਤਾ ਸੀ, ਹੈ ਤੇ ਰਹੇਗਾ ਤੇ ਨਾਲ ਓਹ ਵਧੀਆ ਗਾਇਕ ਵੀ ਹਨ। ਦੋਗਾਣਾ ਕਮਾਲ ਕਰਦੇ ਨੇ ਤੇ ਗੁਰਬਖਸ਼ ਸ਼ੌਂਕੀ ਨਾਲ ਕਮਾਲ ਕਰਵਾ ਰਹੇ ਨੇ "ਭਾਰਤੀ ਕਾਕਰੋਚ ਜਾਗੋ ਪਾਰਟੀ" ਨਾਲ ਜੈ ਹੋ। ਮੰਨ ਗਏ ਉਸਤਾਦ ਦਿਮਾਗ ਕਰਨੈਲ ਸਿਹੁ ਸਿਵੀਆ ਦਾ।

## ਇੱਕ ਤੂੰ ਨਾ ਮਿਲੀ ਸਭ ਕੁਛ ਮਿਲਾ ਐੱਚ ਆਰ ਡੀ ਸਿੰਘ



ਐੱਚ ਆਰ ਡੀ ਸਿੰਘ ਬਹੁਤ ਹੀ ਟੈਲੇਂਟ ਭਰਪੂਰ ਐਕਟਰ ਹਨ ਤੇ ਓਹਨਾ ਨੇ ਖੁਦ ਐਕਟਿੰਗ ਦੇ ਨਾਲ ਖੁਦ ਵੀ ਇੱਕ ਸ਼ੋਰਟ ਫਿਲਮ ਨਿਰਦੇਸ਼ਤ ਕੀਤੀ ਹੈ। ਕੰਮ ਓਹਨਾ ਕੋਲ ਪੰਜਾਬੀ ਫ਼ਿਲਮਾਂ ਦੇ ਇਲਾਵਾ ਬਾਲੀਵੁੱਡ ਵਿੱਚ ਵੀ ਹੈ ਤੇ ਨਾਲ ਹੀ ਐੱਚ ਆਰ ਡੀ ਸਿੰਘ ਯੂ ਐਸ ਏ ਤੱਕ ਈਵੈਂਟ ਕਰ ਦਰਸਾ ਚੁੱਕੇ ਨੇ ਕਿ ਅਭਿਨੈ ਦੀ ਓਹਨਾ ਦੀ ਦੁਕਾਨ ਦੂਰ ਦੂਰ ਤੱਕ ਮਕਬੂਲ ਹੈ। ਬੇਹਤਰ ਐਕਟਿੰਗ ਲਈ, ਸ਼ਾਨਦਾਰ ਮਾਡਲਿੰਗ ਤੇ ਵੀਡੀਓ ਲਈ ਓਹਨਾ ਦੇ ਸਨਮਾਨ ਹੁੰਦੇ ਰਹਿੰਦੇ ਹਨ। ਓਸ ਵੇਲੇ ਇੱਕ ਸਨਮਾਨ ਬਾਅਦ ਓਹ ਕਾਫੀ ਜਜ਼ਬਾਤੀ ਹੋ ਕਿ ਆਖਣ ਲੱਗੇ ਦਿਨਾਂ ਦੀ ਗੱਲ ਸਨਮਾਨ ਘਰ ਲਿਜਾਇਆ ਤਾਂ ਪਤਨੀ ਬਹੁਤ ਖੁਸ਼ ਹੋਈ ਬੋਲੀ ਅਗਲੇ ਸਨਮਾਨ ਤੇ ਨਾਲ ਜਾਵਾਂਗੀ ਪਰ ਉਹ ਨਹੀਂ ਰਹੇ ਸੱਚ ਗੱਲ ਕਿ ਇਨਸਾਨ ਜਿੰਨਾ ਮਰਜ਼ੀ ਰੁਤਬਾ ਹੋਏ ਔਰਤ ਬਿਨ ਅਧੂਰਾ ਹੈ ਤੇ ਐੱਚ ਆਰ ਡੀ ਸਿੰਘ ਨੇ ਕਿਹਾ ਕਿ ਕੁਦਰਤ ਅੱਗੇ ਜ਼ੋਰ ਨਹੀਂ ਪਰ ਕੁੱਝ ਚੀਜ਼ਾਂ ਘਰ ਵਾਲੀ ਨਾਲ ਹੀ ਚੰਗੀਆਂ ਲੱਗਦੀਆਂ ਹਨ। ਫ਼ਿਰ ਓਹ ਆਖਦੇ ਨੇ ਜ਼ਿੰਦਗੀ ਇਸ ਦਾ ਨਾਮ ਹੈ ਇਸ ਨੂੰ ਜਿਵੇਂ ਕਿਵੇਂ ਹੁਣ ਚਲਾਉਣਾ ਹੀ ਪੈਣਾ ਹੈ ਪਰ ਯਾਦਾਂ ਸੋਹਣੇ ਸੱਜਣਾਂ ਦੀਆਂ।

## ਗਾ ਕਿ ਸਮਝਾਏ ਨਿੰਮਾ ਮਹਿਰਮ ਪੁਰੀਆ ਨਾ ਬੋਲ ਬੰਦੇ ਮਾੜਾ ਬੋਲ




ਨਿੰਮਾ ਮਹਿਰਮ ਪੁਰੀਆ ਯੂ ਐਸ ਏ ਰਿਕਾਰਡਜ਼ ਨੇ ਆਪਣੇ ਨਵੇਂ ਗੀਤ ਦਾ ਪੋਸਟਰ ਸ਼ੇਅਰ ਕਰ ਦਿੱਤਾ ਹੈ ਤੇ ਮਗਰ ਹੀ ਗੀਤ ਆ ਗਿਆ ਹੈ ਤੇ ਚਲ ਵੀ ਰਿਹੈ। ਗੀਤ ਦਾ ਟਾਈਟਲ ਹੈ "ਮਾੜਾ ਬੋਲ" ਤੇ ਇਹ ਲੋਕ ਤੱਥ ਕੇਰਾਂ ਫ਼ਿਰ ਧੁੰਮ ਪਾਏਗਾ। ਪੋਸਟਰ ਤੇ ਨਿੰਮਾ ਮਹਿਰਮ ਪੁਰੀਆ ਦੀ ਤਸਵੀਰ ਬਿਲਕੁਲ ਪਿਓਰ ਪੰਜਾਬੀ ਗਾਇਕ ਦੀ ਨਜ਼ਰ ਆ ਰਹੀ ਹੈ। ਅੱਛੀ ਗੱਲ ਹੈ ਕਿ ਨਿੰਮਾ ਕਲਚਰ ਭਰੇ ਗੀਤ ਖੁਦ ਆਪ ਵੀ ਲਿਖ ਲੈਂਦਾ ਹੈ ਤੇ "ਸੋਹਣੇ ਪੰਜਾਬ ਤੋਂ ਜਾਵਾਂ ਬਲਿਹਾਰੇ" ਗੀਤ ਨਾਲ ਨਿੰਮਾ ਮਹਿਰਮ ਪੁਰੀਆ ਦਾ ਨਾਮ ਪੂਰਾ ਬਣਿਆ ਸੀ। ਇਹ ਨਵਾਂ ਟਰੈਕ "ਮਾੜਾ ਬੋਲ" ਐਸ ਬੀ ਫੋਟੋਗ੍ਰਾਫੀ ਦੀ ਮਿਹਨਤ ਨਾਲ ਕਲਚਰਲ ਵੀਡੀਓ ਰੂਪ ਵਿੱਚ ਨਜ਼ਰ ਆ ਪੰਜਾਬੀ ਵਿਰਸੇ ਨੂੰ ਉਤਸ਼ਾਹਿਤ ਕਰਦਾ ਨਜ਼ਰ ਆਏਗਾ। ਇਸ ਵਾਰ ਸਿਮਰਨ ਫ਼ਿਲਮਜ਼ ਨੇ ਪ੍ਰਜਾਪਤੀ ਫ਼ਿਲਮ ਦਾ ਸਾਥ ਦੇ ਇਹ ਗੀਤ ਵਧੀਆ ਬਣਾਉਣ ਲਈ ਸੰਪਾਦਨ ਅੱਤੀ ਉੱਤਮ ਕੀਤਾ ਹੈ। ਗੋਪੀ ਹਿਆਲਾ ਨੇ ਵੀ ਡੀ ਵਜੋਂ ਕੰਮ ਕੀਤਾ ਹੈ। ਇਸ ਦਾ ਸੰਗੀਤ ਨਿੰਮਾ ਮਹਿਰਮ ਪੁਰੀਆ ਦੇ ਸਥਾਪਿਤ ਸੰਗੀਤਕਾਰ ਐਮ ਕੇ ਵੀ ਬੀਟ ਨੇ ਦਿੱਤਾ ਹੈ। ਆਓ ਦੁਆ ਕਰੀਏ ਨਿੰਮਾ ਮਹਿਰਮ ਪੁਰੀਆ ਅਮਰੀਕਾ ਰਹਿ ਕਿ ਵੀ ਪੰਜਾਬੀ ਵਿਰਸੇ ਦੇ ਗੀਤ ਸੰਗੀਤ ਨੂੰ ਉਤਸ਼ਾਹਿਤ ਕਰਦਾ ਰਹੇ। ਯਾਦ ਰਹੇ "ਸਿੰਘ ਸੂਰਮੇ," ਤੇ "ਸੋਹਣੇ ਦੇਸ਼ ਪੰਜਾਬ ਤੋਂ ਜਾਵਾਂ ਬਲਿਹਾਰੇ" ਨਾਲ ਨਿੰਮਾ ਮਹਿਰਮ ਪੁਰੀਆ ਅਮਰੀਕਾ ਹੀ ਨਹੀਂ ਯੂਰਪ ਦਾ ਵੀ ਟੋਪ ਕਲਾਕਾਰ ਬਣਿਆ ਹੈ।

## ਸਤਿੰਦਰ ਸੀਤੂ ਲੱਗਦੀ ਹੀਰੋਇਨ ਕਰਵਾਏ ਅਮਰੀਕਾ ਵਿੱਚ ਮੇਲਾ ਤੀਆਂ ਦਾ

ਅੱਖਾਂ ਨਾਲ ਹਰ ਸਖ਼ਸ਼ ਨੂੰ ਮੋਹ ਲੈਣ ਵਾਲੀ ਗਜ਼ਬ ਪਰਸਨੈਲਿਟੀ ਸਤਿੰਦਰ ਸੀਤੂ ਦੀ ਹੈ ਤੇ ਓਹ ਹਰੇ ਤੂਤ ਦੀ ਪਿਆਰੀ ਲਗਰ ਜਿਹੀ ਜੱਟੀ ਪੰਦਰਾਂ ਮੁਰੱਬਿਆਂ ਵਾਲੀ ਲੱਗਦੀ ਹੈ। ਸਤਿੰਦਰ ਦਾ ਇੱਕ ਹੀ



ਨਿਸ਼ਾਨਾ ਯੂ ਐਸ ਏ ਵੀ ਪੰਜਾਬ ਦੇ ਮੇਲੇ, ਵਿਰਸਾ ਤੇ ਕਲਚਰ ਆਪਣਾ ਕੰਮ ਕਰਦਾ ਰਹੇ ਤੇ ਔਰਤਾਂ ਦੀ ਜ਼ਿੰਦਗੀ ਵੀ "ਹੱਸਣਾ ਖੇਡਣਾ ਮਨ ਕਾ ਚਾਓ," ਕਰਦੀ ਰਹੇ ਤੇ ਪੰਜਾਬਣ ਨਾਰੀ ਬਣ ਖੁਦ ਚਹਿਕੇ ਤੇ ਮਹਿਕ ਨਾਲ ਬਾਕੀ ਸੁਗੰਧਿਤ ਕਰੇ। ਇਹ ਖੂਬੀਆਂ ਨਾਮ ਸਤਿੰਦਰ ਸੀਤੂ ਹੈ ਤੇ ਸਤਿੰਦਰ ਆਪਣੀਆਂ ਪਿਆਰੀਆਂ ਸਹੇਲੀਆਂ ਨਾਲ ਮਿਲ "ਮੇਲਾ ਤੀਆਂ ਦਾ" ਇਸ ਵਾਰ ਵੀ ਕਰਵਾ ਰਹੀ ਹੈ। ਰਿਵਰ ਸਾਈਡ ਇੰਡਿਆਨਾ ਵਿਖੇ ਇਹ "ਮੇਲਾ ਤੀਆਂ ਦਾ" ਲੱਗਣਾ ਹੈ ਤੇ ਇਸ ਵਿੱਚ ਤੀਆਂ ਦੇ ਗਾਣੇ , ਬੋਲੀਆਂ, ਗਿੱਧੇ ਦੀ ਧਮਕ ਤੇ ਖਾਣ ਪੀਣ ਦੇ ਨਾਲ ਗਹਿਣਿਆਂ ਦੇ ਸਟਾਲ ਬਹੁਤ ਕੁੱਝ ਹੋਊ ਜਿਹੜਾ ਕਾਮਯਾਬ ਮੇਲੇ ਵਿੱਚ ਹੁੰਦਾ ਹੈ। ਸੀਤੂ ਦਾ ਸਾਥ ਨੀਨਾ ਗਰੇਵਾਲ, ਜਸਮੀਨ ਕੌਰ ਦੇ ਰਹੀਆਂ ਹਨ। ਸਤਿੰਦਰ ਸੀਤੂ ਨੇ ਕਿਹਾ ਬਚਪਨ ਤੋਂ ਹੀ ਸੱਭਿਆਚਾਰਕ ਚੀਜ਼ਾਂ ਵੱਲ ਰੁਚੀ ਰੱਖਦੀ ਸੀ ਤੇ ਅਮਰੀਕਾ ਦੇਸ਼ ਆ ਕਿ ਵੀ ਸਾਉਣ ਦੀਆਂ ਤੀਆਂ ਨਹੀਂ ਭੁੱਲੀਆਂ ਤੇ ਓਹ ਇਥੇ 6ਵਾਂ ਮਨਾਉਣ ਜਾ ਰਹੀ ਹੈ "ਮੇਲਾ ਤੀਆਂ ਦਾ" ਤਿਆਰੀਆਂ ਜ਼ੋਰਾਂ ਤੇ ਇਸ ਮੇਲੇ ਦੀ ਹੀਰੋਇਨ ਸਤਿੰਦਰ ਹੀ ਹੈ। ਜਲਦੀ ਮੇਲੇ ਦੇ ਟੀਜ਼ਰ ਜ਼ਾਰੀ ਹੋਣਗੇ। ਵਧਾਈ ਇਸ ਦਲੇਰ ਸ਼ੇਰ ਦਿਲ ਸਤਿੰਦਰ ਨੂੰ ਨੂੰ ਐਨੀ ਨੱਠ ਭੱਜ ਕਰ ਇਸ ਅਮਰੀਕਾ ਵਿੱਚ ਵੀ ਪੰਜਾਬ ਵਸਾਇਆ ਹੈ। ਮਾਣ ਹੈ ਸਤਿੰਦਰ ਸੀਤੂ ਤੇ ਓਸ ਦੀਆਂ ਸਹਿਯੋਗ ਵਾਲੀਆਂ ਸਖੀਆਂ ਤੇ ਓਸ ਦੇ ਮੇਲੇ ਤੇ ਆਮੀਨ ?

## ਗਾਇਕ ਨਾਇਕ ਰਾਜ ਕਾਕੜਾ ਦਾ ਸ਼ੁਰੂ ਹੋਇਆ ਕਿਤਾਬੀ ਪੈਂਡਾ

ਪੰਜਾਬ ਦਾ ਹੀਰਾ ਹੈ ਰਾਜ ਕਾਕੜਾ ਜਿਸ ਗੀਤ ਲਿਖੇ ਪ੍ਰੇਮ ਵੰਡਿਆ, ਇਨਕਲਾਬੀ ਕਦਮ ਦਰਸਾਏ ਤੇ ਗੀਤਕਾਰ ਤੋਂ ਗਾਇਕ ਤੇ



ਫਿਲਮ ਨਾਇਕ ਬਣੇ ਰਾਜ ਕਾਕੜਾ ਦੀ ਪਹਿਲੀ ਕਿਤਾਬ ਚੰਡੀਗੜ੍ਹ ਦੇ ਪ੍ਰੈੱਸ ਕਲੱਬ ਵਿੱਚ ਰਲੀਜ਼ ਹੋਈ ਤਾਂ ਪੰਜਾਬ ਦੀ ਮਿੱਟੀ ਨੂੰ ਸਵਾਦ ਜਿਹਾ ਆਇਆ ਹੋਊ। ਰਾਜ ਕਾਕੜਾ ਦੇ ਗੀਤਾਂ ਦੀ ਇਸ ਕਿਤਾਬ ਦਾ ਨਾਮ "ਪੈਂਡਾ" ਤੇ ਪੰਜਾਬੀ ਦੀ ਉਂਗਲ ਫੜ੍ਹ ਇਸ ਪਿਆਰੀ ਧਰਤੀ ਤੋਂ ਵਿਦੇਸ਼ੀ ਧਰਤੀ ਤੱਕ ਘੁੰਮੇ ਰਾਜ ਕਾਕੜਾ ਦੇ ਇਸ ਕਦਮ ਦੀ ਹਰੇਕ ਨੇ ਸ਼ਲਾਘਾ ਕੀਤੀ। ਕਿਤਾਬ ਰਿਲੀਜ਼ ਮੌਕੇ ਪਾਲੀਵੁੱਡ ਸਟਾਰ ਦਰਸ਼ਨ ਔਲਖ, ਹਰੀ ਓਮ ਜਲੋਟਾ, ਤਰਲੋਚਨ ਸਿੰਘ, ਜਗਤਾਰ ਸਿੰਘ ਭੁੱਲਰ, ਦੀਪਕ ਸ਼ਰਮਾ, ਜਸਵਿੰਦਰ ਜੱਸੀ, ਕੈਟਰੈਕ ਵਾਲਾ ਗੌਰਵ ਤਰੇਹਨ "ਯਾਦ ਧਾਲੀਵਾਲ ਤੇ ਨਵਦੀਪ ਸਿੰਘ ਹਾਜ਼ਿਰ ਰਹੇ ਤੇ ਚੰਦ ਗੀਤਾਂ ਦੇ ਬੋਲ ਮੌਕੇ ਤੇ ਰਾਜ ਕਾਕੜਾ ਨੇ ਸੁਣਾਏ। ਰਾਜ ਕਾਕੜਾ ਦੀ ਕਿਤਾਬ "ਪੈਂਡਾ" ਪੰਜਾਬੀਅਤ ਦੇ "ਪੈਂਡਾ" ਹੋਰਾਂ ਨੂੰ ਪਾਏ ਸ਼ੁੱਭ ਕਾਮਨਾਵਾਂ ਤੇ ਰਾਜ ਕਾਕੜਾ ਨੂੰ ਮੁਬਾਰਕ। ਰਾਜ ਕਾਕੜਾ ਨੇ ਅਮਰਿੰਦਰ ਗਿੱਲ ਲਈ ਰੋਮੈਂਸ ਵਾਲੇ ਗੀਤ ਲਿਖ, "ਪੱਤਾ ਪੱਤਾ ਸਿੰਘਾਂ ਦਾ ਵੈਰੀ" ਫਿਲਮ ਬਣਾ ਹੀਰੋ ਆ ਤੇ ਵਿਦੇਸ਼ ਚ ਗਾਇਕ ਬਣ ਦਿਖਾ ਦਿੱਤਾ ਹੈ ਕਿ ਜਜ਼ਬਾ ਜਨੂੰਨ ਕਾਮਯਾਬ ਹੋਵਣ ਤੇ ਹੁਣ ਇਹ ਹੀ ਰਾਜ ਕਾਕੜਾ ਪੁਸਤਕ "ਪੈਂਡਾ" ਤਹਿ ਕਰਨ ਤੁਰਿਆ ਹੈ ਸ਼ੁੱਭ ਕਾਮਨਾਵਾਂ।

-ਅੰਮ੍ਰਿਤ ਪਵਾਰ

# ਭਾਰਤ ਦਾ ਢਿੱਡ ਭਰਨ ਵਾਲਾ ਪੰਜਾਬ ਖ਼ੁਦ ਭੁੱਖਮਰੀ ਵੱਲ ?

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**

**✪ ਰਸਾਇਣਕ ਖਾਦਾਂ ਅਤੇ ਪਲਾਸਟਿਕ ਦੇ ਕੂੜੇ ਨੇ ਤਬਾਹ ਕੀਤੀ ਧਰਤੀ ਦੀ ਉਪਜਾਊ ਸ਼ਕਤੀ ! ✪ ਤੀਜਾ ਹਿੱਸਾ ਜ਼ਮੀਨ ਹੋਈ ਬੰਜਰ, ਪੰਜਾਬ ਦੇ ਮਾਲਵਾ ਵਾਂਗ ਪੂਰੇ ਸੂਬੇ ਵਿਚ ਪਸਰ ਰਿਹਾ ਹੈ ਕੈਂਸਰ ਦਾ ਜ਼ਹਿਰ ! ✪ ਸਰਕਾਰਾਂ ਦੀ ਨਾਕਾਮੀ ਆਈ ਸਾਹਮਣੇ !**

ਹਰੀ ਕ੍ਰਾਂਤੀ ਦੇ ਦੌਰ ਵਿੱਚ ਭਾਰਤ ਦਾ ਢਿੱਡ ਭਰਨ ਵਾਲਾ ਸੂਬਾ ਪੰਜਾਬ ਅੱਜ ਖੁਦ ਇੱਕ ਵੱਡੇ ਵਾਤਾਵਰਣਿਕ ਅਤੇ ਖੇਤੀਬਾੜੀ ਸੰਕਟ ਦੇ ਮੁਹਾਨੇ 'ਤੇ ਖੜ੍ਹਾ ਹੈ। ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ, ਡਿੱਗਦਾ ਭੂ-ਜਲ ਪੱਧਰ ਅਤੇ ਉਦਯੋਗਿਕ ਪ੍ਰਦੂਸ਼ਣ ਪੰਜਾਬ ਦੀ ਸੋਨੇ ਵਰਗੀ ਉਪਜਾਊ ਜ਼ਮੀਨ ਨੂੰ ਹੌਲੀ-ਹੌਲੀ ਮਾਰੂਥਲ (ਰੇਗਿਸਤਾਨ) ਵਿੱਚ ਤਬਦੀਲ ਕਰ ਰਹੇ ਹਨ। ਜੇਕਰ ਸਮਾਂ ਰਹਿੰਦੇ ਠੋਸ ਕਦਮ ਨਾ ਚੁੱਕੇ ਗਏ, ਤਾਂ ਆਉਣ ਵਾਲੇ ਕੁਝ ਦਹਾਕਿਆਂ ਵਿੱਚ ਪੰਜਾਬ ਦੇ ਸਾਹਮਣੇ ਭਿਆਨਕ ਖੁਰਾਕ ਅਤੇ ਸਿਹਤ ਸੰਕਟ ਖੜ੍ਹਾ ਹੋ ਜਾਵੇਗਾ।



ਪੰਜਾਬ ਵਿੱਚ ਫਸਲਾਂ ਦੀ ਵੱਧ ਪੈਦਾਵਾਰ ਲੈਣ ਦੇ ਚੱਕਰ ਵਿੱਚ ਅਣਗਿਣਤ ਮਾਤਰਾ ਵਿੱਚ ਕੈਮੀਕਲ, ਕੀਟਨਾਸ਼ਕ ਦਵਾਈਆਂ ਅਤੇ ਰਸਾਇਣਕ ਖਾਦਾਂ (ਜਿਵੇਂ ਯੂਰੀਆ ਅਤੇ ਡੀ.ਏ.ਪੀ.) ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਬੇਮੁਹਾਰੇ ਪ੍ਰਯੋਗ ਕਾਰਨ ਮਿੱਟੀ ਦੇ ਕੁਦਰਤੀ ਪੋਸ਼ਕ ਤੱਤ ਅਤੇ ਦੋਸਤ ਕੀੜੇ (ਜਿਵੇਂ ਗੰਡੋਏ) ਖਤਮ ਹੋ ਰਹੇ ਹਨ। ਇਹ ਜ਼ਹਿਰੀਲੇ ਕੈਮੀਕਲ ਧਰਤੀ ਹੇਠਲੇ ਪਾਣੀ ਵਿੱਚ ਮਿਲ ਕੇ ਮਨੁੱਖੀ ਸਰੀਰ ਤੱਕ ਪਹੁੰਚ ਰਹੇ ਹਨ। ਮਾਲਵਾ ਖੇਤਰ ਵਿੱਚ ਵਧ ਰਹੇ ਕੈਂਸਰ, ਲਿਵਰ ਅਤੇ ਗੁਰਦਿਆਂ ਦੇ ਰੋਗ ਇਸੇ 'ਆਤਮਘਾਤੀ ਵਿਕਾਸ' ਦਾ ਨਤੀਜਾ ਹਨ।

ਦੇਸ਼ ਵਿੱਚ 1947 ਦੌਰਾਨ ਟਿਊਬਵੈੱਲਾਂ ਦੀ ਗਿਣਤੀ ਬਹੁਤ ਘੱਟ ਸੀ, ਪਰ ਅੱਜ ਪੰਜਾਬ ਵਿੱਚ ਲੱਖਾਂ ਟਿਊਬਵੈੱਲ ਦਿਨ-ਰਾਤ ਪਾਣੀ ਖਿੱਚ ਰਹੇ ਹਨ।

ਝੋਨੇ ਦੀ ਬਿਜਾਈ ਕਾਰਨ ਪੰਜਾਬ ਦੇ ਬਹੁਤ ਸਾਰੇ ਬਲਾਕ 'ਡਾਰਕ ਜ਼ੋਨ' (ਅਤਿ-ਗੰਭੀਰ) ਵਿੱਚ ਜਾ ਚੁੱਕੇ ਹਨ।

ਧਰਤੀ ਹੇਠੋਂ ਹੱਦੋਂ ਵੱਧ ਪਾਣੀ ਕੱਢਣ ਕਾਰਨ ਜ਼ਮੀਨ ਦੀ ਅੰਦਰੂਨੀ ਨਮੀ ਖਤਮ ਹੋ ਰਹੀ ਹੈ, ਜਿਸ ਨਾਲ ਰੇਗਿਸਤਾਨੀਕਰਨ ਦਾ ਖਤਰਾ ਤੇਜ਼ੀ ਨਾਲ ਵਧ ਰਿਹਾ ਹੈ।

ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਉਦਯੋਗਿਕ ਸ਼ਹਿਰਾਂ ਵਿੱਚੋਂ ਨਿਕਲਣ ਵਾਲਾ ਕੈਮੀਕਲ ਯੁਕਤ ਗੰਦਾ ਪਾਣੀ ਅਤੇ ਉਦਯੋਗਿਕ ਕੂੜਾ ਬਿਨਾਂ ਫਿਲਟਰ ਕੀਤੇ ਨਦੀਆਂ ਅਤੇ ਨਾਲਿਆਂ (ਜਿਵੇਂ ਬੁੱਢਾ ਨਾਲਾ) ਵਿੱਚ ਵਹਾਇਆ ਜਾ ਰਿਹਾ ਹੈ।

**ਜ਼ਮੀਨ ਅਤੇ ਨਹਿਰੀ ਪਾਣੀ ਪ੍ਰਦੂਸ਼ਿਤ:** ਇਹ ਪ੍ਰਦੂਸ਼ਿਤ ਪਾਣੀ ਧਰਤੀ ਦੇ ਅੰਦਰ ਰਿਸ ਰਿਹਾ ਹੈ। ਜਦੋਂ ਇਸੇ ਪ੍ਰਦੂਸ਼ਿਤ ਪਾਣੀ ਨਾਲ ਖੇਤਾਂ ਦੀ ਸਿੰਚਾਈ ਕੀਤੀ ਜਾਂਦੀ ਹੈ, ਤਾਂ ਜ਼ਮੀਨ ਵਿੱਚ ਲੂਣ ਅਤੇ ਖਾਰਾਪਨ ਵਧ ਜਾਂਦਾ ਹੈ, ਜੋ ਜ਼ਮੀਨ ਨੂੰ ਪੂਰੀ ਤਰ੍ਹਾਂ ਬੰਜਰ ਬਣਾ ਦਿੰਦਾ ਹੈ।

**ਪਲਾਸਟਿਕ ਦਾ ਕੂੜਾ:** ਸ਼ਹਿਰਾਂ ਦੇ ਨਾਲ-ਨਾਲ ਪੇਂਡੂ ਖੇਤਰਾਂ ਵਿੱਚ ਵੀ ਪਲਾਸਟਿਕ ਅਤੇ ਪੌਲੀਥੀਨ ਦਾ ਕੂੜਾ ਮਿੱਟੀ ਵਿੱਚ ਜਜ਼ਬ ਨਹੀਂ ਹੁੰਦਾ, ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਨੂੰ ਵੱਡੀ ਸੱਟ ਵੱਜ ਰਹੀ ਹੈ।

ਪੰਜਾਬ ਵਿੱਚ ਜੰਗਲਾਤ ਹੇਠ ਰਕਬਾ ਪਹਿਲਾਂ ਹੀ ਰਾਸ਼ਟਰੀ ਔਸਤ ਨਾਲੋਂ ਬਹੁਤ ਘੱਟ ਹੈ। ਸੜਕਾਂ ਦੇ ਚੌੜੇ ਕਰਨ ਅਤੇ ਸ਼ਹਿਰੀਕਰਨ ਦੇ ਨਾਂ 'ਤੇ ਲੱਖਾਂ ਰੁੱਖ ਵੱਢੇ ਜਾ ਰਹੇ ਹਨ। ਪਿੰਡਾਂ ਵਿੱਚ ਸਾਂਝੀਆਂ ਚਰਾਗਾਹਾਂ (ਸ਼ਾਮਲਾਟ ਜ਼ਮੀਨਾਂ) ਲਗਭਗ ਖਤਮ ਹੋ ਚੁੱਕੀਆਂ ਹਨ। ਬਨਸਪਤੀ ਦੇ ਇਸ ਘਾਟੇ ਕਾਰਨ ਮਿੱਟੀ ਦਾ ਖੋਰ (ਸ਼ੌਇਲ ਓਰੋਸਿਨ) ਵਧ ਰਿਹਾ ਹੈ ਅਤੇ ਤੇਜ਼ ਹਵਾਵਾਂ ਮਿੱਟੀ ਦੀ ਉਪਜਾਊ ਪਰਤ ਨੂੰ ਉਡਾ ਕੇ ਲੈ ਜਾਂਦੀਆਂ ਹਨ।

ਖੇਤੀ ਬਾੜੀ ਮਾਹਿਰਾਂ ਦੀ ਰਾਇ ਹੈ ਕਿ ਹਾਲਾਂਕਿ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਸਮੇਂ-ਸਮੇਂ 'ਤੇ ਫਸਲੀ ਵਿਭਿੰਨਤਾ ਅਤੇ ਪਾਣੀ ਬਚਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ, ਪਰ ਜ਼ਮੀਨੀ ਪੱਧਰ 'ਤੇ ਕੋਈ ਠੋਸ ਨੀਤੀ ਨਜ਼ਰ ਨਹੀਂ ਆ ਰਹੀ। ਜੇਕਰ ਪੰਜਾਬ ਦੀ ਹੋਂਦ ਨੂੰ ਬਚਾਉਣਾ ਹੈ, ਤਾਂ ਸਾਨੂੰ ਰਵਾਇਤੀ ਕੁਦਰਤੀ ਖੇਤੀ ਵੱਲ ਮੁੜਨਾ ਪਵੇਗਾ। ਝੋਨੇ ਦੇ ਬਦਲ ਵਜੋਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ (ਜਿਵੇਂ ਮੱਕੀ, ਦਾਲਾਂ ਅਤੇ ਬਾਜਰਾ) ਨੂੰ ਉਤਸ਼ਾਹਿਤ ਕਰਨਾ ਪਵੇਗਾ ਅਤੇ ਉਦਯੋਗਾਂ ਦੇ ਗੰਦੇ ਪਾਣੀ ਨੂੰ ਸਖ਼ਤੀ ਨਾਲ ਟ੍ਰੀਟ ਕਰਨਾ ਪਵੇਗਾ। ਸਿਆਸੀ ਬਿਆਨਬਾਜ਼ੀ ਤੋਂ ਉੱਪਰ ਉੱਠ ਕੇ ਇਸ 'ਗੰਭੀਰ ਵਿਨਾਸ਼' ਨੂੰ ਰੋਕਣ ਲਈ ਸਖ਼ਤ ਕਾਨੂੰਨ ਅਤੇ ਇੱਛਾ-ਸ਼ਕਤੀ ਦੀ ਲੋੜ ਹੈ।"

# ਈਂਧਨ ਦਾ ਸੰਕਟ: ਜੰਗ ਦੀ ਅੱਗ ਵਿੱਚ ਝੁਲਸਦੀਆਂ ਗਲੋਬਲ ਆਰਥਿਕਤਾਵਾਂ

**✪ ਤੇਲ ਦੀ ਕਮੀ, ਆਰਥਿਕ ਕੰਗਾਲੀ ਦਾ ਖ਼ਤਰਾ, ਤਬਾਹੀ ਦੇ ਕੰਢੇ ਖੜ੍ਹੇ 27 ਮੁਲਕ**

ਮਿਡਲ ਈਸਟ ਵਿੱਚ ਛਿੜੀ ਜੰਗ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਅਜੋਕੇ ਦੌਰ ਵਿੱਚ ਕੋਈ ਵੀ ਦੇਸ਼ ਗਲੋਬਲ ਹਾਲਾਤ ਤੋਂ ਅਛੂਤਾ ਨਹੀਂ ਰਹਿ ਸਕਦਾ। ਇਰਾਨ ਯੁੱਧ ਦੇ ਸ਼ੁਰੂ ਹੋਣ ਤੋਂ ਬਾਅਦ ਵਿਸ਼ਵ ਭਰ ਵਿੱਚ ਪੈਦਾ ਹੋਇਆ ਪੈਟਰੋਲ, ਡੀਜ਼ਲ ਅਤੇ ਐਲ.ਪੀ.ਜੀ. ਦਾ ਸੰਕਟ ਹੁਣ ਸਿਰਫ਼ ਇੱਕ ਊਰਜਾ ਸੰਕਟ ਨਹੀਂ ਰਿਹਾ, ਸਗੋਂ ਇਹ ਇੱਕ ਵੱਡੀ ਆਰਥਿਕ ਸੁਨਾਮੀ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਵਰਲਡ ਬੈਂਕ ਦੀ ਤਾਜ਼ਾ ਰਿਪੋਰਟ ਬੇਹੱਦ ਚਿੰਤਾਜਨਕ ਹੈ, ਜਿਸ ਮੁਤਾਬਕ ਦੁਨੀਆ ਦੇ 27 ਦੇਸ਼ਾਂ ਦੀ ਆਰਥਿਕਤਾ ਇਸ ਵੇਲੇ 'ਵੈਂਟੀਲੇਟਰ' 'ਤੇ ਆ ਚੁੱਕੀ ਹੈ ਅਤੇ ਉਨ੍ਹਾਂ ਨੇ ਐਮਰਜੈਂਸੀ ਫੰਡਾਂ ਲਈ ਗੁਹਾਰ ਲਗਾਈ ਹੈ। ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਜੇਕਰ ਜੰਗ ਦੇ ਹਾਲਾਤ ਜਲਦੀ ਨਾ ਸੰਭਲੇ, ਤਾਂ ਦੁਨੀਆ ਦੇ ਕਈ ਗਰੀਬ ਅਤੇ ਵਿਕਾਸਸ਼ੀਲ ਦੇਸ਼ ਪੂਰੀ ਤਰ੍ਹਾਂ ਕੰਗਾਲੀ ਦੇ ਕੰਢੇ ਪਹੁੰਚ ਜਾਣਗੇ।

ਤੇਲ ਅਤੇ ਗੈਸ ਦੀਆਂ ਵਧਦੀਆਂ ਕੀਮਤਾਂ, ਸਪਲਾਈ ਚੇਨ ਦੇ ਟੁੱਟਣ ਅਤੇ ਖਾਦਾਂ ਦੇ ਸੰਕਟ ਨੇ ਕਈ ਮੁਲਕਾਂ ਦਾ ਲੱਕ ਤੋੜ ਦਿੱਤਾ ਹੈ। ਕੀਨੀਆ ਅਤੇ ਇਰਾਕ ਵਰਗੇ ਦੇਸ਼ਾਂ ਵੱਲੋਂ ਵਰਲਡ ਬੈਂਕ ਤੋਂ ਤੁਰੰਤ ਮਦਦ ਮੰਗਣ ਦੀ ਪੁਸ਼ਟੀ ਇਸ ਗੱਲ ਦਾ ਸਬੂਤ ਹੈ ਕਿ ਪਾਣੀ ਸਿਰ ਤੋਂ ਲੰਘ ਚੁੱਕਾ ਹੈ। ਕੀਨੀਆ ਵਰਗੇ ਦੇਸ਼ ਵਿੱਚ ਪੈਟਰੋਲੀਅਮ ਪਦਾਰਥਾਂ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਨੇ ਆਮ ਜਨਜੀਵਨ ਅਤੇ ਟ੍ਰਾਂਸਪੋਰਟ ਪ੍ਰਣਾਲੀ ਨੂੰ ਠੱਪ ਕਰ ਦਿੱਤਾ ਹੈ, ਜਦਕਿ ਇਰਾਕ ਵਰਗੇ ਤੇਲ ਉਤਪਾਦਕ ਦੇਸ਼ ਨੂੰ ਵੀ ਇਸ ਹਫੜਾ-ਦਫੜੀ ਵਿੱਚ ਆਰਥਿਕ ਝਟਕੇ ਝੱਲਣੇ ਪੈ ਰਹੇ ਹਨ।

ਇਸ ਪੂਰੇ ਘਟਨਾਕ੍ਰਮ ਵਿੱਚ ਇੱਕ ਦਿਲਚਸਪ ਅਤੇ ਸੋਚਣ ਵਾਲਾ ਪਹਿਲੂ ਇਹ ਸਾਹਮਣੇ ਆਇਆ ਹੈ ਕਿ ਸੰਕਟਗ੍ਰਸਿਤ ਦੇਸ਼ ਆਈ.ਐਮ.ਐਫ.ਦੀ ਬਜਾਏ ਵਰਲਡ ਬੈਂਕ ਤੋਂ ਮਦਦ ਲੈਣ ਨੂੰ ਤਰਜੀਹ ਦੇ ਰਹੇ ਹਨ।



ਇਸ ਦੀ ਵਜ੍ਹਾ ਬਿਲਕੁਲ ਸਾਫ਼ ਹੈ-ਆਈ. ਐਮ. ਐਫ. ਦੀਆਂ ਕਰਜ਼ਾ ਸ਼ਰਤਾਂ ਬੇਹੱਦ ਸਖ਼ਤ ਹੁੰਦੀਆਂ ਹਨ, ਜੋ ਦੇਸ਼ਾਂ ਨੂੰ ਜਨਤਕ ਖਰਚਿਆਂ ਵਿੱਚ ਕਟੌਤੀ ਕਰਨ ਲਈ ਮਜਬੂਰ ਕਰਦੀਆਂ ਹਨ। ਮੌਜੂਦਾ ਸੰਕਟ ਦੇ ਦੌਰ ਵਿੱਚ ਕੋਈ ਵੀ ਸਰਕਾਰ ਆਪਣੇ ਦੇਸ਼ ਵਿੱਚ ਜਨਤਕ ਗੁੱਸਾ ਜਾਂ ਸਮਾਜਿਕ ਅਸ਼ਾਂਤੀ ਸਹੇੜਨ ਦੇ ਹੱਕ ਵਿੱਚ ਨਹੀਂ ਹੈ। ਵਰਲਡ ਬੈਂਕ ਵੱਲੋਂ ਅਗਲੇ ਛੇ ਮਹੀਨਿਆਂ ਵਿੱਚ 60 ਅਰਬ ਡਾਲਰ ਤੱਕ ਦੀ ਤੁਰੰਤ ਸਹਾਇਤਾ ਦੇਣ ਦੀ ਤਿਆਰੀ ਯਕੀਨਨ ਇੱਕ ਰਾਹਤ ਵਾਲੀ ਗੱਲ ਹੈ, ਪਰ ਇਹ ਇਸ ਸਥਾਈ ਬਿਮਾਰੀ ਦਾ ਪੱਕਾ ਇਲਾਜ ਨਹੀਂ ਹੈ। ਮੂਲ ਗੱਲ ਇਹ ਹੈ ਕਿ ਅੰਤਰਰਾਸ਼ਟਰੀ ਸੰਸਥਾਵਾਂ ਦੇ ਫੰਡ ਕਿਸੇ ਵੀ ਦੇਸ਼ ਦੀ ਆਰਥਿਕਤਾ ਨੂੰ ਕੁਝ ਸਮੇਂ ਲਈ ਸਹਾਰਾ ਤਾਂ ਦੇ ਸਕਦੇ ਹਨ, ਪਰ ਜੰਗ ਦੇ ਲੰਬੇ ਖਿੱਚਣ ਨਾਲ ਪੈਦਾ ਹੋਣ ਵਾਲੀ ਮਹਿੰਗਾਈ ਅਤੇ ਅਸਥਿਰਤਾ ਨੂੰ ਖ਼ਤਮ ਨਹੀਂ ਕਰ ਸਕਦੇ।

ਅੱਜ ਲੋੜ ਇਸ ਗੱਲ ਦੀ ਹੈ ਕਿ ਵਿਸ਼ਵ ਸ਼ਕਤੀਆਂ ਤੁਰੰਤ ਦਖ਼ਲ ਦੇ ਕੇ ਮਿਡਲ ਈਸਟ ਵਿੱਚ ਸ਼ਾਂਤੀ ਬਹਾਲ ਕਰਨ, ਤਾਂ ਜੋ ਹੋਰਮੁਜ਼ ਵਰਗੇ ਮਹੱਤਵਪੂਰਨ ਵਪਾਰਕ ਰੂਟ ਸੁਰੱਖਿਅਤ ਰਹਿ ਸਕਣ। ਜੇਕਰ ਅਜਿਹਾ ਨਾ ਹੋਇਆ, ਤਾਂ ਵਰਲਡ ਬੈਂਕ ਦੇ ਅਰਬਾਂ ਡਾਲਰ ਵੀ ਦੁਨੀਆ ਨੂੰ ਇੱਕ ਵੱਡੀ ਆਰਥਿਕ ਮੰਦੀ ਦੇ ਦਲਦਲ ਵਿੱਚ ਡੁੱਬਣ ਤੋਂ ਨਹੀਂ ਬਚਾ ਸਕਣਗੇ। ਸਮਾਂ ਰਹਿੰਦੇ ਜਾਗਣਾ ਹੀ ਹੁਣ ਇੱਕਮਾਤਰ ਵਿਕਲਪ ਹੈ।

# ਰਿਸਦੇ ਜ਼ਖ਼ਮ ਜੂਨ ਚੁਰਾਸੀ ਦੇ...

## ਰੂਪ ਸਿੰਘ



ਜੂਨ 1984 'ਚ ਭਾਰਤ ਸਰਕਾਰ ਨੇ ਮਾਨਵਤਾ ਦੇ ਸਰਬ-ਸਾਂਝੇ ਧਰਮ ਮੰਦਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ 'ਤੇ ਫ਼ੌਜੀ ਹਮਲਾ ਕਰ ਕੇ ਸਿੱਖ ਮਾਨਸਿਕਤਾ ਨੂੰ ਐਸੇ ਜ਼ਖ਼ਮ ਦਿੱਤੇ ਜਿਹੜੇ ਨਾਸੂਰ ਬਣ ਚੁੱਕੇ ਹਨ ਜਿਨ੍ਹਾਂ ਨੂੰ ਸਵੇਰੇ-ਸ਼ਾਮ ਸਰਬੱਤ ਦਾ ਭਲਾ ਮੰਗਣ ਵਾਲਾ ਗੁਰਸਿੱਖ ਤਾਂ ਕਦੇ ਨਹੀਂ ਭੁਲਾ ਸਕੇਗਾ। ਸੰਖੇਪ ਵਿਚ ਜੇ ਗੱਲ ਕਰੀਏ ਤਾਂ ਇਹ ਫ਼ੌਜੀ ਹਮਲਾ ਸੀ ਸ੍ਰੀ ਹਰਿਮੰਦਰ ਸਾਹਿਬ 'ਤੇ! ਫ਼ੌਜੀ ਹਮਲਾ ਕਿਸੇ ਦੂਸਰੇ ਦੇਸ਼ ਦੀ ਫ਼ੌਜ 'ਤੇ ਕੀਤਾ ਜਾਂਦਾ ਹੈ। ਦੁਸ਼ਮਣ ਦੇਸ਼ ਦੇ ਨਿਹੱਥੇ-ਨਿਰਦੋਸ਼ ਨਾਗਰਿਕਾਂ 'ਤੇ ਉਹ ਵੀ ਨਹੀਂ ਕੀਤਾ ਜਾਂਦਾ ਕਿਉਂਕਿ ਕੌਮਾਂਤਰੀ ਕਾਨੂੰਨਾਂ ਤਹਿਤ ਕਿਸੇ ਦੁਸ਼ਮਣ ਦੇਸ਼ 'ਤੇ ਹਮਲਾ ਕਰਨ ਦੇ ਵੀ ਕੁਝ ਕਾਨੂੰਨ ਹੁੰਦੇ ਹਨ ਪਰ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਕਰਨ ਸਮੇਂ ਕੇਵਲ ਇਕ ਹੀ ਕਾਨੂੰਨ ਸੀ, ਸਿੱਖਾਂ ਨੂੰ ਸਬਕ ਸਿਖਾਉਣਾ ਹੈ!

ਇਹ ਫ਼ੌਜੀ ਹਮਲਾ 'ਸ੍ਰੀ ਹਰਿਮੰਦਰ ਸਾਹਿਬ' ਉੱਤੇ ਕੀਤਾ ਗਿਆ ਜਿਸ ਨੂੰ ਬ੍ਰਹਿਮੰਡ 'ਚ ਮਾਨਵਤਾ ਦਾ ਸਰਬ-ਸਾਂਝਾ ਧਰਮ ਮੰਦਰ ਹੋਣ ਦਾ ਸ਼ਰਫ਼ ਤੇ ਮਾਣ-ਸਤਿਕਾਰ ਹਾਸਲ ਹੈ। ਭਗਤ ਕਬੀਰ ਜੀ ਦਾ ਪਾਵਨ ਕਥਨ ਹੈ ਕਿ ਐਸਾ ਕੋਈ ਮਨੁੱਖ ਨਹੀਂ ਜੋ ਆਪਣੇ ਘਰ-ਮੰਦਰ-ਮਹਿਲ ਨੂੰ ਜਲਾ ਦੇਵੇ: ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ ॥ (ਪੰਨਾ 1368)

ਇਹ ਫ਼ੌਜੀ ਹਮਲਾ ਸ੍ਰੀ ਹਰਿਮੰਦਰ ਸਾਹਿਬ 'ਤੇ ਉਸ ਸਮੇਂ ਕੀਤਾ ਗਿਆ ਜਦ ਸਮੁੱਚੀ ਮਾਨਵਤਾ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਸੀ ਜਿਨ੍ਹਾਂ ਨੇ ਮਨੁੱਖਤਾ ਨੂੰ ਸਰਬ-ਸਾਂਝਾ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਰਬ-ਸਾਂਝਾ ਧਰਮ ਮੰਦਰ ਸ੍ਰੀ ਹਰਿਮੰਦਰ ਸਾਹਿਬ ਦਿੱਤਾ ਅਤੇ ਭਾਰਤੀਆਂ ਵਾਸਤੇ ਸ਼ਹਾਦਤ ਦੇ ਕੇ ਗੌਰਵਮਈ ਸ਼ਹੀਦੀ ਸਿਧਾਂਤ ਤੇ ਪਰੰਪਰਾ ਦੀ ਨੀਂਹ ਰੱਖੀ।



ਮੈਂ ਇਨ੍ਹਾਂ ਅਤਿ ਦੁਖਦ-ਕਾਲੇ ਦਿਨਾਂ ਦੀ ਤੁਲਨਾ ਸਿੱਖ ਕੌਮ ਦੇ ਇਤਿਹਾਸ ਵਿਚ ਪਹਿਲਾਂ ਵਾਪਰੇ ਘੱਲੂਘਾਰਿਆਂ ਨਾਲ ਕਰਦੇ ਹੋਏ ਇਸ ਨੂੰ ਤੀਜੇ ਘੱਲੂਘਾਰੇ ਦਾ ਨਾਮ ਦਿੰਦਾ ਹਾਂ ਪਰ ਅਸੀਂ ਦੇਖਣਾ ਹੈ ਕਿ ਪਹਿਲਾਂ ਵਾਪਰੇ ਦੋ ਘੱਲੂਘਾਰਿਆਂ ਤੋਂ ਇਹ ਕਿਵੇਂ ਭਿੰਨ ਹੈ?

ਪਹਿਲਾ ਘੱਲੂਘਾਰਾ ਜੂਨ 1746 ਈ: ਦੇ ਪਹਿਲੇ ਹਫ਼ਤੇ ਹੀ ਵਾਪਰਿਆ ਸੀ ਜਦ 15000 ਦੇ ਕਰੀਬ ਸਿਦਕੀ ਸਿੰਘ ਸਮੇਂ ਦੀ ਜ਼ਾਬਰ ਹਕੂਮਤ ਦਾ ਮੁਕਾਬਲਾ ਕਰਦੇ ਹੋਏ ਜਾਮ-ਏ-ਸ਼ਹੀਦੀ ਪੀ ਗਏ ਸਨ।

ਇਹ ਕਹਿਰ ਉਸ ਸਮੇਂ ਦੇ ਹਾਕਮ ਯਹੀਆ ਖ਼ਾਨ ਦੇ ਇਕ ਹਿੰਦੂ ਅਹਿਲਕਾਰ ਲਖਪਤਿ ਰਾਏ ਨੇ ਕਮਾਇਆ ਸੀ ਜਿਸ ਨੇ ਇਹ ਕਸਮ ਖਾਧੀ ਸੀ ਕਿ ਉਹ ਸਿੱਖ ਕੌਮ ਦਾ ਖੁਰਾ-ਖੋਜਾ ਮਿਟਾ ਕੇ ਹੀ ਸਾਹ ਲਵੇਗਾ ਪਰ ਵਿਚਾਰਾ ਆਪ ਹੀ ਮਿਟ ਗਿਆ। ਅੱਜ ਸਿੱਖ ਸਰਦਾਰ ਬ੍ਰਹਿਮੰਡੀ ਸ਼ਹਿਰੀ ਬਣ ਕੇ ਸਿੱਖੀ ਦੀ ਖੁਸ਼ਬੋਈ ਬਿਖੇਰ ਕੇ ਮਾਣ-ਸਤਿਕਾਰ ਹਾਸਲ ਕਰ ਰਹੇ ਹਨ।

ਦੂਜੀ ਵਾਰੀ ਫਿਰ ਸਿੱਖ ਕੌਮ ਦਾ ਖੁਰਾ-ਖੋਜਾ ਮਿਟਾਉਣ ਲਈ ਅਹਿਮਦ ਸ਼ਾਹ ਅਬਦਾਲੀ ਨੇ 1762 ਈ: ਵਿਚ ਮਲੇਰਕੋਟਲੇ ਦੇ ਨਜ਼ਦੀਕ ਕੁੱਪ ਰਹੀੜਾ ਦੇ ਲਾਗੇ 30,000 ਦੇ ਲਗਪਗ ਸਿੰਘਾਂ ਨੂੰ ਘੇਰੇ ਵਿਚ ਲੈ ਕੇ ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਦਾ ਕਤਲੇਆਮ ਕੀਤਾ। ਬਹੁਤ ਸਾਰੇ ਸਿਦਕੀ ਸਿੰਘ ਆਖ਼ਰੀ ਦਮ ਤਕ ਲੜਦੇ ਰਹੇ। ਇਸ ਘੱਲੂਘਾਰੇ ਵਿਚ ਸਿੱਖ ਕੌਮ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦ ਅਬਦਾਲੀ ਲਾਹੌਰ ਵੱਲ ਵਾਪਸ ਜਾ ਰਿਹਾ ਸੀ ਤਾਂ ਉਸ ਦੇ ਲਸ਼ਕਰ ਨਾਲ 50 ਗੱਡੇ ਐਸੇ ਸਨ ਜਿਨ੍ਹਾਂ ਵਿਚ ਸ਼ਹੀਦ ਸਿੰਘਾਂ ਦੇ ਸਿਰ ਲੱਦੇ ਹੋਏ ਸਨ। ਇਸ ਘੱਲੂਘਾਰੇ ਵਿਚ ਪਹਿਲੇ ਘੱਲੂਘਾਰੇ ਨਾਲੋਂ ਜਾਨੀ ਤੇ ਮਾਲੀ ਨੁਕਸਾਨ ਜ਼ਿਆਦਾ ਹੋਇਆ ਸੀ। ਇਸ ਕਰਕੇ ਇਸ ਨੂੰ ਵੱਡੇ ਘੱਲੂਘਾਰੇ ਦਾ ਨਾਂ ਦਿੱਤਾ ਗਿਆ ਹੈ।

ਜੂਨ 1984 ਦੇ ਪਹਿਲੇ ਹਫ਼ਤੇ ਸ਼ੁਰੂ ਹੋਇਆ ਘੱਲੂਘਾਰਾ ਪਹਿਲੇ ਘੱਲੂਘਾਰੇ ਵਾਂਗ ਜੂਨ ਦੇ ਪਹਿਲੇ ਹਫ਼ਤੇ ਸ਼ੁਰੂ ਹੋਇਆ ਤੇ ਇਸ ਵਿਚ ਵੀ ਪਹਿਲੇ-ਦੂਜੇ ਘੱਲੂਘਾਰੇ ਵਾਂਗ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ। ਇਸ ਕਰਕੇ ਇਸ ਨੂੰ 'ਤੀਸਰੇ ਘੱਲੂਘਾਰੇ' ਦਾ ਨਾਮ ਦਿੱਤਾ ਜਾ ਸਕਦਾ ਹੈ ਪਰ ਪਹਿਲੇ ਘੱਲੂਘਾਰਿਆਂ ਤੇ ਇਸ ਘੱਲੂਘਾਰੇ ਵਿਚ ਸਮੇਂ, ਸਥਾਨ, ਸਥਿਤੀ ਅਤੇ ਸਰਕਾਰ ਦਾ ਅੰਤਰ ਬਹੁਤ ਵੱਡਾ ਹੈ। ਪਹਿਲੇ ਘੱਲੂਘਾਰੇ ਦੁਸ਼ਮਣ ਵੱਲੋਂ ਸ਼ੁਰੂ ਕੀਤੇ ਗਏ ਪਰ ਇਹ ਆਜ਼ਾਦ ਭਾਰਤ ਵਿਚ ਆਪਣਿਆਂ ਵੱਲੋਂ ਕੀਤਾ ਗਿਆ।

ਦੂਜਾ ਜਾਨੀ-ਮਾਲੀ ਨੁਕਸਾਨ ਦੇ ਨਾਲ-ਨਾਲ ਇਸ ਘੱਲੂਘਾਰੇ ਵਿਚ ਜੋ ਇਤਿਹਾਸਕ ਵਿਰਸੇ ਤੇ ਵਿਰਾਸਤ ਦਾ ਨੁਕਸਾਨ ਆਪਣਿਆਂ ਨੇ ਕੀਤਾ, ਉਹ ਪਹਿਲੇ ਘੱਲੂਘਾਰਿਆਂ ਨੂੰ ਮਾਤ ਪਾ ਗਿਆ। ਇਹ ਘੱਲੂਘਾਰਾ ਪਹਿਲਾਂ ਵਾਪਰੇ ਘੱਲੂਘਾਰਿਆਂ ਨਾਲੋਂ ਭਿਆਨਕ 'ਤੇ ਮਾਰੂ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਿੰਘ-ਸਿੰਘਣੀਆਂ, ਬੱਚੇ-ਬੱਚੀਆਂ ਸ਼ਹੀਦ ਹੋ ਚੁੱਕੇ ਹਨ। ਛੋਟੇ-ਛੋਟੇ ਬੱਚਿਆਂ ਨੂੰ ਮਾਵਾਂ ਦੀ ਮਮਤਾ ਤੋਂ ਵਾਂਝਿਆਂ ਹੀ ਨਹੀਂ ਕੀਤਾ ਗਿਆ ਸਗੋਂ ਜਿਉਂਦੇ-ਜੀਅ ਚੀਰ ਦੇਣਾ, ਗੋਲ਼ੀਆਂ ਨਾਲ ਭੁੰਨ ਸੁੱਟਣਾ, ਸਰਾਵਾਂ ਵਿਚ ਆਰਾਮ ਕਰ ਰਹੇ ਯਾਤਰੂਆਂ ਨੂੰ ਗੋਲ਼ੀਆਂ ਨਾਲ ਨਿਸ਼ਾਨਾ ਬਣਾਉਣਾ ਨਾਦਰਸ਼ਾਹੀ ਜ਼ੁਲਮਾਂ ਨੂੰ ਵੀ ਮਾਤ ਪਾ ਗਿਆ। ਜੂਨ 1984 ਤੋਂ ਸ਼ੁਰੂ ਹੋਏ ਘੱਲੂਘਾਰੇ ਵਿਚ ਵੀ ਬਹਾਦਰ ਸ਼ਾਹ ਬਾਦਸ਼ਾਹ ਦੇ ਉਸ ਹੁਕਮ ਦੀ ਪਾਲਣਾ ਹੁੰਦੀ ਜਾਪਦੀ ਹੈ ਜਿਸ ਰਾਹੀਂ ਉਸ ਦਾ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਮੂਲੋਂ ਹੀ ਖ਼ਤਮ ਕਰਨ ਦਾ ਇਰਾਦਾ ਜ਼ਾਹਰ ਹੁੰਦਾ ਸੀ :


ਨਾਨਕ ਪ੍ਰਸਤਾ ਰਾ ਹਰ ਜਾ ਕਿ ਬਿਆਬੰਦ ਬਾ ਕਾਤਲ...।

ਤੀਜੇ ਘੱਲੂਘਾਰੇ ਦਾ ਆਰੰਭ ਕਾਲ ਉਸ ਸਮੇਂ ਹੀ ਸ਼ੁਰੂ ਹੋ ਗਿਆ ਸਮਝਿਆ ਜਾਣਾ ਚਾਹੀਦਾ ਹੈ ਜਦ ਕੱਟੜ ਫਿਰਕਾਪ੍ਰਸਤ ਸਿਰਫਿਰਿਆਂ ਨੇ ਇਹ ਐਲਾਨ ਕੀਤਾ ਸੀ ਕਿ ਸਿੱਖ ਇਕ ਜ਼ਰਾਇਮ ਪੇਸ਼ਾ ਕੌਮ ਹੈ ਜਿਸ ਨੂੰ ਪੂਰੀ ਸਖ਼ਤੀ ਨਾਲ ਦਬਾ ਦਿੱਤਾ ਜਾਵੇ।

ਅਣਮਨੁੱਖੀ ਫ਼ੌਜੀ ਹਮਲੇ ਨੂੰ 38 ਸਾਲ ਬੀਤ ਗਏ ਹਨ ਪਰ ਮੇਰੇ ਸਾਹਮਣੇ ਖੜ੍ਹੇ ਹਨ ਉਹ ਪਲ ਜਦ ਸਾਡੇ ਛੋਟੇ ਜਿਹੇ ਪਿੰਡ ਖਾਨੋਵਾਲ (ਗੁਰਦਾਸਪੁਰ) ਦੇ ਬਜ਼ੁਰਗ, ਨੌਜਵਾਨ, ਮਰਦ, ਔਰਤਾਂ ਇਸ ਫ਼ੌਜੀ ਹਮਲੇ ਕਰਕੇ ਪੈਦਾ ਹੋਏ ਰੋਹ ਤੇ ਰੋਸ ਨੂੰ ਪ੍ਰਗਟ ਕਰਨ ਲਈ ਨਿਹੱਥੇ ਪੈਦਲ 50 ਕਿਲੋਮੀਟਰ ਦੀ ਦੂਰੀ 'ਤੇ ਜਿੰਦ-ਜਾਨ ਤੋਂ ਪਿਆਰੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲ ਨੂੰ ਚੱਲ ਪਏ। ਕਿਸ ਨੇ ਪਹੁੰਚਣ ਦੇਣਾ ਸੀ, ਉਸ ਮੁਕਾਮ 'ਤੇ! ਜਿਸ ਨੂੰ ਹਰ ਸਿੱਖ ਸਵੇਰੇ-ਸ਼ਾਮ ਅਰਦਾਸ 'ਚ ਯਾਦ ਕਰਦਾ ਹੈ।

ਸਿੱਖ ਮਾਨਸਿਕਤਾ 'ਤੇ ਆਏ ਗਹਿਰੇ ਜ਼ਖ਼ਮ ਨਾਸੂਰ ਬਣ ਚੁੱਕੇ ਹਨ। ਭਾਰਤੀ ਫ਼ੌਜ ਲਈ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਚ ਅੱਤਵਾਦੀ ਸਨ ਪਰ ਸਿੱਖਾਂ ਵਾਸਤੇ ਜਿਨ੍ਹਾਂ ਵੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅਜ਼ਮਤ ਤੇ ਸਿੱਖੀ ਸਿਦਕ ਭਰੋਸਾ ਕਾਇਮ ਰੱਖਦਿਆਂ ਸ਼ਹਾਦਤ ਦਾ ਜਾਮ ਪੀਤਾ, ਸਰਕਾਰੀ ਤਸ਼ੱਦਦ ਨੂੰ ਕਿਸੇ ਰੂਪ ਵਿਚ ਝੱਲਿਆ, ਉਹ ਸਾਡੇ ਸੱਤਵਾਦੀ ਹਨ। ਅਠੱਤੀ ਸਾਲਾਂ ਬਾਅਦ ਹੀ ਨਹੀਂ, ਸਗੋਂ ਸਦੀਆਂ ਤੀਕ ਉਨ੍ਹਾਂ ਨੂੰ ਸੁਹਿਰਦਤਾ-ਸੰਜੀਦੀਗੀ-ਗੰਭੀਰਤਾ ਨਾਲ ਸ਼ਰਧਾ-ਸਤਿਕਾਰ ਭੇਟ ਕਰਦੇ ਰਹਾਂਗੇ ਨਾਸੂਰ-ਏ-ਜੂਨ '84 ਨੂੰ ਯਾਦ ਕਰ ਕੇ।

ਜੂਨ 1984 ਤੇ ਨਵੰਬਰ 1984 'ਚ ਵਾਪਰੇ ਖ਼ਤਰਨਾਕ ਤੀਸਰੇ ਘੱਲੂਘਾਰੇ ਨੇ ਸਿੱਖਾਂ ਦਾ ਜਾਨੀ-ਮਾਲੀ ਤੇ ਵਿਰਾਸਤ ਦਾ ਬੇਹਿਸਾਬ ਨੁਕਸਾਨ ਕੀਤਾ ਜਿਸ ਦੀ ਕਦੇ ਵੀ ਭਰਪਾਈ ਨਹੀਂ ਹੋ ਸਕਦੀ। ਇਸ ਤੀਜੇ ਘੱਲੂਘਾਰੇ ਨੇ ਪੰਜਾਬ ਦੀ ਇਕ ਸਿੱਖ ਨੌਜਵਾਨ ਪੀੜ੍ਹੀ ਬਰਬਾਦ ਕਰ ਦਿੱਤੀ। ਇਸ ਸਮੇਂ ਦੌਰਾਨ ਸਿੱਖ ਧਰਮ ਤੇ ਸਮਾਜ ਦਾ ਬਹੁਤ ਨੁਕਸਾਨ ਹੋਇਆ, ਉਸ ਦੇ ਨਾਲ ਹੀ ਪੰਜਾਬ ਨੂੰ ਤਬਾਹ ਕਰਨ ਲਈ ਆਧੁਨਿਕ ਹਾਲਾਤ ਪੈਦਾ ਕਰਨ ਵਿਚ ਇਹ ਘੱਲੂਘਾਰਾ ਹੀ ਬਹੁਤ ਵੱਡਾ ਕਾਰਨ ਸੀ। ਇਸ ਦੇ ਜ਼ਖ਼ਮ ਸਿੱਖ ਹਿਰਦਿਆਂ 'ਤੇ ਸਦੀਆਂ ਤੀਕ ਵੀ ਅੱਲੇ ਹੀ ਰਹਿਣਗੇ।



# ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਲੈਸਟਰ ਵਿਖੇ ਪੂਰਾ ਮਹੀਨਾ ਸਮਾਗਮ ਆਯੋਜਿਤ ਕੀਤੇ

## ਗੁਰੂ ਘਰ ਦੇ ਸੇਵਾਂਦਾਰਾਂ ਵੱਲੋਂ ਗੁਰਪੁਰਬ ਮਨਾਉਣ ਸਬੰਧੀ ਇੱਕ ਵਿਸ਼ੇਸ਼ ਸੁਨੇਹਾ



ਗੁਰਦੁਆਰਾ ਗੁਰੂ ਅਮਰਦਾਸ ਜੀ ਲੈਸਟਰ ਵਿਖੇ ਗੁਰਪੁਰਬ ਮਨਾਉਣ ਸਬੰਧੀ ਤਸਵੀਰਾਂ

**ਲੈਸਟਰ (ਪੰਜਾਬ ਟਾਈਮਜ਼) – ਗੁਰਦੁਆਰਾ ਗੁਰੂ ਅਮਰਦਾਸ ਜੀ, ਲੈਸਟਰ ਵਿੱਚ, ਸਿੱਖ ਪੰਥ ਦੀ ਨਵੀਂ ਪੀੜ੍ਹੀ, ਸਾਡਾ ਭਵਿੱਖ, ਸਾਡੇ ਵਿਰਸੇ ਦੇ ਵਾਰਸਾਂ ਨੂੰ ਗੁਰਮਤਿ ਤੇ ਸਰਬੱਤ ਦੇ ਭਲੇ ਦੀ ਸੁਚੱਜੇ ਜੀਵਨ ਜਾਚ ਦੀ ਗੁੜ੍ਹਤੀ ਦੇਣ ਲਈ ਪ੍ਰੋਗਰਾਮ ਹੇਠਾਂ ਲਿਖੇ ਅਨੁਸਾਰ ਆਯੋਜਿਤ ਕੀਤੇ ਗਏ।**

ਗੁਰੂ ਘਰ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਮਿਤੀ 24–4–26 ਨੂੰ ਪਾਏ ਗਏ। ਉਪਰੰਤ ਕੀਰਤਨ ਤੇ ਢਾਡੀ ਦਰਬਾਰ ਸਜਾਏ ਗਏ।

ਮਿਤੀ 3–5–26 ਨੂੰ ਨੌਜਵਾਨਾਂ ਦਾ ਸਿੱਖੀ ਕੈਂਪ ਪੂਰੇ ਦਿਨ ਦਾ ਲਗਾਇਆ ਗਿਆ। ਪੂਰਾ ਦਿਨ ਸਿੱਖੀ ਵਲਵਲੇ ਤੇ ਜਜ਼ਬਾਤੀ ਮਹੌਲ ਵਿੱਚ ਬਹੁਤ ਹੀ ਸੋਹਣੇ ਢੰਗ ਨਾਲ ਗੁਰਮਤਿ ਤੇ ਸਿੱਖ ਇਤਿਹਾਸ ਸਬੰਧੀ ਨੌਜਵਾਨਾਂ ਨੂੰ ਜਾਣਕਾਰੀ ਦਿੱਤੀ ਗਈ। ਸਾਰੀ ਸੰਗਤ ਨੇ ਬਹੁਤ ਹੀ ਉਤਸ਼ਾਹ ਨਾਲ ਸੇਵਾ ਕੀਤੀ।

ਦਸਤਾਰ ਦਿਵਸ ਵਜੋਂ ਮਿਤੀ 10–5–26 ਨੂੰ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਜਿਸ ਦੌਰਾਨ ਨੌਜਵਾਨਾਂ ਨੇ ਬਹੁਤ ਸੁੰਦਰ ਦਸਤਾਰਾਂ ਸਜਾਈਆਂ। ਇਸ ਦਿਨ ਸੁੰਦਰ ਗੁਰਬਾਣੀ ਲਿਖਣ ਦੀ ਪ੍ਰਯੋਗਤਾ ਵੀ ਕਰਵਾਈ ਗਈ, ਜਿਸ ਵਿੱਚ 70 ਦੇ ਕਰੀਬ ਸੰਗਤਾਂ ਨੇ ਹਿੱਸਾ ਲਿਆ। ਸੰਗਤਾਂ ਨੇ ਇਕ ਸਫ਼ਾ ਬਹੁਤ ਹੀ ਸੁੰਦਰ ਤੇ ਸਜਾ–ਸਜਾ ਕੇ ਗੁਰਬਾਣੀ ਲਿਖੀ।

ਕੀਰਤਨ, ਕਵਿਤਾ, ਲੈਕਚਰ, ਕਵੀਸ਼ਰੀ ਅਤੇ ਪ੍ਰਸ਼ਨੋਤਰੀ ਮੁਕਾਬਲੇ ਮਿਤੀ 17–5–26 ਨੂੰ ਕਰਵਾਏ ਗਏ ਜਿਸ ਦੌਰਾਨ ਬਹੁਤ ਸਾਰੇ ਨੌਜਵਾਨਾਂ ਨੇ ਕੀਰਤਨ, ਕਵਿਤਾ, ਲੈਕਚਰ, ਕਵੀਸ਼ਰੀ ਤੇ ਪ੍ਰਸ਼ਨੋਤਰੀ ਸਮਾਗਮਾਂ ਵਿੱਚ ਹਿੱਸਾ ਲਿਆ।

ਮਾਰਸ਼ਲ ਆਰਟ ਗਤਕਾ – ਸਮਾਗਮ ਦੇ ਅੰਤ ਵਿੱਚ ਬੱਚਿਆਂ ਤੇ ਨੌਜਵਾਨਾਂ ਨੇ ਗਤਕਾ ਖੇਡਿਆ ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਸਮਾਗਮ ਦੇ ਅੰਤ ਵਿੱਚ ਸਾਰੇ ਬੱਚਿਆਂ ਨੂੰ ਗੁਰਮਤਿ ਬਾਰੇ ਜਾਣਕਾਰੀ ਦੇਣ ਵਾਲੇ (ਇਨਾਮ) ਦਿੱਤੇ ਗਏ। ਪੂਰੇ ਸਮਾਗਮਾਂ ਵਿੱਚ ਸੰਗਤਾਂ ਨੇ ਲੰਗਰਾਂ ਦੀਆਂ ਸੇਵਾਵਾਂ ਬੜੇ ਚਾਵਾਂ ਅਤੇ ਉਤਸ਼ਾਹ ਨਾਲ ਆਪ ਮੁਹਾਰੇ ਨਾਲ ਕੀਤੀਆਂ। ਬੱਚਿਆਂ ਲਈ ਵਿਸ਼ੇਸ਼ ਲੰਗਰ ਤਿਆਰ ਕੀਤੇ ਗਏ। ਸਾਰੇ ਸਮਾਗਮ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੇਵਾਦਾਰਾਂ ਦੇ ਸਹਿਯੋਗ ਨਾਲ ਕੀਤੇ ਗਏ।

**ਸਿੱਖੀ ਲਹਿਰ ਦਾ ਹੋਕਾ ਦੇਣ ਲਈ ਯਤਨ ਇਸ ਤਰ੍ਹਾਂ ਕੀਤੇ ਗਏ**:–

(1) ਲੋਕਲ ਰੇਡੀਓ ‘ਤੇ ਇਕ ਹਫ਼ਤੇ ਲਈ ਮਸ਼ਹੂਰੀ ਚਲਾਈ ਗਈ। (2) ਵਿਸਾਖੀ ਨਗਰ ਕੀਰਤਨ ਵਿੱਚ ਲੀਫਲੈਂਟ ਵੰਡੇ ਗਏ। (3) ਲੋਕਲ ਦੁਕਾਨਾਂ ‘ਤੇ ਲੀਫਲੈਂਟ ਰੱਖੇ ਗਏ। (4) ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦਿੱਤਾ ਗਿਆ। (5) ਸਾਰੇ ਦੇ ਸਾਰੇ ਗੁਰੂ ਘਰਾਂ ਦੇ ਨੋਟਿਸ ਬੋਰਡਾਂ ‘ਤੇ ਇਸ਼ਤਿਹਾਰ ਲਗਾਏ ਗਏ। (6) ਵੱਟਸ–ਐਪ ਦੇ ਵੱਖ–ਵੱਖ ਗਰੁੱਪਾਂ ਵਿੱਚ ਸ਼ੇਅਰ ਕੀਤਾ ਗਿਆ।

ਇਨ੍ਹਾਂ ਯਤਨਾਂ ਦਾ ਮਕਸਦ ਕਿ ਸਾਡੇ ਵਿੱਚ ਸਾਰਥਕ ਪ੍ਰੋਗਰਾਮ ਉਲੀਕਣ ਦਾ ਉੱਦਮ, ਇਕ ਨਿਵੇਕਲੀ ਲਹਿਰ, ਤਰੰਗ, ਰਿਵਾਜ, ਚੰਗੀ ਰੀਸ ਪੈਦਾ ਹੋਵੇ। ਸੋ ਆਉ ਗੁਰਪੁਰਬ ਇਸ ਤਰ੍ਹਾਂ ਮਨਾਈਏ ਕਿ ਸਾਡੇ ਬੱਚੇ, ਸਾਡਾ ਭਵਿੱਖ, ਆਪਣੇ ਅਮੀਰ ਵਿਰਸੇ ਨਾਲ ਜੁੜ ਕੇ ਸੋਹਣਾ ਜੀਵਨ ਜੀਉ ਕੇ ਮਨੁੱਖਤਾ ਦੀ ਭਲਾਈ ਲਈ ਕਾਰਜ ਕਰਨ।

# ਬਰਤਾਨੀਆ ਵਿੱਚ ਮਲਕਾ ਐਲਿਜ਼ਾਬੈਥ ਦੂਜੀ ਦੇ ਭਾਰਤ ਦੌਰੇ ਵਾਲਾ 'ਜ਼ਰਦੋਜ਼ੀ ਗਾਊਨ' ਖਿੱਚ ਦਾ ਕੇਂਦਰ ਬਣਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਦੇ ਰਾਸ਼ਟਰੀ ਫੁੱਲ ਕਮਲ ਨੂੰ ਦਰਸਾਉਂਦੀ ਜ਼ਰਦੋਜ਼ੀ ਦੀ ਕਢਾਈ ਵਾਲਾ ਇੱਕ ਸ਼ਾਮ ਦਾ ਗਾਊਨ ਉਨ੍ਹਾਂ ਕੀਮਤੀ ਫੈਸ਼ਨ ਪਹਿਰਾਵਿਆਂ ਵਿੱਚ ਸ਼ਾਮਲ ਹੈ, ਜੋ ਮਰਹੂਮ ਮਲਕਾ ਐਲਿਜ਼ਾਬੈਥ ਦੂਜੀ ਦੀ ਯਾਦ ਵਿੱਚ ਯੂ ਕੇ ਦੀਆਂ ਸਭ ਤੋਂ ਵੱਡੀਆਂ ਸ਼ਾਹੀ ਪ੍ਰਦਰਸ਼ਨੀਆਂ ਵਿੱਚੋਂ ਇੱਕ ਵਿੱਚ ਪ੍ਰਦਰਸ਼ਿਤ ਕੀਤੇ ਗਏ ਹਨ। ਇਸ ਗਾਊਨ ਨੂੰ ਮਲਕਾ ਦੇ ਡਰੈੱਸ ਮੇਕਰ ਨੌਰਮਨ ਹਾਰਟਨੈੱਲ ਨੇ ਜਨਵਰੀ 1961 ਵਿੱਚ ਦਿੱਲੀ ਵਿੱਚ ਤਤਕਾਲੀ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਦੁਆਰਾ ਆਯੋਜਿਤ ਇੱਕ ਸਰਕਾਰੀ ਰਾਤ ਦੇ ਖਾਣੇ ਲਈ ਤਿਆਰ ਕੀਤਾ ਸੀ। ਇਹ 'ਕੁਈਨ ਐਲਿਜ਼ਾਬੈਥ ਦੂਜੀ ਹਰ ਲਾਈਫ ਇਨ ਸਟਾਈਲ' ਪ੍ਰਦਰਸ਼ਨੀ ਦੇ 'ਡਿਪਲੋਮੈਟਿਕ ਡਰੈੱਸਿੰਗ' (ਕੂਟਨੀਤਕ ਪਹਿਰਾਵਾ) ਹਿੱਸੇ ਦਾ ਮੁੱਖ ਆਕਰਸ਼ਣ ਹੈ। ਇਹ ਪ੍ਰਦਰਸ਼ਨੀ ਹਾਲ ਹੀ ਵਿੱਚ ਲੰਡਨ ਦੇ ਬਕਿੰਘਮ ਪੈਲੇਸ ਵਿੱਚ ਸਥਿਤ 'ਕਿੰਗਜ਼ ਗੈਲਰੀ' ਵਿੱਚ ਆਮ ਲੋਕਾਂ ਲਈ ਖੋਲ੍ਹੀ ਗਈ ਹੈ। ਇਹ ਪ੍ਰਦਰਸ਼ਨੀ ਬ੍ਰਿਟੇਨ ਦੇ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੀ ਮਲਕਾ ਅਤੇ ਕਿੰਗ ਚਾਰਲਸ ਤੀਜੇ ਦੀ ਮਾਂ ਦੇ 100ਵੇਂ ਜਨਮ ਦਿਨ ਮੌਕੇ 'ਤੇ ਲਗਾਈ ਗਈ ਹੈ। ਪ੍ਰਦਰਸ਼ਨੀ ਦੇ ਮੁਖੀ ਦੇ ਨੋਟ ਵਿੱਚ ਲਿਖਿਆ ਹੈ ਕਿ, "ਦਿੱਲੀ ਵਿੱਚ ਮਲਕਾ ਦੇ ਸਨਮਾਨ ਵਿੱਚ ਦਿੱਤੇ ਗਏ ਇੱਕ ਸਰਕਾਰੀ ਰਾਤ ਦੇ ਖਾਣੇ ਲਈ, ਭਾਰਤ ਦੇ ਰਾਸ਼ਟਰੀ ਫੁੱਲ ਕਮਲ ਦੇ ਰੂਪ ਵਿੱਚ ਜ਼ਰਦੋਜ਼ੀ ਸ਼ੈਲੀ (ਧਾਤੂ ਦੇ ਧਾਗੇ) ਦੀ ਸਜਾਵਟ ਵਾਲਾ ਇਹ ਹਾਰਟਨੈੱਲ ਗਾਊਨ ਬਿਲਕੁਲ ਢੁਕਵਾਂ ਸੀ।"

ਲੇਸ, ਮੋਤੀਆਂ, ਕ੍ਰਿਸਟਲ ਅਤੇ ਸਿਤਾਰਿਆਂ ਨਾਲ ਸਜੇ ਇਸ ਰੇਸ਼ਮੀ ਗਾਊਨ ਦੇ ਮੋਢਿਆਂ ਤੋਂ ਪਹਿਲਾਂ ਇੱਕ ਲੰਬਾ ਕੱਪੜਾ ਹੇਠਾਂ ਵੱਲ ਡਿੱਗਦਾ ਸੀ, ਜਿਸ ਨੂੰ ਬਾਅਦ ਵਿੱਚ ਹਟਾ ਦਿੱਤਾ ਗਿਆ ਸੀ ਤਾਂ ਜੋ ਇਸ ਡਰੈੱਸ ਦੇ ਨਾਲ ਇੱਕ ਛੋਟੀ ਬੋਲੇਰੋ ਜੈਕਟ ਜੋੜ ਕੇ ਇਸ ਨੂੰ ਬਾਅਦ ਵਿੱਚ ਸਾਧਾਰਨ ਵਰਤੋਂ ਲਈ ਬਦਲਿਆ ਜਾ ਸਕੇ। ਇਹ ਫੈਸ਼ਨ ਪ੍ਰਦਰਸ਼ਨੀ ਇਸ ਗੱਲ ਦੀ ਪੜਚੋਲ ਕਰਦੀ ਹੈ ਕਿ ਕਿਵੇਂ ਮਲਕਾ ਨੇ ਵਿਦੇਸ਼ੀ ਦੌਰਿਆਂ ਦੌਰਾਨ ਆਪਣੇ ਪਹਿਰਾਵੇ ਵਿੱਚ ਕੂਟਨੀਤਕ ਤੌਰ 'ਤੇ ਮਹੱਤਵਪੂਰਨ ਪ੍ਰਤੀਕਾਂ ਅਤੇ ਰੰਗਾਂ ਦੀ ਵਰਤੋਂ ਕੀਤੀ।



ਮਹਾਰਾਣੀ ਐਲਿਜਾਬੈੱਥ ਦੇ ਕੱਪੜਿਆਂ ਦੀ ਪ੍ਰਦਰਸ਼ਨੀ

ਰਾਸ਼ਟਰਮੰਡਲ ਦੇ 1961 ਦੇ ਦੌਰੇ ਦਾ ਇੱਕ ਹੋਰ ਗਾਊਨ, ਜੋ ਹਾਰਟਨੈੱਲ ਨੇ ਕਰਾਚੀ ਵਿੱਚ ਇੱਕ ਸਰਕਾਰੀ ਬੈਂਕੁਏਟ (ਸ਼ਾਹੀ ਦਾਅਵਤ) ਲਈ ਤਿਆਰ ਕੀਤਾ ਸੀ, ਪਿੱਛੇ ਵੱਲ ਡਿੱਗਦੀ ਇੱਕ "ਸ਼ਾਨਦਾਰ ਪੰਨੇ ਵਰਗੇ ਹਰੇ ਰੰਗ ਦੀ ਪਲੇਟ" ਰਾਹੀਂ ਪਾਕਿਸਤਾਨ ਦੇ ਰਾਸ਼ਟਰੀ ਰੰਗਾਂ ਨੂੰ ਦਰਸਾਉਂਦਾ ਹੈ।

"ਭਾਰਤ, ਪਾਕਿਸਤਾਨ ਅਤੇ ਨੇਪਾਲ ਦੇ 1961 ਦੇ ਦੌਰੇ ਲਈ, ਨੌਰਮਨ ਹਾਰਟਨੈੱਲ ਅਤੇ ਹਾਰਡੀ ਐਮੀਜ਼ ਦੁਆਰਾ ਕੂਟਨੀਤਕ ਅਤੇ ਸੱਭਿਆਚਾਰਕ ਤੌਰ 'ਤੇ ਢੁਕਵੇਂ ਕੱਪੜੇ ਤਿਆਰ ਕੀਤੇ ਗਏ ਸਨ।" ਇਹ ਦੌਰਾ ਆਜ਼ਾਦੀ ਤੋਂ ਬਾਅਦ ਕਿਸੇ ਮੌਜੂਦਾ ਬ੍ਰਿਟਿਸ਼ ਸ਼ਾਸਕ ਵਜੋਂ ਮਰਹੂਮ ਮਲਕਾ ਦੀ ਭਾਰਤ ਦੀ ਪਹਿਲੀ ਯਾਤਰਾ ਸੀ, ਜਿਸ ਦੌਰਾਨ ਉਹ ਗਣਤੰਤਰ ਦਿਵਸ ਪਰੇਡ ਵਿੱਚ ਮੁੱਖ ਮਹਿਮਾਨ ਵੀ ਸਨ। ਅਕਤੂਬਰ ਤੱਕ ਚੱਲਣ ਵਾਲੀ ਇਸ ਪ੍ਰਦਰਸ਼ਨੀ ਨੂੰ ਮਲਕਾ ਦੇ ਸ਼ਾਹੀ ਫੈਸ਼ਨ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਦਰਸ਼ਨੀ ਕਿਹਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਤੰਬਰ 2022 ਵਿੱਚ 96 ਸਾਲ ਦੀ ਉਮਰ ਵਿੱਚ ਮਲਕਾ ਦਾ ਦੇਹਾਂਤ ਹੋ ਗਿਆ ਸੀ।

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-44

**ਗੁਰੂ ਨਾਨਕ ਅਤੇ ਕਬੀਰ ਜੀ ਦੇ ਲਫਜ਼ਾਂ ਅਤੇ ਖਿਆਲਾਂ ਦੀ ਸਾਂਝ ਹੈ, ਉਥੇ ਅੰਨ੍ਹੇ ਵਾਹ ਕਹਿ ਦੇਣਾ, ਇਥੇ ਕਬੀਰ ਜੀ ਦਾ ਪ੍ਰਭਾਵ ਗੁਰੂ ਨਾਨਕ ਜੀ ਨੇ ਕਬੂਲਿਆ, ਕਬੀਰ ਜੀ ਦੀ ਬਾਣੀ ਦੀ ਨਕਲ ਕੀਤੀ ਜਾਂ ਉਸ ਨੂੰ ਕੋਲ ਰੱਖਕੇ ਪੜ੍ਹਦੇ ਸਨ, ਗੁਰੂ ਨਾਨਕ ਜੀ ਦੀ ਹਸਤੀ ਦੀ ਉੱਚਤਾ ਨੂੰ ਗੌਣ ਬਣਾਉਣ ਵਾਲੀ ਹੀ ਨਹੀਂ ਸਗੋਂ ਹਸਤੀ ਉੱਤੇ ਹੀ ਹਮਲਾ ਹੈ। ਕਸਵੱਟੀ ਸਿੱਧੀ ਹੈ, ਪਹਿਲਾ ਕੌਣ ਕਿਸ ਮਸਲੇ ਬਾਰੇ ਨਿਸ਼ਚਿਤ ਸੀ। ਖਿਆਲਾਂ ਵਿੱਚ ਪਲਟਾ ਕਿਸ ਅੰਦਰ ਆਇਆ ? ਜੇ ਗੁਰੂ ਨਾਨਕ ਜੀ ਪਹਿਲਾਂ ਵੱਖਰੇ ਵਿਚਾਰਾਂ ਦੇ ਸਨ, ਪਿੱਛੋਂ ਉਨ੍ਹਾਂ ਦੇ ਵਿਚਾਰ ਬਦਲੇ, ਤਾਂ ਗੁਰੂ ਨਾਨਕ ਜੀ ਦੇ ਪ੍ਰਭਾਵ ਕਬੂਲਣ ਦੀ ਹਕੀਕਤ ਤੋਂ ਕੋਈ ਸਿਰ ਨਹੀਂ ਫੇਰ ਸਕਦਾ।**

ਕਬੀਰ ਜੀ ਦੀ ਜੀਵਨ ਕਿਰਿਆ ਵਿੱਚ ਇਹ ਭੀ ਵੱਡਾ ਪਲਟਾ ਹੈ। ਇਨ੍ਹਾਂ ਪਦਿਆਂ ਦੀ ਪ੍ਰੇਰਨਾਂ ਕਿਥੋਂ ਮਿਲੀ? ਇਸ ਦਾ ਮੂਲ ਪ੍ਰਭਾਵ ਗੁਰੂ ਨਾਨਕ ਬਾਣੀ ਵਿੱਚੋਂ ਮਿਲਦਾ ਹੈ। ਗੁਰੂ ਨਾਨਕ ਜੀ ਆਰੰਭ ਤੋਂ ਹੀ ਸੂਤਕ ਅਤੇ ਸੁੱਚ ਜੂਠ ਵਾਲੇ ਕਿਰਿਆ ਕਰਮਾਂ ਨੂੰ ਰੱਦ ਕਰਦੇ ਆ ਰਹੇ ਸਨ:

ਜੂਠਿ ਨ ਰਾਗੀਂ ਜੂਠ ਨ ਵੇਦੀਂ॥
ਜੂਠਿ ਨ ਚੰਦ ਸੂਰਜ ਕੀ ਭੇਦੀ॥
ਜੂਠਿ ਨ ਅੰਨੀ ਜੂਠਿ ਨ ਨਾਈ॥
ਜੂਠਿ ਨ ਮੀਹੁ ਵਰ੍ਹਿਐ ਸਭ ਥਾਈ॥
ਜੂਠਿ ਨ ਧਰਤੀ ਜੂਠਿ ਨ ਪਾਣੀ॥
ਜੂਠਿ ਨ ਪਉਣੈ ਮਾਹਿ ਸਮਾਣੀ॥
ਨਾਨਕ ਨਿਗੁਰਿਆ ਗੁਣ ਨਾਹੀ ਕੋਇ॥
ਮੁਹਿ ਫੇਰਿਐ ਮੁਹੁ ਜੂਠਾ ਹੋਇ॥
(ਮਹਲਾ 1, ਵਾਰ ਸਾਰੰਗ-1240)

ਆਸਾ ਦੀ ਵਾਰ ਵਿੱਚ ਸੂਤਕ ਅਤੇ ਸੱਚ ਦੇ ਦੋਵੇਂ ਮਸਲੇ ਗੁਰੂ ਨਾਨਕ ਜੀ ਨੇ ਖੂਬ ਨਿਖਾਰੇ ਹਨ:

(ੳ) ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉਤਰੈ
ਗਿਆਨੁ ਉਤਾਰੇ ਧੋਇ॥
(ਆਸਾ ਵਾਰ ਮ: 1 : 472)

(ਅ) ਮਨ ਕਾ ਸੂਤਕੁ ਲੋਭੁ ਹੈ
ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ
ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ ਬਧੇ
ਜਮ ਪੁਰਿ ਜਾਹਿ॥2॥
ਮ: 1 ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨੀ ਗੁਰਮੁਖਿ ਬੁਝਿਆ
ਤਿਨ੍ਹਾ ਸੂਤਕੁ ਨਾਹਿ॥3॥
(ਆਸਾ ਵਾਰ ਮ: 1-472)

(ਸ) ਪਹਿਲਾ ਸੁਚਾ ਆਪਿ ਹੋਇ
ਸੁਚੈ ਬੈਠਾ ਆਇ॥
ਸੁਚੇ ਅਗੈ ਰਖਿਓਨੁ ਕੋਇ
ਨ ਭਿਟਿਓ ਜਾਇ॥
ਸੁਚਾ ਹੋਇ ਕੈ ਜੇਵਿਆ ਲਗਾ
ਪੜਣਿ ਸਲੋਕੁ॥
ਕੁਹਥੀ ਜਾਈ ਸਟਿਆ ਕਿਸੁ
ਏਹੁ ਲਗਾ ਦੋਖੁ॥
ਅੰਨੁ ਦੇਵਤਾ ਪਾਣੀ ਦੇਵਤਾ
ਬੈਸੰਤਰੁ ਦੇਵਤਾ ਲੂਣੁ
ਪੰਜਵਾਂ ਪਾਇਆ ਘਿਰਤੁ॥
ਤਾ ਹੋਆ ਪਾਕੁ ਪਵਿਤੁ॥
ਪਾਪੀ ਸਿਉ ਤਨੁ ਗਡਿਆ
ਥੁਕਾ ਪਈਆ ਤਿਤੁ॥
ਜਿਤੁ ਮੁਖਿ ਨਾਮੁ ਨ ਊਚਰਹਿ
ਬਿਨੁ ਨਾਵੈ ਰਸ ਖਾਹਿ॥
ਨਾਨਕ ਏਵੈ ਜਾਣੀਐ ਤਿਤੁ
ਮੁਖਿ ਥੁਕਾ ਪਾਹਿ॥1॥
(ਆਸਾ ਵਾਰ ਮ: 1-473)

ਗੁਰੂ ਨਾਨਕ ਜੀ ਦਾ ਵਾਕ ਹੈ: ਗਿਆਨ ਉਤਾਰੇ ਧੋਇ, ਕਬੀਰ ਜੀ ਦੀ ਤੁਕ ਹੈ: ਐਸਾ ਗਿਆਨ ਜਪਹੁ ਮੇਰੇ ਮੀਤਾ, ਇਨ੍ਹਾਂ ਮਿਲਵੇਂ ਵਾਕਾਂ ਤੋਂ ਸਪੱਸ਼ਟ ਹੈ ਕਬੀਰ ਜੀ ਪਹਿਲਾਂ ਵਾਧੂ ਦੀ ਸੁੱਚਤਾ ਦੇ ਕਰਮਕਾਂਡਾਂ ਵਿੱਚ ਲਿਪਤ ਸਨ ਜਿਸ ਦਾ ਸਬੂਤ ਉਨ੍ਹਾਂ ਦੀ ਬਾਣੀ ਦਿੰਦੀ ਹੈ, ਫਿਰ ਉਹ ਅਖਾਉਤੀ ਸੁੱਚਤਾ ਦੇ ਵਿਰੁੱਧ ਗੁਰੂ ਨਾਨਕ ਜੀ ਦੇ ਪ੍ਰਭਾਵਾਂ ਕਾਰਨ ਹੋਏ। ਜਿਥੇ ਅਜੇਹੇ ਸ਼ਬਦ ਹਨ, ਗੁਰੂ ਨਾਨਕ ਅਤੇ ਕਬੀਰ ਜੀ ਦੇ ਲਫਜ਼ਾਂ ਅਤੇ ਖਿਆਲਾਂ ਦੀ ਸਾਂਝ ਹੈ, ਉਥੇ ਅੰਨ੍ਹੇ ਵਾਹ ਕਹਿ ਦੇਣਾ, ਇਥੇ ਕਬੀਰ ਜੀ ਦਾ ਪ੍ਰਭਾਵ ਗੁਰੂ ਨਾਨਕ ਜੀ ਨੇ ਕਬੂਲਿਆ, ਕਬੀਰ ਜੀ ਦੀ ਬਾਣੀ ਦੀ ਨਕਲ ਕੀਤੀ ਜਾਂ ਉਸ ਨੂੰ ਕੋਲ ਰੱਖਕੇ ਪੜ੍ਹਦੇ ਸਨ, ਗੁਰੂ ਨਾਨਕ ਜੀ ਦੀ ਹਸਤੀ ਦੀ ਉੱਚਤਾ ਨੂੰ ਗੌਣ ਬਣਾਉਣ ਵਾਲੀ ਹੀ ਨਹੀਂ ਸਗੋਂ ਹਸਤੀ ਉੱਤੇ ਹੀ ਹਮਲਾ ਹੈ। ਕਸਵੱਟੀ ਸਿੱਧੀ ਹੈ, ਪਹਿਲਾ ਕੌਣ ਕਿਸ ਮਸਲੇ ਬਾਰੇ ਨਿਸ਼ਚਿਤ ਸੀ। ਖਿਆਲਾਂ ਵਿੱਚ ਪਲਟਾ ਕਿਸ ਅੰਦਰ ਆਇਆ? ਜੇ ਗੁਰੂ ਨਾਨਕ ਜੀ ਪਹਿਲਾਂ ਵੱਖਰੇ ਵਿਚਾਰਾਂ ਦੇ ਸਨ, ਪਿੱਛੋਂ ਉਨ੍ਹਾਂ ਦੇ ਵਿਚਾਰ ਬਦਲੇ, ਤਾਂ ਗੁਰੂ ਨਾਨਕ ਜੀ ਦੇ ਪ੍ਰਭਾਵ ਕਬੂਲਣ ਦੀ ਹਕੀਕਤ ਤੋਂ ਕੋਈ ਸਿਰ ਨਹੀਂ ਫੇਰ ਸਕਦਾ।

ਕਬੀਰ ਜੀ ਨੇ ਬਿਰਹਾ ਦਾ ਰੂਪਕ ਦੱਸਿਆ ਹੈ:

ਸਿੰਗਾਰ ਕੀਤੇ ਪੀਆ ਮਿਲਣ ਲਈ ਪਰੰਤੂ
ਹਰਿ ਨ ਮਿਲੇ ਜਗਜੀਵਨ ਗੁਸਾਈ।
ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥
ਰਾਮ ਬਡੇ ਮੈ ਤਨਿਕ ਲਹੁਰੀਆ॥ ਰਹਾਉ॥
ਧਨ ਪਿਰ ਏਕੈ ਸੰਗਿ ਬਸੇਰਾ॥
ਸੇਜ ਏਕ ਪੈ ਮਿਲਨੁ ਦੁਹੇਰਾ॥
ਧੰਨਿ ਸੁਹਾਗਨਿ ਜੋ ਪੀਅ ਭਾਵੈ॥
ਕਹਿ ਕਬੀਰ ਫਿਰਿ ਜਨਮਿ ਨ ਆਵੈ॥
(ਆਸਾ ਕਬੀਰ-483)

ਗੁਰੂ ਨਾਨਕ ਜੀ ਦੀ ਸੁਰ ਵਿੱਚ ਧਰਮ ਪ੍ਰਾਪਤੀ ਦਾ ਰਹੱਸ ਤੇ ਉਪਦੇਸ਼ ਵਿੱਚੋਂ ਹੀ ਕਬੀਰ ਜੀ ਦੀ ਧੰਨ ਸੁਹਾਗਨ ਜੋ ਪ੍ਰਿਅ ਭਾਵੇ ਵਿੱਚੋਂ ਨਿਕਲੀ ਬਿਰਹੋਂ ਵਿਲਕਣੀ ਸੇਜ ਏਕ ਪੈ ਮਿਲਨ ਦੁਹੇਰਾ, ਇਹ ਅਧਿਆਤਮਕ ਪੀੜਾ ਭਰੀ ਅਵਸਥਾ ਦੀ ਡੀਣੀਬਾਣ ਉਭਰੀ ਹੈ। ਕਬੀਰ ਜੀ ਦੀ ਪਹਿਲੀ ਅਵਸਥਾ ਜੋ ਆਸ ਪਾਸ ਘਨ ਤੁਲਸੀ ਕਾ ਬਿਰਵਾ ਵਿੱਚ ਹੈ, ਉਦੋਂ ਸਖੀਆਂ ਦੀ ਰੀਸ ਕਰਨ ਵਾਲੀ ਭਗਤੀ ਭਾਵਨਾ ਵਿੱਚ ਲਿਪਤ ਸਨ।

## ਜੋਗੀਆਂ ਨਾਥਾਂ ਬਾਰੇ :

ਗੁਰੂ ਨਾਨਕ ਅਤੇ ਕਬੀਰ ਜੀ ਦੇ ਸਮੇਂ ਯੋਗੀਆਂ ਨਾਥਾਂ ਦਾ ਬੋਲਬਾਲਾ ਸੀ। ਗੁਰੂ ਨਾਨਕ ਜੀ ਨੇ ਸਮਾਜ ਨੂੰ ਅਉਝੜ ਪਾਉਣ ਵਾਲਿਆਂ ਵਿੱਚ ਇਨ੍ਹਾਂ ਤਿੰਨਾਂ ਕਿਸਮ ਦੇ ਮੁਖੀਆਂ ਦਾ ਜ਼ਿਕਰ ਕੀਤਾ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥
(ਧਨਾਸਰੀ ਮ. 1-662)


ਯੋਗੀਆਂ ਵਿੱਚ ਮਨ ਨੂੰ ਮਸਤੀ ਵਿੱਚ ਰੱਖਣ ਲਈ ਸ਼ਰਾਬ ਦੀ ਵਰਤੋਂ ਕੀਤੀ ਜਾਂਦੀ ਸੀ। ਗੁਰੂ ਜੀ ਨੂੰ ਜਦੋਂ ਵੀ ਯੋਗੀ ਤੇ ਨਾਥ ਮਿਲੇ ਉਨ੍ਹਾਂ ਸ਼ਰਾਬ ਪੀਕੇ ਮਸਤੀ ਵਿੱਚ ਰਹਿਣ ਲਈ ਗੁਰੂ ਜੀ ਉੱਤੇ ਜ਼ੋਰ ਪਾਇਆ। ਗੁਰੂ ਜੀ ਨੇ ਨਾਥਾਂ ਯੋਗੀਆਂ ਨੂੰ ਸੱਚੀ ਸ਼ਰਾਬ ਕੱਢਣ ਦੀ ਸਿੱਖ ਮੱਤ ਦਿੱਤੀ। ਕਈ ਸ਼ਬਦਾਂ ਵਿੱਚ ਉਸ ਅਧਿਆਤਮਕ ਸ਼ਰਾਬ ਦੀ ਵਿਧੀ ਅਤੇ ਅਧਿਆਤਮਕ ਨੁਸਖੇ ਦਾ ਭੀ ਵਰਨਣ ਕੀਤਾ ਹੈ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ
ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ ਪ੍ਰੇਮ ਕਾ ਪੋਚਾ
ਇਤੁ ਰਸਿ ਅਮਿਉ ਚੁਆਈਐ॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ
ਸਹਜ ਰੰਗ ਰਚਿ ਰਹਿਆ॥
(ਆਸਾ ਮ: 1-360)

ਇਸੇ ਭਾਵ ਦੇ ਕਬੀਰ ਜੀ ਦੇ ਸ਼ਬਦ ਹਨ:

ਕਾਇਆ ਕਲਾਲਨਿ ਲਾਹਨਿ ਮੇਲਉ
ਗੁਰ ਕਾ ਸਬਦੁ ਗੁੜੁ ਕੀਨੁ ਰੇ॥
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ
ਕਾਟਿ ਕਾਟਿ ਕਸੁ ਦੀਨੁ ਰੇ॥
ਭਵਨ ਚਤੁਰ ਦਸ ਭਾਠੀ ਕੀਨੀ
ਬ੍ਰਹਮ ਅਗਨਿ ਤਨਿ ਜਾਰੀ ਰੇ॥
ਮੁਦ੍ਰਾ ਮਦਕ ਸਹਜ ਧੁਨਿ ਲਾਗੀ
ਸੁਖਮਨ ਪੋਚਨਹਾਰੀ ਰੇ॥
(ਰਾਮਕਲੀ-ਕਬੀਰ-969)

ਯੋਗੀਆਂ ਨਾਥਾਂ ਨਾਲ ਕਬੀਰ ਜੀ ਅਤੇ ਗੁਰੂ ਨਾਨਕ ਜੀ ਦਾ ਕਿਸੇ ਥਾਂ ਇਕ ਵੇਲੇ ਭੀ ਮੇਲ ਹੋਣਾ ਸੰਭਵ ਹੋ ਸਕਦਾ ਹੈ, ਭਿੰਨ




ਭਿੰਨ ਥਾਵਾਂ ਉੱਤੇ ਅਤੇ ਵੱਖਰੇ ਵੱਖਰੇ ਸਮਿਆਂ ਉੱਤੇ ਭੀ। ਵਿਚਾਰਾਂ ਦੀ ਸਾਂਝ, ਲਫਜ਼ਾਂ ਤੇ ਸ਼ਬਦਾਂ ਦੇ ਪ੍ਰਭਾਵ, ਜਿਨ੍ਹਾਂ ਬਾਰੇ ਹਿੰਦੀ ਵਿਦਵਾਨ ਕਹਿੰਦੇ ਹਨ ਕਿਸੀ ਪੰਜਾਬੀ ਸਾਧੂ ਕੇ ਮਿਲਣ ਮੇ ਹੀ ਆ ਸਕਤੇ ਥੇ - ਕਬੀਰ ਜੀ ਉੱਤੇ ਅਸਰ ਪਏ। ਉਪਰ ਦਿੱਤੇ ਗਏ ਸ਼ਬਦਾਂ ਵਿੱਚ ਭਾਠੀ, ਭਵਨ, ਪ੍ਰੇਮ ਕਾ ਪੋਚਾ, ਪੋਚਨਹਾਰ, ਗੁੜ ਕਰ ਗਿਆਨ, ਆਦਿਕ ਪੰਜਾਬੀ ਮੁਹਾਵਰੇ ਵਾਲੀ ਭਰਵੀਂ ਸ਼ੈਲੀ ਤੇ ਸ਼ਬਦਾਵਲੀ ਝਲਕਾਰੇ ਮਾਰਦੀ ਹੈ।

ਰਾਮਕਲੀ ਰਾਗ ਵਿੱਚ ਸਿੱਧਾਂ, ਨਾਥਾਂ, ਯੋਗੀਆਂ ਬਾਰੇ ਗੁਰੂ ਨਾਨਕ ਜੀ ਦੇ ਸ਼ਬਦ ਵਧੇਰੇ ਆਏ ਹਨ: ਗੁਰੂ ਨਾਨਕ ਜੀ ਦਾ ਸ਼ਬਦ ਹੈ ਜਾ ਹਰਿ ਪ੍ਰਭਿ ਕ੍ਰਿਪਾ ਧਾਰੀ, ਤਾਂ ਹਉਮੈ ਵਿਚਹੁ ਮਾਰੀ।

ਗੁਰੂ ਜੀ ਨੇ ਅਹਿਨਿਸਿ ਭਗਤਿ ਕਰੇ ਦਿਨ ਰਾਤੀ ਲਾਜ ਛੋਡਿ ਹਰਿਕੇ ਗੁਨ ਗਾਵੈ॥ ਨੂੰ ਕੇਂਦਰੀ ਖਿਆਲ ਰੱਖ ਕੇ ਕਿਹਾ ਹੈ:

ਧੁਨਿ ਵਾਜੇ ਅਨਹਦ ਘੋਰਾ॥
ਮਨੁ ਮਾਨਿਆ ਹਰਿ ਰਸਿ ਮੋਰਾ॥
ਗੁਰ ਪੂਰੇ ਸਚੁ ਸਮਾਇਆ॥
ਗੁਰੁ ਆਦਿ ਪੁਰਖੁ ਹਰਿ ਪਾਇਆ॥
ਸਭਿ ਨਾਦ ਬੇਦ ਗੁਰਬਾਣੀ॥
ਮਨੁ ਰਾਤਾ ਸਾਰਿਗਪਾਣੀ॥
(ਰਾਮਕਲੀ ਮ. 1-879)

ਕਬੀਰ ਜੀ ਦਾ ਸ਼ਬਦ ਇਸੇ ਲਹਿਜੇ (ਸ਼ੈਲੀ ਅਤੇ ਬੋਲੀ) ਅਤੇ ਤੁਕਾਂ ਵਾਲਾ, ਇਸ ਤਰ੍ਹਾਂ ਹੈ:

ਬੰਧਚਿ ਬੰਧਨੁ ਪਾਇਆ॥
ਮੁਕਤੈ ਗੁਰਿ ਅਨਲੁ ਬੁਝਾਇਆ॥
ਜਬ ਨਖਸਿਖ ਇਹੁ ਮਨੁ ਚੀਨਾ॥
ਤਬ ਅੰਤਰਿ ਮਜਨੁ ਕੀਨਾ॥
(ਰਾਮਕਲੀ ਕਬੀਰ ਜੀ 971)

ਗੁਰੂ ਜੀ ਦੇ ਸ਼ਬਦ ਉੱਤੇ ਯੋਗਿਕ ਕ੍ਰਿਆਵਾਂ ਦਾ ਪ੍ਰਭਾਵ ਨਾਮ ਮਾਤਰ ਨਹੀਂ। ਗੁਰੂ ਜੀ ਨੇ ਸਭਿ ਨਾਦ ਬੇਦ ਗੁਰਬਾਣੀ, ਧੁਨ ਵਾਜੈ ਅਨਹਦ ਘੋਰਾ, ਦੀਆਂ ਅਧਿਆਤਮਕ ਵਿਵਸਥਾ ਦਾ ਨਿਰੂਪਣ ਕੀਤਾ ਹੈ। ਕਬੀਰ ਜੀ ਕਿਉਂਕਿ ਯੋਗਿਕ ਕਿਰਿਆ ਦੇ ਰਾਹੋਂ ਇਸ ਅਵਸਥਾ ਵਿੱਚ ਪੁੱਜੇ ਸਨ, ਉਨ੍ਹਾਂ ਨੇ ਜਿਨ੍ਹਾਂ ਕ੍ਰਿਆਵਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿੱਚ ਸਰੀਰਕ ਭੀ ਹਨ, ਦੇਖਣ ਤੇ ਨਿਰਖਣ ਵੱਲੋਂ ਹਜ਼ੂਦ ਵਾਲੀਆਂ ਉਪਮਾ ਤੇ ਰੂਪਕ ਆਏ ਹਨ:-

ਚਲਦਾ......

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼



ਅਫਗਾਨਿਸਤਾਨ ਵਿੱਚ ਗੁਰਦੁਆਰਾ ਸਾਹਿਬ

## ਕਾਨਪੁਰ

ਰਿਆਸਤ ਉੱਤਰ ਪ੍ਰਦੇਸ਼ ਦਾ ਪ੍ਰਮੁੱਖ ਸ਼ਹਿਰ ਕਾਨਪੁਰ ਹੈ। ਗੁਰੂ ਤੇਗ ਬਹਾਦਰ ਸਾਹਿਬ ਇਸ ਸ਼ਹਿਰ ਵਿੱਚ ਦਸੰਬਰ 1665 ਵਿੱਚ ਪਟਨਾ ਜਾਣ ਸਮੇਂ ਕੁਝ ਸਮਾਂ ਠਹਿਰੇ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰ-ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਬਣਿਆ ਹੋਇਆ ਹੈ। ਆਮ ਤੌਰ 'ਤੇ ਇਸ ਗੁਰਦੁਆਰੇ ਨੂੰ ਗੁਰਦੁਆਰਾ ਸਿੰਘ ਸਭਾ ਕਰ ਕੇ ਯਾਦ ਕੀਤਾ ਜਾਂਦਾ ਹੈ।

ਕਾਨਪੁਰ ਦਾ ਅਕਸ਼ਾਂਸ਼ 260-25 ਅਤੇ ਰੇਖਾਂਸ਼ ਦੇਸ਼ਾਂਤਰ 800-17 ਹੈ। ਗੁਰੂ ਸਾਹਿਬ ਦੀ ਯਾਦ ਵਿੱਚ ਇਕ ਛੋਟਾ ਜਿਹਾ ਕਮਰਾ-ਨੁਮਾ ਗੁਰਦੁਆਰਾ ਸੰਤ ਪ੍ਰਦੁਮਣ ਸਿੰਘ ਨੇ 20ਵੀਂ ਸਦੀ ਦੇ ਸ਼ੁਰੂ ਵਿੱਚ ਬਣਵਾਇਆ ਹੈ। ਅਜੋਕੀ ਕਈ ਮੰਜ਼ਲੀ ਇਮਾਰਤ 1971 ਵਿੱਚ ਤਿਆਰ ਹੋਈ ਹੈ। ਜ਼ਮੀਨੀ ਮੰਜ਼ਿਲ ਵਿੱਚ ਇਕ ਵੱਡਾ ਹਾਲ ਖੁਸ਼ਆਮਦੀਦ ਲਈ ਰੱਖਿਆ ਹੋਇਆ ਹੈ। ਪਹਿਲੀ ਮੰਜ਼ਿਲ ਦੇ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਬੀੜਾਂ ਤੇ ਅਖੰਡ ਪਾਠ ਸਾਹਿਬ ਦੇ ਪ੍ਰਵਾਹ ਚੱਲਦੇ ਰਹਿੰਦੇ ਹਨ। ਕਾਨਪੁਰ ਦਾ ਪਹਿਲਾਂ ਨਾਂ ਕਨਹਿਆਪੁਰ ਸੀ।

ਪੁਸਤਕ ਸੂਚੀ:-

1. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਕਾਬੁਲ

ਕਾਬੁਲ ਅਫ਼ਗਾਨਿਸਤਾਨ ਦੀ ਰਾਜਧਾਨੀ ਹੈ। ਕਾਬੁਲ ਵਿੱਚ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਬਗਦਾਦ ਤੋਂ ਆਉਂਦੇ ਸਮੇਂ 1520-21 ਨੂੰ ਇਥੇ ਠਹਿਰੇ ਸਨ। ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਪਾਨ ਚੌਕ ਜੁਬਾ (ਕਾਬੁਲ) ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। 1947 ਤੋਂ ਬਾਅਦ ਅਫ਼ਗਾਨਿਸਤਾਨ ਸਰਕਾਰ ਨੇ ਗੁਰਦੁਆਰਾ ਸਾਹਿਬ ਢਾਹ ਕੇ ਇਥੇ ਸੜਕ ਬਣਾ ਲਈ ਸੀ। ਨਵਾਂ ਗੁਰ-ਦੁਆਰਾ ਸਾਹਿਬ ਦੂਜੀ ਥਾਂ ਸਿੱਖਾਂ ਨੇ ਬਣਾ ਲਿਆ ਸੀ। ਕਾਬੁਲ ਸਿੱਖ ਪ੍ਰਚਾਰਕਾਂ ਦਾ ਪ੍ਰਮੁੱਖ ਸੈਂਟਰ ਰਿਹਾ ਹੈ, ਖ਼ਾਸ ਕਰ ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਦੇ ਸਮੇਂ। ਕਾਬੁਲ ਦੇ ਆਸ-ਪਾਸ ਬਹੁਤ ਸਾਰੇ ਇਤਿਹਾਸਕ ਅਸਥਾਨ ਹਨ:

### (1) ਗੁਰਦੁਆਰਾ ਚੌਹਾ ਸਾਹਿਬ:

ਇਹ ਇਤਿਹਾਸਕ ਅਸਥਾਨ ਜਲਾਲਾਬਾਦ ਵਿੱਚ ਹੈ। ਜਲਾਲਾਬਾਦ ਦਾ ਅਕਸ਼ਾਂਸ਼ 340-26 ਅਤੇ ਰੇਖਾਂਸ਼ ਦੇਸ਼ਾਂਤਰ 700-28 ਹੈ। ਇਹ ਅਫ਼ਗਾਨਿਸਤਾਨ ਦੇ ਪੂਰਬੀ ਦਿਸ਼ਾ ਵੱਲ ਆਉਂਦਾ ਹੈ। ਚੌਹਾ ਸਾਹਿਬ ਗੁਰਦੁਆਰਾ ਸੁਲਤਾਨਪੁਰ ਸ਼ਹਿਰ ਤੋਂ ਡੇਢ ਕਿਲੋਮੀਟਰ ਦੂਰ ਹੈ। ਗੁਰਦੁਆਰਾ ਚੌਹਾ ਸਾਹਿਬ ਪਾਤਸ਼ਾਹੀ ਪਹਿਲੀ ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਬਣਿਆ ਹੈ, ਜਦੋਂ ਗੁਰੂ ਸਾਹਿਬ 16ਵੀਂ ਸਦੀ ਦੇ ਸ਼ੁਰੂ ਵਿੱਚ ਇਥੇ ਆਪਣੀ ਪ੍ਰਚਾਰ ਫੇਰੀ ਸਮੇਂ ਆਏ ਸਨ। ਗੁਰੂ ਨਾਨਕ ਸਾਹਿਬ ਮੱਕਾ ਅਤੇ ਬਗਦਾਦ ਤੋਂ ਹੋ ਕੇ ਇਥੇ ਆਏ ਸਨ। ਗੁਰੂ ਸਾਹਿਬ ਨੇ ਪਾਣੀ ਦੀ ਘਾਟ ਨੂੰ ਮਹਿਸੂਸ ਕਰਦਿਆਂ ਚਸ਼ਮਾ ਕੱਢਿਆ ਸੀ।

### (2) ਗੁਰਦੁਆਰਾ ਗੁਰੂ ਨਾਨਕ ਚਸ਼ਮਾ :

ਇਹ ਇਤਿਹਾਸਕ ਗੁਰਦੁਆਰਾ ਜਲਾਲਾਬਾਦ-ਕਾਬੁਲ ਸੜਕ ਉੱਤੇ ਹੈ। ਜਲਾਲਾਬਾਦ ਤੋਂ ਇਹ 8 ਕਿਲੋਮੀਟਰ ਦੂਰ ਹੈ।

### (3) ਕੋਠਾ ਸਾਹਿਬ, ਅਸਕਾ ਪਿੰਡ :

ਇਥੋਂ ਦੀ ਇਕ ਮਾਈ ਜਿਸ ਨੂੰ ਕਾਬੁਲ ਵਾਲੀ ਮਾਈ ਆਖਿਆ ਜਾਂਦਾ ਹੈ, ਅੰਮ੍ਰਿਤਸਰ ਜਾ ਕੇ ਕਾਰ-ਸੇਵਾ ਕਰਦੀ ਸੀ।

### (4) ਚੱਕੀ ਸਾਹਿਬ :

ਬਾਬਰ ਨੇ ਕਾਬੁਲ ਵਿੱਚ ਬਹੁਤ ਸਾਰੇ ਫ਼ਕੀਰ ਕੈਦ ਕਰਕੇ ਚੱਕੀਆਂ ਪੀਹਣ ਲਾ ਰੱਖੇ ਸਨ। ਜਦੋਂ ਗੁਰੂ ਸਾਹਿਬ ਕਾਬੁਲ ਪੁੱਜੇ ਤਾਂ ਉਹ ਵੀ ਕੈਦ ਕਰਕੇ ਚੱਕੀ ਪੀਹਣ ਲਾ ਦਿੱਤੇ। ਗੁਰੂ ਸਾਹਿਬ ਦੀ ਚੱਕੀ ਆਪ-ਮੁਹਾਰੇ ਚੱਲ ਪਈ। ਬਾਦਸ਼ਾਹ ਨੂੰ ਜਦੋਂ ਇਸ ਗੱਲ ਦੀ ਖ਼ਬਰ ਹੋਈ ਤਾਂ ਉਸ ਸਾਰੇ ਫ਼ਕੀਰ ਗੁਰੂ ਸਾਹਿਬ ਦੇ ਕਹਿਣ 'ਤੇ ਰਿਹਾਅ ਕਰ ਦਿੱਤੇ। ਉਸੇ ਚੱਕੀ ਦਾ ਉਪਰਲਾ ਪੁੜ ਕਾਬੁਲ ਸ਼ਹਿਰ ਵਿੱਚ ਭਾਈ ਸ਼ਿਆਮ ਸਿੰਘ ਦੀ ਧਰਮਸ਼ਾਲਾ ਵਿੱਚ ਪਿਆ ਹੈ ਅਤੇ ਹੇਠਲਾ ਪੁੜ ਸ਼ਾਹੀ-ਬਾਗ ਵਿੱਚ ਹੈ। ਹਰ ਵੀਰਵਾਰ ਨੂੰ ਮੇਲਾ ਲੱਗਦਾ ਹੈ। ਦੀਵੇ ਅਤੇ ਮਠਿਆਈਆਂ ਭੇਟਾ ਕੀਤੀਆਂ ਜਾਂਦੀਆਂ ਹਨ। ਇਥੇ ਬਹੁਤ ਅਰੋੜੇ ਸਿੱਖ ਰਹਿੰਦੇ ਹਨ।

### (5) ਘੜੂਕਾ ਪਹਾੜ ਟਿੱਬੀ ਸਾਹਿਬ:

ਇਹ ਥਾਂ ਕਾਬੁਲ ਤੋਂ 22 ਕਿਲੋਮੀਟਰ ਦੂਰ ਹੈ। ਦਿਨੇ ਇਥੇ ਰੇਤ ਇਕੱਠੀ ਹੁੰਦੀ ਹੈ ਅਤੇ ਰਾਤ ਨੂੰ ਖਿੰਡ ਜਾਂਦੀ ਹੈ। ਸਵੇਰ ਨੂੰ ਉਸ ਟਿੱਬੀ 'ਤੇ ਘੋੜਿਆਂ ਦੀਆਂ ਪੈੜਾਂ ਦੇ ਨਿਸ਼ਾਨ ਬਹੁਤ ਹੁੰਦੇ ਹਨ। ਰਾਤ ਸਮੇਂ ਕੀਰਤਨ ਹੁੰਦਾ ਹੈ, ਪਰ ਆਦਮੀ ਕੋਈ ਦਿਸਦਾ ਨਹੀਂ। ਰਾਤ ਨੂੰ ਇਸ ਥਾਂ ਜਾਣ ਵਾਲਾ ਅੰਨ੍ਹਾ ਬੋਲਾ ਹੋ ਜਾਂਦਾ ਹੈ। ਚੜ੍ਹਾਵਾ ਇਥੇ ਕੜਾਹ ਪ੍ਰਸ਼ਾਦਿ ਚੜ੍ਹਦਾ ਹੈ, ਜੋ ਦੂਸਰੇ ਮਿੱਠੇ ਦੇ ਨਾ ਹੋਣ ਕਾਰਨ ਤੂਤਾਂ ਦੀ ਮਿਠਾਈ ਤੋਂ ਬਣਦਾ ਹੈ।

### (6) ਹਜ਼ਾਰਾ ਪਰਬਤ :

ਇਹ ਇਤਿਹਾਸਕ ਅਸਥਾਨ ਕੋਠਾ ਸਾਹਿਬ ਕਰਕੇ ਪ੍ਰਸਿੱਧ ਹੈ। ਇਥੇ ਕੜਾਹ ਪ੍ਰਸ਼ਾਦਿ ਵਿੱਚ ਪੰਜਾ ਲੱਗਦਾ ਹੈ।

### (7) ਬਾਬੇ ਦਾ ਬੜ੍ਹਾ :

ਕਾਬੁਲ ਤੋਂ ਤਿੰਨ ਕਿਲੋਮੀਟਰ ਦੂਰ ਪੱਛਮੀ ਦਿਸ਼ਾ ਵੱਲ ਬਾਬਰ ਦੇ ਸੰਗਮਰਮਰੀ ਮਹਿਲ ਦੇ ਨੇੜੇ ਬਾਬੇ ਦਾ ਬੜ੍ਹਾ ਅਸਥਾਨ ਪ੍ਰਸਿੱਧ ਹੈ, ਜਿਥੇ ਬਾਬਰ ਨੇ ਆ ਕੇ ਗੁਰੂ ਸਾਹਿਬ ਤੋਂ ਕਾਮਯਾਬੀ ਦੀ ਅਰਦਾਸ ਲਈ ਬੇਨਤੀ ਕੀਤੀ ਸੀ।

ਕਾਬੁਲ ਦੇ ਆਸ-ਪਾਸ ਬਹੁਤ ਸਾਰੇ ਅਜਿਹੇ ਪਿੰਡ ਹਨ ਜਿਥੇ ਗੁਰੂ ਨਾਨਕ ਸਾਹਿਬ ਦੇ ਚਮਤਕਾਰ ਮੁਕਾਮੀ ਲੋਕ ਦੱਸਦੇ ਹਨ। ਇਹ ਨਗਰ ਹਨ - ਦਰਗਈ ਪਿੰਡ, ਜੋ ਮਾਲਕੰਦ ਦੇ ਪਹਾੜਾ ਵਿੱਚ ਹੈ। ਦਰਗਈ ਪਿੰਡ ਤੋਂ 9 ਕਿਲੋਮੀਟਰ ਦੂਰ ਉੱਤਰ ਵੱਲ ਇਕ ਪਿੰਡ, ਭੁਨੇਰ ਪਿੰਡ ਜੋ ਯਾਕੀ ਦੇ ਪਰਗਣੇ ਵਿੱਚ ਆਉਂਦਾ ਹੈ। ਅਬਲੀਸ ਜੋ ਕਾਬੁਲ ਦੇ ਉੱਤਰ ਵੱਲ 21 ਕਿਲੋਮੀਟਰ ਦੂਰ ਹੈ। ਲੁਕਮਾਣ ਪਿੰਡ, ਘੜੂਕਾ, ਕੁਰਮ, ਗੋਰੀ, ਬੁਗਲਾਨ ਆਦਿ ਪਿੰਡ ਹਨ, ਜਿਥੇ ਗੁਰੂ ਸਾਹਿਬ ਦੇ ਅਸਥਾਨ ਦੱਸੇ ਜਾਂਦੇ ਹਨ।

ਪੁਸਤਕ ਸੂਚੀ:-

1. ਤਾਰਾ ਸਿੰਘ- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖੱਲ, 1975
2. ਗਿਆਨ ਸਿੰਘ, ਗਿ.- ਰਿਪੁਦਮਨ ਪ੍ਰਕਾਸ਼, ਭਾਗ ਪਹਿਲਾ, ਪਟਿਆਲਾ, 1919
3. ਅਰਜੁਨ ਮੁਨੀ ਪੰਡਤ- ਗੁਰਦੁਆਰਾ ਦਰਪਣ, ਲਾਹੌਰ, 1923
4. ਬਾਵਾ ਨਿਹਾਲ ਸਿੰਘ, ਗੁਰਮੁਖ ਸਿੰਘ- ਖੁਰਸ਼ੀਦ ਖਾਲਸਾ (ਉਰਦੂ), ਰਾਸ ਅਵਲ, ਲਾਹੌਰ, 1890
5. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
6. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
7. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
8. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
9. ਦਿਲਗੀਰ, ਹਰਜਿੰਦਰ ਸਿੰਘ, ਡਾ.- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997

## ਕਿਸ਼ਤਵਾੜ


ਚਿਨਾਬ ਦਰਿਆ ਦੇ ਖੱਬੇ ਹੱਥ ਕਿਸ਼ਤਵਾੜ, ਜੰਮੂ-ਕਸ਼ਮੀਰ ਦਾ ਇਕ ਪ੍ਰਸਿੱਧ ਕਸਬਾ ਹੈ। ਜੰਮੂ-ਕਸ਼ਮੀਰ ਤੋਂ 244 ਕਿਲੋਮੀਟਰ ਦੂਰ ਹੈ। ਇਸ ਦੇ ਦੱਖਣ-ਪੂਰਬ ਵੱਲ ਇਸਲਾਮਾਬਾਦ (ਅਨੰਤਨਾਗ) 111 ਕਿਲੋਮੀਟਰ ਅਤੇ ਉੱਤਰ ਵੱਲੋਂ ਭੱਦਰਵਾਰ 69 ਕਿਲੋਮੀਟਰ ਦੂਰ ਹੈ। ਇਸ ਦਾ ਅਕਸ਼ਾਂਸ਼ 330-10 ਅਤੇ ਰੇਖਾਂਸ਼ ਦੇਸ਼ਾਂਤਰ 750-25 ਹੈ।

ਕਿਸ਼ਤਵਾੜ ਛੋਟੀ ਜਿਹੀ ਵਾਦੀ ਹੈ, ਜੋ ਪੂਰਬ ਤੋਂ ਪੱਛਮ ਤੱਕ 9 ਕਿਲੋਮੀਟਰ ਅਤੇ ਉੱਤਰ ਤੋਂ ਦੱਖਣ ਤੱਕ 3 ਕਿਲੋਮੀਟਰ ਫੈਲੀ ਹੋਈ ਹੈ। ਇਸ ਦੇ ਉੱਤਰੀ ਸਿਰੇ ਵੱਲ ਮਡੋਵਾਡਵਨ ਤੇ ਕਸ਼ਮੀਰ ਅਤੇ ਦੱਖਣੀ ਸਿਰੇ ਵੱਲ ਭਦਰਵਾਹ ਹੈ। ਪੂਰਵੀ ਸਿਰੇ ਵੱਲ ਚੰਦਰਭਾਗਾ (ਚਿਨਾਬ) ਦਰਿਆ ਅਤੇ ਪੱਛਮ ਵੱਲ ਭਦਰਵਾਹ ਤੇ ਬਨਿਹਾਲ ਆਉਂਦੇ ਹਨ। ਇਹ ਵਾਦੀ ਪੁਰਾਤਨ ਸਮਿਆਂ ਵਿੱਚ ਭਾਰੀ ਜੰਗਲ ਅਤੇ ਬਰਫ਼ਾਂ ਨਾਲ ਭਰੀ ਹੁੰਦੀ ਸੀ। ਪਹਿਲਾਂ ਨਾਂ ਇਸ ਦਾ ਸਮਰੱਥਗੜ੍ਹ ਸੀ ਅਤੇ ਬਾਅਦ ਵਿੱਚ ਗਬਰਨ-ਸਰ ਪ੍ਰਸਿੱਧ ਹੋ ਗਿਆ। ਕਿਸ਼ਤਵਾੜ ਦੇ ਹੇਠਾਂ ਠਾਠਰੀ ਆਉਂਦਾ ਹੈ। ਪੁਰਾਤਨ ਸਮਿਆਂ ਵਿੱਚ ਕਿਸ਼ਤਵਾੜ ਵਿੱਚ ਪਹਿਲਾਂ ਇਕ ਬ੍ਰਾਹਮਣ ਬਸਤੀ ਹਿੰਗਪਤ ਹੁੰਦੀ ਸੀ। ਰਿਵਾਇਤ ਅਨੁਸਾਰ ਕਸ਼ਭ-ਰਿਸ਼ੀ ਜਦੋਂ ਕਸ਼ਮੀਰ ਵਾਦੀ ਵੱਲ ਗਏ ਤਾਂ ਉਹ ਪਹਿਲਾਂ ਕਿਸ਼ਤਵਾੜ ਦੀ ਪਹਾੜੀ ਉੱਤੇ ਹੀ ਬੈਠੇ ਸਨ। ਰਾਜਤਿਰੰਗਨੀ ਵਿੱਚ ਇਸ ਦਾ ਨਾਂ ਕਾਸ਼ਟਵਾਟ ਦਰਜ ਹੈ। ਇਹ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਜੰਗਲੀ ਬਾਗ ਹੈ। ਬਹੁਤੇ ਲੋਕੀਂ ਅੱਜ ਵੀ ਇਸ ਨੂੰ ਕਾਠਵਾਰ ਕਸ਼ਮੀਰੀ ਵਿੱਚ ਆਖਦੇ ਹਨ। ਇਥੋਂ ਦੇ ਲੋਕਾਂ ਨੂੰ ਕਾਠਵਾੜੀ ਬੁਲਾਉਂਦੇ ਹਨ। ਕਿਸ਼ਤਵਾੜ ਨੂੰ ਕਸ਼ਟ ਕਾ ਭਾਂਡਾ, ਦਿਨ ਕਾ ਭੁੱਖਾ ਰਾਤ ਕਾ ਠੰਡਾ ਵੀ ਲੋਕੀਂ ਆਖਦੇ ਹਨ।

ਕਿਸ਼ਤਵਾੜ ਨਾਗਾਂ ਨਾਲ ਸੰਬੰਧਿਤ ਰਿਹਾ ਹੈ, ਜਿਵੇਂ ਗੋਂਦਰਸ਼ ਨਾਗ, ਕਾਫ਼ੀ ਨਾਗ, ਡਾਮਰ ਨਾਗ, ਨਾਗ ਸੀਨ ਮੌਜੂਦ ਹਨ। ਨਾਗਾਂ ਤੋਂ ਬਾਅਦ ਆਰਿਆ ਲੋਕ ਵੀ ਆਏ। ਇਥੇ ਮੁਸਲਮਾਨ ਜ਼ਿਆਰਤਾਂ ਵੀ ਹਨ ਜਿਵੇਂ ਸਈਦ ਸ਼ਾਹ ਮੁਹੰਮਦ, ਫਰੀਦ-ਉ-ਦੀਨ ਬਗਦਾਦੀ ਆਦਿ। ਇਥੇ ਪੁਰਾਤਨ ਸਮੇਂ ਸ੍ਰੀ ਨੀਲ ਕੰਠ ਮੰਦਰ ਅਤੇ ਅਸ਼ਟਾਬੱਦੀ ਮੰਦਰ ਹਿੰਦੂਆਂ ਦੇ ਮਰਕਜ਼ ਰਹੇ ਹਨ। ਰਿਵਾਇਤ ਹੈ ਕਿ ਕਿਸ਼ਤਵਾੜ ਸਿੰਘਪੋਰ ਤੋਂ ਲੈ ਕੇ ਠਾਠਰੀ ਤੱਕ ਇਕ ਸਰੋਵਰ ਸੀ, ਜਿਸ ਨੂੰ ਗੋਬਰਧਨ-ਸਰ ਕਿਹਾ ਜਾਂਦਾ ਸੀ। ਜਦੋਂ ਭੂਕੰਪ ਹੋਇਆ ਤਾਂ ਇਸ ਸਰੋਵਰ ਦਾ ਪਾਣੀ ਵੱਗ ਤੁਰਿਆ ਅਤੇ ਧਰਤੀ ਪ੍ਰਗਟ ਹੋ ਗਈ। ਕਿਸ਼ਤਵਾੜ ਨੂੰ ਪਹਿਲਾ ਬੋਟ ਨਗਰ ਵੀ ਆਖਿਆ ਜਾਂਦਾ ਸੀ।

ਬਾਕੀ ਅਗਲੇ ਹਫ਼ਤੇ ਪੜ੍ਹੋ


# ਸਿਹਤ ਤੇ ਸੁੰਦਰਤਾ



# ਗਰਮੀ ਨੇ ਚੱਕੇ ਫੱਟੇ

**ANIL DHEER**

Columnist. Alternative Therapist, Social Activist. Health Educator Award winner;



"ਗਰਮ ਮੌਸਮ ਵਿਚ ਕਿਸੇ ਵੀ ਉਮਰ ਵਿਚ ਆਮ ਲੱਛਣ, ਹੀਟ ਸਟ੍ਰੋਕ, ਜ਼ਿਆਦਾ ਪਸੀਨਾ ਆਉਣਾ, ਮਾਸਪੇਸ਼ੀਆਂ ਵਿਚ ਦਰਦ, ਤੇਜ਼ ਨਬਜ਼ ਚਲਣਾ, ਤੇਜ਼ ਬੁਖਾਰ, ਚਮੜੀ ਖੁਸ਼ਕ ਹੋ ਜਾਣਾ, ਵਾਧੂ ਪਿਆਸ ਲੱਗਣਾ, ਬੇਹੋਸ਼ੀ ਦੇਖਣ ਨੂੰ ਮਿਲਦੀ ਹੈ"-

ਹੈਲਥ ਮੀਡੀਆ ਕੈਨੇਡਾ : ਹੀਟ ਵੇਵ: ਜਦੋਂ ਬਹੁਤ ਜ਼ਿਆਦਾ ਤਾਪਮਾਨ ਲੰਬੇ ਸਮੇਂ ਤੱਕ ਰਹਿੰਦਾ ਹੈ, ਉਸ ਦਾ ਨਾਂ ਹੀ ਹੀਟ ਵੇਵ ਹੈ। ਇਸ ਨਾਲ ਸਰੀਰ ਦਾ ਤਾਪਮਾਨ ਵੀ ਬਿਗੜ ਜਾਂਦਾ ਹੈ। ਬੱਚੇ, ਨੌਜਵਾਨ, ਮੱਧ ਉਮਰ ਦੇ ਲੋਕ, ਅਤੇ ਬਜ਼ੁਰਗ, ਦਿੱਲ 'ਤੇ ਸ਼ੂਗਰ ਦੇ ਰੋਗੀ, ਪਹਿਲਥ ਤੋਂ ਹੀ ਕਮਜ਼ੋਰੀ ਦੇ ਸ਼ਿਕਾਰ ਲੋਕ, ਅਤੇ ਬਾਹਰ ਕੰਮ ਕਰਨ ਵਾਲੇ, ਲੋਕ ਹੀਟ ਵੇਵ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਜਿਵੇਂ ਕਿ ਲੂ ਲੱਗਣਾ, ਸਰੀਰ ਅੰਦਰ ਪਾਣੀ ਕਮੀ ਹੋ ਜਾਣਾ, ਹੀਟ ਐਗਜ਼ੋਸ਼ਨ, ਹੀਟ ਕਰੈਂਪਸ, ਚਮੜੀ-ਰੋਗ, ਵਗੈਰਾ ਦੇ ਘੇਰੇ 'ਚ ਛੇਤੀ ਆ ਜਾਂਦੇ ਹਨ। ਲੂ ਲੱਗਣ ਦੀ ਹਾਲਤ ਵਿਚ ਤੇਜ਼ ਬੁਖਾਰ, ਸਰੀਰ ਗਰਮ ਹੋਣਾ, ਚੱਕਰ ਆਉਣੇ, ਉਲਟੀ ਜਾਂ ਘਬਰਾਹਟ, ਬੇਹੋਸ਼ੀ, ਸਿਰ-ਪੀੜ, ਧੜਕਨ ਤੇਜ਼ ਹੋਣ ਦੇ ਨਾਲ ਪਸੀਨਾ ਰੁੱਕ ਜਾਂਦਾ ਹੈ। ਲੂ ਦੇ ਆਮ ਕਾਰਨਾਂ ਵਿਚ ਡੇਲੀ ਪਾਣੀ ਘੱਟ ਪੀਣਾ, ਲੰਬੇ ਸਮੇਂ ਤੱਕ ਧੁੱਪ ਵਿਚ ਘੁੰਮਨਾ ਫਿਰਨਾ ਅਤੇ ਗਰਮੀ ਵਿਚ ਲਗਾਤਾਰ ਭਾਰੀ ਕੰਮ ਕਰਨਾ, ਵਗੈਰਾ ਹੈ।

ਡੀਹਾਈਡਰ੍ਰੇਸ਼ਨ ਯਾਨਿ ਪਾਣੀ ਦੀ ਕਮੀ ਵਿਚ ਵਿਅਕਤੀ ਦਾ ਮੂੰਹ ਸੁੱਕਦਾ ਹੈ। ਪਿਆਸ ਵਾਧੂ ਲੱਗਦੀ ਹੈ। ਚੱਕਰ ਆਉਣ ਨਾਲ ਸਰੀਰ ਕਮਜੋਰ ਹੋ ਜਾਂਦਾ ਹੈ। ਪਿਸ਼ਾਬ ਵੀ ਘੱਟ ਮਾਤਰਾ ਵਿਚ ਆਉਂਦਾ ਹੈ। ਅਜਿਹਾ ਆਮਤੌਰ 'ਤੇ ਵਾਧੂ ਪਸੀਨਾ ਆਉਣਾ ਅਤੇ ਘੱਟ ਪਾਣੀ ਪੀਣ ਕਾਰਨ ਦੇਖਿਆ ਜਾਂਦਾ ਹੈ।

ਹੀਟ ਐਕਜ਼ੌਸਨ ਦੀ ਹਾਲਤ ਵਿਚ ਮਾਂਸਪੇਸ਼ੀਆਂ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ। ਪਸੀਨਾ ਜ਼ਿਆਦਾ ਆਉਂਦਾ ਹੈ। ਸਿਰ ਦਰਦ ਦੇ ਨਾਲ ਕਈ ਬਾਰ ਉਲਟੀ ਵੀ ਆ ਜਾਂਦੀ ਹੈ। ਵਿਅਕਤੀ ਕਮਜ਼ੋਰੀ ਮਹਿਸੂਸ ਕਰਦਾ ਹੈ। ਅਜਿਹਾ ਆਮਤੌਰ 'ਤੇ ਸਰੀਰ ਅੰਦਰ ਨਮਕ ਅਤੇ ਪਾਣੀ ਦੀ ਕਮੀ ਅਤੇ ਤੇਜ਼ ਗਰਮੀ ਵਿਚ ਕੰਮ ਕਰਦੇ ਰਹਿਣ ਨਾਲ ਹੋ ਜਾਂਦਾ ਹੈ। ਹੀਟ ਕਰੈਂਪਸ ਦੀ ਹਾਲਤ ਵਿਚ ਵਿਅਕਤੀ ਹੱਥਾਂ ਅਤੇ ਲੱਤਾਂ ਵਿਚ ਖਿੱਚ ਮਹਿਸੂਸ ਕਰਦਾ ਹੈ। ਮਾਂਸਪੇਸ਼ੀਆਂ ਵਿਚ ਦਰਦ ਵੀ ਸ਼ੁਰੂ ਹੋ ਜਾਂਦਾ ਹੈ। ਇਹ ਸਰੀਰ ਅੰਦਰ ਪਾਣੀ ਦੀ ਕਮੀ ਅਤੇ ਪਸੀਨੇ ਨਾਲ ਨਮਕ ਦੀ ਕਮੀ ਕਾਰਨ ਦੇਖਿਆ ਜਾਂਦਾ ਹੈ। ਵਾਧੂ ਗਰਮੀ ਦੀ ਹਾਲਤ ਵਿਚ ਪੁਰਾਣੇ ਚਮੜੀ ਰੋਗੀਆਂ ਦੀ ਤਕਲੀਫ ਵੱਧ ਜਾਂਦੀ ਹੈ। ਨਵੇਂ ਚਮੜੀ ਰੋਗੀਆਂ ਦਾ ਅੰਕੜਾ ਵੀ ਵੱਧ ਜਾਂਦਾ ਹੈ। ਸਰੀਰ 'ਤੇ ਲਾਲ ਰੰਗ ਦੇ ਚਕੱਤੇ, ਅਤੇ ਘਮੌਰੀਆਂ ਹੋ ਜਾਂਦੀਆਂ ਹਨ। ਖਾਰਿਸ਼ ਦੀ ਤਕਲੀਫ ਕਾਫੀ ਵੱਧ ਜਾਂਦੀ ਹੈ। ਅਜਿਹਾ ਜ਼ਿਆਦਾ ਪਸੀਨਾ ਆਉਣ ਨਾਲ ਅਤੇ ਗਰਮੀ 'ਤੇ ਨਮੀ ਵਾਲੇ ਮੌਸਮ ਕਾਰਨ ਹੋ ਜਾਂਦਾ ਹੈ।

## ਤੁਹਾਨੂੰ ਕੀ ਕਰਨਾ ਚਾਹੀਦਾ ਹੈ:

- ਗਰਮੀ ਦੇ ਮੌਸਮ ਵਿਚ ਘਰ ਤੋਂ ਬਾਹਰ ਜਾਣ ਵੇਲੇ ਹੈਟ ਜਾਂ ਕੈਪ ਨਾਲ ਸਿਰ ਜਰੂਰ ਢੱਕੋ। ਚੰਗੀ ਕਿਸਮ ਦੇ ਸਨਸਕ੍ਰੀਨ ਲੋਸ਼ਨ, ਯੂਵੀ ਸਨ-ਗਲਾਸ ਇਸਤੇਮਾਲ ਕਰੋ।
- ਇਸ ਮੌਸਮ ਵਿਚ ਡਾਰਕ ਦੀ ਥਾਂ ਲਾਈਟ ਕਲਰ ਦੇ ਕੱਪੜੇ ਪਹਿਨੋ। ਬਿਨਾ ਲੋੜ ਦੁਪਹਿਰ 12 ਤੋਂ 4 ਵਜੇ ਤੱਕ ਬਾਹਰ ਨਾ ਜਾਓ।
- ਗਰਮ ਮੌਸਮ ਦੌਰਾਣ ਪਾਣੀ ਦੀ ਕਮੀ ਨਾ ਹੋਵੇ, ਲਈ 8-ਤੋਂ 11 ਗਿਲਾਸ ਪਾਣੀ ਸਾਦਾ ਜਾਂ ਨਿੰਬੂ-ਨਮਕ ਪਾ ਕੇ ਪੀਓ।
- ਨਾਰੀਅਲ ਪਾਣੀ, ਹਰੀ ਸੌਂਫ ਦਾ ਪਾਣੀ, ਤਾਜ਼ਾ ਦਹੀਂ, ਦਹੀਂ ਦੀ ਲੱਸੀ ਬਿਨਾਂ ਚੀਨੀ, ਨਕਮ ਪਾਕੇ ਪੀ ਸਕਦੇ ਹੋ। ਆਮਪਨਾ ਸਰੀਰ ਅਤੇ ਮਨ ਦੀ ਗਰਮੀ ਘੱਟ ਕਰਦਾ ਹੈ।
- ਸਲਾਦ ਵਿਚ ਕੱਚਾ ਪਿਆਜ਼, ਖੀਰਾ-ਕਕੜੀ, ਧਨੀਆ-ਪੁਦੀਨਾ ਦੀ ਚਟਨੀ ਲਗਾਤਾਰ ਖਾਓ।
- ਫੱਲਾਂ ਵਿਚ ਪਪੀਤਾ, ਤਰਬੂਜ਼, ਖਰਬੂਜਾ, ਸੰਤਰਾ, ਮੌਸੱਮੀ, ਪਾਈਨੇਪਲ, ਵਰਤੋ।
- ਬੇਲ, ਗੁਲਾਬ, ਨਿੰਬੂ, ਦਾ ਸ਼ਰਬਤ, ਠੰਢਾ ਦੁੱਧ ਪੀਣ ਨਾਲ ਸਰੀਰ ਅੰਦਰ ਤਾਪਮਾਨ ਸਹੀ ਰਹਿੰਦਾ ਹੈ।
- ਗੰਨੇ ਦਾ ਰੱਸ, ਐਲੋਵੀਰਾ ਜੂਸ, ਸ਼ਿਕੰਜੀ, ਦਾ ਇਸਤੇਮਾਲ ਗਰਮੀ ਭਰ ਕਰੋ।
- ਪੁਰਾਣੇ ਸਮੇਂ ਵਿਚ ਲੋਕ ਲੂ ਤੋਂ ਬਚਣ ਲਈ ਬਾਹਰ ਜਾਣ ਵੇਲੇ ਆਪਣੇ ਕੋਲ ਪਿਆਜ਼ ਰੱਖਦੇ ਸਨ।
- ਗਰਮ ਮੌਸਮ ਵਿਚ ਪੈਰਾਂ ਦੀ ਜਲਨ ਤੋਂ ਬਚਣ ਲਈ ਆਪਣੇ ਪੈਰਾਂ 'ਤੇ ਪਿਆਜ਼ ਦਾ ਰੱਸ ਵੀ ਲਗਾ ਸਕਦੇ ਹੋ।
- ਇਸ ਮੌਸਮ ਵਿਚ ਤੇਜ਼ ਮਿਰਚ-ਮਸਾਲੇ ਵਾਲਾ ਭੋਜਨ, ਜੰਕ-ਫੂਡ, ਚਾਹ-ਕੋਫੀ, ਅਲਕੋਹਲ ਹੋ ਸਕੇ ਤਾਂ ਨਾ ਸੇਵਨ ਕਰੋ। ਛੇਤੀ ਹਜ਼ਮ ਹੋਣ ਵਾਲਾ ਭੋਜਨ ਹੀ ਲੈਣਾ ਚਾਹੀਦਾ ਹੈ।




- ਨਮਕ-ਪਾਣੀ ਦਾ ਘੋਲ ਛੋਟੇ ਬੱਚਿਆਂ ਨੂੰ ਜਰੂਰ ਪਿਲਾਂਦੇ ਰਹੋ। ਬਜ਼ੁਰਗ ਪਾਣੀ ਦੀ ਵਰਤੋਂ ਜ਼ਿਆਦਾ ਕਰਨ।
- ਗਰਮ ਮੌਸਮ ਵਿਚ ਆਪਣਾ ਨਾਸ਼ਤਾ ਕਦੇ ਵੀ ਮਿੱਸ ਨਾ ਕਰੋ। ਖਾਲੀ ਪੇਟ ਧੁੱਪ ਵਿਚ ਨਾ ਜਾਓ।
- ਡੇਲੀ ਆਪਣੀ ਨੀਂਦ ਘੱਟੋ-ਘੱਟ 8 ਘੰਟੇ ਪੂਰੀ ਲੈਣੀ ਚਾਹੀਦੀ ਹੈ।
- ਆਪਣੇ ਪਾਲਤੂ ਜਾਨਵਰਾਂ ਯਨਿ ਪੱਟਸ, ਦਾ ਖਾਸ ਖਿਆਲ ਰੱਖੋ, ਕਿਉਂ ਕਿ ਉਹ ਬੋਲ ਨਹੀਂ ਸਕਦੇ। ਆਮਤੌਰ 'ਤੇ ਪੇਟਸ ਨੂੰ ਬਰਫ ਦੇ ਟੁੱਕੜੇ ਖਾਣਾ ਕਾਫੀ ਪਸੰਦ ਹੈ ਦਿੰਦੇ ਰਹੋ।
- ਗਰਮ ਵਰਕ-ਪਲੇਸ 'ਤੇ ਥੋੜੀ-ਥੋੜੀ ਦੇਰ ਬਾਦ ਬ੍ਰੇਕ ਦੀ ਲੋੜ ਹੁੰਦੀ ਹੈ।
- ਧੁੱਪ ਤੋਂ ਆ ਕੇ ਤੁਰੰਤ ਜ਼ਿਆਦਾ ਠੰਢਾ ਪਾਣੀ ਨਾ ਪੀਓ।

ਨੋਟ: ਗਰਮ ਮੌਸਮ ਦੌਰਾਣ ਛੋਟੇ ਬੱਚੇ, ਬਜ਼ੁਰਗ ਅਤੇ ਗਰਭਵਤੀ ਔਰਤਾਂ ਦਾ ਲੋੜ ਤੋਂ ਵੱਧ ਖਿਆਲ ਰੱਖਣ ਦੀ ਲੋੜ ਹੁੰਦੀ ਹੈ। ਬਿਨਾਂ ਦੇਰੀ, ਤੇਜ਼ ਗਰਮੀ ਦੌਰਾਣ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਲੂ ਲੱਗਣਾ, ਸਰੀਰ ਅੰਦਰ ਪਾਣੀ ਦੀ ਕਮੀ, ਹੀਟ ਐਗਜ਼ੋਸ਼ਣ, ਹੀਟ ਕਰੈਂਪਸ ਅਤੇ ਚਮੜੀ ਰੋਗਾਂ ਦੀ ਹਾਲਤ ਵਿਚ ਤੁਰੰਤ ਐਮਰਜੈਂਸੀ ਜਾਂ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਦੀ ਮਦਦ ਲਵੋ।

# * ਚੂੰਢਾਂ-ਪੌਂਚੇ *


ਲੇਖਕ - ਨਿਰਮਲ ਸਿੰਘ ਕੰਧਾਲਵੀ





***ਮੋਦੀ-ਮੇਲੋਨੀ ਨੇ ਕੀਤੀ ਰੋਮ ਦੀ ਸੈਰ- ਇਕ ਖ਼ਬਰ**

-ਕਿਸੇ ਜ਼ਮਾਨੇ 'ਚ ਨੀਰੋ ਬੰਸਰੀ ਵਜਾਉਂਦਾ ਸੀ ਅੱਜ ਕੱਲ ਰੋਮ ਦੀ ਸੈਰ ਕਰਦੈ।



***ਇਰਾਨ ਵਲੋਂ ਅਮਰੀਕਾ ਨੂੰ ਬੰਦਰਗਾਹ ਤੋਂ ਫ਼ੌਜਾਂ ਹਟਾਉਣ ਦੀ ਚੇਤਾਵਨੀ- ਇਕ ਖ਼ਬਰ**

-ਚੁੱਕ ਚਰਖ਼ਾ ਪਰ੍ਹਾਂ ਕਰ ਪੀਹੜੀ, ਛੜਿਆਂ ਨੇ ਬੋਕ ਬੰਨ੍ਹਣਾ।

***ਸੁਪਰੀਮ ਕੋਰਟ ਨੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ 'ਤੇ ਉਠਾਏ ਸਵਾਲ- ਇਕ ਖ਼ਬਰ**

-ਅਸੀਂ ਬਸ ਸਵਾਲ ਉਠਾਉਣ ਜੋਗੇ ਹੀ ਹਾਂ, ਕਰਨ ਜੋਗੇ ਕੁਝ ਨਹੀਂ।


***ਅਕਾਲੀ ਦਲ ਵਾਰਸ ਪੰਜਾਬ ਦੇ ਅਤੇ ਅਕਾਲੀ ਦਲ ਪੁਨਰ ਸੁਰਜੀਤ ਦਾ ਤਾਲਮੇਲ ਟੁੱਟਿਆ- ਇਕ ਖ਼ਬਰ**

-ਕੋਹ ਤੁਰੀ ਨਾ ਅਖੇ ਬਾਬਾ ਤ੍ਰਿਹਾਈ।



***ਜੰਗ ਕਾਰਨ 63 ਫ਼ੀਸਦੀ ਅਮਰੀਕਨ ਟਰੰਪ ਤੋਂ ਨਾਰਾਜ਼- ਇਕ ਖ਼ਬਰ**

-ਪਿੰਡ 'ਚ ਪੁਆੜੇ ਪਾਉਂਦਾ ਨੀਂ, ਮਰ ਜਾਣਾ ਅਮਲੀ।




***ਟਰੰਪ ਤੇ ਨੇਤਨਯਾਹੂ ਵਿਚਕ-ਾਰ ਗਰਮਾ-ਗਰਮ ਬਹਿਸ- ਇਕ ਖ਼ਬਰ**

-ਕੂੰਡੇ ਭੱਜ ਗਏ ਘੋਟਣੇ ਟੁੱਟ ਗਏ, ਤਕੀਏ ਮਲੰਗ ਲੜ ਪਏ।

***ਭਾਰਤ ਦੀ ਤਰਜ਼ 'ਤੇ ਪਾਕਿਸਤਾਨ 'ਚ ਵੀ ਬਣੀ 'ਕਾਕਰੋਚ ਅਵਾਮੀ ਪਾਰਟੀ'- ਇਕ ਖ਼ਬਰ**

-ਤਾਏ ਦੀ ਧੀ ਚੱਲੀ ਤਾਂ ਮੈਂ ਕਿਉਂ ਰਹਾਂ 'ਕੱਲੀ।



***ਸ਼ੀ ਜਿਨਪਿੰਗ ਵਲੋਂ ਜੰਗ ਤੁਰਤ ਖ਼ਤਮ ਕਰਨ ਦੀ ਅਪੀਲ- ਇਕ ਖ਼ਬਰ**

-ਜ਼ਖ਼ਮ ਮਿਲਾਉਣਾ ਔਖਾ ਤੇ ਤਲਵਾਰ ਚਲਾਉਣੀ ਸੌਖੀ ਆ।



***ਮੋਦੀ ਸਰਕਾਰ ਆਰ. ਬੀ. ਆਈ. ਨੂੰ ਨਿੱਜੀ ਖ਼ਜ਼ਾਨੇ ਵਾਂਗ ਵਰਤ ਰਹੀ ਹੈ- ਖ਼ਜ਼ਾਨਾ ਮੰਤਰੀ ਚੀਮਾ**

-ਕੋਈ ਊਠਾਂ ਵਾਲੇ ਨੀਂ, ਲੁੱਟ ਕੇ ਸੇਜ ਸੱਸੀ ਦੀ ਲੈ ਗਏ।





***ਕਾਕਰੋਚ ਜੰਨਤਾ ਪਾਰਟੀ ਨੇ ਕੁਝ ਘੰਟਿਆਂ ਬਾਅਦ ਹੀ ਆਪਣਾ ਨਵਾਂ ਖਾਤਾ ਖੋਲ੍ਹ ਲਿਆ- ਇਕ ਖ਼ਬਰ**

-ਆ ਵੇ ਨਾਜਰਾ, ਜਾਹ ਵੇ ਨਾਜਰਾ ਬੋਤਾ ਬੰਨ੍ਹ ਦਰਵਾਜ਼ੇ।



***ਭਾਜਪਾ 'ਚ ਦੂਰਅੰਦੇਸ਼ੀ ਅਤੇ ਲੀਡਰਸ਼ਿੱਪ ਦੀ ਘਾਟ- ਖੜਗੇ**

-ਜਿਹੜਾ ਮੇਰੇ ਪੱਲੇ ਪੈ ਗਿਆ, ਉਹਨੂੰ ਪੱਗ ਬੰਨ੍ਹਣੀਂ ਨਾ ਆਵੇ।



***ਟਰੰਪ ਨੇ ਅਰਬ ਦੇਸ਼ਾਂ ਦੇ ਆਗੂਆਂ ਦੀ ਬੇਨਤੀ ਉੱਤੇ ਇਰਾਨ 'ਤੇ ਹਮਲਾ ਟਾਲਿਆ- ਇਕ ਖ਼ਬਰ**

-ਝੂਠੀ ਸ਼ਾਨ ਬਣਾਵਣ ਖਾਤਰ, ਝੂਠ ਹੀ ਬਣੇ ਸਹਾਰਾ।

***2 ਦਸੰਬਰ 2024 ਦੇ ਫ਼ੈਸਲੇ ਨਾਲ ਜੁੜੇ ਲੀਡਰ ਸੱਤਾ ਲਈ ਅਕਾਲ ਤਖ਼ਤ ਨੂੰ ਪਿੱਠ ਦੇ ਕੇ ਖਿਸਕਣ ਲੱਗੇ- ਇਕ ਖ਼ਬਰ**

-ਮੋੜੀਂ ਮੋੜੀਂ ਵੇ ਗੁਲਜ਼ਾਰੀ, ਭੇਡਾਂ ਖਿਸਕ ਗਈਆਂ।



***ਦੇਸ਼ ਵਿਚ ਆਰਥਕ ਤੂਫ਼ਾਨ ਆਉਣ ਵਾਲਾ ਹੈ- ਰਾਹੁਲ ਗਾਂਧੀ**

-ਚੋਰ ਚੌਧਰੀ ਯਾਰ ਨਾਪਾਕ ਦਾਮਨ, ਭੂਤ ਮੰਡਲੀ ਇਕ ਦੂੰ ਚਾਰ ਹੋਈ।



***ਦੇਸ਼ 'ਚ ਪੈਦਾ ਹੋਏ ਆਰਥਕ ਸੰਕਟ ਲਈ ਕੇਂਦਰ ਸਰਕਾਰ ਜ਼ਿੰਮੇਵਾਰ- ਸੁਖਜਿੰਦਰ ਰੰਧਾਵਾ**

-ਹੁੰਦਾ ਰੱਬ ਨਹੀਂ ਕਿਸੇ ਦਾ ਵੈਰੀ, ਵੈਰੀ ਤੇਰੇ ਐਬ ਬੰਦਿਆ।

* * * * *

# ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਨੇ ਗੁਪਤ ਵਿਆਹ ਦੀਆਂ ਗੱਲਾਂ ਨੂੰ ਦੱਸਿਆ ਸਿਰਫ਼ ਅਫ਼ਵਾਹ



ਨਵੀਂ ਦਿੱਲੀ -ਫ਼ਿਲਮੀ ਦੁਨੀਆਂ ਦੀ ਉੱਘੀ ਅਦਾਕਾਰਾ ਅਤੇ ਸਿਆਸੀ ਆਗੂ ਕੰਗਨਾ ਰਣੌਤ ਨੇ ਇੰਟਰਨੈੱਟ 'ਤੇ ਉਨ੍ਹਾਂ ਦੇ ਵਿਆਹ ਨੂੰ ਲੈ ਕੇ ਉੱਡ ਰਹੀਆਂ ਅਫ਼ਵਾਹਾਂ 'ਤੇ ਪੂਰੀ ਤਰ੍ਹਾਂ ਵਿਰਾਮ ਲਗਾ ਦਿੱਤਾ ਹੈ। ਦਸਲ ਅਸਲ, ਪਿਛਲੇ ਕੁਝ ਦਿਨਾਂ ਤੋਂ ਸਮਾਜਿਕ ਸੰਚਾਰ ਮਾਧਿਅਮਾਂ 'ਤੇ ਇੱਕ ਤਸਵੀਰ ਬਹੁਤ ਤੇਜ਼ੀ ਨਾਲ ਫੈਲ ਰਹੀ ਸੀ, ਜਿਸ ਵਿੱਚ ਅਦਾਕਾਰਾ ਦੇ ਗਲ ਵਿੱਚ ਵਿਆਹ ਦਾ ਪਵਿੱਤਰ ਸੂਤਰ ਅਤੇ ਹੱਥਾਂ ਵਿੱਚ ਹਰੀਆਂ ਚੂੜੀਆਂ ਦਿਖਾਈ ਦੇ ਰਹੀਆਂ ਸਨ। ਇਸ ਤਸਵੀਰ ਨੂੰ ਦੇਖ ਕੇ ਪ੍ਰਸ਼ੰਸਕਾਂ ਅਤੇ ਆਮ ਲੋਕਾਂ ਵੱਲੋਂ ਇਹ ਅੰਦਾਜ਼ੇ ਲਗਾਏ ਜਾਣੇ ਸ਼ੁਰੂ ਹੋ ਗਏ ਸਨ ਕਿ ਉਨ੍ਹਾਂ ਨੇ ਬਿਨਾਂ ਕਿਸੇ ਨੂੰ ਦੱਸੇ ਚੁੱਪ-ਚੁਪੀਤੇ ਆਪਣਾ ਘਰ ਵਸਾ ਲਿਆ ਹੈ। ਇਨ੍ਹਾਂ ਚਰਚਾਵਾਂ 'ਤੇ ਆਪਣਾ ਪੱਖ ਰੱਖਦਿਆਂ ਹਿਮਾਚਲ ਪ੍ਰਦੇਸ਼ ਦੇ ਮੰਡੀ ਖੇਤਰ ਤੋਂ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਨੇ ਸਪੱਸ਼ਟ ਕੀਤਾ ਕਿ ਉਹ ਜਦੋਂ ਵੀ ਵਿਆਹ ਕਰਨਗੇ, ਸਭ ਦੇ ਸਾਹਮਣੇ ਖੁੱਲ੍ਹ ਕੇ ਕਰਨਗੇ ਅਤੇ ਕਿਸੇ ਤੋਂ ਕੁਝ ਵੀ ਨਹੀਂ ਲੁਕਾਉਣਗੇ।ਆਪਣੇ ਅਧਿਕਾਰਤ ਖ਼ਾਤੇ 'ਤੇ ਇੱਕ ਬਿਆਨ ਸਾਂਝਾ ਕਰਦਿਆਂ ਕੰਗਨਾ ਨੇ ਦੱਸਿਆ ਕਿ ਵਾਇਰਲ ਹੋ ਰਹੀ ਇਹ ਤਸਵੀਰ ਦਰਅਸਲ ਉਨ੍ਹਾਂ ਦੀ ਆਉਣ ਵਾਲੀ ਨਵੀਂ ਫ਼ਿਲਮ ਦੇ ਇੱਕ ਦ੍ਰਿਸ਼ ਦੀ ਹੈ। ਉਨ੍ਹਾਂ ਕਿਹਾ ਕਿ ਉਹ ਇਨੀਂ ਦਿਨੀਂ ਰੋਜ਼ਾਨਾ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਆਪਣੀ ਫ਼ਿਲਮ ਦੀ ਸ਼ੂਟਿੰਗ ਕਰ ਰਹੇ ਹਨ ਅਤੇ ਇਸੇ ਦੌਰਾਨ ਕਿਸੇ ਨੇ ਉਨ੍ਹਾਂ ਦੇ ਉਸ ਖ਼ਾਸ ਪਹਿਰਾਵੇ ਅਤੇ ਹਾਰ-ਸ਼ਿੰਗਾਰ ਵਾਲੀ ਤਸਵੀਰ ਖਿੱਚ ਕੇ ਇੰਟਰਨੈੱਟ 'ਤੇ ਪਾ ਦਿੱਤੀ। ਇਸ ਗਲਤਫ਼ਹਿਮੀ ਕਾਰਨ ਉਨ੍ਹਾਂ ਨੂੰ ਲਗਾਤਾਰ ਵਧਾਈਆਂ ਦੇ ਫ਼ੋਨ ਆ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਖ਼ੁਦ ਸਾਹਮਣੇ ਆ ਕੇ ਇਸ ਸੱਚਾਈ ਤੋਂ ਪਰਦਾ ਚੁੱਕਣਾ ਪਿਆ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ


Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Look at the two letter words you made last week with letters ਯ, ਰ, ਲ, ਵ, ੜ See if you add more letters to make three or four letter mukta words ............or construct some new words OR Find 3 or 4 letter words from any Punjabi book and write below.

Page 61 Level I

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।





ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# ਕਾਵਿ-ਕਿਆਰੀ

## ਭੁੱਲਾ ਰਾਮ ਚੰਨ ਗੁਰਾਇਆਂ ਵਾਲਾ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ,



ਗੀਤਕਾਰੀ ਦੇ ਅੰਬਰ ਦਾ
ਉਹ ਟਿਮ-ਟਿਮਾਉਂਦਾ ਤਾਰਾ ਸੀ,
ਸ਼ਹਿਨਸ਼ਾਹ ਸੀ ਸ਼ਾਹ ਅੱਖਰਾਂ ਦਾ
ਉਹ ਗੀਤਾਂ ਦਾ ਵਣਜਾਰਾ ਸੀ।

ਤਰਜ਼-ਧੁਨਾਂ ਤੋਂ ਸੀ ਵਾਕਿਫ
ਗੀਤ ਲਿਖਣ ਦਾ ਢੰਗ ਨਿਰਾਲਾ ਸੀ,
ਭੁੱਲਾ ਰਾਮ, ਅਸਲ ਸੀ ਨਾਂ ਉਹਦਾ
ਉਹ "ਚੰਨ ਗੁਰਾਇਆਂ" ਵਾਲਾ ਸੀ,
ਗੀਤਕਾਰੀ ਦੇ ਅੰਬਰ ਦਾ
ਉਹ ਟਿਮ-ਟਿਮਾਉਂਦਾ ਤਾਰਾ ਸੀ॥

ਗੁਰੂ-ਭਗਤਾਂ ਉੱਤੇ ਗੀਤ ਲਿਖੇ
ਧਰਮ ਦੇ ਸੋਹਲੇ ਗਾਏ ਸੀ,
ਰਵਿਦਾਸ ਗੁਰੂ ਦੀ ਮਹਿਮਾ ਵਿੱਚ
ਕਈ ਤਵੇ ਰਿਕਾਰਡ ਕਰਾਏ ਸੀ,
ਜ਼ਾਤ-ਪਾਤ ਦੇ ਪਸਰੇ ਕੋੜ੍ਹ ਦਾ ਉਹ
ਸਦਾ ਰਿਹਾ ਵਿਰੋਧੀ ਭਾਰਾ ਸੀ।
ਗੀਤਕਾਰੀ ਦੇ ਅੰਬਰ ਦਾ
ਉਹ ਟਿਮ-ਟਿਮਾਉਂਦਾ ਤਾਰਾ ਸੀ॥

ਲੋਕ ਗੀਤ ਰਿਹਾ ਸੀ ਲਿਖਦਾ ਉਹ
ਉਸ ਲਿਖੀਆਂ ਲੋਕ ਗਥਾਵਾਂ ਵੀ,
ਉਹਦੀ ਕਲਮ ਸੀ ਅਰਪਣ ਵਿਰਸੇ ਨੂੰ
ਉਹਨੇ ਮਮਤਾ ਲਿਖੀ ਸੀ ਮਾਵਾਂ ਦੀ,
ਮੰਨੇ-ਪ੍ਰਮੰਨੇ ਗਾਇਕਾਂ ਲਈ
'ਚੰਨ' ਬਣਿਆ ਇੱਕ ਸਹਾਰਾ ਸੀ।
ਗੀਤਕਾਰੀ ਦੇ ਅੰਬਰ ਦਾ
ਉਹ ਟਿਮ-ਟਿਮਾਉਂਦਾ ਤਾਰਾ ਸੀ॥

ਰਲ-ਮਿਲ ਕੇ ਮਾਣਕ, ਪੋਹਲੀ 'ਨਾ
'ਬਲਵੀਰੋ ਭਾਬੀ' ਫ਼ਿਲਮ ਬਣਾਈ ਸੀ,
ਵੱਡੇ ਪਰਦੇ ਦੀ ਨਗਰੀ ਵਿੱਚ
ਆਪਣੀ ਕਿਸਮਤ ਅਜ਼ਮਾਈ ਸੀ,
ਬਾਲੀਵੁੱਡ ਦੇ ਅਸਮਾਨ ਉੱਤੇ
'ਚੰਨ' ਚਮਕਦਾ ਹੋਇਆ ਸਿਤਾਰਾ ਸੀ।
ਗੀਤਕਾਰੀ ਦੇ ਅੰਬਰ ਦਾ
ਉਹ ਟਿਮ-ਟਿਮਾਉਂਦਾ ਤਾਰਾ ਸੀ॥

'ਨਛੱਤਰ ਭੋਗਲ' ਚੰਦ ਕੁ ਸ਼ਬਦਾਂ ਨਾ
ਉਹ ਧੁੱਰ ਅੰਦਰੋਂ ਅਰਦਾਸ ਕਰੇ,
ਉਹਦੀ ਵਿਛੜੀ ਹੋਈ ਆਤਮਾ ਨੂੰ
ਰੱਬ ਚਰਨਾਂ ਦੇ ਵਿੱਚ ਵਾਸ ਕਰੇ,
ਡਾਢੇ ਰੱਬ ਦੀਆਂ ਲਿਖੀਆਂ ਹੋਈਆਂ ਤੇ
ਉਹਦਾ ਕੋਈ ਨਾ ਚੱਲਿਆ ਚਾਰਾ ਸੀ।
ਗੀਤਕਾਰੀ ਦੇ ਅੰਬਰ ਦਾ
ਉਹ ਟਿਮ-ਟਿਮਾਉਂਦਾ ਤਾਰਾ ਸੀ॥

ਲੇਖਕ :- ਨਛੱਤਰ ਸਿੰਘ ਭੋਗਲ
"ਭਾਖੜੀਆਣਾ" (U.K)



## ਭੁੱਲਾ ਰਾਮ ਚੰਨ ਚੰਨ ਗੁਰਾਇਆਂਵਾਲਾ

ਮੈਂ ਜਿਸ ਆਦਰਯੋਗ ਫ਼ਨਕਾਰ ਦਾ ਕਰਨ ਲੱਗਾਂ ਜ਼ਿਕਰ ਦੋਸਤੋ!
ਹੱਸਦੇ ਖੇਡਦਿਆਂ ਦੇ ਪੱਲੇ ਹਾਏ ਪਾ ਗਿਆ ਫ਼ਿਕਰ ਦੋਸਤੋ !!

ਪੰਜਾਬਣ ਮਾਂ ਦੇ ਜਾਏ ਨੇ - ਬਹੁ ਉੱਦਮ ਕੀਤਾ ਬਾਹਲਾ!
ਤਰਸੇਮ ਤੋਂ ਬਣ ਗਿਆ ਭੁੱਲਾ ਰਾਮ ਚੰਨ, ਚੰਨ ਗੁਰਾਇਆਂਵਾਲਾ!!

ਰੁੜਕਾ ਰੋਡ ਗੁਰਾਇਆ ਵਿਖੇ, ਗੀਤਕਾਰ ਮਹਾਨ ਸੀ ਉਹ!
ਕਰਦਾ ਰੰਗ ਰੋਗਨ ਪੇਂਟ ਦੀ ਦੁਕਾਨ ਸੀ ਉਹ --!!

ਗੀਤ ਲਿਖੇ ਕਮਾਲ ਦੇ - ਜੋ ਸਭਨਾਂ ਦੇ ਮਨ ਭਾਏ!
ਨਰਿੰਦਰ ਬੀਬਾ, ਕੁਲਦੀਪ ਮਾਣਕ ਵਰਗਿਆਂ ਨੇ ਸੀ ਗਾਏ!!

ਖ਼ਬਰੇ ਕੀ ਆਇਆ ਖਿਆਲ ਸੋਚ ਅਚਾਨਕ ਨੂੰ!
ਰੱਬ ਭੇਸ ਬਦਲਕੇ ਆਇਆ, ਲਿਖ ਗਿਆ ਗੁਰ ਨਾਨਕ ਨੂੰ!!

ਲੋਕੋ ਵੱਢਿਆ ਗੰਡਾਸਿਆਂ ਦੇ ਨਾਲ ਚੰਦੜਾਂ ਨੇ,
ਤੇਰਾ ਕੱਟਾ ਬ੍ਰਹਮਚਾਰੀ!
ਚੰਡੀਗੜ੍ਹ ਰਹਿਣ ਵਾਲੀਏ, ਸੌਖਾ ਨਹੀਂਉ ਯਾਰ ਲੱਭਣਾ,
ਡੋਲੂ ਛੜੇ ਜੇਠ ਦਾ ਭਾਰੀ!!



ਬਲਵੀਰੋ ਭਾਬੀ, ਬਟਵਾਰਾ, ਲਾਜੋ,
ਵਰਗੀਆਂ ਫ਼ਿਲਮਾਂ ਬਣਾ ਗਿਆ ਦੋਸਤੋ!
12 ਕਿਤਾਬਾਂ ਲਿਖਕੇ ਸਾਹਿਤ ਵਿੱਚ ਨਾਮ ਕਮਾ ਗਿਆ ਦੋਸਤੋ!!

5 ਮਈ 2026 ਮੰਗਲਵਾਰ, ਹੋ ਗਿਆ ਮਿੱਤਰੋ ਘਾਲਾ ਮਾਲਾ!
ਛੱਡ ਗਿਆ ਸਭ ਨੂੰ ਸਾਡਾ ਪਿਆਰਾ ਚੰਨ ਗੁਰਾਇਆਂ ਵਾਲਾ!!

ਸੀਰਤ ਦੀ ਗੱਲ ਦੁਨੀਆਂ ਕਰਦੀ, ਸੂਰਤ ਕਰਦੀ ਧੱਕਾ!
ਆਕੜ ਕਿਸ ਗੱਲ ਦੀ, ਜਦ ਕੂਚ ਜਹਾਨੋਂ ਪੱਕਾ!!

ਹੇ ਮੇਰੇ ਸੱਚੇ ਸਤਿਗੁਰ ਸਾਈਆਂ ਚੰਨ ਜੰਡਿਆਲਵੀ ਦੀ ਅਰਦਾਸ!
ਪਿੱਛੇ ਰਿਹਾਂ ਨੂੰ ਦਿਉ ਦਿਲਾਸੇ, ਰੂਹ ਨੂੰ ਰੱਖੋ ਚਰਨਾਂ ਪਾਸ
ਰੂਹ ਨੂੰ ਰੱਖੋ ਚਰਨਾਂ ਪਾਸ---

**ਤਰਲੋਚਨ ਸਿੰਘ ਚੰਨ ਜੰਡਿਆਲਵੀ**

### ਕਾਵਿ-ਵਿਅੰਗ

## ਐੱਸ.ਆਈ.ਆਰ ਹੋਸ਼ਿਆਰ !


ਐੱਸ.ਆਈ.ਆਰ ਹੋਸ਼ਿਆਰ !
ਵਕਤ ਸਿਰ ਜੋ 'ਹੱਲ' ਕੋਈ ਸੋਚਦੇ ਨਾ
ਕਹਿੰਦੇ ਕਰੂ ਗਾ ਭਲੀ ਕਰਤਾਰ ਪਿੱਛੋਂ।
'ਲਾਠੀ ਹੱਥ' ਜਿਹਦੇ ਮੱਝ ਉਸੇ ਦੀ ਹੀ
ਬਦਲੇ ਤੱਥ ਜੇ ਪਵੇ 'ਲਲਕਾਰ' ਪਿੱਛੋਂ।
ਇੱਕ ਇੱਕ ਵੋਟ 'ਤੇ ਅੱਖ ਜੋ ਰੱਖਦੇ ਐ
ਬਣੇ ਉਨ੍ਹਾਂ ਦੀ ਯਾਰੋ 'ਸਰਕਾਰ' ਪਿੱਛੋਂ।
ਚਿੜੀਆਂ ਚੁਗ ਹੀ ਲੈਣ ਜੇ 'ਖੇਤ ਸਾਰਾ'
ਫਾਇਦਾ ਹੋਣਾ ਕੀ ਹੋਏ 'ਲਾਚਾਰ' ਪਿੱਛੋਂ।
ਪਹਿਲਾਂ ਕਲਮ ਦਾ ਕਾਜ 'ਸਰਤਾਜ' ਦੱਸੇ
ਕਰਿਆ ਜਾਂਦਾ ਐ 'ਖੰਡੇ ਦਾ ਵਾਰ' ਪਿੱਛੋਂ।
ਜੋਰਾਵਰਾਂ ਨੇ 'ਮਿਸ਼ਨ' ਜੋ ਮਿਥ ਲਿਆ ਏ
ਪੂਰਾ ਕਰਨਗੇ 'ਐੱਸ.ਆਈ.ਆਰ' ਪਿੱਛੋਂ!



ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਮੁੱਲ

ਕੁਲਵੰਤ ਸਿੰਘ 'ਦੇਸੀ' ਯੂ ਕੇ



**Try not to become a man of success. Rather become a man of value**
*-Albert Einstein*

ਤੇਰੀ ਨਿਗ੍ਹਾ 'ਚ ਤੇਰਾ ਮੁੱਲ ਹੈ, ਮੇਰੀ ਨਿਗ੍ਹਾ 'ਚ ਮੇਰਾ
ਕਹਿਣ ਨੂੰ ਅਸੀਂ ਕਹਿ ਦਿੰਦੇ ਹਾਂ, ਛੱਡੀਏ ਤੇਰਾ ਮੇਰਾ

ਚੰਗਾ ਹੈ ਇਕੱਠੇ ਆਪਾਂ ਹੋ ਸਕਦੇ ਤਾਂ ਹੋਈਏ
ਆਪੋ ਆਪਣੇ ਚਿੱਤ ਨੇ ਸਾਨੂੰ ਪਾਇਆ ਹੋਇਆ ਘੇਰਾ

ਹੈ ਸੰਭਾਵਨਾ ਸਾਡੇ ਅੰਦਰ, ਜੋ ਮਰਜ਼ੀ ਹੋ ਜਾਈਏ
ਓਡੇ ਹੀ ਅਸੀਂ ਹੋ ਜਾਂਦੇ ਹਾਂ ਜਿੱਡਾ ਹੋਵੇ ਜੇਰਾ

ਗਿਣਤੀ ਮਿਣਤੀ ਦੇ ਫੀਤੇ ਵੀ , ਅਕਸਰ ਝੂਠੇ ਹੁੰਦੇ
ਕੌਣ ਦੱਸੇ ਕਿ ਤਾਜ ਮਹਿਲ ਤੋਂ, ਹੁੰਦਾ ਪ੍ਰੇਮ ਉਚੇਰਾ

ਦੇਖ ਸਹੀ ਕਿ ਸਾਡਾ ਹੋ ਕੇ, ਸਾਡਾ ਹੀ ਨਾ ਹੋਵੇ
ਸਾਡੀ ਜਿੰਦ ਨੂੰ ਲੁੱਟਣ ਵਾਲਾ, ਸਾਡਾ ਚਿੱਤ ਲੁਟੇਰਾ

ਮਸਾਂ ਮਸਾਂ ਹੀ ਜੁੱਗਾਂ ਪਿੱਛੋਂ ਹੋਈ ਝਿਲਮਿਲ ਸਾਡੇ
ਬਿਜਲੀ ਆਉਣ ਤੇ ਕਾਹਤੋਂ ਸਾਡੇ ਅੰਦਰ ਹੋਇਆ ਨ੍ਹੇਰਾ

ਪੁੱਛੋ ਨਾ ਕਿ ਉਹਦੇ ਲਈ ਅਸੀਂ ਕਿੰਨਾ ਤਰਸ ਗਏ ਆਂ
ਹੁੰਦਾ ਸੀ ਸੰਧੂਰੀ ਰੰਗਾ ਪੂਰਬ ਵਿਚ ਸਵੇਰਾ

ਕਹਿਣ ਨੂੰ ਭਾਵੇਂ ਸਾਰਿਆਂ ਨੇ ਹੀ ਏਥੋਂ ਹੈ ਟੁਰ ਜਾਣਾ
ਭੋਗੀਆਂ ਦਾ ਤਾਂ ਕਦੇ ਨਹੀਂ ਹੁੰਦਾ, ਜੋਗੀਆਂ ਵਾਲਾ ਫੇਰਾ

ਯਾ ਰੱਬਾ ਇਹ 'ਦੇਸੀ' ਨੂੰ ਗੱਲ ਪ੍ਰੇਸ਼ਾਨ ਹੈ ਕਰਦੀ
ਪਿਛਲਖੁਰੀ ਕਿਓਂ ਆਖੇ ਜਾਂਦੇ ਨਾਮ ਜੋ ਲੈਂਦੇ ਤੇਰਾ

## ਘਟਦੀ ਦਿਸੀ ਤਜੱਲੀ ਰੋਜ਼

ਚੇੜੇ ਸੋਚ ਨਿਗੱਲੀ ਰੋਜ਼।
ਨਾਲੇ ਦਵੇ ਤਸੱਲੀ ਰੋਜ਼।

ਹੌਕੇ ਹਾਵੇ ਸਦਮੇ ਰੰਜ।
ਜਿੰਦੜੀ ਕਰਨ ਸੁਖੱਲੀ ਰੋਜ਼।

ਬਾਹਰ ਰਾਸ ਨਾ ਅੰਦਰ ਟੇਕ
ਸਹਿਨਾਂ ਮਾਰ ਦੁਵੱਲੀ ਰੋਜ਼।



ਬਾਬੇ ਬੋੜ੍ਹ ਦੀ ਸਾਰ ਲਵੋ
ਜਿਸ 'ਤੇ ਗੋਲੀ ਚੱਲੀ ਰੋਜ਼।

ਰਹਿਬਰ ਰਾਹ੍ਵਾਂ ਤੋਂ ਭਟਕਾਣ
ਰੋਕਾਂ ਮੰਜ਼ਿਲ ਮੱਲੀ ਰੋਜ਼।

ਸ੍ਵਾਂਤੀ ਬੂੰਦ ਨੂੰ ਕਿਹ ਦੀ ਭਾਲ
ਨਿਕਲੇ ਘਰੋਂ ਇਕੱਲੀ ਰੋਜ਼।

ਭੁੱਲ ਕੇ ਵੀ ਨਾ ਗੋਲੀ ਸਾਂਝ
ਅਪਣੀ ਚਾਹ ਦੁਵੱਲੀ ਰੋਜ਼।

ਗੂੜ੍ਹਾ ਹੁੰਦਾ ਦਿਸਿਆ ਨ੍ਹੇਰ
ਘਟਦੀ ਦਿਸੀ ਤਜੱਲੀ ਰੋਜ਼।

**ਹਰਭਜਨ ਸਿੰਘ ਬੈਂਸ**
**ਅੰਤਰਨਾਦ ਵਿੱਚੋਂ ਧੰਨਵਾਦ ਸਹਿਤ**

# ਦੁਨੀਆ ਦੀ ਪਹਿਲੀ ਸਿੱਖ ਸੁਪਰਹੀਰੋ ਫਿਲਮ ਆ ਰਹੀ ਹੈ







ਗਰੇਵਜੈਂਡ ਗੁਰਦੁਆਰਾ ਸਾਹਿਬ ਵਿਖੇ ਸ: ਜਗਦੇਵ ਸਿੰਘ ਵਿਰਦੀ, ਇੰਦਰਜੀਤ ਸਿੰਘ ਸੱਲ ਫਿਲਮ "ਦ ਨਾਇਨਥ ਮਾਸਟਰ" ਦੇ ਕਾਸਟ ਮੈਂਬਰਾਂ ਨਾਲ

ਗ੍ਰੇਵਸੈਂਡ-ਨਾਈਨਥ ਮਾਸਟਰ ਇੱਕ ਸ਼ਕਤੀਸ਼ਾਲੀ ਨਵੇਂ ਬ੍ਰਿਟਿਸ਼ ਹੀਰੋ ਨੂੰ ਵੱਡੇ ਪਰਦੇ 'ਤੇ ਲਿਆ ਰਿਹਾ ਹੈ। ਗ੍ਰੇਵਸੈਂਡ ਸ਼ਨੀਵਾਰ 13 ਜੂਨ 2026 ਨੂੰ ਦ ਨਾਈਨਥ ਮਾਸਟਰ ਦਾ ਇੱਕ ਇਤਿਹਾਸਕ ਰੈੱਡ ਕਾਰਪੇਟ ਪ੍ਰੀਮੀਅਰ ਆਯੋਜਿਤ ਕਰੇਗਾ । ਇਸ ਪ੍ਰੋਗਰਾਮ ਦਾ ਉਦੇਸ਼ ਦੁਨੀਆ ਭਰ ਦੀਆਂ ਯੋਧਾ ਪਰੰਪਰਾਵਾਂ ਤੋਂ ਪ੍ਰੇਰਿਤ ਭਾਵਨਾਤਮਕ ਅਤੇ ਐਕਸ਼ਨ-ਪੈਕਡ ਸਿਨੇਮੈਟਿਕ ਅਨੁਭਵ ਰਾਹੀਂ ਭਾਈਚਾਰਿਆਂ ਨੂੰ ਇਕੱਠੇ ਲਿਆਉਣਾ ਹੈ। ਬ੍ਰਿਟਿਸ਼ ਅਦਾਕਾਰ, ਨਿਰਦੇਸ਼ਕ ਅਤੇ ਨਿਰਮਾਤਾ ਫਲੈਕਸ ਸਿੰਘ ਦੁਆਰਾ ਫਲੈਕਸ ਸਿੰਘ ਸਟੂਡੀਓਜ਼ ਰਾਹੀਂ ਬਣਾਇਆ ਗਿਆ, ਦ ਨਾਇਨਥ ਮਾਸਟਰ ਮਾਰਸ਼ਲ ਆਰਟਸ, ਸੁਪਰਹੀਰੋ ਕਹਾਣੀ ਸੁਣਾਉਣ ਅਤੇ ਅਸਲ ਮਨੁੱਖੀ ਸੰਘਰਸ਼ਾਂ ਨੂੰ ਪਛਾਣ, ਹਿੰਮਤ ਅਤੇ ਦੂਜਿਆਂ ਦੀ ਰੱਖਿਆ ਬਾਰੇ ਇੱਕ ਸ਼ਕਤੀਸ਼ਾਲੀ ਕਹਾਣੀ ਵਿੱਚ ਮਿਲਾਉਂਦਾ ਹੈ। ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਸੈਂਡ ਦੇ ਇੱਕ ਬੁਲਾਰੇ ਨੇ ਕਿਹਾ "ਸਾਨੂੰ ਨੌਵੇਂ ਮਾਸਟਰ ਅਤੇ ਪ੍ਰੋਜੈਕਟ ਦੇ ਪਿੱਛੇ ਸਕਾਰਾਤਮਕ ਸੰਦੇਸ਼ ਦਾ ਸਮਰਥਨ ਕਰਨ 'ਤੇ ਮਾਣ ਹੈ। ਇਹ ਪ੍ਰੇਰਨਾਦਾਇਕ ਹੈ ਬ੍ਰਿਟਿਸ਼ ਸਿੱਖ ਕਹਾਣੀਆਂ ਨੂੰ ਫਿਲਮ ਰਾਹੀਂ ਭਾਈਚਾਰਿਆਂ ਨੂੰ ਇਕੱਠੇ ਕਰਦੇ ਹੋਏ ਸਿਨੇਮੈਟਿਕ ਪੈਮਾਨੇ 'ਤੇ ਸਾਂਝਾ ਕੀਤਾ ਜਾ ਰਿਹਾ ਹੈ। ਇਹ ਫਿਲਮ ਹਿੰਮਤ, ਏਕਤਾ ਅਤੇ ਦੂਜਿਆਂ ਲਈ ਖੜ੍ਹੇ ਹੋਣ ਦੇ ਮੁੱਲਾਂ ਨੂੰ ਦਰਸਾਉਂਦੀ ਹੈ, ਜਦੋਂ ਕਿ ਵਿਸ਼ਾਲ ਦਰਸ਼ਕਾਂ ਨੂੰ ਬਿਹਤਰ ਢੰਗ ਨਾਲ ਮਦਦ ਕਰਦੀ ਹੈ।

# ਸਕਾਟਲੈਂਡ ਦੀ ਸਾਬਕਾ ਪਹਿਲੀ ਮੰਤਰੀ ਦੀ ਫੰਡਾਂ ਦੀ ਦੁਰਵਰਤੋਂ ਮਾਮਲੇ ਵਿੱਚ ਪੁਲਿਸ ਪੁੱਛਗਿੱਛ ਜਾਂਚ ਦੇ ਘੇਰੇ ਵਿੱਚ

ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ)- ਸਕਾਟਲੈਂਡ ਦੀ ਸਾਬਕਾ ਪਹਿਲੀ ਮੰਤਰੀ ਨਿਕੋਲਾ ਸਟਰਜਨ ਨੇ ਆਪਣੇ ਉੱਤੇ ਚੱਲੀ ਪੁਲਿਸ ਪੁੱਛਗਿੱਛ ਦੌਰਾਨ No Comment (ਕੋਈ ਟਿੱਪਣੀ ਨਹੀਂ) ਵਾਲੇ ਜਵਾਬਾਂ ਨਾਲ ਬਚਾਅ ਕੀਤਾ। ਇਹ ਮਾਮਲਾ ਸਕਾਟਿਸ਼ ਨੈਸ਼ਨਲ ਪਾਰਟੀ ਦੇ ਫੰਡਾਂ ਵਿੱਚ ਹੋਈ ਗ਼ਬਨ ਜਾਂਚ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਉਨ੍ਹਾਂ ਤੋਂ ਵੱਖ ਹੋ ਚੁੱਕੇ ਪਤੀ ਪੀਟਰ ਮੁਰਿੱਲ ਨੇ ਹਾਲ ਹੀ ਵਿੱਚ 4 ਲੱਖ ਪੌਂਡ ਤੋਂ ਵੱਧ ਰਕਮ ਦੀ ਹੇਰਾਫੇਰੀ ਕਬੂਲ ਕੀਤੀ ਹੈ। ਇਹ ਸਾਰਾ ਮਾਮਲਾ 'ਓਪਰੇਸ਼ਨ ਬ੍ਰੈਂਚਫੋਰਮ' ਨਾਮ ਦੀ ਪੁਲਿਸ ਜਾਂਚ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਸਕਾਟਿਸ਼ ਨੈਸ਼ਨਲ ਪਾਰਟੀ ਦੇ ਫੰਡਾਂ ਦੀ ਵਰਤੋਂ ਦੀ ਜਾਂਚ ਕੀਤੀ ਜਾ ਰਹੀ ਸੀ। ਪੁਲਿਸ ਨੇ 11 ਜੂਨ 2023 ਨੂੰ ਨਿਕੋਲਾ ਸਟਰਜਨ ਨੂੰ ਗ੍ਰਿਫ਼ਤਾਰ ਕਰਕੇ ਲਗਭਗ ਸੱਤ ਘੰਟੇ ਪੁੱਛਗਿੱਛ ਕੀਤੀ ਸੀ, ਪਰ ਬਾਅਦ ਵਿੱਚ ਉਨ੍ਹਾਂ ਨੂੰ ਬਿਨਾਂ ਕਿਸੇ ਚਾਰਜ ਦੇ ਰਿਹਾ ਕਰ ਦਿੱਤਾ ਗਿਆ ਸੀ। ਪੁਲਿਸ ਜਾਂਚ ਵਿੱਚ ਹੁਣ ਇਹ ਸਾਹਮਣੇ ਆਇਆ ਹੈ ਕਿ ਪੁਲਿਸ ਇੰਟਰਵਿਊ ਦੌਰਾਨ ਸਟਰਜਨ ਨੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਵਿੱਚ "ਨੋ ਕਮਿੰਟ" ਕਿਹਾ ਸੀ। ਇਸ 'ਤੇ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਨੂੰ ਘੇਰਿਆ ਹੈ, ਕਿਉਂਕਿ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਨੇ ਜਨਤਕ ਤੌਰ 'ਤੇ ਕਿਹਾ ਸੀ ਕਿ ਉਹ ਪੂਰੀ ਤਰ੍ਹਾਂ ਪੁਲਿਸ ਨਾਲ ਸਹਿਯੋਗ ਕਰਨਗੇ। ਸਟ੍ਰਜਨ ਦੇ ਵਕੀਲ ਆਮੀਰ ਅਨਵਰ ਨੇ ਕਿਹਾ ਕਿ "ਨੋ ਕਮਿੰਟ" ਕਹਿਣਾ ਯੂਕੇ ਕਾਨੂੰਨੀ ਪ੍ਰਣਾਲੀ ਵਿੱਚ ਇੱਕ ਆਮ ਕਾਨੂੰਨੀ ਸਲਾਹ ਹੁੰਦੀ ਹੈ ਅਤੇ ਇਹ ਕਿਸੇ ਦੋਸ਼ ਦੀ ਨਿਸ਼ਾਨੀ ਨਹੀਂ। ਉਨ੍ਹਾਂ ਦੇ ਮੁਤਾਬਕ, ਬਾਅਦ ਵਿੱਚ ਸਟਰਜਨ ਨੇ ਪੁਲਿਸ ਨੂੰ ਇੱਕ ਵਿਸਥਾਰਪੂਰਣ ਲਿਖਤੀ ਜਵਾਬ ਵੀ ਦਿੱਤਾ ਸੀ। ਵਕੀਲ ਨੇ ਇਹ ਵੀ ਦਲੀਲ ਦਿੱਤੀ ਕਿ ਜੇ ਸਟਰਜਨ ਖ਼ਿਲਾਫ਼ ਕੋਈ ਅਪਰਾਧਿਕ ਸਬੂਤ ਹੁੰਦੇ ਤਾਂ ਪੁਲਿਸ ਉਨ੍ਹਾਂ 'ਤੇ ਜ਼ਰੂਰ ਚਾਰਜ ਲਗਾਉਂਦੀ। ਉਨ੍ਹਾਂ ਨੇ ਕਿਹਾ ਕਿ ਪਾਰਟੀ ਦੇ ਖਾਤਿਆਂ 'ਤੇ ਦਸਤਖ਼ਤ ਕਰਨਾ ਅਤੇ ਫਾਇਨੈਂਸ਼ਲ ਨਿਗਰਾਨੀ ਕਰਨਾ ਮੁੱਖ ਤੌਰ 'ਤੇ ਪਾਰਟੀ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਸੀ, ਨਾ ਕਿ ਪਹਿਲੀ ਮੰਤਰੀ ਦੀ।



ਨਿਕੋਲਾ ਸਟਰਜਨ ਦੀ ਸਾਬਕਾ ਪਤੀ ਪੀਟਰ ਮੁਰਿੱਲ ਨਾਲ ਪੁਰਾਣੀ ਤਸਵੀਰ

ਦੂਜੇ ਪਾਸੇ ਉਸ ਸਮੇਂ ਸੰਸਦ ਵਿੱਚ ਵਿਰੋਧੀ ਧਿਰ ਕਜ਼ੰਰਵੇਟਿਵ ਪਾਰਟੀ ਦੇ ਨੇਤਾ ਰਸਲ ਫਿੰਡਲੇਅ ਅਤੇ ਹੋਰ ਵਿਰੋਧੀ ਨੇਤਾਵਾਂ ਨੇ ਸਟਰਜਨ ਦੀ ਆਲੋਚਨਾ ਕੀਤੀ ਹੈ। ਫਿੰਡਲੇ ਨੇ ਕਿਹਾ ਕਿ "ਨੋ ਕਮਿੰਟ" ਰਣਨੀਤੀ ਅਕਸਰ ਸੰਗਠਿਤ ਅਪਰਾਧਾਂ ਵਿੱਚ ਵਰਤੀ ਜਾਂਦੀ ਹੈ ਅਤੇ ਇਹ ਪੂਰਾ ਸਹਿਯੋਗ ਨਹੀਂ ਮੰਨਿਆ ਜਾ ਸਕਦਾ। ਸਕਾਟਲੈਂਡ ਦੇ ਮੌਜੂਦਾ ਪਹਿਲੇ ਮੰਤਰੀ ਸਕਾਟਿਸ਼ ਨੈਸ਼ਨਲ ਪਾਰਕ ਦੇ ਜੌਹਨ ਸਵਿੰਨੀ ਤੋਂ ਵੀ ਇਸ ਮਾਮਲੇ 'ਤੇ ਸਵਾਲ ਪੁੱਛੇ ਗਏ, ਪਰ ਉਨ੍ਹਾਂ ਨੇ ਸਿੱਧਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਕਾਰਨ ਉਨ੍ਹਾਂ ਦੀ ਵੀ ਆਲੋਚਨਾ ਹੋ ਰਹੀ ਹੈ। ਪੂਰੇ ਮਾਮਲੇ ਦਾ ਕੇਂਦਰ ਸਕਾਟਿਸ਼ ਨੈਸ਼ਨਲ ਪਾਰਟੀ ਦੇ ਉਹ ਫੰਡ ਹਨ ਜੋ ਪਾਰਟੀ ਸਮਰਥਕਾਂ ਨੇ ਸਕਾਟਲੈਂਡ ਦੀ ਆਜ਼ਾਦੀ ਮੁਹਿੰਮ ਲਈ ਦਿੱਤੇ ਸਨ। ਦੋਸ਼ ਹੈ ਕਿ ਪੀਟਰ ਮੁਰਿੱਲ ਨੇ ਇਹ ਪੈਸਾ ਨਿੱਜੀ ਖਰਚਿਆਂ ਲਈ ਵਰਤਿਆ, ਜਿਸ ਵਿੱਚ ਇੱਕ ਵਹੀਕਲ ਘਰ, ਗਹਿਣੇ, ਮਹਿੰਗੇ ਪੈਨ, ਕਾਰਾਂ ਅਤੇ ਹੋਰ ਲਗਜ਼ਰੀ ਸਮਾਨ ਸ਼ਾਮਲ ਸੀ।

ਹਾਲਾਂਕਿ ਪੁਲਿਸ ਨੇ 2025 ਵਿੱਚ ਸਟਰਜਨ ਨੂੰ ਦੱਸ ਦਿੱਤਾ ਸੀ ਕਿ ਉਹ ਹੁਣ ਜਾਂਚ ਹੇਠ ਨਹੀਂ ਹਨ, ਪਰ ਇਹ ਮਾਮਲਾ ਸਕਾਟਿਸ਼ ਰਾਜਨੀਤੀ ਵਿੱਚ ਅਜੇ ਵੀ ਵੱਡਾ ਵਿਵਾਦ ਬਣਿਆ ਹੋਇਆ ਹੈ। ਕਈ ਪੁਰਾਣੇ ਸੱਤਾਧਾਰੀ ਨੇਤਾ ਅਤੇ ਵਿਰੋਧੀ ਪਾਰਟੀਆਂ ਹੁਣ ਪਾਰਟੀ ਦੀ ਆਰਥਿਕ ਪ੍ਰਬੰਧਨਾ ਬਾਰੇ ਸੁਤੰਤਰ ਜਾਂਚ ਦੀ ਮੰਗ ਕਰ ਰਹੇ ਹਨ।

# ਪੰਜਾਬੀ ਮੂਲ ਦੇ ਰਣਜੀਤ ਸਿੰਘ ਗਿੱਲ ਹੰਸਲੋ ਕੌਂਸਲ ਦੇ ਮੇਅਰ ਬਣੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਮੂਲ ਦੇ ਕੌਂਸਲਰ ਰਣਜੀਤ ਸਿੰਘ ਗਿੱਲ ਨੇ ਬੀਤੇ ਕੱਲ ਲੰਡਨ ਬਾਰੋ ਆਫ ਹੰਸਲੋ ਕੌਂਸਲ ਦੇ ਮੇਅਰ ਬਣ ਗਏ ਹਨ। ਲੰਘੀ ਸ਼ਾਮ ਉਹਨਾਂ ਨੇ ਅਹੁਦਾ ਸੰਭਾਲਿਆ ਅਤੇ ਇਸੇ ਤਰ੍ਹਾਂ ਕੌਂਸਲਰ ਨੇ ਡਿਪਟੀ ਮੇਅਰ ਵਜੋਂ ਅਹੁਦਾ ਸੰਭਾਲਿਆ ਹੈ। ਦੱਸਣਯੋਗ ਹੈ ਕਿ ਮੇਅਰ ਰਣਜੀਤ ਸਿੰਘ ਗਿੱਲ ਦਾ ਪਿਛੋਕੜ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਿਤ ਹੈ ਜਦ ਕਿ ਉਹਨਾਂ ਦਾ ਜਨਮ ਮਲੇਸ਼ੀਆ ਵਿੱਚ ਹੋਇਆ ਸੀ ਅਤੇ 1979 ਤੋਂ ਯੂ ਕੇ ਵਿੱਚ ਰਹਿ ਰਹੇ ਹਨ। 2018 ਵਿੱਚ ਉਹ ਕੰਜ਼ਰਵੇਟਿਵ ਪਾਰਟੀ ਵੱਲੋਂ ਪਹਿਲੀ ਵਾਰ ਕੌਂਸਲਰ ਚੁਣੇ ਗਏ ਸਨ ਅਤੇ 2025 ਉਹ ਲੇਬਰ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ ਹੁਣ ਮੁੜ ਜਿੱਤ ਪ੍ਰਾਪਤ ਕਰਕੇ ਲੇਬਰ ਪਾਰਟੀ ਵੱਲੋਂ ਮੇਅਰ ਬਣੇ ਹਨ। ਇਸ ਦੇ ਨਾਲ ਹੀ ਭਾਰਤੀ ਮੂਲ ਦੇ ਕੌਂਸਲਰ ਸ਼ੰਤਨੂੰ ਰਾਜਵਤ ਦੁਬਾਰਾ ਕੌਂਸਲ ਲੀਡਰ ਬਣੇ ਹਨ। ਸੌਂਹ ਚੁੱਕ ਸਮਾਗਮ ਮੌਕੇ ਨਵੇਂ ਚੁਣੇ ਕੌਂਸਲਰਾਂ ਤੋਂ ਇਲਾਵਾ ਸਾਬਕਾ ਮੇਅਰ ਰਘਵਿੰਦਰ ਸਿੰਘ ਸਿੱਧੂ, ਪ੍ਰੀਤਮ ਸਿੰਘ ਗਰੇਵਾਲ, ਆਦੇਸ਼ ਫਰਹਾਮਾਨ, ਅਜਮੇਰ ਕੌਰ ਗਰੇਵਾਲ ਆਦਿ ਹਾਜ਼ਰ ਸਨ।



ਮੇਅਰ ਰਣਜੀਤ ਸਿੰਘ ਗਿੱਲ ਅਹੁਦਾ ਸੰਭਾਲਣ ਉਪਰੰਤ ਸਾਥੀ ਕੌਂਸਲਰਾਂ ਅਤੇ ਹਮਾਇਤੀਆਂ ਨਾਲ

# ਜੂਨ '84 ਦਾ ਘੱਲੂਘਾਰਾ, ਰਾਜਨੀਤੀ ਅਤੇ ਸਿਖ ਪੰਥ

**ਡਾ. ਮਿਹਰ ਸਿੰਘ ਗਿੱਲ**

ਜੂਨ 1984 ਵਿਚ ਸ੍ਰੀ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਕੰਪਲੈਕਸ ਅਤੇ ਦਰਜਨਾਂ ਹੋਰ ਧਾਰਮਿਕ ਸਥਾਨਾਂ ਉੱਤੇ ਕੀਤਾ ਗਿਆ ਫੌਜੀ ਹਮਲਾ ਸਿੱਖ ਮਾਨਸਿਕਤਾ ਵਿਚ ਡੂੰਘੇ ਅਤੇ ਅਮਿੱਟ ਜ਼ਖਮ ਛੱਡ ਗਿਆ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਜੂਨ 1984 ਦਰਬਾਰ ਸਾਹਿਬ ਅਤੇ ਹੋਰਾਂ ਗੁਰਧਾਮਾਂ ਉੱਤੇ ਫੌਜੀ ਹਮਲੇ ਸਮੇਂ ਅਤੇ ਨਵੰਬਰ 1984 ਵਿਚ ਵਾਪਰੀ ਯੋਜਨਾਬੱਧ ਅਤੇ ਵਿਆਪਕ ਸਿੱਖ-ਵਿਰੋਧੀ ਹਿੰਸਾ ਇਕ ਤਰ੍ਹਾਂ ਨਾਲ ਦੂਜੇ ਸੰਸਾਰ ਯੁੱਧ ਸਮੇਂ ਨਾਜ਼ੀਆਂ ਵਲੋਂ ਯਹੂਦੀਆਂ ਨਾਲ ਕੀਤੇ ਹੋਲੋਕਾਸਟ ਦੀਆਂ ਲੀਹਾਂ 'ਤੇ ਹੀ ਸੀ। ਇਸੇ ਗੱਲ ਦੀ ਇਕ ਹੋਰ ਝਲਕ ਕੁਝ ਕੁ ਸਾਲ ਪਹਿਲਾਂ ਗੁਜਰਾਤ ਵਿਚ ਮੁਸਲਮਾਨਾਂ ਵਿਰੁੱਧ ਹੋਈ ਹਿੰਸਾ ਵਿਚ ਦੇਖੀ ਜਾ ਸਕਦੀ ਹੈ। ਸਰਕਾਰੀ ਸਰਪ੍ਰਸਤੀ, ਹੈਂਕੜ ਅਤੇ ਤਾਕਤ ਦੇ ਜ਼ੋਰ ਨਾਲ ਘੱਟਗਿਣਤੀ ਲੋਕਾਂ ਵਿਰੁੱਧ ਕੀਤੀ ਜਾਣ ਵਾਲੀ ਵਿਆਪਕ ਤੇ ਯੋਜਨਾਬੱਧ ਹਿੰਸਾ ਦਾ ਮੁੱਖ ਉਦੇਸ਼ ਅਜਿਹੇ ਲੋਕਾਂ ਦੇ ਸਵੈਮਾਣ, ਪਹਿਚਾਣ ਅਤੇ ਰਾਜਨੀਤਕ ਤੇ ਆਰਥਿਕ ਸ਼ਕਤੀ ਨੂੰ ਤਹਿਸ-ਨਹਿਸ ਕਰਨਾ ਹੁੰਦਾ ਹੈ।

ਰਾਜਨੀਤਕ ਪਾਰਟੀਆਂ-ਜੂਨ '84 ਦੇ ਫੌਜੀ ਹਮਲੇ ਸਮੇਂ ਭਾਰਤ ਦੀ ਕੇਂਦਰੀ ਸਰਕਾਰ ਕਾਂਗਰਸ ਪਾਰਟੀ ਦੇ ਹੱਥਾਂ ਵਿਚ ਸੀ ਅਤੇ ਇਸ ਤਰ੍ਹਾਂ ਇਹ ਪਾਰਟੀ ਇਸ ਸਾਕੇ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਬਾਕੀ ਉਦੇਸ਼ਾਂ ਦੇ ਨਾਲ-ਨਾਲ ਇਸ ਸਾਕੇ ਦਾ ਇਕ ਵੱਡਾ ਮੰਤਵ ਸੀ ਕਾਂਗਰਸ ਪਾਰਟੀ ਲਈ ਹਿੰਦੂ ਵੋਟ-ਬੈਂਕ ਨੂੰ ਵੱਡਾ ਤੇ ਪੱਕਾ ਕਰਨਾ। ਇਹੋ ਗੱਲ ਨਵੰਬਰ 1984 ਨੂੰ ਉਪਮਹਾਂਦੀਪ ਦੇ ਵੱਡੇ ਹਿੱਸੇ ਵਿਚ ਵਾਪਰੀ ਸਿੱਖ ਵਿਰੋਧੀ ਹਿੰਸਾ ਬਾਰੇ ਆਖੀ ਜਾ ਸਕਦੀ ਹੈ। ਇਨ੍ਹਾਂ ਦੋਨੋਂ ਵੱਡੇ ਸਾਕਿਆਂ ਦੇ ਫਲਸਰੂਪ ਹੀ 1984 ਦੇ ਅਖੀਰ ਵਿਚ ਹੋਈਆਂ ਪਾਰਲੀਮਾਨੀ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਵੱਡੀ ਜਿੱਤ ਪ੍ਰਾਪਤ ਹੋਈ ਸੀ।

ਪ੍ਰੰਤੂ ਭਾਰਤ ਦੀਆਂ ਹੋਰ ਵੱਡੀਆਂ ਰਾਜਨੀਤਕ ਪਾਰਟੀਆਂ ਨੇ ਵੀ ਫੌਜੀ ਹਮਲੇ ਦੀ ਭਰਪੂਰ ਹਮਾਇਤ ਕੀਤੀ ਸੀ। ਮਿਸਾਲ ਵਜੋਂ ਬੀ. ਜੇ. ਪੀ. ਪਾਰਟੀ ਦੇ ਦੋ ਪ੍ਰਮੁੱਖ ਨੇਤਾਵਾਂ ਅਟੱਲ ਬਿਹਾਰੀ ਵਾਜਪਾਈ ਅਤੇ ਐਲ.ਕੇ. ਅਡਵਾਨੀ ਨੇ ਇਸ ਫੌਜੀ ਕਾਰਵਾਈ ਨੂੰ ਬਿਲਕੁਲ ਜਾਇਜ਼ ਕਿਹਾ ਸੀ। ਇਹੋ ਨਜ਼ਰੀਆ ਦੇਸ਼ ਦੀਆਂ ਹੋਰ ਪ੍ਰਮੁੱਖ ਰਾਜਨੀਤਕ ਪਾਰਟੀਆਂ ਦਾ ਸੀ। ਹੈਰਾਨੀ ਦੀ ਗੱਲ ਹੈ ਕਿ ਕਿਸੇ ਵੀ ਮਹੱਤਵਪੂਰਨ ਰਾਜਨੀਤਕ ਪਾਰਟੀ ਨੇ ਇਸ ਘੱਲੂਘਾਰੇ ਵਿਰੁੱਧ ਆਵਾਜ਼ ਨਹੀਂ ਉਠਾਈ। ਇਸ ਪ੍ਰਕਾਰ ਕਾਂਗਰਸ ਸਮੇਤ ਇਹ ਸਭ ਪਾਰਟੀਆਂ ਕਿਸੇ ਨਾ ਕਿਸੇ ਹੱਦ ਤਕ ਇਸ ਘੱਲੂਘਾਰੇ ਲਈ ਜ਼ਿੰਮੇਵਾਰ ਸਨ।

ਕਈ ਵਾਰ ਖਿਆਲ ਉੱਠਦਾ ਹੈ ਕਿ ਜੇਕਰ ਅਜਿਹਾ ਘੱਲੂਘਾਰਾ ਅਮਰੀਕਾ ਵਿਚ ਜਾਂ ਕਿਸੇ ਹੋਰ ਵਿਕਸਤ ਲੋਕਤੰਤਰ ਵਾਲੇ ਮੁਲਕ ਵਿਚ ਹੁੰਦਾ ਤਾਂ ਕੀ ਉਥੇ ਵੀ ਰਾਜਨੀਤਕ ਪਾਰਟੀਆਂ ਇਸੇ ਤਰ੍ਹਾਂ ਚੁੱਪ ਰਹਿੰਦੀਆਂ? ਇਸ ਦਾ ਜੁਆਬ ਸਪੱਸ਼ਟ ਤੌਰ 'ਤੇ ਨਾਂਹ ਵਿਚ ਹੈ। ਦੂਜੇ ਸ਼ਬਦਾਂ ਵਿਚ ਭਾਰਤ ਵਿਚ ਲੋਕਤੰਤਰ ਨੂੰ ਲੋੜੀਂਦੇ ਰੂਪ ਵਿਚ ਵਿਕਸਤ ਹੋਣ ਲਈ ਅਜੇ ਲੰਮਾ ਸਮਾਂ ਲੱਗੇਗਾ। ਜਦੋਂ ਭਾਰਤ ਦੀਆਂ ਹੋਰ ਵੱਡੀਆਂ ਰਾਜਨੀਤਕ ਪਾਰਟੀਆਂ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਦੀ ਹਮਾਇਤ ਵਿਚ ਖੜ੍ਹੀਆਂ ਸਨ ਤਾਂ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਪਾਰਟੀ ਸੀ ਜਿਸ ਨੇ ਇਸ ਉਪਰੇਸ਼ਨ ਦੀ ਡਟਕੇ ਵਿਰੋਧਤਾ ਤੇ ਨਿਖੇਧੀ ਕੀਤੀ ਸੀ। ਇਸ ਸਟੈਂਡ ਲਈ ਇਸ ਪਾਰਟੀ ਦਾ ਨਾਂ ਇਤਿਹਾਸ ਵਿਚ ਉੱਚਾ ਰਹੇਗਾ।



ਪ੍ਰੰਤੂ ਸਮੇਂ ਦੇ ਲੰਘਣ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਹ ਸਾਕਾ ਕੇਵਲ ਚੋਣਾਂ ਵੇਲੇ ਹੀ ਯਾਦ ਆਉਂਦਾ ਹੈ। ਭਾਵੇਂ ਇਸ ਪਾਰਟੀ ਨੇ ਲੰਮੇ ਸਮੇਂ ਤਕ ਸਿੱਖ ਹਿਤਾਂ ਨੂੰ ਧਿਆਨ ਵਿਚ ਰੱਖਕੇ ਰਾਜਨੀਤੀ ਕੀਤੀ ਹੈ, ਪ੍ਰੰਤੂ ਬਲੂ ਸਟਾਰ ਉਪਰੇਸ਼ਨ ਉਪਰੰਤ ਇਸ ਦੀ ਰਾਜਨੀਤੀ ਰਲਗੱਡ ਕਿਸਮ ਦੀ ਹੁੰਦੀ ਗਈ ਹੈ। ਇਸ ਪਾਰਟੀ ਅਨੁਸਾਰ ਫੌਜੀ ਹਮਲੇ ਦਾ ਸਾਰਾ ਦੋਸ਼ ਕਾਂਗਰਸ ਪਾਰਟੀ ਨੂੰ ਜਾਂਦਾ ਹੈ ਅਤੇ ਇਹ ਬੀਜੇਪੀ ਨੂੰ ਇਸ ਦੋਸ਼ ਤੋਂ ਮੁਕਤ ਸਮਝਦੀ ਲਗਦੀ ਹੈ, ਹਾਲਾਂ ਕਿ ਬੀਜੇਪੀ ਨੇ ਇਸ ਸਾਕੇ ਦੀ ਡਟਵੀਂ ਪ੍ਰੋੜ੍ਹਤਾ ਕੀਤੀ ਸੀ। ਅਕਾਲੀਆਂ ਵਲੋਂ ਵੀ ਇਹ ਮੁੱਦਾ ਕੇਵਲ ਚੋਣਾਂ ਸਮੇਂ ਹੀ ਉਠਾਇਆ ਜਾਂਦਾ ਹੈ। ਇਸ ਸਾਕੇ ਤੋਂ ਪ੍ਰਭਾਵਤ ਅਨੇਕ ਲੋਕਾਂ ਦੀ ਮਦੱਦ ਲਈ ਇਸ ਪਾਰਟੀ ਨੇ ਵੀ ਕੋਈ ਵੱਡਾ ਯੋਗਦਾਨ ਨਹੀਂ ਪਾਇਆ ਭਾਵੇਂ ਇਸ ਸਾਕੇ ਤੋਂ ਬਾਅਦ ਲਗਭਗ ਸੱਤ ਸਾਲ ਪੰਜਾਬ ਵਿਚ ਇਸ ਪਾਰਟੀ ਦੀ ਸਰਕਾਰ ਰਹੀ ਹੈ।

ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਦੇ ਨਿਸ਼ਾਨ-ਅੰਗਰੇਜ਼ਾਂ ਦੇ ਰਾਜ ਸਮੇਂ 1919 ਈ: ਵਿਖੇ ਜਲ੍ਹਿਆਂਵਾਲੇ ਬਾਗ ਦੀ ਘਟਨਾ ਹੋਈ ਜਿਸ ਦੌਰਾਨ ਸੈਂਕੜੇ ਲੋਕ ਮਾਰੇ ਗਏ ਅਤੇ ਉਸ ਅਹਾਤੇ ਵਿਚ ਸੈਂਕੜੇ ਗੋਲੀਆਂ ਦੇ ਨਿਸ਼ਾਨ ਲਗ ਗਏ ਸਨ। ਪ੍ਰੰਤੂ ਅੰਗਰੇਜ਼ਾਂ ਨੇ ਉਨ੍ਹਾਂ ਨਿਸ਼ਾਨਾਂ ਨੂੰ ਮਿਟਾਉਣ ਦਾ ਕੋਈ ਉਪਰਾਲਾ ਨਾ ਕੀਤਾ। ਉਨ੍ਹਾਂ ਦੁਆਰਾ ਇਨ੍ਹਾਂ ਨਿਸ਼ਾਨਾਂ ਨੂੰ ਕਿਉਂ ਨਾ ਖਤਮ ਕੀਤਾ ਗਿਆ, ਇਹ ਆਪਣੇ ਆਪ ਵਿਚ ਇਕ ਅਲੱਗ ਖੋਜ ਦਾ ਵਿਸ਼ਾ ਹੈ। ਪ੍ਰੰਤੂ ਬਲੂ ਟਾਰ ਉਪਰੇਸ਼ਨ ਤੋਂ ਤੁਰੰਤ ਬਾਅਦ ਸਰਕਾਰੀ ਸਰਪ੍ਰਸਤੀ ਅਧੀਨ ਨਿਹੰਗ ਮੁੱਖੀ ਸੰਤਾ ਸਿੰਘ ਦੀ ਦੇਖ-ਰੇਖ ਵਿਚ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਕਰਵਾਈ ਗਈ। ਇਸੇ ਕਾਰਨ ਨਿਹੰਗ ਮੁੱਖੀ ਸੰਤਾ ਸਿੰਘ ਨੂੰ ਸਿੱਖ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਪ੍ਰੰਤੂ ਦਰਬਾਰ ਸਾਹਿਬ ਕੰਪਲੈਕਸ ਸਮੇਤ ਹੋਰ ਦਰਜਨਾਂ ਧਾਰਮਿਕ ਸਥਾਨਾਂ ਵਿਚ ਉਸ ਫੌਜੀ ਹਮਲੇ ਸਮੇਂ ਲੱਗੇ ਗੋਲੀਆਂ ਦੇ ਨਿਸ਼ਾਨਾਂ ਨੂੰ ਬਾਅਦ ਵਿਚ ਚੁੱਪ-ਚੁਪੀਤੇ ਹੀ ਮਿਟਾ ਦਿੱਤਾ ਗਿਆ। ਇਸ ਸੰਬੰਧ ਵਿਚ ਕਈ ਤਰ੍ਹਾਂ ਦੇ ਪ੍ਰਸ਼ਨਾਂ ਦਾ ਉਠਣਾ ਲਾਜ਼ਮੀ ਹੋ ਜਾਂਦਾ ਹੈ:

(1) ਦਰਬਾਰ ਸਾਹਿਬ ਉੱਤੇ ਹਮਲੇ ਵੇਲੇ ਲੱਗੇ ਅਨੇਕਾਂ ਗੋਲੀਆਂ ਦੇ ਨਿਸ਼ਾਨਾਂ ਨੂੰ ਕਿਉਂ ਮਿਟਾਇਆ ਗਿਆ? (2) ਇਨ੍ਹਾਂ ਨਿਸ਼ਾਨਾਂ ਨੂੰ ਮਿਟਾਉਣ ਵਾਲੇ ਲੋਕ ਕੌਣ ਸਨ? (3) ਕੀ ਇਹ ਨਿਸ਼ਾਨ ਕਾਰ ਸੇਵਾ ਸਮੇਂ ਮਿਟਾਏ ਗਏ ਜਾਂ ਕੇਵਲ ਕੁਝ ਇਕ ਵਿਅਕਤੀਆਂ ਦੀ ਆਪਣੀ ਨਿੱਜੀ ਯੋਜਨਾ ਅਧੀਨ? (4) ਇਨ੍ਹਾਂ ਨਿਸ਼ਾਨਾਂ ਨੂੰ ਮਿਟਾਉਣ ਦਾ ਉਦੇਸ਼ ਕੀ ਸੀ? (5) ਕੀ ਅਜਿਹਾ ਕਰਨ ਲਈ ਕਿਸੇ ਸਿੱਖ ਸੰਸਥਾ ਵਲੋਂ ਬਾਕਾਇਦਾ ਫੈਸਲਾ ਲਿਆ ਗਿਆ ਸੀ? (6) ਕੀ ਇਹ ਨਿਸ਼ਾਨ ਜਲ੍ਹਿਆਂਵਾਲੇ ਬਾਗ਼ ਵਿਚ ਚੱਲੀਆਂ ਗੋਲੀਆਂ ਦੇ ਨਿਸ਼ਾਨਾਂ ਤੋਂ ਘੱਟ ਯਾਦਗਾਰੀ/ਮਹੱਤਵਪੂਰਨ ਤੇ ਘੱਟ ਦੁਖਦਾਈ ਸਨ।

ਜੇਕਰ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਦੌਰਾਨ ਲੱਗੀਆਂ ਹਜ਼ਾਰਾਂ ਗੋਲੀਆਂ ਦੇ ਨਿਸ਼ਾਨ ਕੁਝ ਵਿਅਕਤੀਆਂ ਦੀ ਨਿੱਜੀ ਮਰਜ਼ੀ ਨਾਲ ਹੀ ਮਿਟਾਏ ਗਏ ਸਨ ਤਾਂ ਉਨ੍ਹਾਂ ਵਿਅਕਤੀਆਂ ਦਾ ਗੁਨਾਹ ਘੱਟੋ-ਘੱਟ ਉਨਾ ਜ਼ਰੂਰ ਹੈ, ਜਿੰਨਾ ਨਿਹੰਗ ਮੁੱਖੀ ਸੰਤਾ ਸਿੰਘ ਦਾ ਸਰਕਾਰੀ ਸਰਪ੍ਰਸਤੀ ਹੇਠ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਕਰਾਉਣ ਵਿਚ ਸੀ।

ਇਸ ਪ੍ਰਕਾਰ ਜੂਨ 1984 ਦੇ ਘੱਲੂਘਾਰਾ ਦੇਸ਼ ਅਤੇ ਪੰਜਾਬ ਦੀਆਂ ਸਾਰੀਆਂ ਵੱਡੀਆਂ ਰਾਜਨੀਤਕ ਪਾਰਟੀਆਂ ਲਈ ਵੱਖ-ਵੱਖ ਤਰ੍ਹਾਂ ਨਾਲ ਰਾਜਨੀਤਕ ਲਾਹਾ ਲੈਣ ਦਾ ਮੁੱਦਾ ਬਣਿਆ ਰਿਹਾ ਹੈ। ਜੇਕਰ ਕੋਈ ਇਸ ਸਾਕੇ ਦਾ ਸ਼ਿਕਾਰ ਬਣੇ ਹਨ ਤਾਂ ਉਹ ਹਨ ਸਿੱਖ ਧਰਮ, ਸਿੱਖ ਲੋਕ, ਸਿੱਖ ਮਾਨਸਿਕਤਾ, ਸਿੱਖ ਸਵੈਮਾਣ ਅਤੇ ਸਿੱਖ ਪ੍ਰਵਚਨ। ਸਭ ਤੋਂ ਵੱਧ ਨੁਕਸਾਨ ਸਿੱਖ ਜਨ-ਸਾਧਾਰਨ ਦਾ ਹੋਇਆ ਹੈ। ਭਾਵੇਂ ਇੰਨੇ ਵੱਡੇ ਸਾਕੇ ਨੂੰ ਵਾਪਰਿਆ ਦੋ ਦਹਾਕੇ ਹੋ ਚੁੱਕੇ ਹਨ, ਪ੍ਰੰਤੂ ਕਿਸੇ ਵੀ ਸਰਕਾਰੀ ਜਾਂ ਅਰਧ-ਸਰਕਾਰੀ ਅਕਾਦਮਿਕ ਜਾਂ ਖੋਜ ਅਦਾਰੇ ਨੇ ਅੱਜ ਤੱਕ ਇਸ ਬਾਰੇ ਕੋਈ ਵਿਸਤ੍ਰਿਤ ਖੋਜ ਨਹੀਂ ਕਰਵਾਈ। ਹਾਲਾਂ ਕਿ ਇਸ ਦੇ ਵੱਖ-ਵੱਖ ਪਹਿਲੂਆਂ ਬਾਰੇ ਕਈ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ। ਵੀਹਵੀਂ ਸਦੀ ਦੇ ਪ੍ਰਸਿੱਧ ਫਰਾਂਸੀਸੀ ਫਿਲਾਸਫਰ ਮਿਸ਼ਲ ਫੂਕੋ ਨੇ ਠੀਕ ਹੀ ਕਿਹਾ ਸੀ ਕਿ ਰਾਜਨੀਤਕ ਤਾਕਤ ਅਤੇ ਗਿਆਨ ਵਿਚਕਾਰ ਬੜਾ ਨੇੜੇ ਦਾ ਸੰਬੰਧ ਹੁੰਦਾ ਹੈ।

# ਇੰਗਲੈਂਡ ਪੁੱਜਣ 'ਤੇ ਸੰਪਾਦਕ ਬਲਜੀਤ ਸਿੰਘ ਬਰਾੜ ਦਾ ਨਿੱਘਾ ਸਵਾਗਤ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸੀਨੀਅਰ ਪੰਜਾਬੀ ਪੱਤਰਕਾਰ ਅਤੇ ਪੰਜਾਬ ਟਾਈਮਜ਼ ਅਖ਼ਬਾਰ ਜਲੰਧਰ ਦੇ ਸੰਪਾਦਕ ਬਲਜੀਤ ਸਿੰਘ ਬਰਾੜ ਦੇ ਇੰਗਲੈਂਡ ਪੁੱਜਣ 'ਤੇ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਾਹਿਤਕ ਆਗੂਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬੀ ਭਾਈਚਾਰੇ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਵਿਸ਼ੇਸ਼ ਮਿਲਣੀ ਸਮਾਗਮ ਵੀ ਕਰਵਾਇਆ ਗਿਆ, ਜਿਸ ਦੌਰਾਨ ਪੰਜਾਬੀ ਮਾਂ ਬੋਲੀ, ਪੱਤਰਕਾਰਤਾ ਅਤੇ ਵਿਦੇਸ਼ਾਂ ਵਿੱਚ ਪੰਜਾਬੀ ਸੱਭਿਆਚਾਰ ਦੀ ਸੰਭਾਲ ਸਬੰਧੀ ਵਿਚਾਰਾਂ ਦੀ ਸਾਂਝ ਪਾਈ ਗਈ।

ਇਸ ਦੌਰਾਨ ਪੰਜਾਬੀ ਲਿਸਨਰਜ਼ ਕਲੱਬ ਦੇ ਸੰਚਾਲਕ ਤਰਲੋਚਨ ਸਿੰਘ ਵਿਰਕ ਦੇ ਜਨਮ ਦਿਨ ਦੇ ਸਬੰਧ ਵਿੱਚ ਇਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨਾਲ ਸਬੰਧਤ ਆਗੂਆਂ, ਸਮਾਜ ਸੇਵੀਆਂ ਅਤੇ ਗੁਰੂ ਘਰਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਬੋਲਦਿਆਂ ਸ. ਬਲਜੀਤ ਸਿੰਘ ਬਰਾੜ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪਾਸਾਰ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ ਅਤੇ ਅਜਿਹੀਆਂ ਸੰਸਥਾਵਾਂ ਪੰਜਾਬੀਅਤ ਦੀ ਰੂਹ ਨੂੰ ਜਿਉਂਦਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਸਾਡੀ ਪਹਿਚਾਣ ਹੈ ਅਤੇ ਇਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਪੰਜਾਬੀ ਲਿਸਨਰਜ਼ ਕਲੱਬ ਵੱਲੋਂ ਲੰਮੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਸੱਭਿਆਚਾਰਕ ਅਤੇ ਸਾਹਿਤਕ ਸਰਗਰਮੀਆਂ ਦੀ ਵੀ ਪ੍ਰਸ਼ੰਸਾ ਕੀਤੀ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਵੀ ਸ. ਬਰਾੜ ਦੀ ਪੱਤਰਕਾਰਤਾ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਦੀ ਭਰਪੂਰ ਸਰਾਹਨਾ ਕੀਤੀ। ਸਮਾਗਮ ਵਿੱਚ ਕੌਂਸਲਰ ਸੰਤੋਖ ਸਿੰਘ ਅਠਵਾਲ, ਗੁਰਨਾਮ ਸਿੰਘ ਰੂਪੋਵਾਲ, ਜਸਪਾਲ ਸਿੰਘ ਕੰਗ, ਭਲਿੰਦਰ ਸਿੰਘ ਸਮਥਾ ਸਮੇਤ ਵੱਖ-ਵੱਖ ਗੁਰੂ ਘਰਾਂ ਦੇ ਨੁਮਾਇੰਦੇ, ਸਮਾਜ ਸੇਵੀ ਅਤੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਸਮਾਗਮ ਦੌਰਾਨ ਆਪਸੀ ਮਿਲਾਪ ਅਤੇ ਪੰਜਾਬੀ ਭਾਈਚਾਰੇ ਦੀ ਏਕਤਾ ਦਾ ਵਿਸ਼ੇਸ਼ ਰੰਗ ਵੇਖਣ ਨੂੰ ਮਿਲਿਆ।

# ਲੰਗਰ ਹਾਲ ਵਿੱਚ ਲੰਗਰ ਪ੍ਰਥਾ ਦਾ ਅਪਮਾਨ

**ਸਰਬਜੀਤ ਸਿੰਘ ਜਰਮਨੀ**
Tirthsingh3@yahoo.com

ਇੱਕ ਝੋਲਾ ਚੁੱਕ ਹਰ ਰੋਜ਼ ਤੇ ਹਰ ਘੰਟੇ ਇੱਧਰ ਉੱਧਰ ਘੁੰਮਣ ਵਾਲੇ ਇੱਕ ਸਰਦਾਰ ਬੰਦੇ ਨੇ ਜਿਸ ਨੂੰ ਲੋਕ ਫੇਸਬੁੱਕ ਦੇ ਪੇਜ "punjabi travel couple" ਦੇ ਨਾਮ ਨਾਲ ਜਾਣਦੇ ਹਨ ਨੇ ਪੁਰਤਗਾਲ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਲੰਗਰ ਹਾਲ ਵਿੱਚ ਲੰਗਰ ਛਕਦੀਆਂ ਸੰਗਤਾਂ ਦੀ ਵੀਡੀਓ ਬਣਾ ਕੇ ਨਾਲ ਇਹ ਕਿਹਾ ਕਿ "ਇੱਥੇ ਪੁਰਤਗਾਲ ਦਾ ਹਾਲ ਵੇਖ ਲਓ, ਇੱਥੇ ਤਾਂ ਲੋਕ ਭੁੱਖੇ ਮਰਦੇ ਹਨ"। ਨਾਲ ਹੀ ਉਸ ਨੇ ਕੁਝ ਪੰਜਾਬੀਆਂ ਦੀ ਵੀਡੀਓ ਬਣਾ ਕੇ ਬੇਇੱਜ਼ਤੀ ਵੀ ਕੀਤੀ ਹੈ ਜੋ ਆਪਣੀ ਮਿਹਨਤ ਲਈ ਘਰ ਤੋਂ ਕਿਸੇ ਪਾਰਕ ਵਿੱਚ ਖੜ ਕੇ ਸਮੋਸੇ ਜਾ ਪਰੌਂਠੇ ਵੇਚਣ ਦਾ ਕਾਰਜ ਕਰਦੇ ਹਨ। ਇਹ ਬੰਦਾ ਸਿਰ ਤੇ ਦਸਤਾਰ ਸਜਾ ਕੇ ਇਹ ਕਿਵੇ ਭੁੱਲ ਗਿਆ ਕਿ ਸਰਦਾਰ ਹਮੇਸ਼ਾ ਮਿਹਨਤ ਦੀ ਖਾਣੀ, ਅਣਖ ਨਾਲ ਜਿਊਣਾ ਪਸੰਦ ਕਰਦੇ ਹਨ। ਜੇਕਰ ਤੈਨੂੰ ਕੋਈ ਮੁਲਕ ਐਨਾ ਹੀ ਮਾੜਾ ਲੱਗਿਆ ਤਾਂ ਤੂੰ ਇੱਥੇ ਨਿੰਬੂ ਲੈਣ ਆਇਆ?

ਸ਼ਾਇਦ ਤੈਨੂੰ ਗੁਰੂ ਘਰ ਦੇ ਲੰਗਰ ਦੀ ਮਰਿਆਦਾ ਜਾਂ ਗੁਰੂ ਘਰ ਦੇ ਲੰਗਰ ਦੀ ਤਾਕਤ ਦਾ ਅੰਦਾਜ਼ਾ ਨਹੀਂ ਹੈ। ਜੇਕਰ ਭੋਲੇ ਭਾਲੇ ਪੰਜਾਬੀ ਤੇਰੇ ਵਰਗੇ ਚਤਰਾਂ ਨੂੰ ਫੇਸਬੁੱਕ ਤੇ ਸਹੀ ਰਾਹ ਦਿਖਾ ਦੇਣ ਤਾਂ ਸ਼ਾਇਦ ਤੂੰ ਵੀ ਕਿਸੇ ਲੰਗਰ ਹਾਲ ਵਿੱਚ ਲੰਗਰ ਛਕਣ ਲਈ ਮਜਬੂਰ ਹੋ ਜਾਵੇਗਾ। ਯੂਰਪ ਦੇ ਦੂਜੇ ਦੇਸ਼ਾਂ ਤੋਂ ਪੁਰਤਗਾਲ ਵਿੱਚ ਬਹੁਤੇ ਲੋਕ ਕਾਗਜ਼ਾਂ ਕਰਕੇ ਜਾਂਦੇ ਹਨ ਜਾਂ ਕਹਿ ਲਓ ਕਿ ਪੁਰਤਗਾਲ ਦੇਸ਼ ਸਭ ਨੂੰ ਸਾਂਭਣ ਦੀ ਤਾਕਤ ਰੱਖਦਾ ਹੈ।




ਗੁਰੂ ਘਰ ਦੀ ਪ੍ਰਬੰਧਕੀ ਕਮੇਟੀ ਨੂੰ ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਤੁਸੀਂ ਇਸ ਸਰਦਾਰ ਬੰਦੇ ਤੇ ਬਣਦੀ ਕਾਰਵਾਈ ਜਰੂਰ ਕਰੋ ਤਾਂ ਜੋ ਅੱਗੇ ਤੋਂ ਦੁਨੀਆਂ ਭਰ ਦੇ ਗੁਰਦੁਆਰਿਆਂ ਵਿੱਚ ਕਦੇ ਵੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਚਲਾਈ ਲੰਗਰ ਪ੍ਰਥਾ ਦਾ ਅਪਮਾਨ ਨਾ ਹੋਵੇ ਜੀ।

ਪੁਰਤਗਾਲ ਵਿੱਚ ਵੱਸਦੇ ਵੀਰੋ ਤੁਹਾਨੂੰ ਇਸ ਸਰਦਾਰ ਦੀ ਹਰ ਵੀਡੀਓ ਨੂੰ ਫੇਸਬੁੱਕ ਤੇ ਰਿਪੋਰਟ ਕਰਨਾ ਚਾਹੀਦਾ ਹੈ ਤਾਂ ਜੋ ਫੇਸਬੁੱਕ ਨੂੰ ਵੀ ਤੁਹਾਡੀ ਤਾਕਤ ਦਾ ਪਤਾ ਲੱਗੇ। ਹਰ ਮੁਲਕ ਵਿੱਚ ਚੰਗੇ ਮਾੜੇ ਲੋਕ ਰਹਿੰਦੇ ਹਨ।

ਹਰ ਮੁਲਕ ਵਿੱਚ ਅਮੀਰ-ਗਰੀਬ ਲੋਕ ਰਹਿੰਦੇ ਹਨ। ਪਰ ਕਦੇ ਵੀ ਉਸ ਮੁਲਕ ਲਈ ਮਾੜਾ ਨਾ ਸੋਚੋ ਨਾ ਕਹੋ ਜੋ ਤੁਹਾਨੂੰ ਰੋਜ਼ਗਾਰ ਦੇ ਤੁਹਾਡਾ ਤੇ ਤੁਹਾਡਾ ਪਰਿਵਾਰ ਪਾਲ ਰਿਹਾ ਹੈ। ਜਿੱਥੇ ਗੱਲ ਗੁਰੂ ਸਾਹਿਬ ਜੀ ਦੀ ਆਵੇ, ਜਿੱਥੇ ਤੁਹਾਡੀ ਸ਼ਾਨ ਦੇ ਖਿਲਾਫ ਕੋਈ ਖੜਾ ਹੋਵੇ, ਉੱਥੇ ਇਕੱਤਰਤਾ ਤੇ ਸਾਂਝੀਵਾਲਤਾ ਕਰਕੇ ਉਸ ਨੂੰ ਸਹੀ ਰਸਤਾ ਜ਼ਰੂਰ ਦਿਖਾਉਣਾ ਚਾਹੀਦਾ ਹੈ। ਸਾਨੂੰ ਸਭ ਨੂੰ ਰੀਲਾਂ ਜਾ ਬਲੋਗ ਦੇਖਣ ਸਮੇਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਹਰ ਗਲਤ ਰੀਲ ਦੀ ਰਿਪੋਰਟ ਕਰਨੀ ਚਾਹੀਦੀ ਹੈ।

ਦੁੱਖ ਨਾਲ ਮੈਨੂੰ ਲਿਖਣਾ ਪੈ ਰਿਹਾ ਕਿ ਜਿੰਨਾ ਗੰਦ ਸ਼ੋਸ਼ਲ ਮੀਡੀਆ ਤੇ ਸਾਡੇ ਪੰਜਾਬੀਆਂ ਨੇ ਪਾਇਆ ਹੋਇਆ ਹੈ ਉਸ ਨਾਲ ਪੂਰੀ ਦੁਨੀਆਂ ਦੇ ਲੋਕਾਂ ਵਿੱਚ ਸਾਡੀ ਬਦਨਾਮੀ ਵੀ ਵੱਧਦੀ ਜਾ ਰਹੀ ਹੈ। ਇਹ ਸਾਡੇ ਆਪਣੇ ਹੱਥਾਂ ਵਿੱਚ ਹੈ ਕਿ ਅਸੀਂ ਕਿਸ ਵੱਲ ਵੱਧਣਾ ਹੈ ? ਚੰਗੇ ਵੱਲ ਜਾਂ ਮਾੜੇ ਵੱਲ?

* * * * *

## ਟਰੰਪ ਪ੍ਰਸ਼ਾਸਨ ਦਾ ਨਵਾਂ ਨਿਯਮ

# ਪੀ ਆਰ ਲੈਣ ਲਈ ਛੱਡਣਾ ਪਵੇਗਾ ਅਮਰੀਕਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਟਰੰਪ ਪ੍ਰਸ਼ਾਸਨ ਨੇ ਗਰੀਨ ਕਾਰਡ ਦੀ ਉਡੀਕ ਕਰ ਰਹੇ ਪ੍ਰਵਾਸੀਆਂ ਲਈ ਇਕ ਨਵਾਂ ਨਿਯਮ ਜਾਰੀ ਕੀਤਾ ਹੈ ਜਿਸ ਤਹਿਤ ਦਰਖਾਸਤ ਪ੍ਰਕ੍ਰਿਆ ਦੌਰਾਨ ਉਨਾਂ ਨੂੰ ਆਪਣੇ ਮੂਲ ਦੇਸ਼ ਵਾਪਿਸ ਜਾਣਾ ਪਵੇਗਾ । ਯੂ ਐਸ ਇਮੀਗ੍ਰੇਸ਼ਨ ਅਥਾਰਿਟੀ ਅਨੁਸਾਰ ਪ੍ਰਵਾਸੀਆਂ ਨੂੰ ਵਾਪਿਸ ਆਪਣੇ ਦੇਸ਼ ਜਾ ਕੇ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਪੱਕੇ ਤੌਰ 'ਤੇ ਰਹਿਣ (ਪੀ ਆਰ) ਤੇ ਵਰਕ ਪਰਮਿਟ ਲਈ ਅਪਲਾਈ ਕਰਨਾ ਪਵੇਗਾ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਇਸ ਨਾਲ ਹਜਾਰਾਂ ਪ੍ਰਵਾਸੀਆਂ ਦੀ ਜਿੰਦਗੀ ਬਦਲ ਸਕਦੀ ਹੈ। ਯੂ ਐਸ ਸਿਟੀਜਨਸ਼ਿੱਪ ਐਂਡ ਇਮੀਗ੍ਰੇਸ਼ਨ ਸਰਵਿਸਜ ਦੇ ਬੁਲਾਰੇ ਜ਼ਾਕ ਕਹਲਰ ਨੇ ਕਿਹਾ ਹੈ ਕਿ ਨਵਾਂ ਨਿਯਮ ਅਸਧਾਰਨ ਹਾਲਾਤ ਵਿੱਚ ਪ੍ਰਵਾਸੀਆਂ ਨੂੰ ਆਪਣੇ ਦੇਸ਼ ਵਾਪਿਸ ਜਾਣ ਤੋਂ ਰਾਹਤ ਵੀ ਦਿੰਦਾ ਹੈ। ਬੁਲਾਰੇ ਨੇ ਕਿਹਾ ਕਿ ਇਸ ਨਵੇਂ ਨਿਯਮ ਨਾਲ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਲੱਭਣ ਦੀ ਲੋੜ ਨਹੀਂ ਪਵੇਗੀ ਜਾਂ ਘੱਟ ਜਾਵੇਗੀ। ਸ਼ੁੱਕਰਵਾਰ ਨੂੰ ਜਾਰੀ ਕੀਤੇ ਨਵੇਂ ਕਾਨੂੰਨ ਦੀ ਇਮੀਗ੍ਰੇਸ਼ਨ ਵਕੀਲਾਂ ਤੇ ਸਾਂਸੰਦਾਂ ਨੇ ਅਲੋਚਨਾ ਕੀਤੀ ਹੈ। ਇਲੀਨੋਇਸ ਤੋਂ ਡੈਮੋਕਰੈਟਿਕ ਪ੍ਰਤੀਨਿੱਧ ਡੇਲੀਆ ਸੀ ਰਾਮੀਰੇਜ਼ ਨੇ ਕਿਹਾ ਹੈ ਕਿ ਇਹ ਨੀਤੀ ਬਹੁਤ ਘਿਣਾਉਣੀ ਹੈ ਜਿਸ ਨਾਲ ਹੋਮਲੈਂਡ ਸਕਿਉਰਿਟੀ ਵਿਭਾਗ ਖੇਰੂੰ-ਖੇਰੂੰ ਹੋ ਜਾਵੇਗਾ।



ਐਰੀਜ਼ੋਨਾ ਤੋਂ ਡੈਮੋਕਰੈਟਿਕ ਪ੍ਰਤੀਨਿੱਧ ਗਰੇਗ ਸਟਾਨਟੋਨ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਨੇ ਅਸਲ ਵਿੱਚ ਕਾਨੂੰਨੀ ਪ੍ਰਵਾਸ ਨੂੰ ਸਖਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦ ਕਿ ਪਹਿਲਾਂ ਹੀ ਵਰਕ ਵੀਜ਼ਾ ਪ੍ਰੋਗਰਾਮ ਤਹਿਤ ਖੋਜੀਆਂ, ਡਾਕਟਰਾਂ ਤੇ ਇੰਜੀਨੀਅਰਾਂ ਨੂੰ ਬੁਲਾਉਣ ਲਈ ਸਾਡੇ ਵਰਕ ਵੀਜ਼ਾ ਪ੍ਰੋਗਰਾਮ ਹਨ। ਕਾਟੋ ਇੰਸਟੀਚਿਊਟ ਵਿਖੇ ਇਮੀਗ੍ਰੇਸ਼ਨ ਸਟੱਡੀਜ਼ ਦੇ ਡਾਇਰੈਕਟਰ ਏਵਿਡ ਜੀ ਬੀਏਰ ਨੇ ਕਿਹਾ ਹੈ ਕਿ ਇਸ ਨਾਲ ਲੋਕ ਦੂਸਰੇ ਦੇਸ਼ਾਂ ਵੱਲ ਰੁਖ ਕਰਨਗੇ ਤੇ ਅਮਰੀਕਾ ਕਾਰੋਬਾਰ ਦੇ ਨਜ਼ਰੀਏ ਤੋਂ ਘੱਟ ਮੁਕਾਬਲੇ ਵਾਲੀ ਜਗਾ ਰਹਿ ਜਾਵੇਗਾ।

ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਗਰੀਨ ਕਾਰਡ ਲਈ ਅਪਲਾਈ ਕਰਨਾ ਹੋਰ ਵੀ ਕਠਿਨ ਹੋ ਜਾਵੇਗਾ ਕਿਉਂਕਿ ਇਹ ਪ੍ਰਕ੍ਰਿਆ ਮੁਕੰਮਲ ਹੋਣ ਲਈ ਕਈ ਮਹੀਨੇ ਜਾਂ ਸਾਲ ਲੱਗ ਜਾਣਗੇ।

## ਗਰਮੀ ਤੋਂ ਬਚਣ ਲਈ ਸਾਇਕਲ ਉਪੱਰ ਪੱਖਾ ਲੈਣ ਗਿਆ ਮਨਪ੍ਰੀਤ ਸਿੰਘ ਤੇਜ ਰਫ਼ਤਾਰ ਵੈਨ ਨੇ ਕਰ ਦਿੱਤਾ ਹਲਾਕ, ਹੋਈ ਮੌਤ




ਮੋਦਨਾ ਇਟਲੀ (ਗੁਰਸ਼ਰਨ ਸਿੰਘ ਸੋਨੀ)-ਇਟਲੀ ਦੇ ਸੂਬੇ ਇਮਿਲੀਆ ਰੋਮਾਨਾ ਦੇ ਸ਼ਹਿਰ ਕਾਰਪੀ (ਮੋਦੇਨਾ) ਵਿਖੇ ਇੱਕ ਭਾਰਤੀ ਨੌਜਵਾਨ ਦੀ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਜਾਣ ਦੀ ਖਬ ਸਾਹਮੁਣੇ ਆ ਰਹੀ ਹੈ। ਇਟਾਲੀਅਨ ਮੀਡੀਏ ਅਨੁਸਾਰ ਬੀਤੀ ਰਾਤ 38 ਸਾਲਾ ਭਾਰਤੀ ਨੌਜਵਾਨ ਮਨਪ੍ਰੀਤ ਸਿੰਘ ਆਪਣੀ ਧਰਮਪਤਨੀ ਨਾਲ ਨੇੜੇ ਦੀ ਇੱਕ ਸੁਪਰ ਮਾਰਕੀਟ ਤੋਂ ਸਾਇਕਲ ਉਪੱਰ ਪੱਖਾਂ ਲੈਕੇ ਆ ਰਿਹਾ ਸੀ ਕਿ ਜਦੋਂ ਰੋਡ ਗੁਆਸਤਾਲਾ ਤੋਂ ਲੰਘ ਰਿਹਾ ਸੀ ਤਾਂ ਅਚਾਨਕ ਇੱਕ ਸਲੇਟੀ ਰੰਗ ਦੀ ਵੈਨ ਨੇ ਉਸ ਨੂੰ ਟੱਕਰ ਮਾਰ ਦਿੱਤੀ। ਇਹ ਹਾਦਸਾ ਪੈਟਰੋਲ ਪੰਪ ਕਿਊ ਏਟ ਕੋਲ ਹੋਇਆ। ਟੱਕਰ ਇੰਨੀ ਜ਼ਿਆਦਾ ਜਬਰਦਸਤ ਸੀ ਕਿ ਮਨਪ੍ਰੀਤ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਹੈਲੀਕਾਪਰ ਐਂਬੂਲਸ ਵੀ ਆ ਗਈ ਪਰ ਬਦਕਿਸਮਤੀ ਇਹ ਰਹੀ ਕਿ ਜਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਜਖ਼ਮੀ ਮਨਪ੍ਰੀਤ ਸਿੰਘ ਦਮ ਤੋੜ ਗਿਆ। ਇਹ ਭਾਰਤੀ ਜੋੜਾ ਕਿ ਕਿ ਬੀਤੇ ਦਿਨ ਸ਼ਾਮ ਸਮੇਂ ਘਰੋਂ ਗਰਮੀ ਤੋਂ ਬੱਚਣ ਲਈ ਸਾਇਕਲ ਉਪੱਰ ਹੀ ਨੇੜੇ ਦੀ ਮਾਰਕੀਟ ਤੋਂ ਪੱਖਾ ਲੈ ਗਿਆ ਸੀ ਪਰ ਇਹਨਾਂ ਨੂੰ ਨਹੀਂ ਪਤਾ ਸੀ ਕਿ ਮੌਤ ਮਨਪ੍ਰੀਤ ਸਿੰਘ ਦਾ ਚੌਂਕ ਨੇੜੇ ਇੰਤਜ਼ਾਰ ਕਰ ਰਹੀ ਸੀ। ਮਾਰਕੀਟ ਤੋਂ ਪੱਖਾ ਲੈ ਦੋਨੋ ਪਤੀ-ਪਤਨੀ ਸਾਇਕਲ ਸਮੇਤ ਪੈਦਲ ਹੀ ਘਰ ਨੂੰ ਜਾ ਰਹੇ ਸਨ ਕਿ ਇੱਕ ਤੇਜ਼ ਰਫ਼ਤਾਰ ਵੈਨ ਨੇ ਪਿੱਛੇ ਤੋਂ ਟੱਕਰ ਮਾਰ ਦਿੱਤੀ ਜਿਸ ਕਾਰਨ ਮਰਹੂਮ ਮਨਪ੍ਰੀਤ ਸਿੰਘ ਦੀ ਮੌਤ ਉਸ ਦੀ ਪਤਨੀ ਦੇ ਸਾਹਮੁਣੇ ਹੀ ਹੋ ਗਈ। ਇਸ ਸਾਲ ਅਕਤੂਬਰ ਵਿੱਚ ਹੀ ਮਨਪ੍ਰੀਤ ਸਿੰਘ ਨੇ 38 ਸਾਲ ਦਾ ਹੋਣਾ ਸੀ ਪਰ ਕਿਸਮਤ ਨੂੰ ਕੁਝ ਹੋ ਹੀ ਮਨਜੂਰ ਸੀ। ਇਟਲੀ ਪੁਲਸ ਹਾਦਸੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।


## ਗਰਭਵਤੀ ਔਰਤ ਤੇ ਉਸ ਦੀ ਧੀ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਫਲੋਰਿਡਾ ਵਿਚ 2000 ਵਿੱਚ ਇਕ ਗਰਭਵਤੀ ਔਰਤ ਤੇ ਉਸ ਦੀ ਧੀ ਦੀ ਹੱਤਿਆ ਦੇ ਮਾਮਲੇ ਵਿੱਚ ਹੋਈ ਫਾਂਸੀ ਦੀ ਸਜ਼ਾ ਉਪਰ ਅਮਲ ਕਰਦਿਆਂ ਦੋਸ਼ੀ 47 ਸਾਲਾ ਰਿਚਰਡ ਨਾਈਟ ਨੂੰ ਵੀਰਵਾਰ ਸ਼ਾਮ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਗਿਆ। ਉਸ ਨੂੰ ਸ਼ਾਮ 6.13 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। 27 ਜੂਨ 2000 ਨੂੰ ਰਿਚਰਡ ਨਾਈਟ ਨੇ ਓਡੇਸੀਆ ਸਟੀਫਨਜ ਤੇ ਉਸ ਦੀ 4 ਸਾਲ ਦੀ ਧੀ ਹਨੇਸੀਆ ਮਲਿੰਗਜ ਦੀ ਚਾਕੂ ਨਾਲ ਹੱਤਿਆ ਕਰ ਦਿੱਤੀ ਸੀ। ਸਟੀਫਨਜ ਦੋਸ਼ੀ ਨਾਈਟ ਦੇ ਭਤੀਜੇ ਦੀ ਦੋਸਤ ਸੀ ਜੋ ਹਮਲੇ ਸਮੇ ਘਰ ਵਿਚ ਨਹੀਂ ਸੀ। ਪੋਸਟ ਮਾਰਟਮ ਵਿੱਚ ਸਟੀਫਨਜ ਦੇ 21 ਜਖਮ ਹੋਣ ਦੀ ਪੁਸ਼ਟੀ ਹੋਈ ਸੀ ਜਿਨਾਂ ਵਿਚੋਂ 14 ਜਖਮ ਉਸ ਦੀ ਗਰਦਨ 'ਤੇ ਸਨ ਜਦ ਕਿ ਬੱਚੀ ਦੀ ਛਾਤੀ ਤੇ ਗਰਦਨ 'ਤੇ ਵਾਰ ਕਰਕੇ ਉਸ ਦੀ ਹੱਤਿਆ ਕਰ ਦਿੱਤੀ ਸੀ। ਹੱਤਿਆ ਸਮੇ ਸਟੀਫਨਜ 6 ਹਫਤੇ ਤੋਂ ਗਰਭਵਤੀ ਸੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

UK-born, well-educated, handsome Jatt Sikh boy (British citizen), age 23, height 5'9", holding a good government job in the UK. Seeking a beautiful, cultured and well-educated Jatt Sikh girl who understands family values. Interested families may share their biodata. Please contact: ✆ 00 91 80549-52346 or email:jatinder.pkg@gmail.com

ਯੂ ਕੇ ਦੇ ਜੰਮ-ਪਲ ਪੜ੍ਹੇ-ਲਿਖੇ ਸੋਹਣੇ ਜਵਾਨ, ਜੱਟ ਸਿੱਖ ਲੜਕੇ (ਬ੍ਰਿਟਿਸ਼ ਨਾਗਰਿਕ), ਉਮਰ 23 ਸਾਲ, ਕੱਦ 5'9", ਯੂ ਕੇ ਵਿੱਚ ਚੰਗੀ ਸਰਕਾਰੀ ਨੌਕਰੀ ਲਈ ਸੁੰਦਰ, ਸੰਸਕਾਰੀ ਅਤੇ ਪੜ੍ਹੀ-ਲਿਖੀ ਜੱਟ ਸਿੱਖ ਲੜਕੀ ਦੀ ਲੋੜ ਹੈ, ਜੋ ਪਰਿਵਾਰਕ ਮੁੱਲਾਂ ਨੂੰ ਸਮਝਣ ਵਾਲੀ ਹੋਵੇ। ਚਾਹਵਾਨ ਪਰਿਵਾਰ ਲੜਕੀ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰ ਸਕਦੇ ਹਨ: 00 91 80549-52346 ਜਾਂ ਈਮੇਲ ਕਰੋ ਜੀ: email:jatinder.pkg@gmail.com

UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.


## ਕਪੂਰਥਲਾ ਕੇਂਦਰੀ ਜੇਲ੍ਹ ਵਿਚ ਕੈਦੀਆਂ ਵਿਚਾਲੇ ਖ਼ੂਨੀ ਝੜਪ

ਕਪੂਰਥਲਾ-ਕਪੂਰਥਲਾ ਦੀ ਕੇਂਦਰੀ ਜੇਲ੍ਹ ਵਿੱਚ ਰਾਤ ਉਸ ਵੇਲੇ ਭਾਰੀ ਅ.ਫਰਾ-ਤ.ਫਰੀ ਮੱਚ ਗਈ, ਜਦੋਂ ਜੇਲ੍ਹ ਅੰਦਰ ਬੰਦ ਕੈਦੀਆਂ ਦੇ ਗਰੁੱਪ ਆਪਸ ਵਿੱਚ ਭਿੜ ਗਏ। ਇਸ ਖ਼ੂਨੀ ਝੜਪ ਦੌਰਾਨ 4 ਕੈਦੀਆਂ/ਹਵਾਲਾਤੀਆਂ ਦੇ ਗੰਭੀਰ ਜ਼ਖ਼ਮੀ ਹੋਣ ਦੀ ਖ਼ਬਰ ਹੈ। ਮਾਹੌਲ ਇੰਨਾ ਤਣਾਅਪੂਰਨ ਹੋ ਗਿਆ ਕਿ ਗੁੱਸੇ ਵਿੱਚ ਆਏ ਕੈਦੀਆਂ ਨੇ ਜੇਲ੍ਹ ਦੀਆਂ ਇੱਕ-ਦੋ ਬੈਰਕਾਂ ਨੂੰ ਅੱਗ ਲਗਾ ਦਿੱਤੀ। ਸਥਿਤੀ ਨੂੰ ਕਾਬੂ ਹੇਠ ਕਰਨ ਲਈ ਐੱਸ.ਐੱਸ.ਪੀ. ਸਣੇ ਭਾਰੀ ਪੁਲੀਸ ਫੋਰਸ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ। ਜਾਣਕਾਰੀ ਮੁਤਾਬਕ, ਜੇਲ੍ਹ ਵਿੱਚ ਬੰਦ ਕੈਦੀ ਕਿਸੇ ਗੱਲ ਨੂੰ ਲੈ ਕੇ ਜੇਲ੍ਹ ਪ੍ਰਸ਼ਾਸਨ ਨਾਲ ਸਖ਼ਤ ਨਾਰਾਜ਼ ਸਨ। ਇਸੇ ਨਾਰਾਜ਼ਗੀ ਅਤੇ ਆਪਸੀ ਖਿੱਚੋਤਾਣ ਕਾਰਨ ਦੇਰ ਰਾਤ ਮਾਮਲਾ ਇੰਨਾ ਗਰਮਾ ਗਿਆ ਕਿ ਕੈਦੀਆਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਬੈਰਕਾਂ ਨੂੰ ਅੱਗ ਲਗਾਏ ਜਾਣ ਤੋਂ ਬਾਅਦ ਤੁਰੰਤ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਅੰਦਰ ਭੇਜਿਆ ਗਿਆ। ਹਾਲਾਂਕਿ, ਅੱਗ ਨਾਲ ਹੋਏ ਨੁਕਸਾਨ ਬਾਰੇ ਅਜੇ ਤੱਕ ਕਿਸੇ ਉੱਚ ਅਧਿਕਾਰੀ ਨੇ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਹੈ। ਵਾਇਰਲ ਵੀਡੀਓਜ਼ ਵਿੱਚ ਕੈਦੀਆਂ ਦੇ ਕਈ ਗਰੁੱਪ ਹੱਥਾਂ ਵਿੱਚ ਹਥਿਆਰ ਅਤੇ ਸੋਟੀਆਂ ਲੈ ਕੇ ਜੇਲ੍ਹ ਦੀਆਂ ਛੱਤਾਂ 'ਤੇ ਘੁੰਮਦੇ ਦਿਖਾਈ ਦੇ ਰਹੇ ਹਨ। ਵੀਡੀਓ ਵਿੱਚ ਕੁਝ ਕੈਦੀਆਂ ਵੱਲੋਂ 'ਜੇਲ੍ਹ ਬ੍ਰੇਕ' (ਜੇਲ੍ਹ ਤੋੜਨ) ਦੇ ਦਾਅਵੇ ਵੀ ਕੀਤੇ ਜਾ ਰਹੇ ਹਨ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਸਨੌਰ ਵਿਚ 'ਨਟਵਰ ਲਾਲ' ਬਾਬੇ ਦੀ 'ਲੀਲਾ' ਦਾ ਅੰਤ

## ✪ ਕਰੋੜਾਂ ਦੀ ਠੱਗੀ ਤੇ ਅਹੁਦਿਆਂ ਦੇ ਗੱਫੇ ਵੰਡਣ ਵਾਲਾ ਪਹੁੰਚਿਆ ਹਵਾਲਾਤ

ਪਟਿਆਲਾ / ਸਨੌਰ- ਕਹਿੰਦੇ ਨੇ ਕਿ ਕਲਯੁੱਗ ਵਿੱਚ ਰੱਬ ਮਿਲੇ ਨਾ ਮਿਲੇ, ਪਰ ਥਾਂ-ਥਾਂ 'ਤੇ 'ਠੱਗ ਬਾਬੇ' ਜ਼ਰੂਰ ਮਿਲ ਜਾਂਦੇ ਹਨ। ਅਜਿਹਾ ਹੀ ਇੱਕ ਤਾਜ਼ਾ ਮਾਮਲਾ ਪਟਿਆਲਾ ਦੇ ਸਨੌਰ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ 'ਢੋਂਗੀ ਬਾਬੇ' ਨੇ ਭੋਲੇ-ਭਾਲੇ ਲੋਕਾਂ ਦੀਆਂ ਜੇਬਾਂ ਅਤੇ ਸੋਨੇ ਦੇ ਗਹਿਣਿਆਂ 'ਤੇ ਅਜਿਹਾ 'ਆਸ਼ੀਰਵਾਦ' ਵਰ੍ਹਾਇਆ ਕਿ ਅਖੀਰ ਜਨਤਾ ਨੂੰ ਰੱਬ ਯਾਦ ਆ ਗਿਆ। ਸਨੌਰ ਦੇ ਇੱਕ ਮੁਹੱਲੇ ਵਿੱਚ ਰਹਿ ਰਹੇ 'ਢੋਂਗੀ ਬਾਬਾ' ਉਰ.ਫ ਨਟਵਰ ਲਾਲ, ਜਿਸ ਨੇ ਆਪਣਾ ਭਾਰੀ-ਭਰਕਮ ਨਾਮ 'ਮਹੰਤ ਪ੍ਰਵੀਨ ਦਾਸ ਮਹਾਰਾਜ' ਰੱਖਿਆ ਹੋਇਆ ਸੀ, ਨੂੰ ਪੁਲਿਸ ਨੇ ਉਸ ਦੀ ਸੇਵਿਕਾ ਪ੍ਰਿਯੰਕਾ ਸਮੇਤ ਗ੍ਰਿਫਤਾਰ ਕਰ ਲਿਆ ਹੈ। ਬਾਬੇ ਦੀ 'ਕਿਰਪਾ' ਦਾ ਆਲਮ ਇਹ ਸੀ ਕਿ ਉਸ ਖ਼ਿਲਾ.ਫ ਕਰੋੜਾਂ ਦੀ ਠੱਗੀ, ਲੁੱਟ-ਖਸੁੱਟ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ਾਂ ਹੇਠ ਸਨੌਰ ਥਾਣੇ ਵਿੱਚ ਐੱਫ. ਆਈ. ਆਰ. ਨੰਬਰ 0053 (ਧਾਰਾ 319, 318, 74, 77, 361, 308, 351) ਦਰਜ ਕੀਤੀ ਗਈ ਹੈ। ਇਸ ਆਧੁਨਿਕ ਬਾਬੇ ਦੇ ਪਾਖੰਡ ਕਰਨ ਦਾ ਤਰੀਕਾ ਵੀ ਬੜਾ ਡਿਜੀਟਲ ਅਤੇ ਹਾਈ-ਪ੍ਰੋਫਾਈਲ ਸੀ:



ਜਾਅਲੀ ਆਧਾਰ ਕਾਰਡ: ਬਾਬੇ ਨੇ ਸਭ ਤੋਂ ਪਹਿਲਾਂ ਆਪਣੀ ਪਛਾਣ ਲੁਕਾਉਣ ਲਈ ਜਾਅਲੀ ਐਡਰੈੱਸ 'ਤੇ ਆਧਾਰ ਕਾਰਡ ਬਣਵਾਇਆ। (ਵਾਹ! ਰੱਬ ਦੇ ਘਰ ਰਹਿਣ ਵਾਲਿਆਂ ਨੂੰ ਵੀ ਕਾਗਜ਼ੀ ਪਛਾਣ ਦੀ ਲੋੜ ਪੈ ਗਈ!) 'ਭ੍ਰਿਸ਼ਟਾਚਾਰ ਅਤੇ ਠੱਗੀ ਮਾਰਨ ਵਾਲਾ ਇਹ ਬਾਬਾ ਖੁਦ ਨੂੰ 'ਐਂਟੀ ਕੁਰੱਪਸ਼ਨ ਬਿਊਰੋ ਭਾਰਤ' ਦਾ ਚੇਅਰਮੈਨ ਦੱਸਦਾ ਸੀ। ਬਾਬਾ ਜੀ ਕਹਿੰਦੇ ਸਨ ਕਿ ਉਨ੍ਹਾਂ ਨੂੰ ਬਹੁਤ ਉੱਚਾ ਅਹੁਦਾ ਮਿਲਣ ਵਾਲਾ ਹੈ ਅਤੇ ਉਹ ਲੋਕਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਲਗਵਾ ਦੇਣਗੇ। ਨੌਕਰੀਆਂ ਦੇ ਨਾਮ 'ਤੇ ਬਾਬੇ ਨੇ ਲੋਕਾਂ ਦੀਆਂ ਜੇਬਾਂ ਅਜਿਹੀਆਂ ਸਾ.ਫ ਕੀਤੀਆਂ ਕਿ ਲੱਖਾਂ-ਕਰੋੜਾਂ ਰੁਪਏ ਹੜੱਪ ਕਰ ਗਿਆ।

ਦੁਖੀ ਲੋਕ ਜਦੋਂ ਆਪਣੀਆਂ ਮੁਸ਼ਕਿਲਾਂ ਲੈ ਕੇ ਜਾਂਦੇ, ਤਾਂ ਬਾਬਾ ਉਨ੍ਹਾਂ ਦੇ ਦੁੱਖ ਦੂਰ ਕਰਨ ਦੇ ਬਹਾਨੇ ਉਨ੍ਹਾਂ ਦੀਆਂ ਸੋਨੇ ਦੀਆਂ ਛਾਪਾਂ (ਅੰਗੂਠੀਆਂ) ਅਤੇ ਕੜੇ ਤੱਕ ਆਪਣੇ ਕਬਜ਼ੇ ਵਿੱਚ ਕਰ ਲੈਂਦਾ ਸੀ।

ਔਰਤਾਂ ਨਾਲ ਬਦਸਲੂਕੀ: ਥਾਣੇ ਪਹੁੰਚੀਆਂ ਪੀੜਤ ਔਰਤਾਂ ਨੇ ਰੋਂਦੇ ਹੋਏ ਦੱਸਿਆ ਕਿ ਬਾਬੇ ਦੀ ਸੇਵਿਕਾ ਪ੍ਰਿਯੰਕਾ ਭੋਲੀਆਂ ਔਰਤਾਂ ਨੂੰ ਗੁੰਮਰਾਹ ਕਰਕੇ ਬਾਬੇ ਕੋਲ ਲੈ ਕੇ ਜਾਂਦੀ ਸੀ, ਜਿੱਥੇ ਇਹ ਢੋਂਗੀ ਬਾਬਾ ਉਨ੍ਹਾਂ ਦੇ ਸਰੀਰ ਨੂੰ ਗਲਤ ਤਰੀਕੇ ਨਾਲ ਟੱਚ (ਛੂਹੰਦਾ) ਵੀ ਕਰਦਾ ਸੀ।

### ਜਦੋਂ ਬਾਬੇ ਦੇ ਬਚਾਅ 'ਚ ਉੱਤਰੀ ਸਨੌਰ ਪੁਲਿਸ!

ਇਸ ਪੂਰੇ ਮਾਮਲੇ ਵਿੱਚ ਜਿੰਨੀ ਆਲੋਚਨਾ ਇਸ ਢੋਂਗੀ ਬਾਬੇ ਦੀ ਹੋਣੀ ਚਾਹੀਦੀ ਹੈ, ਉੱਥੇ ਹੀ ਸਨੌਰ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਹੁੰਦੇ ਹਨ। ਦਰਜਨਾਂ ਲੋਕ ਪਿਛਲੇ ਲੰਬੇ ਸਮੇਂ ਤੋਂ ਐੱਸ. ਐੱਚ. ਓ. ਸਨੌਰ ਨੂੰ ਸ਼ਿਕਾਇਤਾਂ ਦੇ ਰਹੇ ਸਨ, ਪਰ ਪੁਲਿਸ ਸ਼ਾਇਦ ਬਾਬੇ ਦੇ ਕਿਸੇ 'ਗੁਪਤ ਆਸ਼ੀਰਵਾਦ' ਦੇ ਅਸਰ ਹੇਠ ਸੀ, ਜਿਸ ਕਰਕੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਸੀ। ਹਾਂਬਲੇ ਹੋਏ ਲੋਕਾਂ ਨੇ ਜਦੋਂ ਪਟਿਆਲਾ ਦੇ ਐੱਸ. ਐੱਸ. ਪੀ. ਦਰਬਾਰ ਵਿੱਚ ਗੁਹਾਰ ਲਾਈ, ਤਾਂ ਸੀ. ਆਈ. ਏ. ਪਟਿਆਲਾ ਦੇ ਇੰਚਾਰਜ ਪ੍ਰਦੀਪ ਬਾਜਵਾ ਨੇ ਮੁਸਤੈਦੀ ਦਿਖਾਉਂਦੇ ਹੋਏ ਬਾਬੇ ਨੂੰ ਸਨੌਰ ਤੋਂ ਚੁੱਕ ਲਿਆ। ਪਰ ਕਮਾਲ ਦੀ ਗੱਲ ਦੇਖੋ! ਸੀ. ਆਈ. ਏ. ਸਟਾਫ਼ ਨੇ ਬਿਆਨ ਅਤੇ ਅਰਜੀਆਂ ਸਨੌਰ ਥਾਣੇ ਭੇਜ ਦਿੱਤੀਆਂ, ਪਰ ਸਨੌਰ ਪੁਲਿਸ ਐੱਫ. ਆਈ. ਆਰ. ਦਰਜ ਕਰਨ ਦੀ ਬਜਾਏ ਸ਼ਾਇਦ ਕਿਸੇ 'ਸ਼ੁਭ ਮਹੂਰਤ' ਦਾ ਇੰਤਜ਼ਾਰ ਕਰ ਰਹੀ ਸੀ। ਅਖੀਰ ਜਦੋਂ ਅਗਲੇ ਦਿਨ ਦੁਪਹਿਰ ਤੱਕ ਕੇਸ ਦਰਜ ਨਾ ਹੋਇਆ, ਤਾਂ ਗੁੱਸੇ ਵਿੱਚ ਆਏ ਬਾਜ਼ਾਰ ਦੇ ਦੁਕਾਨਦਾਰਾਂ ਅਤੇ ਇਲਾਕਾ ਨਿਵਾਸੀਆਂ ਨੇ ਦੁਕਾਨਾਂ ਬੰਦ ਕਰਕੇ ਥਾਣੇ ਦਾ ਘੇਰਾਓ ਕੀਤਾ ਅਤੇ ਜੰਮ ਕੇ ਨਾਅਰੇਬਾਜ਼ੀ ਕੀਤੀ। ਜਦੋਂ ਮਾਮਲਾ ਸੀਨੀਅਰ ਅਧਿਕਾਰੀਆਂ ਤੱਕ ਪਹੁੰਚਿਆ ਅਤੇ ਡੰਡਾ ਚੱਲਿਆ, ਤਾਂ ਕਿਤੇ ਜਾ ਕੇ ਦੇਰ ਸ਼ਾਮ ਪੁਲਿਸ ਨੇ ਕੇਸ ਦਰਜ ਕੀਤਾ।

ਇਹ ਮਾਮਲਾ ਸਾਡੇ ਸਮਾਜ ਦੇ ਮੂੰਹ 'ਤੇ ਇੱਕ ਕਰਾਰੀ ਚਪੇੜ ਹੈ। ਇੱਕ ਪਾਸੇ ਉਹ ਜਨਤਾ ਹੈ ਜੋ ਵਿਗਿਆਨ ਦੇ ਯੁੱਗ ਵਿੱਚ ਵੀ ਅੱਖਾਂ ਬੰਦ ਕਰਕੇ ਅਜਿਹੇ ਨਟਵਰ ਲਾਲਾਂ ਨੂੰ ਕਰੋੜਾਂ ਰੁਪਏ ਅਤੇ ਸੋਨੇ ਦੇ ਗਹਿਣੇ ਸੌਂਪ ਦਿੰਦੀ ਹੈ, ਅਤੇ ਦੂਜੇ ਪਾਸੇ ਸਾਡੀ 'ਮੁਸਤੈਦ' ਪੁਲਿਸ ਹੈ ਜੋ ਠੱਗਾਂ ਖ਼ਿਲਾ.ਫ ਕੇਸ ਦਰਜ ਕਰਨ ਲਈ ਵੀ ਜਨਤਾ ਦੇ ਧਰਨਿਆਂ ਅਤੇ ਨਾਅਰੇਬਾਜ਼ੀ ਦੀ ਮੁਹਤਾਜ ਹੈ। ਲੋਕਾਂ ਨੇ ਬਿਲਕੁਲ ਸਹੀ ਮੰਗ ਕੀਤੀ ਹੈ ਕਿ ਅਜਿਹੇ ਪਾਖੰਡੀਆਂ ਨੂੰ ਪਨਾਹ ਦੇਣ ਵਾਲੇ ਅਤੇ ਕਾਰਵਾਈ ਨਾ ਕਰਨ ਵਾਲੇ ਪੁਲਿਸ ਅਧਿਕਾਰੀਆਂ ਖ਼ਿਲਾ.ਫ ਵੀ ਸਖ਼ਤ ਐਕਸ਼ਨ ਹੋਣਾ ਚਾਹੀਦਾ ਹੈ, ਤਾਂ ਜੋ ਅੱਗੇ ਤੋਂ ਕੋਈ ਹੋਰ 'ਪ੍ਰਵੀਨ ਦਾਸ' ਲੋਕਾਂ ਦੀਆਂ ਜੇਬਾਂ 'ਤੇ ਡਾਕਾ ਨਾ ਮਾਰ ਸਕੇ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ
## ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ

ਹਲਾਲ

# ਪੁਰਜ਼ੋਰ ਅਪੀਲ

# HALAL OR KUTTHA MEAT SERVED

## IN BRITISH SCHOOLS AND FRIED MEAT OUTLETS

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

## ਆਪ ਦੇ ਅਤੀ ਧੰਨਵਾਦੀ ਹੋਵਾਂਗੇ

**ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ**

# ਵਡਾਲਾ ਕਲਾਂ ਤੇ ਆਸ ਪਾਸ ਦੇ ਪਿੰਡਾਂ ਦੀਆਂ ਯੂ ਕੇ ਵਾਸੀ ਸਮੂਹ ਸੰਗਤਾਂ ਵੱਲੋਂ
# ਸਰਬੱਤ ਸੰਗਤਾਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਤੇ ਚੜ੍ਹਦੀ ਕਲਾ ਲਈ
## ਵਿਲਨਹਾਲ ਗੁਰੂ ਘਰ ਵਿਖੇ 9ਵਾਂ ਅਖੰਡ ਪਾਠ ਸਾਹਿਬ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਇਆ



ਗੁਰੂ ਨਾਨਕ ਗੁਰਦੁਆਰਾ ਵਿਲਨਹਾਲ ਮਿਡਲੈਂਡਜ਼ ਵਿਖੇ ਕਰਵਾਏ ਅਖੰਡ ਪਾਠ ਦੌਰਾਨ ਹਾਜ਼ਰ ਅਤੇ ਸੇਵਾ ਕਰਨ ਵਾਲੀਆ ਸਮੂਹ ਸੰਗਤਾਂ ਦੀਆਂ ਤਸਵੀਰਾਂ

**ਜਾਰੀ ਕਰਤਾ - ਸ: ਕੁਲਵਿੰਦਰ ਸਿੰਘ ਟੋਨੀ ਵਡਾਲਾ ਤੇ ਸਹਿਯੋਗੀ ਸੱਜਣ ਅਤੇ ਸਮੂਹ ਸੰਗਤ, ਵਡਾਲਾ ਕਲਾਂ**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਬੇਅਦਬੀ ਮਾਮਲਿਆਂ 'ਚ ਮਾਨ ਸਰਕਾਰ ਦੀ ਨੀਅਤ ਸ਼ੱਕ ਦੇ ਘੇਰੇ 'ਚ

## ਰਾਮ ਰਹੀਮ ਤੇ ਡੇਰਾ ਸਿਰਸਾ ਨਾਲ ਸਾਂਝ ਪਾ ਕੇ ਮਾਨ ਸਰਕਾਰ ਨੇ ਇਨਸਾਫ਼ ਦੀ ਪ੍ਰਕਿਰਿਆ ਨੂੰ ਜਾਣਬੁੱਝ ਕੇ ਕਮਜ਼ੋਰ ਕੀਤਾ : ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ-: ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾਂ-ਕੋਟਕਪੂਰਾ ਗੋਲੀਕਾਂਡ ਮਾਮਲਿਆਂ ਵਿੱਚ ਮਾਨ ਸਰਕਾਰ ਦੀ ਭੂਮਿਕਾ 'ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖ ਕੌਮ ਨੂੰ ਇਨਸਾਫ਼ ਦਿਵਾਉਣ ਦੀ ਬਜਾਏ ਦੋਸ਼ੀਆਂ ਨੂੰ ਬਚਾਉਣ ਦੀ ਰਾਜਨੀਤੀ ਕੀਤੀ ਹੈ। ਉਨ੍ਹਾਂ ਕਿਹਾ ਕਿ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਦੀ ਬੇਅਦਬੀ ਨੇ ਸਮੂਹ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ, ਪਰ ਅੱਜ ਤੱਕ ਦੋਸ਼ੀਆਂ ਨੂੰ ਸਜ਼ਾ ਨਾ ਮਿਲਣਾ ਮਾਨ ਸਰਕਾਰ ਦੀ ਨਾਕਾਮੀ ਅਤੇ ਨੀਅਤ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ 1 ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਪਾਵਨ ਸਰੂਪ ਚੋਰੀ ਹੋਇਆ, 25 ਸਤੰਬਰ ਨੂੰ ਧਮਕੀ ਭਰੇ ਪੋਸਟਰ ਲਗਾਏ ਗਏ ਅਤੇ 12 ਅਕਤੂਬਰ 2015 ਨੂੰ ਬਰਗਾੜੀ ਵਿਖੇ ਪਾਵਨ ਅੰਗ ਖਿਲਾਰ ਕੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਵਾਪਰੀ। ਇਸ ਦੇ ਵਿਰੋਧ ਵਿੱਚ ਸ਼ਾਂਤਮਈ ਰੋਸ ਪ੍ਰਗਟ ਕਰ ਰਹੀਆਂ ਸੰਗਤਾਂ 'ਤੇ 14 ਅਕਤੂਬਰ 2015 ਨੂੰ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਖੇ ਪੁਲਿਸ ਵੱਲੋਂ ਗੋਲੀਆਂ ਚਲਾਈਆਂ ਗਈਆਂ, ਜਿਸ ਵਿੱਚ ਦੋ ਸਿੰਘ ਸ਼ਹੀਦ ਹੋਏ।

ਉਨ੍ਹਾਂ ਕਿਹਾ ਕਿ ਥਾਣਾ ਬਾਜਾਖਾਨਾ ਵਿਖੇ ਦਰਜ ਐਫਆਈਆਰ ਨੰਬਰ 63/2015, 117/2015 ਅਤੇ 128/2015 ਦੀ ਜਾਂਚ ਦੌਰਾਨ 'ਸਿੱਟ' ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਮੇਤ 11 ਵਿਅਕਤੀਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ। ਪਰ ਹੈਰਾਨੀ ਦੀ ਗੱਲ ਹੈ ਕਿ ਫਿਛ ਦੀ ਧਾਰਾ 295ਅ ਅਧੀਨ ਮੁਕੱਦਮਾ ਚਲਾਉਣ ਲਈ CrPC ਦੀ ਧਾਰਾ 196 ਤਹਿਤ ਲੋੜੀਂਦੀ ਪ੍ਰਵਾਨਗੀ ਲਈ ਮਈ 2022 ਵਿੱਚ ਭੇਜੀ ਗਈ ਫਾਈਲ ਨੂੰ ਮਾਨ ਸਰਕਾਰ ਨੇ ਢਾਈ ਸਾਲ ਤੱਕ ਲਟਕਾ ਕੇ ਰੱਖਿਆ। ਆਖ਼ਿਰ 21 ਅਕਤੂਬਰ 2024 ਨੂੰ ਪ੍ਰਵਾਨਗੀ ਦਿੱਤੀ ਗਈ, ਜਿਸ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਰਕਾਰ ਦੋਸ਼ੀਆਂ ਨੂੰ ਸਮਾਂ ਅਤੇ ਸਹੂਲਤ ਦੇ ਰਹੀ ਸੀ।

ਪ੍ਰੋ. ਖਿਆਲਾ ਨੇ ਕਿਹਾ ਕਿ ਸਿੱਟ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ ਮੈਂਬਰ ਪ੍ਰਦੀਪ ਕਲੇਰ ਨੇ ਧਾਰਾ 164 ਤਹਿਤ ਅਦਾਲਤ ਵਿੱਚ ਦਿੱਤੇ ਬਿਆਨ ਵਿੱਚ ਖ਼ੁਲਾਸਾ ਕੀਤਾ ਕਿ ਬੇਅਦਬੀ ਦੀ ਸਾਜ਼ਿਸ਼ ਵਾਲੀ ਮੀਟਿੰਗ ਵਿੱਚ ਰਾਮ ਰਹੀਮ, ਹਨੀਪ੍ਰੀਤ ਅਤੇ ਹੋਰ ਲੋਕ ਮੌਜੂਦ ਸਨ। ਫਿਰ ਵੀ ਮਾਨ ਸਰਕਾਰ ਵੱਲੋਂ ਰਾਮ ਰਹੀਮ ਜਾਂ ਹਨੀਪ੍ਰੀਤ ਖ਼ਿਲਾਫ਼ ਕੋਈ ਸਖ਼ਤ ਕਾਰਵਾਈ ਨਾ ਕਰਨਾ ਬਹੁਤ ਗੰਭੀਰ ਅਤੇ ਸ਼ੱਕੀ ਮਾਮਲਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਬੇਅਦਬੀ ਨਾਲ ਸਬੰਧਿਤ ਤਿੰਨੇ ਕੇਸ ਅਤੇ ਬਹਿਬਲ ਕਲਾਂ-



ਕੋਟਕਪੂਰਾ ਗੋਲੀਕਾਂਡ ਮਾਮਲੇ ਫ਼ਰੀਦਕੋਟ ਤੋਂ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿੱਚ ਤਬਦੀਲ ਹੋ ਗਏ, ਪਰ ਪੰਜਾਬ ਸਰਕਾਰ ਨੇ ਇਸ ਤਬਦੀਲੀ ਨੂੰ ਰੋਕਣ ਲਈ ਕੋਈ ਪ੍ਰਭਾਵਸ਼ਾਲੀ ਯਤਨ ਨਹੀਂ ਕੀਤਾ। ਇਸ ਤੋਂ ਇਹ ਸੰਕੇਤ ਮਿਲਦੇ ਹਨ ਕਿ ਮਾਨ ਸਰਕਾਰ ਨੇ ਦੋਸ਼ੀਆਂ ਨਾਲ ਅੰਦਰੂਨੀ ਸਾਂਝ ਬਣਾਈ ਹੋਈ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ 29 ਅਪ੍ਰੈਲ 2025 ਨੂੰ ਸੁਪਰੀਮ ਕੋਰਟ ਵਿੱਚ ਪੰਜਾਬ ਸਰਕਾਰ ਦੇ ਵਕੀਲਾਂ ਨੇ ਡੇਰਾ ਸਿਰਸਾ ਪੱਖ ਦੇ ਵਕੀਲਾਂ ਨਾਲ ਸਹਿਮਤੀ ਜਤਾਉਂਦਿਆਂ ਚੰਡੀਗੜ੍ਹ ਟਰਾਇਲ ਕੋਰਟ ਵਿੱਚ ਚੱਲ ਰਹੀ ਕਾਰਵਾਈ ਨੂੰ ਰੋਕਣ ਲਈ ਅੰਡਰਟੇਕਿੰਗ ਦਿੱਤੀ, ਜਿਸ ਤੋਂ ਬਾਅਦ ਪਿਛਲੇ ਇੱਕ ਸਾਲ ਤੋਂ ਮਾਮਲੇ ਦੀ ਸੁਣਵਾਈ ਤੱਕ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਖ਼ੁਦ ਹੀ ਇਨਸਾਫ਼ ਦੀ ਪ੍ਰਕਿਰਿਆ ਨੂੰ ਰੋਕਣ ਦਾ ਹਿੱਸਾ ਬਣ ਜਾਵੇ ਤਾਂ ਫਿਰ ਸਿੱਖ ਕੌਮ ਨਿਆਂ ਦੀ ਉਮੀਦ ਕਿਸ ਤੋਂ ਕਰੇ?

ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਚੋਣਾਂ ਦੌਰਾਨ 24 ਘੰਟਿਆਂ ਵਿੱਚ ਇਨਸਾਫ਼ ਦੇਣ ਦੇ ਵਾਅਦੇ ਕੀਤੇ ਸਨ, ਪਰ ਅੱਜ ਹਾਲਾਤ ਇਹ ਹਨ ਕਿ ਆਮ ਆਦਮੀ ਪਾਰਟੀ ਦੇ ਆਪਣੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਤੱਕ ਕਹਿ ਚੁੱਕੇ ਹਨ ਕਿ ਸਰਕਾਰ ਨੇ ਦੋਸ਼ੀਆਂ ਨਾਲ ਹੱਥ ਮਿਲਾ ਲਏ ਹਨ ਅਤੇ ਹੁਣ ਇਨਸਾਫ਼ ਦੀ ਕੋਈ ਉਮੀਦ ਨਹੀਂ ਰਹੀ।

ਪ੍ਰੋ. ਖਿਆਲਾ ਨੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਪੰਜਾਬ ਵਿੱਚ ਬੇਅਦਬੀ ਦੇ 600 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਪਰ ਸਰਕਾਰੀ ਅੰਕੜਿਆਂ ਅਨੁਸਾਰ ਕੇਵਲ 44 ਮਾਮਲਿਆਂ ਵਿੱਚ ਹੀ ਦੋਸ਼ ਸਾਬਤ ਹੋਏ ਹਨ। 400 ਤੋਂ ਵੱਧ ਕੇਸ ਰਫ਼ਾ-ਦਫ਼ਾ ਹੋ ਜਾਣਾ ਪੰਜਾਬ ਦੀ ਕਾਨੂੰਨ-ਵਿਵਸਥਾ ਅਤੇ ਸਰਕਾਰਾਂ ਦੀ ਨਾਕਾਮੀ ਦਾ ਸਬੂਤ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਿਰਫ਼ ਕਾਨੂੰਨੀ ਮਾਮਲਾ ਨਹੀਂ, ਸਿੱਖ ਕੌਮ ਦੀ ਆਤਮਾ ਅਤੇ ਜਜ਼ਬਾਤਾਂ 'ਤੇ ਹਮਲਾ ਹੈ। ਜੇਕਰ ਸਰਕਾਰਾਂ ਇਨ੍ਹਾਂ ਮਾਮਲਿਆਂ ਵਿੱਚ ਵੀ ਰਾਜਨੀਤਿਕ ਸੌਦੇਬਾਜ਼ੀ ਕਰਨ ਲੱਗ ਪੈਣ ਤਾਂ ਇਹ ਪੰਜਾਬ ਦੇ ਸਮਾਜਕ ਤਾਣੇ-ਬਾਣੇ ਅਤੇ ਲੋਕਤੰਤਰ ਲਈ ਬਹੁਤ ਖ਼ਤਰਨਾਕ ਸੰਕੇਤ ਹਨ।

## ਖਾਲਸਾਈ ਰੰਗ ਵਿੱਚ ਰੰਗਿਆ ਅਪ੍ਰੀਲੀਆ ਸ਼ਹਿਰ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਸਭਾ ਵਲੋਂ ਖਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਸਜਾਇਆ ਗਿਆ ਅਲੌਕਿਕ ਨਗਰ ਕੀਰਤਨ





ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸਾਜੇ ਗਏ ਖਾਲਸੇ ਦੇ ਸਾਜਨਾ ਦਿਹਾੜੇ ਨੂੰ ਸਮਰਪਿਤ ਇਟਲੀ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਨਗਰ ਕੀਰਤਨ ਸਜਾਏ ਗਏ। ਇਸ ਲੜੀ ਨੂੰ ਸਮਰਪਿਤ ਰਾਜਧਾਨੀ ਰੋਮ ਦੇ ਨਜ਼ਦੀਕ ਤੇ ਜਿਲ੍ਹਾ ਲਾਤੀਨਾ ਦੇ ਸ਼ਹਿਰ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਸਭਾ ਅਪ੍ਰੀਲੀਆ (ਲਾਤੀਨਾ) ਵਲੋ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਹਿਰ ਵਿੱਚ ਅਲੌਕਿਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਇਸ ਮੌਕੇ ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੇ ਗੁਰੂ ਮਰਿਆਦਾ ਅਨੁਸਾਰ ਸੰਪੂਰਨਤਾ ਨਾਲ ਭੋਗ ਪਾਏ ਗਏ ਤੇ ਭੋਗ ਉਪਰੰਤ ਪੰਜ ਨਿਸ਼ਾਨਚੀ ਸਿੰਘਾਂ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਅਤੇ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਗੁਰਦੁਆਰਾ ਸਾਹਿਬ ਤੋ ਨਗਰ ਕੀਰਤਨ ਦੀ ਆਰੰਭਤਾ ਕੀਤੀ ਗਈ ਜੋ ਕਿ ਨਗਰ ਦੀਆਂ ਵੱਖ-ਵੱਖ ਗਲੀਆਂ ਦੀ ਪਰਿਕਰਮਾ ਕਰਦੇ ਹੋਏ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਨਜ਼ਦੀਕ "ਪਾਰਕੋ ਮਿੱਲੈ" ਪਾਰਕ ਪਹੁੰਚਣ ਉਪਰੰਤ ਪੜਾਅ ਕੀਤਾ ਗਿਆ ਤੇ ਇਸ ਮੌਕੇ ਭਾਈ ਭਾਈ ਸਰਬਜੀਤ ਸਿੰਘ ਮਾਣਕਪੁਰੀ ਦੇ ਜੱਥੇ ਵੱਲੋਂ ਖ਼ਾਲਸੇ ਦੇ ਸਿਰਜਣਾ ਦਿਹਾੜੇ ਦਾ ਇਤਿਹਾਸ ਸੰਗਤਾਂ ਨੂੰ ਜ਼ੋਸ਼ੀਲੇ ਅੰਦਾਜ਼ ਵਿੱਚ ਸੁਣਾ ਕੇ ਨਿਹਾਲ ਕੀਤਾ ਗਿਆ ਤੇ ਇਸ ਮੌਕੇ ਮਿਸਲ ਮੀਰੀ ਪੀਰੀ ਰੋਮਾ ਦੇ ਗੱਤਕੇ ਵਾਲੇ ਜਥੇ ਵਲੋਂ ਗੱਤਕੇ ਦੇ ਹੈਂਰਤ ਮਈ ਜੌਹਰ ਦਿਖਾਏ ਗਗਏ ਤੇ ਗੁਰਦੁਆਰਾ ਭਗਤ ਰਵਿਦਾਸ ਜੀ ਸਿੰਘ ਸਭਾ ਲਵੀਨੀਓ ਵਲੋ ਦਸਤਾਰ ਸਜਾਉਣ ਦਾ ਕੈਂਪ ਲਗਾਇਆ ਗਿਆ ਇਸ ਮੌਕੇ ਸੰਗਤਾਂ ਲਈ ਪੰਗਤ ਤੇ ਸਟਾਲਾਂ ਜਰੀਏ ਵੱਖ ਵੱਖ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਗਏ।


## ਭਾਰਤ ਪਹੁੰਚਿਆ ਇਬੋਲਾ ਵਾਇਰਸ, ਯੁਗਾਂਡਾ ਤੋਂ ਬੰਗਲੁਰੂ ਪਹੁੰਚੀ ਇੱਕ ਔਰਤ ਵਿੱਚ ਦਿਖਾਈ ਦਿੱਤੇ ਲੱਛਣ

ਦੁਨੀਆ ਭਰ ਵਿੱਚ ਇਬੋਲਾ ਵਾਇਰਸ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਇਸ ਦੌਰਾਨ, ਯੂਗਾਂਡਾ ਦੀ ਇੱਕ 28 ਸਾਲਾ ਔਰਤ ਨੂੰ ਸਾਵਧਾਨੀ ਦੇ ਤੌਰ 'ਤੇ ਬੈਂਗਲੂਰੂ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸਿਹਤ ਵਿਭਾਗ ਨੇ ਤੁਰੰਤ ਕਾਰਵਾਈ ਕੀਤੀ ਅਤੇ ਉਸ ਵਿਚ ਇਬੋਲਾ ਵਰਗੇ ਹਲਕੇ ਲੱਛਣ ਦਿਖਾਈ ਦੇਣ ਤੋਂ ਬਾਅਦ ਉਸਨੂੰ ਨਿਗਰਾਨੀ ਹੇਠ ਰੱਖਿਆ।

ਸਿਹਤ ਅਧਿਕਾਰੀਆਂ ਦੇ ਅਨੁਸਾਰ, ਔਰਤ ਹਾਲ ਹੀ ਵਿੱਚ ਇਬੋਲਾ ਪ੍ਰਭਾਵਿਤ ਖੇਤਰ ਤੋਂ ਭਾਰਤ ਆਈ ਸੀ। ਉਹ ਸ਼ੁਰੂ ਵਿੱਚ ਸ਼ਹਿਰ ਦੇ ਇੱਕ ਹੋਟਲ ਵਿੱਚ ਰਹੀ, ਪਰ ਬਾਅਦ ਵਿੱਚ ਸਰੀਰ ਵਿੱਚ ਦਰਦ ਅਤੇ ਕਮਜ਼ੋਰੀ ਦਾ ਅਨੁਭਵ ਹੋਇਆ। ਫਿਰ ਉਸ ਨੂੰ ਬੈਂਗਲੂਰੂ ਦੇ ਸਰਕਾਰੀ ਮਹਾਂਮਾਰੀ ਰੋਗ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਔਰਤ ਦੇ ਨਮੂਨੇ ਲਏ ਗਏ ਹਨ ਅਤੇ ਜਾਂਚ ਲਈ ਪੂਣੇ ਦੇ ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੋਜੀ ਨੂੰ ਭੇਜ ਦਿੱਤੇ ਗਏ ਹਨ। ਨਤੀਜਿਆਂ ਦੀ ਫਿਲਹਾਲ ਉਡੀਕ ਹੈ। ਅਧਿਕਾਰੀਆਂ ਨੇ ਕਿਹਾ ਕਿ ਲਾਗ ਦੀ ਪੁਸ਼ਟੀ ਕਰਨ ਲਈ ਪ੍ਰੋਟੋਕੋਲ ਦੇ ਅਨੁਸਾਰ ਦੂਜਾ ਟੈਸਟ ਕੀਤਾ ਜਾਵੇਗਾ। ਡਾਕਟਰਾਂ ਦੀ ਇੱਕ ਟੀਮ ਔਰਤ ਦੀ ਲਗਾਤਾਰ ਨਿਗਰਾਨੀ ਕਰ ਰਹੀ ਹੈ, ਅਤੇ ਉਸ ਦੀ ਹਾਲਤ ਇਸ ਸਮੇਂ ਸਥਿਰ ਦੱਸੀ ਜਾ ਰਹੀ ਹੈ।

# ਕੀ ਬੇਅਦਬੀਆਂ ਦਾ ਮਾਮਲਾ ਹਲ ਨਾ ਹੋਣਾ ਪੰਜਾਬ ਦੇ ਭਵਿੱਖ ਲਈ ਹਿਤਕਾਰੀ ਹੈ ?

## ਜਗਤਾਰ ਸਿੰਘ



ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ 'ਗੁਰਾਂ ਦੇ ਨਾਂ 'ਤੇ ਵੱਸਦੇ' ਪੰਜਾਬ ਦੀ ਸਿਆਸਤ ਟਕਰਾਅ ਦੇ ਰਾਹ ਪੈ ਗਈ ਹੈ। ਇਹ ਟਕਰਾਅ ਦੋ-ਪੱਧਰੀ ਹੈ: ਇੱਕ ਪਾਸੇ ਸੂਬਾਈ ਸਿਆਸਤ ਦਾ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਅਤੇ ਦੂਜੇ ਪਾਸੇ ਸਿੱਖ ਕੌਮ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਇਹ ਸੰਸਥਾ ਸਿੱਖ ਪ੍ਰਭੂਸੱਤਾ ਦੀ ਆਲਮੀ ਪਛਾਣ ਹੈ। ਦਿਲਚਸਪ ਪਹਿਲੂ ਇਹ ਹੈ ਕਿ ਇਸ ਖਿੱਚੋਤਾਣ ਦਾ ਸਿਆਸੀ ਲਾਹਾ ਆਮ ਆਦਮੀ ਪਾਰਟੀ (ਆਪ) ਅਤੇ ਸੂਬੇ ਵਿੱਚ ਚੌਥੇ ਨੰਬਰ ਦੀ ਧਿਰ ਮੰਨੀ ਜਾਂਦੀ ਭਾਜਪਾ, ਦੋਵਾਂ ਨੂੰ ਮਿਲਣ ਦੀ ਸੰਭਾਵਨਾ ਹੈ। ਭਾਜਪਾ ਨਾਲ 'ਆਪ' ਦਾ ਟਕਰਾਅ ਬਹੁ-ਪਰਤੀ ਹੈ। ਦਿੱਲੀ ਵਿੱਚ 'ਆਪ' ਅਤੇ ਭਾਜਪਾ ਦੀ ਸਿਆਸੀ ਜੰਗ ਪੁਰਾਣੀ ਹੈ, ਪਰ ਪੰਜਾਬ ਵਿੱਚ ਇਹ ਲੜਾਈ ਉਦੋਂ ਹੋਰ ਤਿੱਖੀ ਹੋ ਗਈ ਜਦੋਂ 'ਆਪ' ਦੇ ਸੱਤ ਰਾਜ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਵਿੱਚੋਂ ਛੇ ਮੈਂਬਰ ਪੰਜਾਬ ਨਾਲ ਸਬੰਧਿਤ ਹਨ, ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲਈ ਇੱਕ ਵੱਡਾ ਸਿਆਸੀ ਝਟਕਾ ਹੈ।

ਇਸੇ ਦੌਰਾਨ ਸੂਬੇ ਵਿੱਚ ਵਾਪਰੀ ਇੱਕ ਘਟਨਾ ਨੇ ਮਾਹੌਲ ਨੂੰ ਹੋਰ ਗੰਭੀਰ ਬਣਾ ਦਿੱਤਾ। ਛੇ ਮਈ ਦੀ ਰਾਤ ਨੂੰ ਤਿੰਨ ਘੰਟੇ ਦੇ ਵਕਫ਼ੇ ਵਿੱਚ ਦੋ ਬੰਬ ਧਮਾਕੇ ਹੋਏ, ਪਹਿਲਾ ਜਲੰਧਰ ਵਿਖੇ ਬੀ ਐੱਸ ਐੱਫ ਕੈਂਪ ਦੇ ਗੇਟ 'ਤੇ ਅਤੇ ਦੂਜਾ ਅੰਮ੍ਰਿਤਸਰ ਜ਼ਿਲ੍ਹੇ ਦੇ ਖਾਸਾ ਵਿਖੇ ਫ਼ੌਜੀ ਕੈਂਪ ਦੇ ਨੇੜੇ। ਖਾਸਾ, ਅਟਾਰੀ-ਵਾਹਗਾ ਸਰਹੱਦ ਦੇ ਬਿਲਕੁਲ ਨੇੜੇ ਹੈ। ਖ਼ੁਸ਼ਕਿਸਮਤੀ ਰਹੀ ਕਿ ਇਨ੍ਹਾਂ ਧਮਾਕਿਆਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਨ੍ਹਾਂ ਧਮਾਕਿਆਂ ਬਾਰੇ ਮੁੱਖ ਮੰਤਰੀ ਦਾ ਬਿਆਨ ਵੀ ਕਿਸੇ 'ਧਮਾਕੇ' ਤੋਂ ਘੱਟ ਨਹੀਂ ਸੀ, ਜਿਸ ਦੀ ਗੂੰਜ ਨੂੰ ਸ਼ਾਇਦ ਦਬਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਪੰਜਾਬ ਲਈ ਅਜਿਹੇ ਧਮਾਕੇ ਕੋਈ ਨਵੀਂ ਗੱਲ ਨਹੀਂ ਕਿਉਂਕਿ 1980ਵਿਆਂ ਤੋਂ ਹੀ ਸੂਬਾ ਅਜਿਹੇ ਦੌਰ ਵਿੱਚੋਂ ਲੰਘਦਾ ਰਿਹਾ ਹੈ। ਉਂਜ, ਪਿਛਲੇ ਕੁਝ ਸਮੇਂ ਤੋਂ ਹੋ ਰਹੇ ਧਮਾਕਿਆਂ ਦਾ ਸੁਭਾਅ ਕੁਝ ਵੱਖਰਾ ਜਾਪਦਾ ਹੈ ਕਿਉਂਕਿ ਇਨ੍ਹਾਂ ਵਿੱਚ ਜਾਨੀ ਨੁਕਸਾਨ ਕਰਨ ਦੀ ਬਜਾਏ ਸ਼ਾਇਦ 'ਸੰਕੇਤ' ਦੇਣ ਦੀ ਕੋਸ਼ਿਸ਼ ਵਧੇਰੇ ਨਜ਼ਰ ਆ ਰਹੀ ਹੈ।

ਪੰਜਾਬ ਦੀ ਸਿਆਸਤ ਵਿੱਚ ਅਜਿਹਾ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਸੂਬੇ ਵਿੱਚ ਹੋਏ ਧਮਾਕਿਆਂ ਲਈ ਸਿੱਧੇ ਤੌਰ 'ਤੇ ਕੇਂਦਰ ਦੀ ਸੱਤਾਧਾਰੀ ਧਿਰ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੋਵੇ ਅਤੇ ਉਹ ਵੀ ਸੂਬੇ ਦੇ ਮੁੱਖ ਮੰਤਰੀ ਨੇ। ਕੇਂਦਰ ਦੀ ਸੱਤਾਧਾਰੀ ਪਾਰਟੀ 'ਤੇ ਅਜਿਹਾ ਗੰਭੀਰ ਇਲਜ਼ਾਮ ਲਗਾਉਣਾ ਬੇਹੱਦ ਅਸਾਧਾਰਨ ਹੈ। ਫਿਰ ਵੀ ਮੀਡੀਆ ਨੇ ਇਸ ਬਿਆਨ ਨੂੰ ਬਣਦੀ ਤਵੱਜੋ ਨਹੀਂ ਦਿੱਤੀ। ਮੁੱਖ ਮੰਤਰੀ ਲਗਾਤਾਰ ਇਹ ਦਾਅਵਾ ਕਰ ਰਹੇ ਹਨ ਕਿ ਚੋਣਾਂ ਤੋਂ ਪਹਿਲਾਂ ਭਾਜਪਾ ਅਜਿਹੇ ਹੱਥਕੰਡਿਆਂ ਰਾਹੀਂ ਨਾ ਸਿਰਫ਼ ਬਦਅਮਨੀ ਫੈਲਾਉਣਾ ਚਾਹੁੰਦੀ ਹੈ ਸਗੋਂ ਲੋਕਾਂ ਵਿੱਚ ਫ਼ਿਰਕਾਪ੍ਰਸਤੀ ਦੀ ਅੱਗ ਲਾਉਣ ਦੀ ਕੋਸ਼ਿਸ਼ ਵਿੱਚ ਹੈ, ਜਿਸ ਨੂੰ 'ਆਪ' ਸਫ਼ਲ ਨਹੀਂ ਹੋਣ ਦੇਵੇਗੀ। ਇਸ ਸਬੰਧੀ ਪੱਛਮੀ ਬੰਗਾਲ ਦੀ ਮਿਸਾਲ ਵੀ ਦਿੱਤੀ ਜਾ ਰਹੀ ਹੈ, ਪਰ ਮੀਡੀਆ ਵਿੱਚ ਮੁੱਖ ਮੰਤਰੀ ਦੇ ਬਿਆਨ ਨਾਲੋਂ ਪੁਲੀਸ ਮੁਖੀ ਗੌਰਵ ਯਾਦਵ ਦੇ ਬਿਆਨ ਨੂੰ ਵਧੇਰੇ ਸਥਾਨ ਮਿਲਿਆ, ਜਿਸ ਵਿੱਚ ਉਨ੍ਹਾਂ ਨੇ ਇਨ੍ਹਾਂ ਧਮਾਕਿਆਂ ਪਿੱਛੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਦਾ ਹੱਥ ਦੱਸਿਆ। ਉਂਜ, ਪੰਜਾਬ ਪੁਲੀਸ ਪਿਛਲੇ ਕਈ ਦਹਾਕਿਆਂ ਤੋਂ ਅਜਿਹੀਆਂ ਘਟਨਾਵਾਂ ਬਾਰੇ ਇਹੀ 'ਮੁਹਾਰਨੀ' ਦੁਹਰਾਉਂਦੀ ਆ ਰਹੀ ਹੈ।

ਹੈਰਾਨੀਜਨਕ ਪੱਖ ਇਹ ਹੈ ਕਿ ਡੀ ਜੀ ਪੀ ਯਾਦਵ ਦਾ ਬਿਆਨ ਮੁੱਖ ਮੰਤਰੀ ਦੇ ਦਾਅਵੇ ਨੂੰ ਇੱਕ ਤਰ੍ਹਾਂ ਨਾਲ ਰੱਦ ਕਰਦਾ ਪ੍ਰਤੀਤ ਹੁੰਦਾ ਹੈ। ਸ੍ਰੀ ਗੌਰਵ ਯਾਦਵ ਪਿਛਲੇ ਲਗਪਗ ਚਾਰ ਸਾਲਾਂ ਤੋਂ ਕਾਰਜਕਾਰੀ ਪੁਲੀਸ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਭਰੋਸੇਮੰਦ ਅਧਿਕਾਰੀ ਮੰਨਿਆ ਜਾਂਦਾ ਹੈ। ਸ੍ਰੀ ਮਾਨ ਆਪਣੇ ਬਿਰਤਾਂਤ ਨੂੰ ਰੋਜ਼ਾਨਾ ਦੁਹਰਾ ਰਹੇ ਹਨ, ਪਰ ਭਾਜਪਾ ਨੇ ਇਸ ਮੁੱਦੇ 'ਤੇ ਪ੍ਰਤੀਕਿਰਿਆ ਦੇਣੀ ਬੰਦ ਕਰ ਦਿੱਤੀ ਹੈ। ਪੰਜਾਬ ਵਿੱਚ ਕੇਂਦਰ ਵਿਰੁੱਧ ਇਹ ਬਿਰਤਾਂਤ ਦਿਨੋ-ਦਿਨ ਤਿੱਖਾ ਹੋ ਰਿਹਾ ਹੈ। ਸਚਾਈ ਇਹ ਵੀ ਹੈ ਕਿ ਪੰਜਾਬ ਦਾ ਸੁਰੱਖਿਆ ਤੰਤਰ ਮੁਲਕ ਦੀ ਸੁਰੱਖਿਆ ਦੇ ਮਾਮਲੇ ਵਿੱਚ ਕੇਂਦਰ ਦੇ ਉਲਟ ਨਹੀਂ ਜਾ ਸਕਦਾ। ਪੰਜਾਬ ਇੱਕ ਸੰਵੇਦਨਸ਼ੀਲ ਸਰਹੱਦੀ ਸੂਬਾ ਹੈ ਅਤੇ ਇੱਥੋਂ ਦੀ ਆਬੋ-ਹਵਾ ਹਮੇਸ਼ਾ ਨਾਬਰੀ ਦੀ ਸਿਆਸਤ ਲਈ ਜ਼ਰਖ਼ੇਜ਼ ਰਹੀ ਹੈ। 1980ਵਿਆਂ ਤੋਂ ਸ਼ੁਰੂ ਹੋ ਕੇ ਲਗਪਗ ਡੇਢ ਦਹਾਕਾ ਇਹ ਧਰਤੀ ਲਹੂ ਨਾਲ ਭਿੱਜੀ ਰਹੀ ਹੈ। ਅਜਿਹੇ ਨਾਜ਼ੁਕ ਮੋੜ 'ਤੇ ਪੰਜਾਬ ਹੁਣ ਕਿਸੇ ਹੋਰ ਨੁਕਸਾਨ ਦਾ ਬੋਝ ਝੱਲਣ ਦੇ ਸਮਰੱਥ ਨਹੀਂ ਹੈ।

ਗੱਲ ਟਕਰਾਅ ਦੀ ਸਿਆਸਤ ਦੀ ਹੋ ਰਹੀ ਹੈ। ਜਦੋਂ ਕੇਂਦਰੀ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ 9 ਮਈ ਦੀ ਸਵੇਰ ਕੈਬਨਿਟ ਮੰਤਰੀ ਅਤੇ 'ਆਪ' ਦੇ ਆਗੂ ਸੰਜੀਵ ਅਰੋੜਾ (ਸਨਅਤ ਮੰਤਰੀ) ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਇਹ ਖਿੱਚੋਤਾਣ ਤਿਖੇਰੀ ਹੋ ਗਈ। ਵੱਡੇ ਸਨਅਤਕਾਰ ਸ੍ਰੀ ਅਰੋੜਾ 'ਤੇ ਕਾਰੋਬਾਰੀ ਹੇਰਾਫੇਰੀਆਂ ਦੇ ਦੋਸ਼ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਏਜੰਸੀਆਂ ਦੀ ਵਰਤੋਂ ਕੋਈ ਨਵੀਂ ਗੱਲ ਨਹੀਂ, ਪਰ ਭਾਜਪਾ ਸਰਕਾਰ ਨੇ ਤਾਂ ਇਸ ਨੂੰ ਸਿਆਸੀ ਹਥਿਆਰ ਬਣਾ ਲਿਆ ਜਾਪਦਾ ਹੈ। ਇਸ ਦੇ ਵਿਰੋਧ ਵਿੱਚ 10 ਮਈ ਨੂੰ 'ਆਪ' ਵਰਕਰਾਂ ਨੇ ਭਾਜਪਾ ਦਫ਼ਤਰਾਂ ਨੂੰ ਘੇਰਿਆ। ਇਸ ਵੇਲੇ ਸੂਬੇ ਵਿੱਚ ਸਭ ਤੋਂ ਤਿੱਖੀ ਬਿਆਨਬਾਜ਼ੀ 'ਆਪ' ਅਤੇ ਭਾਜਪਾ ਦਰਮਿਆਨ ਚੱਲ ਰਹੀ ਹੈ। ਉਂਜ, ਇਨ੍ਹਾਂ ਮਾਮਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਵੀ ਪਿੱਛੇ ਨਹੀਂ ਹਨ।

ਇਸ ਸਾਰੇ ਵਰਤਾਰੇ ਵਿੱਚ ਅਕਾਲੀ ਧਿਰਾਂ ਅਤੇ ਕਾਂਗਰਸ ਕਿਧਰੇ ਗੁਆਚੇ ਹੋਏ ਪ੍ਰਤੀਤ ਹੁੰਦੇ ਹਨ। ਭਾਜਪਾ ਇਹ ਲੜਾਈ ਚੌਥੇ ਸਥਾਨ ਤੋਂ ਲੜ ਰਹੀ ਹੈ ਅਤੇ ਇਸ ਟਕਰਾਅ ਵਿੱਚ ਦੋਵਾਂ ਧਿਰਾਂ ('ਆਪ' ਤੇ ਭਾਜਪਾ) ਦਾ ਸਿਆਸੀ ਫ਼ਾਇਦਾ ਨਜ਼ਰ ਆ ਰਿਹਾ ਹੈ। ਜਾਪਦਾ ਹੈ ਕਿ ਭਾਜਪਾ ਦਾ ਨਿਸ਼ਾਨਾ ਮਹਿਜ਼ 2027 ਦੀਆਂ ਚੋਣਾਂ ਨਹੀਂ, ਸਗੋਂ ਇਸ ਦੀ ਰਣਨੀਤੀ ਦੂਰਗਾਮੀ ਹੈ। ਪੰਜਾਬ ਦੀ ਸਿੱਖ ਸਿਆਸਤ ਹੁਣ ਸਿਰਫ਼ ਖੇਤਰੀ ਨਹੀਂ ਰਹੀ, ਇਸ ਦਾ ਸਰੂਪ ਆਲਮੀ ਹੋ ਚੁੱਕਾ ਹੈ। ਯਾਦ ਰਹੇ ਕਿ ਸ਼ਾਂਤੀ ਦਾ ਅਰਥ ਸਿਰਫ਼ ਹਿੰਸਾ ਦਾ ਖ਼ਾਤਮ ਹੋਣਾ ਨਹੀਂ ਹੁੰਦਾ। ਮਾਨ ਸਰਕਾਰ ਇਸ ਵੇਲੇ ਸਿੱਖ ਭਾਵਨਾਵਾਂ ਨੂੰ ਸ਼ਾਂਤ ਕਰਨ ਦੇ ਚੱਕਰ ਵਿੱਚ ਇੱਕ ਹੋਰ ਵੱਡੇ ਟਕਰਾਅ ਦਾ ਸਾਹਮਣਾ ਕਰ ਰਹੀ ਹੈ। ਸਥਿਤੀ ਕਾਫ਼ੀ ਪੇਚੀਦਾ ਹੈ ਕਿਉਂਕਿ ਸਰਕਾਰ ਦੇ ਇੱਕ ਫ਼ੈਸਲੇ ਨੇ ਸਿੱਖਾਂ ਦੇ ਇੱਕ ਹਿੱਸੇ ਨੂੰ ਸੰਤੁਸ਼ਟ ਜਦੋਂਕਿ ਦੂਜੇ ਹਿੱਸੇ ਵਿੱਚ ਰੋਸ ਪੈਦਾ ਕੀਤਾ ਹੈ। ਸਰਕਾਰ ਲਈ ਇਹ 'ਅੱਗੇ ਖੂਹ, ਪਿੱਛੇ ਖਾਤਾ' ਵਾਲੀ ਸਥਿਤੀ ਹੈ। ਦਰਅਸਲ, ਇਹ ਮਸਲਾ ਸਿੱਖਾਂ ਦੀਆਂ ਇਨ੍ਹਾਂ ਦੋਵਾਂ ਧਿਰਾਂ ਨੂੰ ਆਪਸ ਵਿੱਚ ਬੈਠ ਕੇ ਸੁਲਝਾਉਣਾ ਚਾਹੀਦਾ ਹੈ। ਇਹ ਗੰਭੀਰ ਮਸਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦਾ।

2015 ਦੇ ਬਰਗਾੜੀ ਕਾਂਡ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਨੇ ਪੰਜਾਬ ਦੀ ਸਿਆਸਤ ਨੂੰ ਲਗਾਤਾਰ ਹਿਲਾ ਕੇ ਰੱਖਿਆ ਹੋਇਆ ਹੈ। ਅਕਸਰ ਕਿਹਾ ਜਾਂਦਾ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਬਰਗਾੜੀ ਦਾ ਮੁੱਦਾ ਓਨੀ ਪ੍ਰਮੁੱਖਤਾ ਨਾਲ ਉੱਭਰ ਕੇ ਨਹੀਂ ਆਉਂਦਾ, ਪਰ ਅਸਲ ਵਿੱਚ ਸਿਆਸਤ ਲਗਾਤਾਰ ਇਸੇ ਦੁਆਲੇ ਘੁੰਮ ਰਹੀ ਹੈ। ਪੰਜਾਬ ਦੀ ਰਾਜਨੀਤੀ ਦੀ ਬਾਤ ਪਾਉਂਦਿਆਂ ਇਹ ਤੱਥ ਵਿਸਾਰਨਾ ਨਹੀਂ ਚਾਹੀਦਾ ਕਿ ਇਹ ਸਿੱਖ ਬਹੁਗਿਣਤੀ ਵਾਲਾ ਖਿੱਤਾ ਹੈ ਅਤੇ ਸਿੱਖ ਸਿਆਸਤ ਦੀ ਅੰਦਰੂਨੀ ਸੁਰ ਹੀ ਇਸ ਦੀ ਮੁੱਖ ਸਿਆਸੀ ਧਾਰਾ ਨੂੰ ਨਿਰਧਾਰਿਤ ਕਰਦੀ ਹੈ। ਇਹ ਖ਼ਾਸਾ ਕਿਸੇ ਸਰਵੇਖਣ ਦੀ ਪਕੜ ਵਿੱਚ ਨਹੀਂ ਆਉਂਦਾ। ਇਸ ਸੰਵੇਦਨਸ਼ੀਲ ਮੁੱਦੇ ਨੂੰ ਅੱਖੋਂ-ਪਰੋਖੇ ਕਰਨ ਦਾ ਖ਼ਮਿਆਜ਼ਾ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਭੁਗਤਦਾ ਆ ਰਿਹਾ ਹੈ।

ਇਸੇ ਸਿਲਸਿਲੇ ਵਿੱਚ ਮਾਨ ਸਰਕਾਰ ਨੇ 13 ਅਪਰੈਲ ਨੂੰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਧ) ਬਿੱਲ 2026' ਸਰਬਸੰਮਤੀ ਨਾਲ ਪਾਸ ਕਰਵਾ ਲਿਆ ਅਤੇ ਰਾਜਪਾਲ ਦੇ ਦਸਤਖ਼ਤ ਹੋਣ ਮਗਰੋਂ ਇਹ ਕਾਨੂੰਨ ਲਾਗੂ ਹੋ ਗਿਆ। ਇਸ ਦੌਰਾਨ ਸਮਾਣਾ ਸ਼ਹਿਰ ਵਿੱਚ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ ਨੂੰ ਲੈ ਕੇ ਅੰਦੋਲਨ ਚੱਲ ਰਿਹਾ ਸੀ, ਜੋ 'ਟਾਵਰ ਮੋਰਚੇ' ਦੇ ਨਾਂ ਨਾਲ ਮਸ਼ਹੂਰ ਹੋਇਆ। ਗੁਰਜੀਤ ਸਿੰਘ ਨਾਂ ਦੇ ਵਿਅਕਤੀ ਨੇ ਮੋਬਾਈਲ ਟਾਵਰ ਉੱਤੇ ਚੜ੍ਹ ਕੇ ਮੋਰਚਾ ਲਾ ਲਿਆ ਅਤੇ ਐਲਾਨ ਕਰ ਦਿੱਤਾ ਕਿ ਜਦੋਂ ਤੱਕ ਸਖ਼ਤ ਕਾਨੂੰਨ ਨਹੀਂ ਬਣਦਾ, ਉਹ ਹੇਠਾਂ ਨਹੀਂ ਉਤਰੇਗਾ। ਹੌਲੀ-ਹੌਲੀ ਉੱਥੇ ਸੈਂਕੜੇ ਲੋਕ ਜੁੜਨ ਲੱਗੇ ਅਤੇ ਮੋਰਚਾ ਪੂਰੀ ਤਰ੍ਹਾਂ ਭਖ ਗਿਆ।

ਇਸ ਮੋਰਚੇ ਨੂੰ ਸਿਆਸਤਦਾਨਾਂ ਦੀ ਹਮਾਇਤ ਵੀ ਮਿਲੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਉੱਥੇ ਹਾਜ਼ਰੀ ਭਰੀ। ਸਿਧਾਂਤਕ ਤੌਰ 'ਤੇ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਇਸ ਮੰਗ ਦਾ ਵਿਰੋਧ ਨਹੀਂ ਕੀਤਾ। ਹਾਲਾਂਕਿ, ਸਿੱਖਾਂ ਦੇ ਇੱਕ ਸੁਚੇਤ ਹਿੱਸੇ ਨੇ ਇਸ ਕਾਨੂੰਨ ਦੀਆਂ ਬਾਰੀਕੀਆਂ ਨੂੰ ਲੈ ਕੇ ਵਿਰੋਧ ਜ਼ਰੂਰ ਕੀਤਾ, ਪਰ ਇਹ ਆਵਾਜ਼ਾਂ ਦਬ ਕੇ ਰਹਿ ਗਈਆਂ ਅਤੇ ਕਾਨੂੰਨ ਪਾਸ ਹੋ ਗਿਆ। ਐੱਸ ਜੀ ਪੀ ਸੀ ਪ੍ਰਧਾਨ ਨੇ ਤਾਂ ਤੁਰੰਤ ਇਸ ਦਾ ਸਵਾਗਤ ਵੀ ਕਰ ਦਿੱਤਾ। ਇੱਥੋਂ ਹੀ ਨਵੀਂ ਕਹਾਣੀ ਸ਼ੁਰੂ ਹੁੰਦੀ ਹੈ ਅਤੇ ਸਥਿਤੀ ਇੱਕ ਵਾਰ ਫਿਰ ਟਕਰਾਅ ਵਾਲੇ ਪਾਸੇ ਮੋੜ ਕੱਟ ਲੈਂਦੀ ਹੈ।

ਮਾਨ ਸਰਕਾਰ ਨੇ ਦਰਅਸਲ 2008 ਦੇ ਸਤਿਕਾਰ ਕਾਨੂੰਨ ਵਿੱਚ ਸੋਧ ਕਰਕੇ ਹੀ ਸਖ਼ਤ ਸਜ਼ਾ ਦੀ ਧਾਰਾ ਜੋੜੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸ਼ਾਇਦ ਬਾਅਦ ਵਿੱਚ ਅਹਿਸਾਸ ਹੋਇਆ ਕਿ ਇਸ ਪੰਥਕ ਮੁੱਦੇ ਦਾ ਸਿਆਸੀ ਲਾਹਾ 'ਆਮ ਆਦਮੀ ਪਾਰਟੀ' ਲੈ ਸਕਦੀ ਹੈ। ਇਸੇ ਕਾਰਨ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਸਰਕਾਰ ਨੂੰ ਸੋਧ ਲਈ 15 ਦਿਨਾਂ ਦਾ ਸਮਾਂ ਦਿੱਤਾ ਹੈ ਜਦੋਂਕਿ ਮੁੱਖ ਮੰਤਰੀ ਫਿਲਹਾਲ ਕਿਸੇ ਵੀ ਬਦਲਾਅ ਤੋਂ ਇਨਕਾਰੀ ਹਨ। ਜ਼ਿਕਰਯੋਗ ਹੈ ਕਿ ਇਹ ਬਿੱਲ ਲਿਆਉਣ ਤੋਂ ਪਹਿਲਾਂ ਸਰਕਾਰ ਨੇ ਸਖ਼ਤ ਕਾਨੂੰਨ ਦੀ ਮੰਗ ਕਰ ਰਹੀਆਂ ਸਾਰੀਆਂ ਧਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਸੀ। ਬਿੱਲ ਪਾਸ ਹੋਣ ਸਮੇਂ ਵਿਧਾਨ ਸਭਾ ਦੀ ਗੈਲਰੀ ਵਿੱਚ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ ਵਰਗੀਆਂ ਧਾਰਮਿਕ ਹਸਤੀਆਂ ਦੀ ਮੌਜੂਦਗੀ ਇਸ ਦੀ ਅਹਿਮੀਅਤ ਨੂੰ ਦਰਸਾਉਂਦੀ ਹੈ। ਇਸ ਪੂਰੇ ਘਟਨਾਕ੍ਰਮ ਦਾ ਦਿਲਚਸਪ ਪਹਿਲੂ ਇਹ ਹੈ ਕਿ ਮਾਨ ਸਰਕਾਰ ਨੇ ਉਸ 'ਪੰਥਕ ਪਿੜ' ਵਿੱਚ ਆਪਣੀ ਮਜ਼ਬੂਤ ਹਾਜ਼ਰੀ ਲੁਆ ਲਈ ਹੈ, ਜਿਸ 'ਤੇ ਕਦੇ ਅਕਾਲੀ ਦਲ ਦੀ ਅਜਾਰੇਦਾਰੀ ਹੁੰਦੀ ਸੀ। ਮੌਜੂਦਾ ਟਕਰਾਅ ਦਾ ਕਾਰਨ ਵੀ ਸ਼ਾਇਦ ਇਹੋ ਹੈ।

ਪੰਥਕ ਸੰਸਥਾਵਾਂ ਨੇ ਸਮੇਂ ਸਿਰ ਫ਼ੈਸਲੇ ਲਏ ਹੁੰਦੇ ਤਾਂ ਸ਼ਾਇਦ ਅਜਿਹੀ ਨੌਬਤ ਨਾ ਆਉਂਦੀ। ਹੁਣ ਵੀ ਇਸ ਨਾਜ਼ੁਕ ਮਸਲੇ ਨੂੰ 'ਵੱਕਾਰ' ਦਾ ਸਵਾਲ ਨਹੀਂ ਬਣਾਉਣਾ ਚਾਹੀਦਾ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਦੁਨਿਆਵੀ ਕਾਨੂੰਨ ਦੇ ਮੋਹਤਾਜ ਨਹੀਂ, ਪਰ ਜੇਕਰ ਕਾਨੂੰਨ ਬਣ ਹੀ ਗਿਆ ਹੈ ਤਾਂ ਉਸ ਵਿੱਚ ਲੋੜੀਂਦੀਆਂ ਸੋਧਾਂ ਕਰ ਲੈਣੀਆਂ ਚਾਹੀਦੀਆਂ ਹਨ। ਅਸਲ ਮੁੱਦਾ ਬਰਗਾੜੀ ਕਾਂਡ ਦੇ ਇਨਸਾਫ਼ ਦਾ ਹੈ; ਇਹ ਸਿਰਫ਼ ਬੇਅਦਬੀ ਨਹੀਂ ਸਗੋਂ ਸਿੱਖ ਸਿਧਾਂਤਾਂ 'ਤੇ ਸੋਚਿਆ-ਸਮਝਿਆ ਹਮਲਾ ਸੀ। ਪੰਜਾਬ ਦੀ ਸਿਆਸਤ ਵਿੱਚ ਇਹ ਟਕਰਾਅ 'ਆਪ' ਦੇ ਹੱਕ ਵਿਚ ਭੁਗਤਦਾ ਲਗਦਾ ਹੈ, ਪਰ ਸਵਾਲ ਇਹ ਹੈ ਕਿ ਕੀ ਅਜਿਹਾ ਟਕਰਾਅ ਪੰਜਾਬ ਦੇ ਭਵਿੱਖ ਲਈ ਹਿਤਕਾਰੀ ਹੈ?

ਸੰਪਰਕ: 97797-11201

# ਤ੍ਰਿਣਮੂਲ ਕਾਂਗਰਸ ਦੇ ਸਾਂਸਦਾਂ ਵਿਚ ਬਗਾਵਤ ਦੇ ਸੰਕੇਤ, ਭਾਜਪਾ ਦੀ ਸਿਆਸੀ ਖੇਡ ਸ਼ੁਰੂ !

## ✪ ਕਾਕੋਲੀ ਨੂੰ 'ਵਾਈ+' ਸੁਰੱਖਿਆ ਅਤੇ ਸਯਾਨੀ ਨੂੰ ਧਮਕੀ: ਬੰਗਾਲ ਵਿਚ ਭਾਜਪਾ ਦਾ 'ਸਾਮ-ਦਾਮ-ਦੰਡ-ਭੇਦ' ਸ਼ੁਰੂ ! ✪ ਕੀ ਮਮਤਾ ਬੈਨਰਜੀ ਬਚਾ ਪਾਉਣਗੇ ਆਪਣੀ ਡੁੱਬਦੀ ਕਿਸ਼ਤੀ ? ✪ ਵਿਰੋਧੀ ਏਕਤਾ ਦਾ ਆਖਰੀ ਦਾਅ: ਕੀ ਭਾਜਪਾ ਨੂੰ ਰੋਕਣ ਲਈ ਦੁਸ਼ਮਣਾਂ ਨਾਲ ਹੱਥ ਮਿਲਾਏਗੀ ਮਮਤਾ ?

### >> ਨਿਊਜ਼ ਸਟੋਰੀ <<




ਪੱਛਮੀ ਬੰਗਾਲ ਵਿੱਚ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸੂਤਰਾਂ ਦੇ ਹਵਾਲੇ ਤੋਂ ਖ਼ਬਰ ਆ ਰਹੀ ਹੈ ਕਿ ਮੁੱਖ ਮੰਤਰੀ ਮਮਤਾ ਬਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਦੇ ਕਈ ਆਗੂ ਅਤੇ ਸਾਂਸਦ ਪਾਸਾ ਬਦਲਣ (ਪਾਰਟੀ ਬਦਲਣ) ਦੀ ਤਿਆਰੀ ਕਰ ਰਹੇ ਹਨ। ਪਰਦੇ ਦੇ ਪਿੱਛੇ ਸਿਆਸੀ ਖੇਡ ਸ਼ੁਰੂ ਹੋ ਚੁੱਕੀ ਹੈ ਅਤੇ ਭਾਰਤੀ ਜਨਤਾ ਪਾਰਟੀ ਇਸ ਸਥਿਤੀ ਦਾ ਫਾਇਦਾ ਉਠਾਉਣ ਦੀ ਫਿਰਾਕ ਵਿੱਚ ਹੈ। ਫਾਲਤਾ ਸੀਟ ਤੋਂ ਮਮਤਾ ਬੈਨਰਜੀ ਦੇ ਉਮੀਦਵਾਰ ਦਾ ਮੈਦਾਨ ਛੱਡ ਕੇ ਭੱਜਣਾ ਇਸੇ ਬਗਾਵਤ ਦਾ ਇੱਕ ਸੰਕੇਤ ਮੰਨਿਆ ਜਾ ਰਿਹਾ ਹੈ।

ਤ੍ਰਿਣਮੂਲ ਕਾਂਗਰਸ ਦੇ ਅੰਦਰੂਨੀ ਕਲੇਸ਼ ਦਾ ਇੱਕ ਵੱਡਾ ਕਾਰਨ ਪਾਰਟੀ ਲੀਡਰਸ਼ਿਪ ਦਾ ਇੱਕ ਤਾਜ਼ਾ ਫੈਸਲਾ ਬਣਿਆ ਹੈ। ਮਮਤਾ ਬੈਨਰਜੀ ਨੇ ਕਾਕੋਲੀ ਘੋਸ਼ ਦਸਤੀਦਾਰ ਨੂੰ ਲੋਕ ਸਭਾ ਪਾਰਟੀ ਦੇ ਮੁੱਖ ਵ੍ਹਿਪ ਦੇ ਅਹੁਦੇ ਤੋਂ ਹਟਾ ਕੇ ਇਹ ਜ਼ਿੰਮੇਵਾਰੀ ਦੁਬਾਰਾ ਕਲਿਆਣ ਬਨਰਜੀ ਨੂੰ ਸੌਂਪ ਦਿੱਤੀ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਫੈਸਲੇ ਕਾਰਨ ਕਾਕੋਲੀ ਘੋਸ਼ ਕਾਫੀ ਨਾਰਾਜ਼ ਹਨ ਅਤੇ ਕਈ ਹੋਰ ਸਾਂਸਦ ਵੀ ਇਸੇ ਬਹਾਨੇ ਆਪਣੀ ਅਗਲੀ ਸਿਆਸੀ ਪੁਜ਼ੀਸ਼ਨਿੰਗ ਕਰਨ ਵਿੱਚ ਜੁਟ ਗਏ ਹਨ।

ਦੱਸਣਯੋਗ ਹੈ ਕਿ ਮਹੂਆ ਮੋਇਤਰਾ ਵਿਵਾਦ ਤੋਂ ਬਾਅਦ ਕਲਿਆਣ ਬੈਨਰਜੀ ਨੂੰ ਇਸ ਅਹੁਦੇ ਤੋਂ ਹਟਾਇਆ ਗਿਆ ਸੀ, ਜੋ ਹੁਣ ਅਦਾਲਤੀ ਮਾਮਲੇ ਲੜ ਰਹੇ ਹਨ। ਹੁਣ ਉਨ੍ਹਾਂ ਦੀ ਵਾਪਸੀ ਤੋਂ ਬਾਅਦ ਇਹ ਦੇਖਣਾ ਵੀ ਅਹਿਮ ਹੋਵੇਗਾ ਕਿ ਮਹੂਆ ਮੋਇਤਰਾ ਆਪਣੀ ਨਾਰਾਜ਼ਗੀ ਕਦੋਂ ਜ਼ਾਹਿਰ ਕਰਦੇ ਹਨ। ਚਰਚਾ ਹੈ ਕਿ ਮਮਤਾ ਬੈਨਰਜੀ ਦੀਆਂ ਮਹਿਲਾ ਸਾਂਸਦਾਂ ਵਿੱਚ ਨਾਰਾਜ਼ਗੀ ਜ਼ਿਆਦਾ ਦੇਖਣ ਨੂੰ ਮਿਲ ਰਹੀ ਹੈ।

ਚੋਣਾਂ ਵਿੱਚ ਮਮਤਾ ਬੈਨਰਜੀ ਦੀ ਹਾਰ ਤੋਂ ਬਾਅਦ ਪਾਰਟੀ ਦੀਆਂ ਅੰਦਰੂਨੀ ਸ਼ਿਕਾਇਤਾਂ ਖੁੱਲ੍ਹ ਕੇ ਸਾਹਮਣੇ ਆ ਰਹੀਆਂ ਹਨ। ਭਾਜਪਾ ਨੇ ਇਸੇ ਵਿਵਾਦ ਦਾ ਫਾਇਦਾ ਉਠਾਉਂਦੇ ਹੋਏ ਕਾਕੋਲੀ ਘੋਸ਼ ਨੂੰ 'ਵਾਈ ਪਲੱਸ' ਕੈਟੇਗਰੀ ਦੀ ਸੁਰੱਖਿਆ ਮੁਹੱਈਆ ਕਰਵਾ ਦਿੱਤੀ ਹੈ।

ਦੂਜੇ ਪਾਸੇ, ਮਮਤਾ ਦੀ ਇੱਕ ਹੋਰ ਚਰਚਿਤ ਸਾਂਸਦ ਸਯਾਨੀ ਘੋਸ਼ ਨੂੰ ਕਿਸੇ ਵੱਲੋਂ ਧਮਕੀ ਦਿੱਤੀ ਗਈ ਹੈ। ਸਯਾਨੀ ਘੋਸ਼ ਨੇ ਇੱਕ ਗਾਣਾ 'ਆਖੋਂ ਮੇਂ ਕਾਬਾ ਔਰ ਦਿਲ ਮੇਂ ਮਦੀਨਾ' ਗਾਇਆ ਸੀ, ਜਿਸ ਨਾਲ ਭਾਜਪਾ ਨੂੰ ਫਾਇਦਾ ਹੋਇਆ ਸੀ, ਇਸ ਲਈ ਭਾਜਪਾ ਆਗੂ ਉਨ੍ਹਾਂ ਤੋਂ ਖੁਸ਼ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਸਯਾਨੀ ਘੋਸ਼ ਨੂੰ ਕਦੋਂ ਤੱਕ ਸੁਰੱਖਿਆ ਮਿਲਦੀ ਹੈ।

ਬੰਗਾਲ ਦੀ ਸਿਆਸਤ ਦਾ ਇਹ ਦਸਤੂਰ ਰਿਹਾ ਹੈ ਕਿ ਉੱਥੇ ਆਗੂਆਂ ਲਈ ਸੱਤਾ ਵਿੱਚ ਰਹਿਣਾ ਬੇਹੱਦ ਜ਼ਰੂਰੀ ਮੰਨਿਆ ਜਾਂਦਾ ਹੈ। ਸਿਆਸੀ ਮਾਹਿਰਾਂ ਮੁਤਾਬਕ, ਜੇਕਰ ਮਮਤਾ ਬੈਨਰਜੀ ਦੀ ਪਾਰਟੀ ਬੰਗਾਲ ਵਿੱਚ ਜਿੱਤ ਜਾਂਦੀ ਤਾਂ ਸ਼ਾਇਦ ਇਹ ਨਾਰਾਜ਼ਗੀ ਸਾਹਮਣੇ ਨਾ ਆਉਂਦੀ। ਪਰ ਹੁਣ ਹਾਲਾਤ ਬਦਲ ਚੁੱਕੇ ਹਨ ਅਤੇ ਚਰਚਾ ਹੈ ਕਿ ਟੀਐਮਸੀ ਦੇ ਬਾਗੀ ਸਾਂਸਦ ਲੋਕ ਸਭਾ ਵਿੱਚ ਭਾਜਪਾ ਦੀ ਸੰਖਿਆ ਵਧਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੇ ਹਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਵੇਂ ਟੀਐਮਸੀ ਸੀਟਾਂ ਦੇ ਮਾਮਲੇ ਵਿੱਚ ਪਛੜ ਗਈ ਹੈ, ਪਰ ਉਸ ਦਾ ਵੋਟ ਬੈਂਕ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਇਸ ਚੋਣ ਵਿੱਚ ਭਾਜਪਾ ਨੂੰ 45.8% ਅਤੇ ਟੀਐਮਸੀ ਨੂੰ 40.8% ਵੋਟਾਂ ਮਿਲੀਆਂ ਹਨ। ਸਿਰਫ਼ 5% ਵੋਟਾਂ ਦੇ ਫਰਕ ਨੇ ਸੀਟਾਂ ਦਾ ਇੰਨਾ ਵੱਡਾ ਪਾੜਾ ਪਾਇਆ ਹੈ, ਜਿਸ ਦਾ ਮਤਲਬ ਹੈ ਕਿ ਬੰਗਾਲ ਦੀ ਜਨਤਾ ਦਾ ਇੱਕ ਬਹੁਤ ਵੱਡਾ ਹਿੱਸਾ ਅਜੇ ਵੀ ਮਮਤਾ ਦੇ ਨਾਲ ਖੜ੍ਹਾ ਹੈ। ਮਮਤਾ ਬੈਨਰਜੀ ਦੀ ਸਿਆਸਤ ਦੀ ਸ਼ੁਰੂਆਤ ਹੀ 'ਸੜਕਾਂ ਦੇ ਸੰਘਰਸ਼' ਤੋਂ ਹੋਈ ਸੀ। ਸੱਤਾ ਤੋਂ ਬਾਹਰ ਹੋਣ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਅੰਦੋਲਨ ਦੀ ਸਿਆਸਤ ਸ਼ੁਰੂ ਕਰ ਦਿੱਤੀ ਹੈ। ਹਾਲ ਹੀ ਵਿੱਚ ਉਨ੍ਹਾਂ ਨੇ ਭਾਜਪਾ ਸਰਕਾਰ ਦੀਆਂ ਨੀਤੀਆਂ (ਜਿਵੇਂ ਕਿ ਬੁਲਡੋਜ਼ਰ ਕਾਰਵਾਈਆਂ) ਖ਼ਿਲਾਫ਼ ਕੋਲਕਾਤਾ ਵਿੱਚ ਧਰਨੇ ਪ੍ਰਦਰਸ਼ਨਾਂ ਦਾ ਐਲਾਨ ਕਰਕੇ ਇਹ ਸਾਫ਼ ਕਰ ਦਿੱਤਾ ਹੈ ਕਿ ਉਹ ਮੈਦਾਨ ਛੱਡਣ ਵਾਲੀ ਨਹੀਂ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਨੇ ਸਰਕਾਰ ਤਾਂ ਬਣਾ ਲਈ ਹੈ, ਪਰ ਬੰਗਾਲ ਨੂੰ ਪੂਰੀ ਤਰ੍ਹਾਂ ਕੰਟਰੋਲ ਕਰਨਾ ਉਸ ਲਈ ਇੱਕ ਵੱਡੀ ਚੁਣੌਤੀ ਹੋਵੇਗਾ। ਵਿਧਾਨ ਸਭਾ ਵਿੱਚ 80 ਵਿਧਾਇਕਾਂ ਦੇ ਨਾਲ ਟੀਐਮਸੀ ਇੱਕ ਬਹੁਤ ਹੀ ਮਜ਼ਬੂਤ ਅਤੇ ਹਮਲਾਵਰ ਵਿਰੋਧੀ ਧਿਰ ਵਜੋਂ ਸਾਹਮਣੇ ਆਵੇਗੀ। ਭਾਜਪਾ ਲਈ ਬੰਗਾਲ ਦੀ ਸਥਾਨਕ ਸੰਸਕ੍ਰਿਤੀ ਅਤੇ ਹੇਠਲੇ ਪੱਧਰ ਦੇ ਸਮਾਜਿਕ ਤਾਣੇ-ਬਾਣੇ ਵਿੱਚ ਪੂਰੀ ਤਰ੍ਹਾਂ ਸਮਾਉਣਾ ਅਜੇ ਵੀ ਬਾਕੀ ਹੈ। ਜਿਵੇਂ ਕਿ ਖ਼ਬਰਾਂ ਹਨ ਕਿ ਟੀਐਮਸੀ ਦੇ ਕਈ ਆਗੂ ਭਾਜਪਾ ਵੱਲ ਆ ਰਹੇ ਹਨ, ਅਜਿਹੇ ਵਿੱਚ ਪਾਰਟੀ ਦੇ ਅੰਦਰੂਨੀ ਪੁਰਾਣੇ ਆਗੂਆਂ ਅਤੇ ਬਾਹਰੋਂ ਆਏ ਆਗੂਆਂ ਵਿਚਾਲੇ ਤਾਲਮੇਲ ਬਣਾ ਕੇ ਰੱਖਣਾ ਭਾਜਪਾ ਸਰਕਾਰ ਲਈ ਸਭ ਤੋਂ ਮੁਸ਼ਕਿਲ ਕੰਮ ਹੋਵੇਗਾ। ਦੂਜੇ ਪਾਸੇ ਬੰਗਾਲ ਦੀ ਸਿਆਸਤ ਦਾ ਇਹ ਇਤਿਹਾਸ ਰਿਹਾ ਹੈ ਕਿ ਜਿਹੜੀ ਪਾਰਟੀ ਸੱਤਾ ਤੋਂ ਬਾਹਰ ਹੁੰਦੀ ਹੈ, ਉਸ ਦੇ ਆਗੂ ਤੇਜ਼ੀ ਨਾਲ ਸੱਤਾਧਾਰੀ ਪਾਰਟੀ ਵੱਲ ਜਾਂਦੇ ਹਨ (ਜਿਵੇਂ ਪਹਿਲਾਂ ਖੱਬੇ ਪੱਖੀਆਂ ਤੋਂ ਟੀਐਮਸੀ ਵੱਲ ਆਏ ਸਨ)। ਕਾਕੋਲੀ ਘੋਸ਼ ਵਰਗੇ ਵੱਡੇ ਆਗੂਆਂ ਦੀ ਨਾਰਾਜ਼ਗੀ ਪਾਰਟੀ ਵਿੱਚ ਵੱਡੀ ਫੁੱਟ ਪਾ ਸਕਦੀ ਹੈ।

ਭਾਜਪਾ ਦੇ ਸੱਤਾ ਵਿੱਚ ਆਉਣ ਨਾਲ ਟੀਐਮਸੀ ਦੇ ਕਈ ਆਗੂਆਂ ਉੱਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਕਾਨੂੰਨੀ ਸ਼ਿਕੰਜਾ ਹੋਰ ਕੱਸ ਸਕਦਾ ਹੈ, ਜਿਸ ਨਾਲ ਪਾਰਟੀ ਦਾ ਮਨੋਬਲ ਟੁੱਟ ਸਕਦਾ ਹੈ।

ਮਮਤਾ ਬੈਨਰਜੀ ਤੋਂ ਬਾਅਦ ਅਭਿਸ਼ੇਕ ਬੈਨਰਜੀ ਪਾਰਟੀ ਦੇ ਨਵੇਂ ਚਿਹਰੇ ਵਜੋਂ ਉੱਭਰੇ ਹਨ। ਉਨ੍ਹਾਂ ਨੇ ਹਾਲ ਹੀ ਵਿੱਚ ਭਾਜਪਾ ਸਰਕਾਰ ਅੱਗੇ ਨਾ ਝੁਕਣ ਦਾ ਸਖ਼ਤ ਸੁਨੇਹਾ ਦਿੱਤਾ ਹੈ। ਜੇਕਰ ਉਹ ਪਾਰਟੀ ਦੇ ਨੌਜਵਾਨ ਕਾਰਡਰ ਨੂੰ ਇੱਕਜੁੱਟ ਰੱਖਣ ਵਿੱਚ ਕਾਮਯਾਬ ਰਹਿੰਦੇ ਹਨ, ਤਾਂ ਟੀਐਮਸੀ ਦੁਬਾਰਾ ਖੜ੍ਹੀ ਹੋ ਸਕਦੀ ਹੈ। ਮਮਤਾ ਬੈਨਰਜੀ ਨੇ ਹਾਰ ਤੋਂ ਤੁਰੰਤ ਬਾਅਦ ਬੰਗਾਲ ਵਿੱਚ ਸਾਰੀਆਂ ਭਾਜਪਾ ਵਿਰੋਧੀ ਤਾਕਤਾਂ (ਸਮੇਤ ਖੱਬੇ ਪੱਖੀਆਂ) ਨੂੰ ਇੱਕ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਹੈ। ਜੇਕਰ ਭਵਿੱਖ ਵਿੱਚ ਭਾਜਪਾ ਵਿਰੋਧੀ ਵੋਟਾਂ ਦਾ ਖਿਲਾਰਾ ਰੁਕਦਾ ਹੈ, ਤਾਂ ਟੀਐਮਸੀ ਭਾਜਪਾ ਨੂੰ ਸਖ਼ਤ ਟੱਕਰ ਦੇਣ ਦੇ ਸਮਰੱਥ ਰਹੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬੰਗਾਲ ਵਿੱਚ ਸੱਤਾ ਪਰਿਵਰਤਨ ਜ਼ਰੂਰ ਹੋਇਆ ਹੈ, ਪਰ "ਮਮਤਾ ਮੁਕਤ ਬੰਗਾਲ" ਜਾਂ "ਟੀਐਮਸੀ ਦਾ ਖ਼ਾਤਮਾ" ਅਜੇ ਦੂਰ ਦੀ ਗੱਲ ਹੈ। ਆਉਣ ਵਾਲੇ ਦਿਨਾਂ ਵਿੱਚ ਬੰਗਾਲ ਦੀ ਸਿਆਸਤ ਸੜਕਾਂ ਤੋਂ ਲੈ ਕੇ ਅਦਾਲਤਾਂ ਤੱਕ ਬੇਹੱਦ ਹਮਲਾਵਰ ਅਤੇ ਦਿਲਚਸਪ ਹੋਣ ਵਾਲੀ ਹੈ।

# ਸਿੱਖ ਔਰਤ ਦੀ ਧਾਰਮਿੱਕ ਆਜ਼ਾਦੀ ਬਾਰੇ ਕਮਿਸ਼ਨ ਵਿੱਚ ਨਿਯੁਕਤੀ ਲਈ ਸਿਫਾਰਿਸ਼



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਸਿੱਖ ਡਾਕਟਰ ਤੇ ਮਾਨਵੀ ਹੱਕਾਂ ਬਾਰੇ ਖੋਜੀ ਡਾ ਗੁਨੀਸ਼ਾ ਕੌਰ ਨੂੰ ਕੌਮਾਂਤਰੀ ਧਾਰਮਿੱਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਵਿੱਚ ਮੈਂਬਰ ਵਜੋਂ ਨਿਯੁਕਤ ਕਰਨ ਦੀ ਸਿਫਾਰਿਸ਼ ਕੀਤੀ ਹੈ। ਗੁਨੀਸ਼ਾ ਕੌਰ ਪਹਿਲੀ ਸਿੱਖ ਔਰਤ ਹੈ ਜਿਸ ਦੀ ਸੰਘੀ ਪੈਨਲ ਵਿੱਚ ਸੇਵਾ ਕਰਨ ਲਈ ਚੋਣ ਹੋਈ ਹੈ। ਇਸ 9 ਮੈਂਬਰੀ ਕਮਿਸ਼ਨ ਵਿੱਚ ਰਾਸ਼ਟਰਪਤੀ ਤੇ ਕਾਂਗਰਸ ਦੁਆਰਾ ਚੁਣੇ ਵਿਅਕਤੀ ਸ਼ਾਮਿਲ ਕੀਤੇ ਜਾਂਦੇ ਹਨ। ਇਨਾਂ ਦਾ ਕਾਰਜਕਾਲ ਦੋ ਸਾਲ ਦਾ ਹੁੰਦਾ ਹੈ। ਗੁਨੀਸ਼ਾ ਕੌਰ ਦੇ ਨਾਂ ਦੀ ਸਿਫਾਰਿਸ਼ ਦਾ ਐਲਾਨ ਕਰਦਿਆਂ ਯੂ ਐਸ ਸੈਨੇਟਰ ਚਾਰਲਸ ਸ਼ੂਮਰ ਨੇ ਕਿਹਾ ਹੈ ਕਿ ਉਸ ਨੂੰ ਮੈਡੀਸੀਨ, ਖੋਜ ਤੇ ਸਮਾਜਿਕ ਅਗਵਾਈ ਦਾ ਤਜ਼ਰਬਾ ਹੈ। ਕਮਿਸ਼ਨ ਵਿੱਚ ਉਸ ਦੀਆਂ ਸੇਵਾਵਾਂ ਲਾਭਕਾਰੀ ਹੋਣਗੀਆਂ।

# 40 ਦਿਨਾਂ ਦੀ ਜੰਗ ਵਿੱਚ ਅਮਰੀਕਾ ਨੇ ਗੁਆਏ 42 ਫੌਜੀ ਜਹਾਜ਼

## ✪ ਈਰਾਨ ਨੇ ਐਫ-35 ਵਰਗੇ ਸੁਪਰਫਾਈਟਰ ਨੂੰ ਇਸ ਹਥਿਆਰ ਨਾਲ ਬਣਾਇਆ ਨਿਸ਼ਾਨਾ

ਅਮਰੀਕੀ ਕਾਂਗਰਸ ਦੀ 'ਕਾਂਗਰੈਸ਼ਨਲ ਰਿਸਰਚ ਸਰਵਿਸ' ਦੀ ਹਾਲੀਆ ਰਿਪੋਰਟ ਵਿੱਚ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਰਿਪੋਰਟ ਮੁਤਾਬਕ ਈਰਾਨ ਨਾਲ ਚੱਲੀ 40 ਦਿਨਾਂ ਦੀ ਜੰਗ ਦੌਰਾਨ ਅਮਰੀਕੀ ਫੌਜ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਹੈ। ਇਸ ਦੌਰਾਨ ਅਮਰੀਕਾ ਦੇ 42 ਫੌਜੀ ਜਹਾਜ਼ ਜਾਂ ਤਾਂ ਪੂਰੀ ਤਰ੍ਹਾਂ ਨਸ਼ਟ ਹੋ ਗਏ ਜਾਂ ਉਨ੍ਹਾਂ ਨੂੰ ਗੰਭੀਰ ਨੁਕਸਾਨ ਪਹੁੰਚਿਆ। ਇਨ੍ਹਾਂ ਵਿੱਚ ਦੁਨੀਆ ਦਾ ਸਭ ਤੋਂ ਐਡਵਾਂਸਡ ਮੰਨਿਆ ਜਾਣ ਵਾਲਾ ਪੰਜਵੀਂ ਪੀੜ੍ਹੀ ਦਾ ਐਫ-35 ਸਟੀਲਥ ਫਾਈਟਰ ਜੈੱਟ ਵੀ ਸ਼ਾਮਲ ਹੈ। ਰਿਪੋਰਟ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਦੇ ਜ਼ਿਆਦਾਤਰ ਜਹਾਜ਼ ਜੰਗ ਦੇ ਆਖਰੀ ਦਿਨਾਂ ਵਿੱਚ ਤਬਾਹ ਹੋਏ ਸਨ।



ਈਰਾਨ ਨੇ ਆਪਣੇ ਸੀਮਤ ਹਵਾਈ ਰੱਖਿਆ ਸਾਧਨਾਂ ਦੀ ਬਿਹਤਰੀਨ ਵਰਤੋਂ ਕਰਦੇ ਹੋਏ ਅਮਰੀਕਾ ਅਤੇ ਇਜ਼ਰਾਈਲ ਦੇ ਆਧੁਨਿਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਸੀ।ਰਿਪੋਰਟ ਮੁਤਾਬਕ ਨੁਕਸਾਨੇ ਗਏ 42 ਜਹਾਜ਼ਾਂ ਦੀ ਸੂਚੀ ਇਸ ਪ੍ਰਕਾਰ ਹੈ:

* ਵੰਨ ਐਫ-35 ਏ ਲਾਈਟਨਿੰਗ II (ਸਟੀਲਥ ਫਾਈਟਰ ਜੈੱਟ)
*4 ਐਫ-15ਈ ਸਟ੍ਰਾਈਕ ਈਗਲ (ਫਾਈਟਰ ਜੈੱਟ)
* ਵੰਨਏ-10 ਥੰਡਰਬੋਲਟ-II (ਅਟੈਕ ਏਅਰਕ੍ਰਾਫਟ)
* ਸੈਵਨ ਕੇਸੀ-135 ਸਟ੍ਰੈਟੋਟੈਂਕਰ (ਹਵਾ ਵਿੱਚ ਤੇਲ ਭਰਨ ਵਾਲੇ ਜਹਾਜ਼)
* ਵੰਨ ਈ-3 ਸੈਂਟਰੀ ਏਵਾਕਸ
* ਟੂ ਐਮਸੀ-ਵੰਨ30ਜੇ ਕਮਾਂਡੋ II (ਸਪੈਸ਼ਲ ਆਪ੍ਰੇਸ਼ਨ ਏਅਰਕ੍ਰਾਫਟ)
* ਵੰਨ ਐਚ ਐਚ-60ਡਬਲਯੂ ਜੌਲੀ ਗ੍ਰੀਨ II (ਹੈਲੀਕਾਪਟਰ)
* 24 ਐਮਕਿਊ-9 ਰੀਪਰ (ਡ੍ਰੋਨ)
* ਅਗਮ ਕਿਊਂ-4ਸੀ ਟ੍ਰਾਈਟਨ (ਡ੍ਰੋਨ)

ਜੰਗ ਦੇ ਸ਼ੁਰੂ ਵਿੱਚ ਹੀ ਅਮਰੀਕਾ ਨੂੰ ਪਹਿਲਾ ਵੱਡਾ ਝਟਕਾ ਲੱਗਾ। 2 ਮਾਰਚ ਨੂੰ ਸੈਂਟਰਲ ਕਮਾਂਡ ਨੇ ਦੱਸਿਆ ਕਿ ਕੁਵੈਤ ਦੇ ਉੱਪਰ ਤਿੰਨ ਐਫ-15ਈ ਜਹਾਜ਼ 'ਫ੍ਰੈਂਡਲੀ ਫਾਇਰ' (ਆਪਣੀ ਹੀ ਫੌਜ ਦੀ ਗੋਲੀਬਾਰੀ) ਕਾਰਨ ਹਾਦਸਾਗ੍ਰਸਿਤ ਹੋ ਗਏ। ਹਾਲਾਂਕਿ, ਇਸ ਘਟਨਾ ਵਿੱਚ ਚਾਲਕ ਦਲ ਦੇ ਸਾਰੇ 6 ਮੈਂਬਰ ਸੁਰੱਖਿਅਤ ਬਾਹਰ ਨਿਕਲਣ ਵਿੱਚ ਕਾਮਯਾਬ ਰਹੇ।

ਇਸ ਤੋਂ ਬਾਅਦ, 5 ਅਪ੍ਰੈਲ ਨੂੰ ਈਰਾਨ ਦੇ ਉੱਪਰ ਚੱਲ ਰਹੇ ਆਪ੍ਰੇਸ਼ਨ ਦੌਰਾਨ ਈਰਾਨੀ ਫੌਜ ਨੇ ਚੌਥਾ ਐਫ-15ਈ ਸਟ੍ਰਾਈਕ ਈਗਲ ਜਹਾਜ਼ ਮਾਰ ਡੇਗਿਆ। ਇਸ ਦੇ ਦੋਵੇਂ ਪਾਇਲਟ ਸੁਰੱਖਿਅਤ ਇਜੈਕਟ ਕਰ ਗਏ। ਉਨ੍ਹਾਂ ਨੂੰ ਬਚਾਉਣ ਲਈ ਚਲਾਏ ਗਏ ਵੱਡੇ ਸਰਚ ਆਪ੍ਰੇਸ਼ਨ ਦੌਰਾਨ ਅਮਰੀਕੀ ਫੌਜ ਦੇ ਦੋ ਐਮਸੀ-130ਜੇ ਕਮਾਂਡੋ II ਜਹਾਜ਼ ਵੀ ਅੱਗੇ ਵਧਣ ਵਿੱਚ ਅਸਮਰੱਥ ਹੋਣ ਕਾਰਨ ਖੁਦ ਅਮਰੀਕਾ ਨੂੰ ਹੀ ਨਸ਼ਟ ਕਰਨੇ ਪਏ।

ਅਮਰੀਕਾ ਨੂੰ ਸਭ ਤੋਂ ਵੱਡਾ ਝਟਕਾ 19 ਮਾਰਚ 2026 ਨੂੰ 'ਓਪਰੇਸ਼ਨ ਐਪਿਕ ਫਿਊਰੀ' ਦੌਰਾਨ ਲੱਗਾ, ਜਦੋਂ ਈਰਾਨੀ ਫੌਜ ਨੇ ਅਮਰੀਕਾ ਦੇ ਸੁਪਰ-ਐਡਵਾਂਸਡ ਐਫ-35ਏ ਸਟੀਲਥ ਜੈੱਟ ਨੂੰ ਹਵਾ ਵਿੱਚ ਨਿਸ਼ਾਨਾ ਬਣਾਇਆ। ਹਾਲਾਂਕਿ, ਇਹ ਜਹਾਜ਼ ਕਰੈਸ਼ ਨਹੀਂ ਹੋਇਆ ਅਤੇ ਨੇੜਲੇ ਅਮਰੀਕੀ ਫੌਜੀ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਨ ਵਿੱਚ ਸਫਲ ਰਿਹਾ, ਪਰ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਦੇਸ਼ ਨੇ ਅਮਰੀਕਾ ਦੇ 5ਵੀਂ ਪੀੜ੍ਹੀ ਦੇ ਸਟੀਲਥ ਫਾਈਟਰ ਜੈੱਟ 'ਤੇ ਸਫਲ ਹਮਲਾ ਕਰਕੇ ਉਸ ਨੂੰ ਨੁਕਸਾਨ ਪਹੁੰਚਾਇਆ ਹੋਵੇ।

ਰਿਪੋਰਟਾਂ ਅਤੇ ਮਾਹਿਰਾਂ ਦੇ ਮੁਤਾਬਕ, ਈਰਾਨ ਨੇ ਐਫ-35 ਨੂੰ ਡੇਗਣ ਲਈ ਇੱਕ ਖਾਸ ਮਿਜ਼ਾਈਲ-ਡ੍ਰੋਨ ਹਾਈਬ੍ਰਿਡ ਸਿਸਟਮ ਦੀ ਵਰਤੋਂ ਕੀਤੀ, ਜਿਸ ਨੂੰ 'ਪ੍ਰੋਡਕਟ-358' (ਜਾਂ ਐਸਏ-67 ਮਿਜ਼ਾਈਲ) ਕਿਹਾ ਜਾਂਦਾ ਹੈ। ਇਹ ਇੱਕ 'ਲੌਇਟਰਿੰਗ ਸਰਫੇਸ-ਟੂ-ਏਅਰ ਮਿਜ਼ਾਈਲ'358 ਹੈ। ਇਹ ਅੱਧੀ ਮਿਜ਼ਾਈਲ ਅਤੇ ਅੱਧਾ ਆਤਮਘਾਤੀ ਡ੍ਰੋਨ ਹੈ। ਇਸ ਨੂੰ ਘੱਟ ਲਾਗਤ ਨਾਲ ਡ੍ਰੋਨ, ਹੈਲੀਕਾਪਟਰ ਅਤੇ ਘੱਟ ਉਚਾਈ 'ਤੇ ਉੱਡਣ ਵਾਲੇ ਜਹਾਜ਼ਾਂ ਨੂੰ ਤਬਾਹ ਕਰਨ ਲਈ ਬਣਾਇਆ ਗਿਆ ਹੈ। ਲਾਂਚ ਹੋਣ ਤੋਂ ਬਾਅਦ ਇਹ ਹਵਾ ਵਿੱਚ ਘੁੰਮ ਕੇ ਖੁਦ ਹੀ ਆਪਣੇ ਨਿਸ਼ਾਨੇ ਦੀ ਤਲਾਸ਼ ਕਰ ਸਕਦੀ ਹੈ।

ਈਰਾਨ ਨੇ 3 ਅਪ੍ਰੈਲ ਨੂੰ ਵੀ ਇੱਕ ਐਫ-15ਈ ਜਹਾਜ਼ ਨੂੰ ਫੁੰਡਿਆ ਸੀ। ਈਰਾਨੀ ਮੀਡੀਆ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਇਸ ਨੂੰ ਆਪਣੇ 'ਥਰਡ ਖੋਰਦਾਦ' ਮੋਬਾਈਲ ਮੀਡੀਅਮ ਰੇਂਜ ਮਿਜ਼ਾਈਲ ਸਿਸਟਮ ਨਾਲ ਡੇਗਿਆ ਹੈ। ਹਾਲਾਂਕਿ, ਅਮਰੀਕੀ ਮਾਹਰਾਂ ਦਾ ਮੰਨਣਾ ਹੈ ਕਿ ਇਹ ਜਹਾਜ਼ ਘੱਟ ਉਚਾਈ 'ਤੇ ਉੱਡ ਰਿਹਾ ਸੀ, ਜਿਸ ਕਾਰਨ ਇਹ ਮੋਢੇ 'ਤੇ ਰੱਖ ਕੇ ਚਲਾਈ ਜਾਣ ਵਾਲ ਹੀਟ-ਸੀਕਿੰਗ ਮਿਜ਼ਾਈਲ ਦਾ ਸ਼ਿਕਾਰ ਹੋ ਗਿਆ।

ਉਸੇ ਦਿਨ, ਫਾਰਸ ਦੀ ਖਾੜੀਵਿੱਚ ਇੱਕ ਬਚਾਅ ਮੁਹਿੰਮ ਦੌਰਾਨ ਅਮਰੀਕਾ ਦਾ ਏ-10 ਥੰਡਰਬੋਲਟ II ਜਹਾਜ਼ ਵੀ ਘੱਟ ਉਚਾਈ 'ਤੇ ਉੱਡਣ ਕਾਰਨ ਸ਼ਾਰਟ-ਰੇਂਜ ਸੈਮ ਜਾਂ ਮੈਨਪੈਡਜ ਮਿਜ਼ਾਈਲ ਦੀ ਲਪੇਟ ਵਿੱਚ ਆ ਕੇ ਤਬਾਹ ਹੋ ਗਿਆ।

ਸੰਖੇਪ ਵਿੱਚ ਕਹੀਏ ਤਾਂ, ਇਸ ਜੰਗ ਦੇ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਹੁਣ ਹਵਾਈ ਜੰਗ ਵਿੱਚ ਸਿਰਫ਼ ਮਹਿੰਗੇ ਅਤੇ ਆਧੁਨਿਕ ਜਹਾਜ਼ਾਂ ਦੇ ਦਮ 'ਤੇ ਜਿੱਤ ਹਾਸਲ ਨਹੀਂ ਕੀਤੀ ਜਾ ਸਕਦੀ, ਸਗੋਂ ਛੋਟੇ ਡ੍ਰੋਨ ਅਤੇ ਸਮਾਰਟ ਮਿਜ਼ਾਈਲ ਰੱਖਿਆ ਪ੍ਰਣਾਲੀ ਵੀ ਜੰਗ ਦਾ ਪਾਸਾ ਪਲਟ ਸਕਦੀ ਹੈ।ਈਰਾਨ ਨੇ ਆਪਣੇ ਸੀਮਤ ਸਾਧਨਾਂ ਦੀ ਅਜਿਹੀ ਵਰਤੋਂ ਕੀਤੀ ਕਿ ਅਮਰੀਕੀ ਹਵਾਈ ਫੌਜ ਦੀ 'ਅਜਿੱਤ' ਹੋਣ ਦੀ ਸਾਖ ਨੂੰ ਵੱਡਾ ਧੱਕਾ ਲੱਗਾ। ਭਵਿੱਖ ਦੀ ਜੰਗ ਹੁਣ ਮਹਿੰਗੇ ਜਹਾਜ਼ਾਂ ਦੀ ਬਜਾਏ ਘੱਟ ਲਾਗਤ ਵਾਲੇ ਡ੍ਰੋਨ, ਆਤਮਘਾਤੀ ਮਿਜ਼ਾਈਲਾਂ ਅਤੇ ਸਥਾਨਕ ਹਵਾਈ ਰੱਖਿਆ ਪ੍ਰਣਾਲੀਆਂ ਦੇ ਦੁਆਲੇ ਘੁੰਮੇਗੀ।ਅਮਰੀਕਾ ਲਈ ਸਬਕ: ਅਮਰੀਕੀ ਫੌਜ ਨੂੰ ਨਾ ਸਿਰਫ਼ ਆਪਣੀ ਤਕਨੀਕ 'ਤੇ ਮੁੜ ਵਿਚਾਰ ਕਰਨਾ ਪਵੇਗਾ, ਸਗੋਂ 'ਫ੍ਰੈਂਡਲੀ ਫਾਇਰ' (ਆਪਣੀ ਹੀ ਗੋਲੀਬਾਰੀ) ਵਰਗੀਆਂ ਗੰਭੀਰ ਅੰਦਰੂਨੀ ਕਮਜ਼ੋਰੀਆਂ ਨੂੰ ਵੀ ਸੁਧਾਰਨਾ ਪਵੇਗਾ।

# ਪਹਿਲਵਾਨ ਵਿਨੇਸ਼ ਫੋਗਾਟ ਨੂੰ ਦਿੱਲੀ ਹਾਈਕੋਰਟ ਤੋਂ ਵੱਡੀ ਰਾਹਤ

## ✪ ਏਸ਼ੀਅਨ ਖੇਡਾਂ ਦੇ ਚੋਣ ਟਰਾਇਲਾਂ 'ਚ ਲੈ ਸਕੇਗੀ ਹਿੱਸਾ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਭਾਰਤੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੂੰ ਇੱਕ ਬਹੁਤ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਸੁਣਵਾਈ ਕਰਦਿਆਂ ਵਿਨੇਸ਼ ਫੋਗਾਟ ਨੂੰ ਆਉਣ ਵਾਲੀਆਂ ਏਸ਼ੀਅਨ ਖੇਡਾਂ ਦੇ ਚੋਣ ਟਰਾਇਲਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਦੇ ਇਸ ਫ਼ੈਸਲੇ ਨਾਲ ਭਾਰਤੀ ਕੁਸ਼ਤੀ ਫੈਡਰੇਸ਼ਨ ਨੂੰ ਵੱਡਾ ਝਟਕਾ ਲੱਗਾ ਹੈ।

ਇਸ ਮਾਮਲੇ ਦੀ ਸੁਣਵਾਈ ਕਰਦਿਆਂ ਚੀਫ਼ ਜਸਟਿਸ ਡੀ.ਕੇ. ਉਪਾਧਿਆਏ ਅਤੇ ਜਸਟਿਸ ਤੇਜਸ ਕਾਰਿਆ ਦੇ ਡਵੀਜ਼ਨ ਬੈਂਚ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਕੰਮਕਾਜ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ। ਅਦਾਲਤ ਨੇ ਦੋ ਟੁੱਕ ਸ਼ਬਦਾਂ ਵਿੱਚ ਕਿਹਾ:

"ਖੇਡ ਸੰਗਠਨਾਂ ਨੂੰ ਬਦਲੇ ਦੀ ਭਾਵਨਾ ਨਾਲ ਨਹੀਂ, ਸਗੋਂ ਖਿਡਾਰੀਆਂ ਅਤੇ ਖੇਡ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਕੰਮ ਕਰਨਾ ਚਾਹੀਦਾ ਹੈ।"

### ਫਿਟਨੈੱਸ ਦੀ ਜਾਂਚ ਲਈ ਬਣੇਗੀ ਮਾਹਿਰਾਂ ਦੀ ਕਮੇਟੀ

ਅਦਾਲਤ ਨੇ ਕੇਂਦਰ ਸਰਕਾਰ ਨੂੰ ਵਿਸ਼ੇਸ਼ ਨਿਰਦੇਸ਼ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਤੁਰੰਤ ਮਾਹਿਰਾਂ ਦੀ ਇੱਕ ਕਮੇਟੀ ਗਠਿਤ ਕਰੇ।



ਇਹ ਕਮੇਟੀ ਵਿਨੇਸ਼ ਫੋਗਾਟ ਦੀ ਫਿਟਨੈੱਸ ਦਾ ਬਾਰੀਕੀ ਨਾਲ ਮੁਲਾਂਕਣ ਕਰੇਗੀ। ਇਸੇ ਕਮੇਟੀ ਦੀ ਰਿਪੋਰਟ ਅਤੇ ਆਧਾਰ 'ਤੇ ਵਿਨੇਸ਼ ਨੂੰ 30 ਅਤੇ 31 ਮਈ ਨੂੰ ਹੋਣ ਵਾਲੇ ਏਸ਼ੀਅਨ ਖੇਡਾਂ ਦੇ ਅਧਿਕਾਰਤ ਚੋਣ ਟਰਾਇਲਾਂ ਵਿੱਚ ਸ਼ਾਮਲ ਹੋਣ ਦਿੱਤਾ ਜਾਵੇਗਾ।

### ਕੀ ਸੀ ਵਿਵਾਦ ?

ਜ਼ਿਕਰਯੋਗ ਹੈ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਨੇ ਹਾਲ ਹੀ ਵਿੱਚ ਇੱਕ ਸਖ਼ਤ ਫ਼ੈਸਲਾ ਲੈਂਦਿਆਂ ਸਟਾਰ ਪਹਿਲਵਾਨ ਵਿਨੇਸ਼ ਫੋਗਾਟ 'ਤੇ 26 ਜੂਨ, 2026 ਤੱਕ ਘਰੇਲੂ ਟੂਰਨਾਮੈਂਟਾਂ ਵਿੱਚ ਹਿੱਸਾ ਲੈਣ ਲਈ ਪਾਬੰਦੀ ਲਗਾਉਂਦੇ ਹੋਏ ਉਸ ਨੂੰ ਅਯੋਗ ਐਲਾਨ ਦਿੱਤਾ ਸੀ। ਫੈਡਰੇਸ਼ਨ ਦੇ ਇਸੇ ਫ਼ੈਸਲੇ ਖ਼ਿਲਾਫ਼ ਵਿਨੇਸ਼ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ, ਜਿੱਥੇ ਹੁਣ ਉਸ ਨੂੰ ਖੇਡ ਮੈਦਾਨ ਵਿੱਚ ਵਾਪਸੀ ਕਰਨ ਦੀ ਵੱਡੀ ਹਰੀ ਝੰਡੀ ਮਿਲ ਗਈ ਹੈ।

# ਕੈਨੇਡਾ ਦੇ ਟੋਟੇ ਹੋਣ ਦਾ ਖ਼ਤਰਾ ? ਜਨਮਤ ਸੰਗ੍ਰਹਿ ਦੀਆਂ ਤਿਆਰੀਆਂ

## ✪ ਅਲਬਰਟਾ ਅਤੇ ਕਿਊਬੈਕ ਵਿੱਚ ਉੱਠ ਰਹੀਆਂ ਨੇ ਵੱਖਰੇ ਹੋਣ ਦੀਆਂ ਆਵਾਜ਼ਾਂ ✪ ਕੁਦਰਤੀ ਸਾਧਨਾਂ ਦੀ ਲੁੱਟ ਜਾਂ ਸਿਆਸੀ ਅਣਦੇਖੀ: ਅਲਬਰਟਾ ਵਿੱਚ ਉੱਠੀ ਆਜ਼ਾਦੀ ਦੀ ਮੰਗ ਪਿੱਛੇ ਅਸਲ ਸੱਚ

ਕੈਨੇਡਾ, ਜਿਸ ਨੂੰ ਦੁਨੀਆ ਭਰ ਵਿੱਚ ਅਮਨ-ਸ਼ਾਂਤੀ ਅਤੇ ਆਰਥਿਕ ਸਥਿਰਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਇਸ ਵੇਲੇ ਇੱਕ ਗੰਭੀਰ ਅੰਦਰੂਨੀ ਸਿਆਸੀ ਸੰਕਟ ਵਿੱਚੋਂ ਲੰਘ ਰਿਹਾ ਹੈ। ਤੇਲ ਅਤੇ ਕੁਦਰਤੀ ਸਾਧਨਾਂ ਨਾਲ ਮਾਲਾਮਾਲ ਪ੍ਰਾਂਤ ਅਲਬਰਟਾ ਵਿੱਚੋਂ ਉੱਠ ਰਹੀ ਵੱਖਰੇ ਦੇਸ਼ ਦੀ ਮੰਗ ਨੇ ਓਟਾਵਾ (ਕੇਂਦਰੀ ਸਰਕਾਰ) ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਅਕਤੂਬਰ ਮਹੀਨੇ ਵਿੱਚ ਆਜ਼ਾਦੀ ਦੇ ਮੁੱਦੇ 'ਤੇ ਜਨਮਤ ਸੰਗ੍ਰਹਿ ਕਰਵਾਉਣ ਦੀਆਂ ਤਿਆਰੀਆਂ ਅਤੇ ਪ੍ਰਾਂਤ ਦੀ ਪ੍ਰੀਮੀਅਰ ਡੈਨੀਅਲ ਸਮਿਥ ਵੱਲੋਂ ਇਸ ਬਹਿਸ ਦਾ ਸਮਰਥਨ ਕਰਨਾ ਇਹ ਸਾਫ਼ ਦਰਸਾਉਂਦਾ ਹੈ ਕਿ ਕੈਨੇਡਾ ਦੇ ਸੰਘੀ ਢਾਂਚੇ ਵਿੱਚ ਤਰੇੜਾਂ ਡੂੰਘੀਆਂ ਹੋ ਚੁੱਕੀਆਂ ਹਨ।

ਅਲਬਰਟਾ ਦੀ ਕੈਨੇਡਾ ਦੀ ਕੇਂਦਰੀ ਸਰਕਾਰ ਨਾਲ ਨਾਰਾਜ਼ਗੀ ਕੋਈ ਨਵੀਂ ਨਹੀਂ ਹੈ, ਪਰ ਮੌਜੂਦਾ ਸਮੇਂ ਵਿੱਚ ਇਹ ਆਰਥਿਕ ਅਤੇ ਸਿਆਸੀ ਟਕਰਾਅ ਸਿਖਰ 'ਤੇ ਪਹੁੰਚ ਗਿਆ ਹੈ।

ਅਲਬਰਟਾ ਕੈਨੇਡਾ ਦੇ ਕੁੱਲ ਤੇਲ ਉਤਪਾਦਨ ਦਾ ਲਗਭਗ 84% ਹਿੱਸਾ ਪੈਦਾ ਕਰਦਾ ਹੈ। ਪ੍ਰਾਂਤ ਦੇ ਲੋਕਾਂ ਦਾ ਦੋਸ਼ ਹੈ ਕਿ ਇੱਥੋਂ ਦੇ 'ਆਇਲ ਸੈਂਡਸ' ਤੋਂ ਪੈਦਾ ਹੋਣ ਵਾਲੇ ਭਾਰੀ ਟੈਕਸਾਂ ਇੱਕ ਵੱਡਾ ਹਿੱਸਾ ਕੇਂਦਰ ਸਰਕਾਰ ਵੱਲੋਂ ਦੂਜੇ ਗ਼ਰੀਬ ਪ੍ਰਾਂਤਾਂ (ਜਿਵੇਂ ਕਿ ਕਿਊਬੈਕ) ਵਿੱਚ ਵੰਡ ਦਿੱਤਾ ਜਾਂਦਾ ਹੈ, ਜਦਕਿ 1960 ਦੇ ਦਹਾਕੇ ਤੋਂ ਅਲਬਰਟਾ ਨੂੰ ਇਸ ਬਰਾਬਰੀ ਦੇ ਭੁਗਤਾਨ ਦਾ ਕੋਈ ਫ਼ਾਇਦਾ ਨਹੀਂ ਮਿਲਿਆ।

ਅਲਬਰਟਾ ਦਾ ਦੋਸ਼ ਹੈ ਕਿ ਓਟਾਵਾ ਦੀ ਲਿਬਰਲ ਸਰਕਾਰ ਸਖ਼ਤ ਵਾਤਾਵਰਣ ਨੀਤੀਆਂ ਅਤੇ ਜਲਵਾਯੂ ਤਬਦੀਲੀ ਦੇ ਟੀਚਿਆਂ ਦੇ ਨਾਂ 'ਤੇ ਅਲਬਰਟਾ ਦੇ ਤੇਲ ਉਦਯੋਗ ਨੂੰ ਦਬਾ ਰਹੀ ਹੈ। ਇਸ ਕਾਰਨ ਉੱਥੇ ਨਿਵੇਸ਼ ਰੁਕ ਰਿਹਾ ਹੈ ਅਤੇ ਰੁਜ਼ਗਾਰ ਖ਼ਤਰੇ ਵਿੱਚ ਹੈ।

ਕੈਨੇਡਾ ਦੀ ਸੰਸਦ ਵਿੱਚ ਸੀਟਾਂ ਦਾ ਢਾਂਚਾ ਅਜਿਹਾ ਹੈ ਕਿ ਓਨਟਾਰੀਓ ਅਤੇ ਕਿਊਬੈਕ ਵਰਗੇ ਪੂਰਬੀ ਪ੍ਰਾਂਤਾਂ ਦਾ ਸਿਆਸੀ ਦਬਦਬਾ ਜ਼ਿਆਦਾ ਹੈ। ਅਲਬਰਟਾ, ਜੋ ਕਿ ਇੱਕ ਕੰਜ਼ਰਵੇਟਿਵ (ਰੂੜੀਵਾਦੀ) ਵਿਚਾਰਧਾਰਾ ਵਾਲਾ ਪ੍ਰਾਂਤ ਹੈ, ਨੂੰ ਲੱਗਦਾ ਹੈ ਕਿ ਕੇਂਦਰ ਸਰਕਾਰ ਚੋਣਾਂ ਜਿੱਤਣ ਲਈ ਉਨ੍ਹਾਂ ਦੇ ਹਿੱਤਾਂ ਦੀ ਅਣਦੇਖੀ ਕਰਦੀ ਹੈ।

### ਕੈਨੇਡਾ ਦੇ ਕਿਹੜੇ ਹੋਰ ਪ੍ਰਾਂਤ ਹਨ ਬੇਚੈਨ ?

ਕੈਨੇਡਾ ਵਿੱਚ ਸਿਰਫ਼ ਅਲਬਰਟਾ ਹੀ ਨਹੀਂ, ਸਗੋਂ ਕੁਝ ਹੋਰ ਪ੍ਰਾਂਤ ਵੀ ਸਮੇਂ-ਸਮੇਂ 'ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਰਹੇ ਹਨ ਅਤੇ ਵੱਖ ਹੋਣ ਦੀ ਗੱਲ ਕਰਦੇ ਰਹੇ ਹਨ।

ਕੈਨੇਡਾ ਵਿੱਚ ਅਲਗਾਵਵਾਦ ਦਾ ਇਤਿਹਾਸ ਸਭ ਤੋਂ ਮਜ਼ਬੂਤ ਕਿਊਬੈਕ ਪ੍ਰਾਂਤ




ਵਿੱਚ ਰਿਹਾ ਹੈ। ਫ੍ਰੈਂਚ ਭਾਸ਼ਾਈ ਬਹੁਗਿਣਤੀ ਵਾਲੇ ਇਸ ਪ੍ਰਾਂਤ ਵਿੱਚ ਆਪਣੀ ਵੱਖਰੀ ਸੱਭਿਆਚਾਰਕ ਅਤੇ ਭਾਸ਼ਾਈ ਪਛਾਣ ਕਾਰਨ 1980 ਅਤੇ 1995 ਵਿੱਚ ਦੋ ਵਾਰ ਕੈਨੇਡਾ ਤੋਂ ਵੱਖ ਹੋਣ ਲਈ ਜਨਮਤ ਸੰਗ੍ਰਹਿ ਹੋ ਚੁੱਕੇ ਹਨ। ਹਾਲਾਂਕਿ ਦੋਵੇਂ ਵਾਰ ਇਹ ਮੰਗ ਬਹੁਤ ਬਾਰੀਕ ਫਰਕ ਨਾਲ ਹਾਰ ਗਈ ਸੀ, ਪਰ ਉੱਥੇ ਅੱਜ ਵੀ ਖੇਤਰੀ ਰਾਸ਼ਟਰਵਾਦ ਮੌਜੂਦ ਹੈ।

ਅਲਬਰਟਾ ਦੀ ਤਰ੍ਹਾਂ ਸਸਕੈਚਵਨ ਵੀ ਕੈਨੇਡਾ ਦਾ ਇੱਕ ਪੱਛਮੀ ਪ੍ਰਾਂਤ ਹੈ ਜੋ ਖੇਤੀਬਾੜੀ ਅਤੇ ਕੁਦਰਤੀ ਸਾਧਨਾਂ 'ਤੇ ਨਿਰਭਰ ਹੈ। ਇੱਥੋਂ ਦੇ ਲੋਕ ਵੀ ਕੇਂਦਰ ਦੀਆਂ ਆਰਥਿਕ ਅਤੇ ਵਾਤਾਵਰਣ ਨੀਤੀਆਂ ਤੋਂ ਨਾਰਾਜ਼ ਰਹਿੰਦੇ ਹਨ। ਅਲਬਰਟਾ ਦੇ ਨਾਲ ਮਿਲ ਕੇ ਇਸ ਖੇਤਰ ਵਿੱਚ 'Wexit' (ਪੱਛਮੀ ਕੈਨੇਡਾ ਦਾ ਵੱਖ ਹੋਣਾ) ਦੀ ਲਹਿਰ ਚੱਲਦੀ ਰਹੀ ਹੈ।

ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਭਾਵੇਂ ਅਲਬਰਟਾ ਨੂੰ ਦੇਸ਼ ਦੇ ਭਵਿੱਖ ਲਈ ਜ਼ਰੂਰੀ ਹਿੱਸਾ ਦੱਸਿਆ ਹੈ, ਪਰ ਪ੍ਰਾਂਤ ਦੇ 30 ਪ੍ਰਤੀਸ਼ਤ ਤੋਂ ਵੱਧ ਲੋਕਾਂ ਵੱਲੋਂ ਆਜ਼ਾਦੀ ਦਾ ਸਮਰਥਨ ਕਰਨਾ ਇੱਕ ਵੱਡਾ ਖ਼ਤਰੇ ਦਾ ਸੰਕੇਤ ਹੈ।

ਹਾਲਾਂਕਿ, ਅਲਬਰਟਾ ਦੇ ਇੱਕ ਜੱਜ ਨੇ ਮੂਲ ਨਿਵਾਸੀਆਂ ਦੇ ਅਧਿਕਾਰਾਂ ਦਾ ਹਵਾਲਾ ਦਿੰਦੇ ਹੋਏ ਫਿਲਹਾਲ ਇਸ ਰੈਫਰੈਂਡਮ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਕੈਨੇਡਾ ਤੋਂ ਵੱਖ ਹੋਣ ਨਾਲ ਇਨ੍ਹਾਂ ਸਮੂਹਾਂ ਦੇ ਹਿੱਤ ਪ੍ਰਭਾਵਿਤ ਹੋ ਸਕਦੇ ਹਨ।

ਮਾਹਿਰਾਂ ਦਾ ਵੀ ਮੰਨਣਾ ਹੈ ਕਿ ਕੈਨੇਡਾ ਦੇ ਕਾਨੂੰਨੀ ਅਤੇ ਸੰਵਿਧਾਨਕ ਢਾਂਚੇ ਦੇ ਤਹਿਤ ਕਿਸੇ ਪ੍ਰਾਂਤ ਦਾ ਪੂਰੀ ਤਰ੍ਹਾਂ ਵੱਖ ਹੋਣਾ ਬਹੁਤ ਮੁਸ਼ਕਲ ਹੈ। ਫਿਰ ਵੀ, ਓਟਾਵਾ ਦੀ ਕੇਂਦਰ ਸਰਕਾਰ ਨੂੰ ਇਸ ਬੇਚੈਨੀ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਜੇਕਰ ਸਮੇਂ ਰਹਿੰਦੇ ਆਰਥਿਕ ਅਸੰਤੁਲਨ ਅਤੇ ਸਿਆਸੀ ਪੱਖਪਾਤ ਨੂੰ ਦੂਰ ਨਾ ਕੀਤਾ ਗਿਆ, ਤਾਂ ਕੈਨੇਡਾ ਦੀ ਅਖੰਡਤਾ ਨੂੰ ਆਉਣ ਵਾਲੇ ਦਿਨਾਂ ਵਿੱਚ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਡਿਜੀਟਲ ਸਬੂਤਾਂ ਦੇ ਜਾਲ 'ਚ ਫਸੇ ਸਾਬਕਾ ਮੰਤਰੀ ਲਾਲਜੀਤ ਭੁੱਲਰ

## ✪ ਡਾ. ਰੰਧਾਵਾ ਖੁਦਕੁਸ਼ੀ ਮਾਮਲੇ 'ਚ 500 ਪੰਨਿਆਂ ਦੀ ਚਾਰਜਸ਼ੀਟ ਦਾਖਲ

ਅੰਮ੍ਰਿਤਸਰ-ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਡਿਸਟ੍ਰਿਕਟ ਮੈਨੇਜਰ ਡਾ. ਗਗਨਦੀਪ ਸਿੰਘ ਰੰਧਾਵਾ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਹਾਈ-ਪ੍ਰੋਫਾਈਲ ਮਾਮਲੇ ਵਿੱਚ ਪੰਜਾਬ ਦੇ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਬੁਰੀ ਤਰ੍ਹਾਂ ਘਿਰਦੇ ਨਜ਼ਰ ਆ ਰਹੇ ਹਨ। ਅੰਮ੍ਰਿਤਸਰ ਦੀ ਰਣਜੀਤ ਐਵੇਨਿਊ ਪੁਲਿਸ ਨੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸੁਪ੍ਰੀਤ ਕੌਰ ਦੀ ਅਦਾਲਤ ਵਿੱਚ ਕਰੀਬ 500 ਪੰਨਿਆਂ ਦੀ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਇਸ ਕੇਸ ਵਿੱਚ ਸਾਬਕਾ ਮੰਤਰੀ ਸਮੇਤ ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਨਿੱਜੀ ਸਹਾਇਕ ਦਿਲਬਾਗ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਹੈ।

ਠੇਕੇ ਲਈ ਬਣਾਇਆ ਜਾ ਰਿਹਾ ਸੀ ਦਬਾਅ-ਪੀੜਤ ਪਰਿਵਾਰ ਦੇ ਮੁਤਾਬਕ, ਤਤਕਾਲੀ ਮੰਤਰੀ ਲਾਲਜੀਤ ਭੁੱਲਰ ਵੱਲੋਂ ਡਾ. ਰੰਧਾਵਾ 'ਤੇ ਨਿਯਮਾਂ ਦੇ ਉਲਟ ਜਾ ਕੇ ਆਪਣੇ ਪਿਤਾ ਨੂੰ ਵੇਅਰਹਾਊਸ ਦਾ ਠੇਕਾ ਦੇਣ ਲਈ ਲਗਾਤਾਰ ਦਬਾਅ ਪਾਇਆ ਜਾ ਰਿਹਾ ਸੀ। ਜਦੋਂ ਅਧਿਕਾਰੀ ਨੇ ਇਸ ਨਾਜਾਇਜ਼ ਕੰਮ ਤੋਂ ਇਨਕਾਰ ਕੀਤਾ, ਤਾਂ ਉਨ੍ਹਾਂ ਨੂੰ ਜ਼ਲੀਲ ਕੀਤਾ ਗਿਆ ਅਤੇ ਡਰਾਇਆ-ਧਮਕਾਇਆ ਗਿਆ। ਇਸ ਕੇਸ ਵਿੱਚ ਪੁਲਿਸ 50 ਤੋਂ ਵੱਧ ਗਵਾਹ ਪੇਸ਼ ਕਰੇਗੀ, ਜਿਨ੍ਹਾਂ ਵਿੱਚ ਡਾ. ਰੰਧਾਵਾ ਦੇ ਉਹ ਸਹਿਕਰਮੀ ਵੀ ਸ਼ਾਮਲ ਹਨ ਜੋ 13 ਮਾਰਚ ਨੂੰ ਉਨ੍ਹਾਂ ਦੇ ਨਾਲ ਮੰਤਰੀ ਦੇ ਘਰ ਗਏ ਸਨ।



ਇਹ ਦੋ ਵੀਡੀਓ ਬਣਨਗੇ ਟਰਾਇਲ ਦਾ ਮੁੱਖ ਆਧਾਰ-ਇਸ ਕੇਸ ਦੀ ਸਭ ਤੋਂ ਵੱਡੀ ਤਾਕਤ ਵਿਗਿਆਨਕ ਅਤੇ ਡਿਜੀਟਲ ਸਬੂਤ ਹਨ, ਜੋ ਜ਼ੁਬਾਨੀ ਬਿਆਨਾਂ ਤੋਂ ਕਿਤੇ ਜ਼ਿਆਦਾ ਮਜ਼ਬੂਤ ਹਨ:

ਪਹਿਲੀ ਵੀਡੀਓ (12 ਸੈਕਿੰਡ): ਇਹ ਖ਼ੌਫ਼ਨਾਕ ਵੀਡੀਓ ਖੁਦ ਡਾ. ਰੰਧਾਵਾ ਨੇ ਸਲਫ਼ਾਸ ਦੀਆਂ ਗੋਲੀਆਂ ਖਾਣ ਤੋਂ ਬਾਅਦ ਆਪਣੇ ਮੋਬਾਈਲ 'ਤੇ ਰਿਕਾਰਡ ਕੀਤੀ ਸੀ।

ਦੂਜੀ ਵੀਡੀਓ (ਫੋਰੈਂਸਿਕ ਜਾਂਚ ਅਧੀਨ): ਇਹ ਵੀਡੀਓ ਕਥਿਤ ਤੌਰ 'ਤੇ ਲਾਲਜੀਤ ਭੁੱਲਰ ਦੇ ਘਰ-ਕਮ-ਦਫ਼ਤਰ ਵਿਖੇ ਪਿਸਤੌਲ ਦੀ ਨੋਕ 'ਤੇ ਬਣਵਾਈ ਗਈ ਸੀ, ਜਿਸ ਵਿੱਚ ਡਾ. ਰੰਧਾਵਾ ਨੂੰ 10 ਲੱਖ ਰੁਪਏ ਰਿਸ਼ਵਤ ਲੈਣ ਦੀ ਗੱਲ ਕਬੂਲਣ ਲਈ ਮਜਬੂਰ ਕੀਤਾ ਗਿਆ ਸੀ।

ਮੋਬਾਈਲ ਲੋਕੇਸ਼ਨ ਨੇ ਖੋਲ੍ਹੇ 'ਰਾਜ਼'- ਸਰਹਾਲੀ ਟੋਲ ਪਲਾਜ਼ਾ ਦੀ ਸੀਸੀਟੀਵੀ ਫੁਟੇਜ ਅਤੇ ਮੋਬਾਈਲ ਟਾਵਰ ਡੰਪ ਲੋਕੇਸ਼ਨ ਤੋਂ ਇਹ ਸਾਫ਼ ਸਿੱਧ ਹੋ ਚੁੱਕਾ ਹੈ ਕਿ 13 ਮਾਰਚ ਨੂੰ ਡਾ. ਰੰਧਾਵਾ, ਸਾਬਕਾ ਮੰਤਰੀ ਭੁੱਲਰ, ਉਨ੍ਹਾਂ ਦੇ ਪਿਤਾ ਅਤੇ ਪੀਏ ਦਿਲਬਾਗ ਸਾਰੇ ਇੱਕੋ ਜਗ੍ਹਾ ਮੌਜੂਦ ਸਨ। ਇਸ ਤੋਂ ਇਲਾਵਾ 13 ਮਾਰਚ ਦੀਆਂ ਵਟਸਐਪ ਕਾਲ ਡਿਟੇਲਜ਼ ਵੀ ਬਰਾਮਦ ਹੋਈਆਂ ਹਨ, ਜਦੋਂ ਰੰਧਾਵਾ ਨੂੰ ਵਾਰ-ਵਾਰ ਫ਼ੋਨ ਕਰਕੇ ਤੰਗ ਕੀਤਾ ਗਿਆ ਸੀ। ਸ਼ੁਰੂਆਤ ਵਿੱਚ ਇਹ ਮਾਮਲਾ 22 ਮਾਰਚ ਨੂੰ ਦਰਜ ਕੀਤਾ ਗਿਆ ਸੀ, ਪਰ ਜਾਂਚ ਦੌਰਾਨ ਜਦੋਂ ਸਾਬਕਾ ਮੰਤਰੀ ਨੇ ਆਪਣੇ ਘਰ ਦੀ ਧਡ਼ (ਹਾਰਡ ਡਿਸਕ) ਅਤੇ ਫ਼ੋਨ ਸੌਂਪਣ ਤੋਂ ਇਨਕਾਰ ਕਰ ਦਿੱਤਾ, ਤਾਂ ਪੁਲਿਸ ਨੇ ਚਾਰਜਸ਼ੀਟ ਵਿੱਚ ਸਬੂਤ ਮਿਟਾਉਣ ਦੀਆਂ ਧਾਰਾਵਾਂ

ਧਾਰਾ 108 ਖੁਦਕੁਸ਼ੀ ਲਈ ਉਕਸਾਉਣਾ, ਧਾਰਾ 351(3) ਜਾਨੋਂ ਮਾਰਨ ਜਾਂ ਡਰਾਉਣ-ਧਮਕਾਉਣ ਦੀ ਅਪਰਾਧਿਕ ਧਮਕੀ, ਧਾਰਾ 115(2) ਸਰੀਰਕ ਸੱਟਾਂ ਮਾਰਨਾ / ਹਮਲਾ ਕਰਨਾ,ਧਾਰਾ 238 ਸਬੂਤ ਮਿਟਾਉਣ ਦੀ ਕੋਸ਼ਿਸ਼ ਕਰਨਾ ,ਧਾਰਾ 3(5) ਸਾਂਝੀ ਨੀਅਤ ਨਾਲ ਅਪਰਾਧ ਕਰਨਾਵੀ ਜੋੜ ਦਿੱਤੀਆਂ ਹਨ।

ਦੂਜੇ ਪਾਸੇ, ਮ੍ਰਿਤਕ ਦੀ ਪਤਨੀ ਉਪਿੰਦਰਜੀਤ ਕੌਰ ਅਤੇ ਪਰਿਵਾਰ ਦੇ ਵਕੀਲ ਸਰਬਜੀਤ ਸਿੰਘ ਨੇ ਅੰਮ੍ਰਿਤਸਰ ਪੁਲਿਸ ਦੀ ਨੀਅਤ 'ਤੇ ਗੰਭੀਰ ਸਵਾਲ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਰਿਮਾਂਡ ਦੌਰਾਨ ਸਾਬਕਾ ਮੰਤਰੀ ਨੂੰ 'ਵੀਆਈਪੀ ਟ੍ਰੀਟਮੈਂਟ' ਦਿੱਤਾ ਗਿਆ, ਜਿਸ ਕਾਰਨ ਪੁਲਿਸ ਨਾ ਤਾਂ ਉਨ੍ਹਾਂ ਦਾ ਫ਼ੋਨ ਬਰਾਮਦ ਕਰ ਸਕੀ, ਨਾ ਡੀਵੀਆਰ ਦੀ ਹਾਰਡ ਡਿਸਕ ਅਤੇ ਨਾ ਹੀ ਉਹ ਪਿਸਤੌਲ ਜਿਸ ਦੀ ਨੋਕ 'ਤੇ ਵੀਡੀਓ ਬਣਵਾਈ ਗਈ ਸੀ।

ਇਸ ਦੇ ਨਾਲ ਹੀ ਪੁਲਿਸ ਬਾਕੀ ਦੋ ਮੁਲਜ਼ਮਾਂ (ਸੁਖਦੇਵ ਭੁੱਲਰ ਅਤੇ ਪੀਏ ਦਿਲਬਾਗ) ਨੂੰ ਗ੍ਰਿਫ਼ਤਾਰ ਕਰਨ ਵਿੱਚ ਨਾਕਾਮ ਰਹੀ ਹੈ। ਨਿਰਾਸ਼ ਹੋ ਕੇ ਪੀੜਤ ਪਰਿਵਾਰ ਨੇ ਥਾਣਿਆਂ ਦੀ ਸੀਸੀਟੀਵੀ ਫੁਟੇਜ ਸੁਰੱਖਿਅਤ ਰੱਖਣ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ ਅਤੇ ਇਸ ਜਾਂਚ ਨੂੰ ਕਿਸੇ ਸੁਤੰਤਰ ਕੇਂਦਰੀ ਏਜੰਸੀ ਕੋਲ ਤਬਦੀਲ ਕਰਵਾਉਣ ਦੀ ਮੰਗ ਕੀਤੀ ਹੈ।

# ਬ੍ਰਿਟੇਨ ਤੋਂ ਮੋਹ ਭੰਗ ! ਦੇਸ਼ ਛੱਡਣ ਵਾਲਿਆਂ ਦੀ ਸੂਚੀ ਵਿਚ ਭਾਰਤੀ ਸਿਖਰ 'ਤੇ

## ✪ ਨੈੱਟ ਮਾਈਗ੍ਰੇਸ਼ਨ 'ਚ ਆਈ ਵੱਡੀ ਗਿਰਾਵਟ



ਲੰਡਨ-ਵਿਦੇਸ਼ ਜਾ ਕੇ ਵੱਸਣ ਅਤੇ ਪੜ੍ਹਾਈ ਕਰਨ ਲਈ ਭਾਰਤੀਆਂ ਦੀ ਪਹਿਲੀ ਪਸੰਦ ਰਹੇ ਬ੍ਰਿਟੇਨ ਤੋਂ ਹੁਣ ਲੋਕਾਂ ਦਾ ਮੋਹ ਭੰਗ ਹੁੰਦਾ ਨਜ਼ਰ ਆ ਰਿਹਾ ਹੈ। ਵੀਰਵਾਰ ਨੂੰ ਜਨਤਕ ਕੀਤੇ ਗਏ 'ਨੈੱਟ ਮਾਈਗ੍ਰੇਸ਼ਨ' ਦੇ ਨਵੇਂ ਅਧਿਕਾਰਤ ਅੰਕੜਿਆਂ ਮੁਤਾਬਕ, ਬ੍ਰਿਟੇਨ ਛੱਡ ਕੇ ਜਾਣ ਵਾਲੇ ਵਿਦੇਸ਼ੀ ਨਾਗਰਿਕਾਂ ਵਿੱਚ ਭਾਰਤੀ ਵਿਦਿਆਰਥੀ ਅਤੇ ਮਜ਼ਦੂਰ ਸਭ ਤੋਂ ਅੱਗੇ ਰਹੇ ਹਨ। ਇਨ੍ਹਾਂ ਅੰਕੜਿਆਂ ਦੇ ਸਾਹਮਣੇ ਆਉਣ ਤੋਂ ਬਾਅਦ ਬ੍ਰਿਟੇਨ ਦੇ ਕੁੱਲ ਨੈੱਟ ਮਾਈਗ੍ਰੇਸ਼ਨ ਵਿੱਚ ਭਾਰੀ ਕਮੀ ਦਰਜ ਕੀਤੀ ਗਈ ਹੈ ਅਤੇ ਇਹ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ ਘਟ ਕੇ ਤਕਰੀਬਨ ਅੱਧੀ ਰਹਿ ਗਈ ਹੈ।

### ਦੇਸ਼ ਛੱਡਣ ਵਾਲਿਆਂ ਵਿੱਚ ਭਾਰਤੀ ਸਭ ਤੋਂ ਅੱਗੇ

ਬ੍ਰਿਟੇਨ ਦੇ 'ਕੌਮੀ ਅੰਕੜਾ ਦਫ਼ਤਰ' ਵੱਲੋਂ ਸਾਲ 2025 ਲਈ ਕੀਤੇ ਗਏ ਵਿਸ਼ਲੇਸ਼ਣ ਮੁਤਾਬਕ, ਦੇਸ਼ ਛੱਡਣ ਵਾਲੇ ਵਿਦੇਸ਼ੀਆਂ ਵਿੱਚ ਸਭ ਤੋਂ ਵੱਡਾ ਹਿੱਸਾ ਭਾਰਤੀਆਂ ਦਾ ਹੈ। ਅੰਕੜਿਆਂ ਅਨੁਸਾਰ ਪੜ੍ਹਾਈ ਲਈ ਆਏ ਕਰੀਬ 51,000 ਭਾਰਤੀ ਵਿਦਿਆਰਥੀ, ਕੰਮ-ਕਾਰ ਲਈ ਆਏ 21,000 ਭਾਰਤੀ ਕਾਮੇ ਅਤੇ ਹੋਰ ਵੱਖ-ਵੱਖ ਕਾਰਨਾਂ ਕਰ ਕੇ ਆਏ 3,000 ਭਾਰਤੀ ਨਾਗਰਿਕ ਬ੍ਰਿਟੇਨ ਨੂੰ ਅਲਵਿਦਾ ਆਖ ਚੁੱਕੇ ਹਨ।

### ਹੋਰਨਾਂ ਦੇਸ਼ਾਂ ਦੇ ਨਾਗਰਿਕ ਵੀ ਪਰਤੇ ਪਿੱਛੇ

ਭਾਰਤੀਆਂ ਤੋਂ ਬਾਅਦ ਬ੍ਰਿਟੇਨ ਛੱਡਣ ਵਾਲਿਆਂ ਵਿੱਚ ਦੂਜਾ ਵੱਡਾ ਨੰਬਰ ਚੀਨੀ ਨਾਗਰਿਕਾਂ ਦਾ ਰਿਹਾ ਹੈ, ਜਿੱਥੋਂ ਦੇ 46,000 ਵਿਦਿਆਰਥੀ ਅਤੇ ਮਜ਼ਦੂਰ ਵਾਪਸ ਗਏ ਹਨ। ਇਸ ਤੋਂ ਇਲਾਵਾ ਪਾਕਿਸਤਾਨ ਅਤੇ ਨਾਈਜੀਰੀਆ ਦੇ 19-19 ਹਜ਼ਾਰ ਅਤੇ ਯੂਕਰੇਨ ਦੇ 18,000 ਨਾਗਰਿਕਾਂ ਨੇ ਵੀ ਯੂਕੇ ਛੱਡ ਦਿੱਤਾ ਹੈ। ਇਹ ਪੰਜੇ ਦੇਸ਼ ਬ੍ਰਿਟੇਨ ਵਿੱਚੋਂ ਬਾਹਰ ਜਾਣ ਵਾਲੇ ਪ੍ਰਵਾਸੀਆਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਰਹੇ ਹਨ।

### ਨੈੱਟ ਮਾਈਗ੍ਰੇਸ਼ਨ 'ਤੇ ਪਿਆ ਵੱਡਾ ਅਸਰ

ਵੱਖ-ਵੱਖ ਦੇਸ਼ਾਂ ਦੇ ਨਾਗਰਿਕਾਂ ਵੱਲੋਂ ਵੱਡੀ ਪੱਧਰ 'ਤੇ ਬ੍ਰਿਟੇਨ ਛੱਡਣ ਦੇ ਇਸ ਰੁਝਾਨ ਦੇ ਨਤੀਜੇ ਵਜੋਂ, ਪਿਛਲੇ ਸਾਲ ਦੌਰਾਨ ਬ੍ਰਿਟੇਨ ਦਾ ਕੁੱਲ ਨੈੱਟ ਮਾਈਗ੍ਰੇਸ਼ਨ (ਦੇਸ਼ ਵਿੱਚ ਆਉਣ ਵਾਲਿਆਂ ਅਤੇ ਦੇਸ਼ ਛੱਡ ਕੇ ਜਾਣ ਵਾਲਿਆਂ ਦੇ ਵਿਚਕਾਰ ਦਾ ਅੰਤਰ) ਬਹੁਤ ਜ਼ਿਆਦਾ ਸੁੰਗੜ ਗਿਆ ਹੈ। ਤਾਜ਼ਾ ਰਿਪੋਰਟ ਮੁਤਾਬਕ ਇਹ ਅੰਕੜਾ ਹੁਣ ਘਟ ਕੇ ਸਿਰਫ਼ 1.71 ਲੱਖ ਰਹਿ ਗਿਆ ਹੈ, ਜੋ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਇੱਕ ਵੱਡੀ ਗਿਰਾਵਟ ਨੂੰ ਦਰਸਾਉਂਦਾ ਹੈ। ਮਾਹਿਰਾਂ ਮੁਤਾਬਕ ਵੀਜ਼ਾ ਨਿਯਮਾਂ ਵਿੱਚ ਸਖ਼ਤੀ, ਰਹਿਣ-ਸਹਿਣ ਦੇ ਵਧਦੇ ਖਰਚੇ ਅਤੇ ਰੁਜ਼ਗਾਰ ਦੇ ਬਦਲਦੇ ਹਾਲਾਤ ਇਸ ਦੇ ਮੁੱਖ ਕਾਰਨ ਹੋ ਸਕਦੇ ਹਨ।

# ਟਰੰਪ ਪ੍ਰਸ਼ਾਸਨ ਦਾ ਨਵਾਂ ਫੈਸਲਾ, ਹੁਣ ਆਪਣੇ ਦੇਸ਼ ਵਾਪਸ ਜਾ ਕੇ ਹੀ ਮਿਲੇਗਾ ਗ੍ਰੀਨ ਕਾਰਡ

## ਅਮਰੀਕਾ ਜਾਣ ਦੇ ਚਾਹਵਾਨਾਂ ਨੂੰ ਵੱਡਾ ਝਟਕਾ

ਖ਼ਾਸ ਖ਼ਬਰ

ਅਮਰੀਕਾ ਵਿੱਚ ਰਹਿਣ ਅਤੇ ਉੱਥੇ ਦਾ ਗ੍ਰੀਨ ਕਾਰਡ (ਸਥਾਈ ਨਿਵਾਸ) ਹਾਸਲ ਕਰਨ ਦਾ ਸੁਪਨਾ ਦੇਖਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਇੱਕ ਬਹੁਤ ਹੀ ਚਿੰਤਾਜਨਕ ਖ਼ਬਰ ਹੈ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕਰਦਿਆਂ ਇੱਕ ਨਵਾਂ ਫੈਸਲਾ ਸੁਣਾਇਆ ਹੈ। ਨਵੇਂ ਨਿਯਮਾਂ ਮੁਤਾਬਕ, ਜਿਹੜੇ ਵਿਦੇਸ਼ੀ ਨਾਗਰਿਕ ਇਸ ਸਮੇਂ ਅਸਥਾਈ ਵੀਜ਼ੇ 'ਤੇ ਅਮਰੀਕਾ ਵਿੱਚ ਮੌਜੂਦ ਹਨ ਅਤੇ ਗ੍ਰੀਨ ਕਾਰਡ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਹੁਣ ਅਮਰੀਕਾ ਵਿੱਚ ਰਹਿੰਦਿਆਂ ਇਹ ਸਹੂਲਤ ਨਹੀਂ ਮਿਲੇਗੀ। ਉਨ੍ਹਾਂ ਨੂੰ ਪਹਿਲਾਂ ਆਪਣੇ ਮੂਲ ਦੇਸ਼ ਵਾਪਸ ਜਾਣਾ ਪਵੇਗਾ ਅਤੇ ਉੱਥੋਂ ਵਿਦੇਸ਼ ਵਿਭਾਗ ਰਾਹੀਂ ਨਵੇਂ ਸਿਰੇ ਤੋਂ ਅਰਜ਼ੀ ਦੇਣੀ ਹੋਵੇਗੀ। ਇਹ ਸਖ਼ਤ ਨੀਤੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਚਲਾਏ ਜਾ ਰਹੇ ਸਖ਼ਤ ਇਮੀਗ੍ਰੇਸ਼ਨ ਏਜੰਡੇ ਦਾ ਹਿੱਸਾ ਹੈ।



### ਕੀ ਹੈ ਨਵੀਂ ਨੀਤੀ ਅਤੇ ਇਸ ਪਿੱਛੇ ਸਰਕਾਰ ਦਾ ਤਰਕ ?

ਅਸਥਾਈ ਵੀਜ਼ਾ ਧਾਰਕ ਹੁਣ ਅਮਰੀਕਾ ਦੇ ਅੰਦਰ ਰਹਿ ਕੇ ਆਪਣੇ ਸਟੇਟਸ ਨੂੰ ਗ੍ਰੀਨ ਕਾਰਡ ਵਿੱਚ ਤਬਦੀਲ ਕਰਨ ਲਈ ਸਿੱਧੀ ਅਰਜ਼ੀ ਨਹੀਂ ਦੇ ਸਕਣਗੇ। ਉਨ੍ਹਾਂ ਨੂੰ ਆਪਣੇ ਦੇਸ਼ ਪਰਤਣਾ ਹੀ ਪਵੇਗਾ।

ਯੂਐਸ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਇਮੀਗ੍ਰੇਸ਼ਨ ਸਿਸਟਮ ਵਿੱਚ ਮੌਜੂਦ ਕਮੀਆਂ ਅਤੇ ਚੋਰ-ਮੋਰੀਆਂ ਨੂੰ ਬੰਦ ਕਰਨ ਵਿੱਚ ਮਦਦ ਮਿਲੇਗੀ। ਸਰਕਾਰ ਮੁਤਾਬਕ ਇਸ ਫੈਸਲੇ ਨਾਲ ਯੂਐਸਸੀਆਈਐਸ 'ਤੇ ਬੋਝ ਘਟੇਗਾ ਅਤੇ ਉਹ ਆਪਣੇ ਸਰੋਤਾਂ ਦੀ ਵਰਤੋਂ ਹੋਰ ਜ਼ਰੂਰੀ ਮਾਮਲਿਆਂ ਦੇ ਨਿਪਟਾਰੇ ਲਈ ਕਰ ਸਕੇਗੀ।

### ਮਾਨਵਤਾਵਾਦੀ ਸੰਗਠਨਾਂ ਨੇ ਜਤਾਈ ਡੂੰਘੀ ਚਿੰਤਾ

ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਦੀ ਹੁਣ ਚੌਤਰਫਾ ਆਲੋਚਨਾ ਵੀ ਸ਼ੁਰੂ ਹੋ ਗਈ ਹੈ। ਪ੍ਰਵਾਸੀਆਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ, ਖਾਸ ਕਰਕੇ ਪ੍ਰਵਾਸੀ ਸਹਾਇਤਾ ਸੰਗਠਨ, ਨੇ ਇਸ ਨੀਤੀ ਦਾ ਤਿੱਖਾ ਵਿਰੋਧ ਕੀਤਾ ਹੈ। ਪ੍ਰਵਾਸੀ ਸਹਾਇਤਾ ਸੰਗਠਨ ਅਨੁਸਾਰ ਇਸ ਸਖ਼ਤ ਕਾਨੂੰਨ ਕਾਰਨ ਮਨੁੱਖੀ ਤਸਕਰੀ ਦੇ ਪੀੜਤਾਂ, ਦੁਰਵਿਵਹਾਰ ਦਾ ਸ਼ਿਕਾਰ ਹੋਏ ਬੱਚਿਆਂ ਅਤੇ ਹੋਰ ਅਜਿਹੇ ਕਮਜ਼ੋਰ ਲੋਕਾਂ ਨੂੰ ਭਾਰੀ ਨੁਕਸਾਨ ਝੱਲਣਾ ਪਵੇਗਾ। ਉਨ੍ਹਾਂ ਨੂੰ ਮਜ਼ਬੂਰਨ ਉਨ੍ਹਾਂ ਖ਼ਤਰਨਾਕ ਹਾਲਾਤਾਂ ਅਤੇ ਦੇਸ਼ਾਂ ਵਿੱਚ ਵਾਪਸ ਜਾਣਾ ਪਵੇਗਾ, ਜਿੱਥੋਂ ਉਹ ਆਪਣੀ ਜਾਨ ਬਚਾ ਕੇ ਭੱਜੇ ਸਨ। ਇਹ ਨਿਯਮ ਬਹੁਤ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਹਾਲਾਂਕਿ, ਕੁਝ ਬੇਹੱਦ ਖਾਸ ਜਾਂ ਅਸਧਾਰਨ ਹਾਲਤਾਂ ਵਿੱਚ 'ਕੇਸ-ਦਰ-ਕੇਸ' ਦੇ ਆਧਾਰ 'ਤੇ ਮਾਮੂਲੀ ਰਾਹਤ ਦਿੱਤੀ ਜਾ ਸਕਦੀ ਹੈ, ਪਰ ਆਮ ਲੋਕਾਂ ਲਈ ਹੁਣ ਨਿਯਮ ਬਦਲ ਚੁੱਕੇ ਹਨ। ਅਜਿਹੇ ਵਿੱਚ ਅਮਰੀਕਾ ਵਿੱਚ ਰਹਿ ਰਹੇ ਲੱਖਾਂ ਵਿਦੇਸ਼ੀਆਂ ਅਤੇ ਗ੍ਰੀਨ ਕਾਰਡ ਦੇ ਚਾਹਵਾਨਾਂ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਖੜ੍ਹਾ ਹੋ ਗਿਆ ਹੈ।

# ਜਲੰਧਰ ਕੇਂਦਰੀ ਦੇ ਵਿਧਾਇਕ ਰਮਨ ਅਰੋੜਾ ਦੀਆਂ ਵਧੀਆਂ ਮੁਸ਼ਕਲਾਂ; ਈਡੀ ਵੱਲੋਂ ਸੰਮਨ ਜਾਰੀ

ਜਲੰਧਰ-ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ ਇੱਕ ਵਾਰ ਫਿਰ ਕਾਨੂੰਨੀ ਸ਼ਿਕੰਜੇ ਵਿੱਚ ਫਸਦੇ ਨਜ਼ਰ ਆ ਰਹੇ ਹਨ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ ਦੇ ਇੱਕ ਮਾਮਲੇ ਵਿੱਚ ਕਾਰਵਾਈ ਕਰਦੇ ਹੋਏ ਵਿਧਾਇਕ ਰਮਨ ਅਰੋੜਾ ਨੂੰ ਸੰਮਨ ਜਾਰੀ ਕਰਕੇ ਪੁੱਛਗਿੱਛ ਲਈ ਤਲਬ ਕੀਤਾ ਹੈ।

ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਪਹਿਲਾਂ ਹੀ ਜ਼ਮਾਨਤ 'ਤੇ ਚੱਲ ਰਹੇ ਵਿਧਾਇਕ ਲਈ ਇਹ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਵਿਧਾਇਕ ਰਮਨ ਅਰੋੜਾ ਖ਼ਿਲਾਫ਼ ਦਰਜ ਕੀਤੀ ਗਈ ਐਫਆਈਆਰ ਨੂੰ ਅਧਾਰ ਬਣਾ ਕੇ ਈਡੀ ਨੇ ਮਨੀ ਲਾਂਡਰਿੰਗ ਦੀ ਜਾਂਚ ਸ਼ੁਰੂ ਕੀਤੀ ਹੈ। ਈਡੀ ਅਧਿਕਾਰੀਆਂ ਨੇ ਵਿਧਾਇਕ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਜੂਨ ਦੇ ਪਹਿਲੇ ਹਫ਼ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਵਿਜੀਲੈਂਸ ਦੀ ਜਾਂਚ ਵਿੱਚ ਸਾਹਮਣੇ ਆਇਆ ਸੀ ਕਿ ਜਾਅਲੀ ਨੋਟਿਸਾਂ ਅਤੇ ਭ੍ਰਿਸ਼ਟਾਚਾਰ ਦੇ ਇਸ ਪੂਰੇ ਖੇਡ ਵਿੱਚ ਕਰੋੜਾਂ ਰੁਪਏ ਦੀ ਗੈਰ-ਕਾਨੂੰਨੀ ਰਕਮ (ਪ੍ਰੋਸੀਡਜ਼ ਆਫ਼ ਕ੍ਰਾਈਮ) ਸ਼ਾਮਲ ਸੀ, ਜਿਸ ਕਾਰਨ ਹੁਣ ਈਡੀ ਨੇ ਇਸ ਦੇ ਵਿੱਤੀ ਲੈਣ-ਦੇਣ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਵਿਧਾਇਕ ਰਮਨ ਅਰੋੜਾ ਦਾ ਪੱਖ-ਇਸ ਪੂਰੇ ਮਾਮਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਵਿਧਾਇਕ ਰਮਨ ਅਰੋੜਾ ਨੇ ਕਿਹਾ ਕਿ ਉਹ ਇਸ ਪੱਤਰ ਨੂੰ ਪੂਰੀ ਤਰ੍ਹਾਂ ਪੜ੍ਹਨ ਅਤੇ ਕਾਨੂੰਨੀ ਮਾਹਿਰਾਂ ਦੀ ਸਲਾਹ ਲੈਣ ਤੋਂ ਬਾਅਦ ਹੀ ਕੋਈ ਅਧਿਕਾਰਤ ਟਿੱਪਣੀ ਕਰਨਗੇ।



# 328 ਪਾਵਨ ਸਰੂਪਾਂ ਦੇ ਮਾਮਲੇ 'ਤੇ ਬਣੀ ਸਿਟ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਅਧਿਕਾਰਾਂ ਵਿਚ ਦੇ ਰਹੀ ਹੈ ਦਖਲ: ਐਡਵੋਕੇਟ ਧਾਮੀ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦੋਸ਼ ਲਾਇਆ ਕਿ 'ਸਿੱਟ' ਆਪਣੇ ਤੈਅ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਗੈਰ-ਜ਼ਰੂਰੀ ਦਖਲਅੰਦਾਜ਼ੀ ਕਰ ਰਹੀ ਹੈ, ਜੋ ਕਿ ਸਿੱਖਾਂ ਦੀ ਇਸ ਸਿਰਮੌਰ ਧਾਰਮਿਕ ਸੰਸਥਾ ਦੀ ਸੰਵਿਧਾਨਕ ਹਸਤੀ ਨੂੰ ਸੱਟ ਮਾਰਨ ਦੀ ਕੋਸ਼ਿਸ਼ ਹੈ। ਐਡਵੋਕੇਟ ਧਾਮੀ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਸ਼ੁਰੂ ਤੋਂ ਹੀ ਪੂਰੀ ਸੁਹਿਰਦਤਾ ਅਤੇ ਪਾਰਦਰਸ਼ਤਾ ਨਾਲ ਜਾਂਚ ਟੀਮ ਨੂੰ ਹਰ ਲੋੜੀਂਦੀ ਜਾਣਕਾਰੀ ਅਤੇ ਸਹਿਯੋਗ ਦਿੱਤਾ ਹੈ। ਪਰ ਦੁੱਖ ਦੀ ਗੱਲ ਹੈ ਕਿ ਸਿੱਟ ਵੱਲੋਂ ਹੁਣ ਅਜਿਹੇ ਵੇਰਵੇ ਮੰਗੇ ਜਾ ਰਹੇ ਹਨ, ਜਿਨ੍ਹਾਂ ਦਾ 328 ਪਾਵਨ ਸਰੂਪਾਂ ਦੇ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਵਿੱਤੀ ਖਾਤਿਆਂ ਦੀ ਪੜਤਾਲ: ਸਿੱਟ ਵੱਲੋਂ ਸ਼੍ਰੋਮਣੀ ਕਮੇਟੀ ਦੇ ਬੈਂਕ ਖਾਤਿਆਂ, ਲੈਣ-ਦੇਣ ਅਤੇ ਸਮੁੱਚੇ ਆਰਥਿਕ ਵੇਰਵਿਆਂ ਦੀ ਮੰਗ ਕੀਤੀ ਜਾ ਰਹੀ ਹੈ। ਇੱਥੋਂ ਤੱਕ ਕਿ ਸਿੱਟ ਦੇ ਨੁਮਾਇੰਦੇ ਖ਼ੁਦ ਬੈਂਕਾਂ ਵਿੱਚ ਜਾ ਕੇ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਗੁਰਬਾਣੀ ਪ੍ਰਸਾਰਣ ਦੇ ਸਮਝੌਤੇ: ਜਾਂਚ ਟੀਮ ਨੇ ਨਿੱਜੀ ਚੈਨਲਾਂ (ਈਟੀਸੀ ਅਤੇ ਜੀ ਨੈਕਸਟ ਮੀਡੀਆ) ਨਾਲ ਬੀਤੇ ਲੰਬੇ ਸਮੇਂ ਦੌਰਾਨ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਸਬੰਧੀ ਕੀਤੇ ਗਏ ਸਮਝੌਤਿਆਂ ਦੇ ਵੇਰਵੇ ਵੀ ਮੰਗੇ ਹਨ।

ਬਾਰ-ਬਾਰ ਇੱਕੋ ਜਾਣਕਾਰੀ ਮੰਗਣਾ: ਜਿਹੜੀ ਜਾਣਕਾਰੀ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਸਿੱਟ ਨੂੰ ਸੌਂਪ ਚੁੱਕੀ ਹੈ, ਉਸੇ ਬਾਰੇ ਬਾਰ-ਬਾਰ



ਪੱਤਰ ਭੇਜ ਕੇ ਦੁਬਾਰਾ ਵੇਰਵੇ ਮੰਗੇ ਜਾ ਰਹੇ ਹਨ।

### ਪੰਜਾਬ ਸਰਕਾਰ ਦੇ ਮਨਸੂਬਿਆਂ 'ਤੇ ਚੁੱਕੇ ਸਵਾਲ

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਜਾਂਚ ਟੀਮ ਦੀ ਇਹ ਮਨਮਰਜ਼ੀ ਇਸ਼ਾਰਾ ਕਰਦੀ ਹੈ ਕਿ ਉਹ ਅਸਲ ਮੁੱਦੇ ਤੋਂ ਭਟਕ ਕੇ ਕਿਸੇ ਹੋਰ ਏਜੰਡੇ ਤਹਿਤ ਕੰਮ ਕਰ ਰਹੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ' ਇੰਝ ਮਹਿਸੂਸ ਹੁੰਦਾ ਹੈ ਕਿ ਪੰਜਾਬ ਸਰਕਾਰ ਸਿੱਟ ਦੇ ਜ਼ਰੀਏ ਸ਼੍ਰੋਮਣੀ ਕਮੇਟੀ ਦੇ ਸੰਵਿਧਾਨਕ ਅਧਿਕਾਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਇਹ ਸਿਰਫ਼ ਇੱਕ ਸੰਸਥਾ ਦਾ ਮਾਮਲਾ ਨਹੀਂ, ਸਗੋਂ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਅਤੇ ਅਧਿਕਾਰਾਂ ਨਾਲ ਜੁੜਿਆ ਬੇਹੱਦ ਸੰਵੇਦਨਸ਼ੀਲ ਵਿਸ਼ਾ ਹੈ।"

ਐਡਵੋਕੇਟ ਧਾਮੀ ਨੇ ਸਿੱਟ ਨੂੰ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੱਤੀ ਕਿ ਉਹ ਆਪਣੇ ਨਿਰਧਾਰਿਤ ਅਧਿਕਾਰਾਂ ਦੀ ਉਲੰਘਣਾ ਨਾ ਕਰੇ ਅਤੇ ਖ਼ੁਦ ਨੂੰ ਕੇਵਲ 328 ਪਾਵਨ ਸਰੂਪਾਂ ਦੀ ਜਾਂਚ ਤਕ ਹੀ ਸੀਮਤ ਰੱਖੇ, ਕਿਉਂਕਿ ਸੰਸਥਾ ਦੇ ਅੰਦਰੂਨੀ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਦਖਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਦੀ ਕਾਰ ਵਿਚ ਪੈਟਰੋਲ ਬੰਬ ਧਮਾਕਾ, ਵਾਲ-ਵਾਲ ਬਚੀ ਜਾਨ

ਬਟਾਲਾ-ਬਟਾਲਾ ਦੀ ਅਰਬਨ ਸਟੇਟ ਦੇ ਨਾਲ ਲੱਗਦੀ ਲੇਬਰ ਕਾਲੋਨੀ ਵਿੱਚ ਬੀਤੀ ਦੇਰ ਰਾਤ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਦੀ ਇਨੋਵਾ ਕਾਰ ਨੂੰ ਨਿਸ਼ਾਨਾ ਬਣਾ ਕੇ ਪੈਟਰੋਲ ਬੰਬ ਧਮਾਕਾ ਕੀਤਾ ਗਿਆ। ਇਸ ਜ਼ੋਰਦਾਰ ਧਮਾਕੇ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਰਾਹਤ ਦੀ ਗੱਲ ਇਹ ਰਹੀ ਕਿ ਇਸ ਘਟਨਾ ਵਿੱਚ ਕਿਸੇ ਪ੍ਰਕਾਰ ਦਾ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਭਾਜਪਾ ਪ੍ਰਧਾਨ ਹੀਰਾ ਵਾਲੀਆ ਵਾਲ-ਵਾਲ ਬਚ ਗਏ।

ਧਮਕੀ ਭਰੇ ਫ਼ੋਨ ਤੋਂ ਬਾਅਦ ਵਾਪਰੀ ਘਟਨਾ-ਘਟਨਾ ਬਾਰੇ ਜਾਣਕਾਰੀ ਦਿੰਦਿਆਂ ਭਾਜਪਾ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਦੇ ਇੱਕ ਸਥਾਨਕ ਨੇਤਾ ਨੂੰ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਧਮਕੀ ਭਰਿਆ ਫੋਨ ਆਇਆ ਸੀ। ਇਸੇ ਸਿਲਸਿਲੇ ਵਿੱਚ ਉਹ ਬੀਤੀ ਰਾਤ ਆਪਣੀ ਇਨੋਵਾ ਕਾਰ ਰਾਹੀਂ ਉਕਤ ਨੇਤਾ ਦੇ ਘਰ ਹਾਲ-ਚਾਲ ਜਾਣਨ ਗਏ ਸਨ। ਜਦੋਂ ਉਹ ਨੇਤਾ ਦੇ ਘਰ ਦੇ ਅੰਦਰ ਸਨ, ਤਾਂ



ਕਿਸੇ ਅਣਪਛਾਤੇ ਸ਼ਰਾਰਤੀ ਅਨਸਰ ਨੇ ਉਨ੍ਹਾਂ ਦੀ ਗੱਡੀ ਦੇ ਪਿਛਲੇ ਟਾਇਰ ਵਿੱਚ ਪੈਟਰੋਲ ਬੰਬ ਲਗਾ ਦਿੱਤਾ, ਜਿਸ ਤੋਂ ਬਾਅਦ ਇੱਕ ਬਹੁਤ ਵੱਡਾ ਧਮਾਕਾ ਹੋਇਆ। ਧਮਾਕੇ ਦੀ ਆਵਾਜ਼ ਸੁਣ ਕੇ ਜਦੋਂ ਉਹ ਤੁਰੰਤ ਬਾਹਰ ਆਏ ਤਾਂ ਕਾਰ ਦਾ ਪਿਛਲਾ ਟਾਇਰ ਬੁਰੀ ਤਰ੍ਹਾਂ ਫੱਟ ਚੁੱਕਾ ਸੀ। ਇਸ ਸਬੰਧੀ ਉਨ੍ਹਾਂ ਤੁਰੰਤ ਥਾਣਾ ਸਿਵਲ ਲਾਈਨ ਦੀ ਪੁਲਿਸ ਨੂੰ ਸੂਚਨਾ ਦਿੱਤੀ।

ਇਸ ਘਟਨਾ ਤੋਂ ਬਾਅਦ ਭਾਜਪਾ ਪ੍ਰਧਾਨ ਨੇ ਸੂਬੇ ਦੀ ਕਾਨੂੰਨ ਵਿਵਸਥਾ 'ਤੇ ਤਿੱਖੇ ਸਵਾਲ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਕਿ "ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਵਿੱਚ ਅਪਰਾਧਿਕ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਸਮਾਜ ਵਿਰੋਧੀ ਅਨਸਰਾਂ ਦੇ ਹੌਸਲੇ ਬੁਲੰਦ ਹੋ ਚੁੱਕੇ ਹਨ ਅਤੇ ਮੌਜੂਦਾ ਸਰਕਾਰ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ।"

ਘਟਨਾ ਦੀ ਸੂਚਨਾ ਮਿਲਦਿਆਂ ਹੀ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਅਮਨਦੀਪ ਜੈਂਤੀਪੁਰ ਵੀ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਇਸ ਵਾਰਦਾਤ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ।

ਪੁਲਿਸ ਟੀਮ ਵੱਲੋਂ ਘਟਨਾ ਸਥਾਨ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਗਿਆ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੌਕੇ ਐੱਸ.ਪੀ. ਰਮਿੰਦਰ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਪੁਲਿਸ ਵੱਲੋਂ ਇਸ ਮਾਮਲੇ ਦੀ ਬਹੁਤ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਅਪਰਾਧਿਕ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

# ਲਾਹੌਰ ਵਿਚ ਇਤਿਹਾਸਕ ਨਾਮ ਬਹਾਲ ਕਰਨ ਦਾ ਫੈਸਲਾ ਟਲਿਆ

**ਖਾਸ ਖਬਰ** ✪ ਕੱਟੜਪੰਥੀਆਂ ਅੱਗੇ ਮਰੀਅਮ ਸਰਕਾਰ ਦਾ ਆਤਮਸਮਰਪਣ! ✪ ਡਿਪਟੀ ਕਮਿਸ਼ਨਰ ਬੋਲੇ- ਮਾਮਲਾ ਅਜੇ 'ਵਿਚਾਰ ਅਧੀਨ'

ਪਾਕਿਸਤਾਨ ਦੇ ਪੰਜਾਬ ਸੂਬੇ ਤੋਂ ਆਈ ਇੱਕ ਤਾਜ਼ਾ ਖ਼ਬਰ ਨੇ ਇਤਿਹਾਸ, ਵਿਰਾਸਤ ਅਤੇ ਰਾਜਨੀਤੀ ਦੇ ਆਪਸੀ ਟਕਰਾਅ ਨੂੰ ਇੱਕ ਵਾਰ ਫਿਰ ਸੁਰਖੀਆਂ ਵਿੱਚ ਲਿਆ ਦਿੱਤਾ ਹੈ। ਮੁੱਖ ਮੰਤਰੀ ਮਰੀਅਮ ਨਵਾਜ਼ ਦੀ ਸਰਕਾਰ ਵੱਲੋਂ ਲਾਹੌਰ ਦੇ ਪੁਰਾਣੇ ਇਤਿਹਾਸਕ (ਹਿੰਦੂ, ਸਿੱਖ ਅਤੇ ਬ੍ਰਿਟਿਸ਼ ਕਾਲ ਦੇ) ਨਾਮਾਂ ਨੂੰ ਬਹਾਲ ਕਰਨ ਦੇ ਫੈਸਲੇ 'ਤੇ ਫਿਲਹਾਲ ਰੋਕ ਲਗਾ ਦਿੱਤੀ ਗਈ ਹੈ।

ਅਧਿਕਾਰੀਆਂ ਮੁਤਾਬਕ ਇਹ ਕਦਮ ਕੱਟੜਪੰਥੀ ਅਨਸਰਾਂ ਦੇ ਦਬਾਅ ਕਾਰਨ ਚੁੱਕਿਆ ਗਿਆ ਹੈ, ਜੋ ਕਿ ਬੇਹੱਦ ਚਿੰਤਾਜਨਕ ਅਤੇ ਨਿਰਾਸ਼ਾਜਨਕ ਹੈ। ਲਾਹੌਰ ਸਿਰਫ਼ ਇੱਕ ਸ਼ਹਿਰ ਨਹੀਂ, ਸਗੋਂ ਸਾਂਝੇ ਪੰਜਾਬ ਦੀ ਸੱਭਿਆਚਾਰਕ ਅਤੇ ਇਤਿਹਾਸਕ ਰੂਹ ਹੈ। ਵੰਡ ਤੋਂ ਪਹਿਲਾਂ ਦੀ ਇਸ ਦੀ ਬਹੁ-ਸੱਭਿਆਚਾਰਕ ਪਛਾਣ ਨੂੰ ਮੁੜ ਸੁਰਜੀਤ ਕਰਨ ਲਈ ਸਾਲ 2025 ਵਿੱਚ 'ਲਾਹੌਰ ਅਥਾਰਟੀ ਫਾਰ ਹੈਰੀਟੇਜ ਰਿਵਾਈਵਲ' ਪ੍ਰੋਜੈਕਟ ਕਟ ਦੀ ਸ਼ੁਰੂਆਤ ਕੀਤੀ ਗਈ ਸੀ। ਲਗਭਗ 50 ਅਰਬ ਪਾਕਿਸਤਾਨੀ ਰੁਪਏ ਦੇ ਇਸ ਮੈਗਾ ਪ੍ਰੋਜੈਕਟ ਦਾ ਉਦੇਸ਼ ਸਿਰਫ਼ ਸੜਕਾਂ ਜਾਂ ਇਲਾਕਿਆਂ ਦੇ ਨਾਮ ਬਦਲਣਾ ਨਹੀਂ, ਸਗੋਂ ਖੜਕ ਸਿੰਘ ਦੀ ਹਵੇਲੀ, ਰਾਜਕੁਮਾਰੀ ਬਾਂਬਾ ਸਦਰਲੈਂਡ ਦੀ ਪੇਂਟਿੰਗ ਅਤੇ ਬਾਦਸ਼ਾਹੀ ਮਸਜਿਦ ਦੇ ਨੇੜੇ ਸਥਿਤ ਇਤਿਹਾਸਕ ਗੁਰਦੁਆਰਿਆਂ, ਮੰਦਰਾਂ ਅਤੇ ਚਰਚਾਂ ਵਰਗੀ ਸਾਂਝੀ ਵਿਰਾਸਤ ਨੂੰ ਸੰਭਾਲਣਾ ਹੈ।

ਪਿਛਲੇ ਦੋ ਮਹੀਨਿਆਂ ਵਿੱਚ ਨੌਂ ਥਾਵਾਂ ਦੇ ਪੁਰਾਣੇ ਨਾਮ ਬਹਾਲ ਵੀ ਕੀਤੇ ਜਾ ਚੁੱਕੇ ਸਨ, ਪਰ ਕੱਟੜਪੰਥੀਆਂ ਦੇ ਵਿਰੋਧ ਅੱਗੇ ਸਰਕਾਰ ਦਾ ਪਿੱਛੇ ਹਟਣਾ ਇਹ ਦਰਸਾਉਂਦਾ ਹੈ ਕਿ ਉੱਥੇ ਅਜੇ ਵੀ ਅਤੀਤ ਦੇ ਸੱਚ ਨੂੰ ਸਵੀਕਾਰ ਕਰਨ ਵਿੱਚ ਸਿਆਸੀ ਅਤੇ ਵਿਚਾਰਧਾਰਕ ਰੁਕਾਵਟਾਂ ਹਨ। ਭਾਵੇਂ ਲਾਹੌਰ ਦੇ ਡਿਪਟੀ ਕਮਿਸ਼ਨਰ ਮੁਹੰਮਦ ਅਲੀ ਏਜਾਜ਼ ਇਸ ਮਾਮਲੇ ਨੂੰ ਅਜੇ 'ਵਿਚਾਰ ਅਧੀਨ' ਦੱਸ ਰਹੇ ਹਨ, ਪਰ ਪ੍ਰਸ਼ਾਸਨ ਦੀ ਇਹ ਦੁਬਿਧਾ ਸਾਫ਼ ਕਰਦੀ ਹੈ ਕਿ ਕੱਟੜਪੰਥੀ ਤਾਕਤਾਂ ਸਰਕਾਰ ਦੇ ਫੈਸਲਿਆਂ 'ਤੇ ਭਾਰੂ ਪੈ ਰਹੀਆਂ ਹਨ।


ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਅਤੇ ਮੁੱਖ ਮੰਤਰੀ ਮਰੀਅਮ ਨਵਾਜ਼ ਦੀ ਇਹ ਸੋਚ ਬਿਲਕੁਲ ਜਾਇਜ਼ ਸੀ ਕਿ ਲਾਹੌਰ ਦੇ ਅਸਲੀ ਨਾਮ ਹੀ ਉਸ ਦੇ ਸੱਚੇ ਇਤਿਹਾਸ ਦੇ ਆਇਨੇ ਹਨ। ਜੇਕਰ ਪਾਕਿਸਤਾਨ ਦੁਨੀਆ ਦੇ ਸਾਹਮਣੇ ਆਪਣੇ ਆਪ ਨੂੰ ਇੱਕ ਉਦਾਰਵਾਦੀ ਅਤੇ ਅਮਨ-ਪਸੰਦ ਦੇਸ਼ ਵਜੋਂ ਪੇਸ਼ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਆਪਣੀ ਧਰਤੀ ਦੇ ਹਿੰਦੂ-ਸਿੱਖ ਇਤਿਹਾਸ ਨੂੰ ਛਾਤੀ ਨਾਲ ਲਾਉਣਾ ਪਵੇਗਾ। ਵਿਰਾਸਤ ਨੂੰ ਬਚਾਉਣ ਦੇ ਹੋਰ ਕੰਮ ਭਾਵੇਂ ਜਾਰੀ ਹਨ, ਪਰ ਨਾਮ ਬਹਾਲੀ ਦੇ ਫੈਸਲੇ 'ਤੇ ਲੱਗੀ ਇਹ ਬ੍ਰੇਕ ਇੱਕ ਵੱਡਾ ਝਟਕਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੱਟੜਪੰਥੀਆਂ ਦੇ ਦਬਾਅ ਅੱਗੇ ਗੋਡੇ ਟੇਕਣ ਦੀ ਬਜਾਏ ਦਲੇਰੀ ਦਿਖਾਵੇ, ਕਿਉਂਕਿ ਲਾਹੌਰ ਦੀ ਅਸਲ ਖ਼ੂਬਸੂਰਤੀ ਇਸ ਦੇ ਬਹੁ-ਧਾਰਮਿਕ ਅਤੇ ਬਹੁ-ਸੱਭਿਆਚਾਰਕ ਅਤੀਤ ਵਿੱਚ ਹੀ ਛੁਪੀ ਹੋਈ ਹੈ।

# ਭਾਰਤ ਦੇ ਸਭ ਤੋਂ ਤੇਜ਼ ਦੌੜਾਕ ਗੁਰਿੰਦਰਵੀਰ ਸਿੰਘ ਨੇ 100 ਮੀਟਰ ਵਿੱਚ ਬਣਾਇਆ ਨਵਾਂ ਨੈਸ਼ਨਲ ਰਿਕਾਰਡ; ਪੰਜਾਬ ਛੱਡਣ ਦੀ ਅਸਲ ਵਜ੍ਹਾ ਕੀ ਸੀ

ਰਾਂਚੀ / ਮੁੰਬਈ-ਪੰਜਾਬ ਦੇ ਜਲੰਧਰ ਨਾਲ ਸਬੰਧਤ 25 ਸਾਲਾ ਤੇਜ਼ ਦੌੜਾਕ ਗੁਰਿੰਦਰਵੀਰ ਸਿੰਘ ਨੇ ਇੱਕ ਵਾਰ ਫਿਰ ਇਤਿਹਾਸ ਰਚ ਦਿੱਤਾ ਹੈ। ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿੱਚ ਹੋਏ ਨੈਸ਼ਨਲ ਸੀਨੀਅਸ ਐਥਲੈਟਿਕਸ ਫੈਡਰੇਸ਼ਨ ਮੁਕਾਬਲੇ ਦੇ ਫਾਈਨਲ ਵਿੱਚ ਉਨ੍ਹਾਂ ਨੇ 100 ਮੀਟਰ ਸਪ੍ਰਿੰਟ ਦੌੜ ਮਹਿਜ਼ 10.09 ਸਕਿੰਟ ਵਿੱਚ ਪੂਰੀ ਕਰਕੇ ਨਵਾਂ ਰਾਸ਼ਟਰੀ ਰਿਕਾਰਡ (ੳਟਿਨੳਲ ੍ਰੲਚੋਰਦ) ਆਪਣੇ ਨਾਮ ਕਰ ਲਿਆ ਹੈ। ਇਸ ਪ੍ਰਾਪਤੀ ਦੇ ਨਾਲ ਹੀ ਉਹ ਪੁਰਸ਼ਾਂ ਦੀ 100 ਮੀਟਰ ਦੌੜ ਵਿੱਚ 10.10 ਸੈਕਿੰਡ ਦਾ ਅੰਕੜਾ ਪਾਰ ਕਰਨ ਵਾਲੇ ਪਹਿਲੇ ਭਾਰਤੀ ਦੌੜਾਕ ਬਣ ਗਏ ਹਨ। ਉਨ੍ਹਾਂ ਨੇ ਰਾਸ਼ਟਰਮੰਡਲ ਅਤੇ ਏਸ਼ੀਆਈ ਖੇਡਾਂ ਲਈ ਨਿਰਧਾਰਤ 10.16 ਸਕਿੰਟ ਦੇ ਕੁਆਲੀਫਿਕੇਸ਼ਨ ਮਾਰਕ ਨੂੰ ਵੀ ਸਫ਼ਲਤਾਪੂਰਵਕ ਪਾਰ ਕਰ ਲਿਆ ਹੈ। ਇਸ ਮੁਕਾਬਲੇ ਵਿੱਚ ਅਨਿਮੇਸ਼ ਕੁਜੂਰ 10.20 ਸੈਕਿੰਡ ਦੇ ਸਮੇਂ ਨਾਲ ਦੂਜੇ ਸਥਾਨ 'ਤੇ ਰਹੇ।

### ਜੋਸ਼ੀਲਾ ਅੰਦਾਜ਼ ਅਤੇ 'ਬਿਬ ਨੰਬਰ' ਦਾ ਸੁਨੇਹਾ

ਫਿਨਿਸ਼ ਲਾਈਨ ਪਾਰ ਕਰਦਿਆਂ ਹੀ ਗੁਰਿੰਦਰਵੀਰ ਦਾ ਇੱਕ ਵੱਖਰਾ ਹੀ ਜੋਸ਼ੀਲਾ ਅੰਦਾਜ਼ ਦੇਖਣ ਨੂੰ ਮਿਲਿਆ। ਉਨ੍ਹਾਂ ਨੇ ਆਪਣੀ ਜਰਸੀ ਤੋਂ ਬਿਬ ਨੰਬਰ ਪਾੜ ਕੇ ਟਰੈਕ 'ਤੇ ਸੁੱਟ ਦਿੱਤਾ, ਜਿਸ 'ਤੇ ਲਿਖਿਆ ਸੀ: "ਟਾਸਕ ਇਜ਼ ਨੌਟ ਫਿਨਿਸ਼ਡ ਯੈੱਟ, ਵੇਟ ਆਈ ਐਮ ਸਟਿੱਲ ਸਟੈਂਡਿੰਗ" (ਕੰਮ ਅਜੇ ਪੂਰਾ ਨਹੀਂ ਹੋਇਆ; ਇੰਤਜ਼ਾਰ ਕਰੋ, ਮੈਂ ਅਜੇ ਵੀ ਖੜ੍ਹਾ ਹਾਂ।) ਦਰਅਸਲ, ਇਸ ਫਾਈਨਲ ਤੋਂ ਪਹਿਲਾਂ ਸੈਮੀਫਾਈਨਲ ਦੌਰਾਨ ਰਿਕਾਰਡ ਬਣਾਉਣ ਦੀ ਇੱਕ ਰੋਮਾਂਚਕ ਜੰਗ ਦੇਖਣ ਨੂੰ ਮਿਲੀ ਸੀ, ਜਿੱਥੇ ਗੁਰਿੰਦਰਵੀਰ ਅਤੇ ਅਨਿਮੇਸ਼




ਵਿਚਾਲੇ ਮਿੰਟਾਂ ਦੇ ਫਰਕ ਨਾਲ ਨੈਸ਼ਨਲ ਰਿਕਾਰਡ ਬਦਲਦਾ ਰਿਹਾ ਸੀ।

### ਆਖਰ ਕਿਉਂ ਛੱਡਣਾ ਪਿਆ ਪੰਜਾਬ ?

ਗੁਰਿੰਦਰਵੀਰ ਸਿੰਘ ਨੇ ਆਪਣੀ ਇਸ ਕਾਮਯਾਬੀ ਤੋਂ ਬਾਅਦ ਪੰਜਾਬ ਛੱਡ ਕੇ ਮੁੰਬਈ ਜਾਣ ਅਤੇ 'ਰਿਲਾਇੰਸ ਫਾਊਂਡੇਸ਼ਨ' ਜੁਆਇਨ ਕਰਨ ਦੇ ਕਾਰਨਾਂ ਬਾਰੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਖਿਡਾਰੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਡਾਇਟ ਦਾ ਬਹੁਤ ਬੁਰਾ ਹਾਲ ਸੀ। ਗੁਰਿੰਦਰ ਮੁਤਾਬਕ, ਪੰਜਾਬ ਵਿੱਚ ਉਨ੍ਹਾਂ ਨੂੰ ਪ੍ਰਤੀ ਦਿਨ ਸਿਰਫ਼ 160 ਰੁਪਏ ਦੀ ਡਾਇਟ ਮਿਲਦੀ ਸੀ, ਜੋ ਕਿ ਕਈ ਵਾਰ ਸਮੇਂ ਸਿਰ ਵੀ ਨਹੀਂ ਸੀ ਮਿਲਦੀ। ਇਸ ਕਾਰਨ ਕਈ ਵਾਰ ਉਨ੍ਹਾਂ ਨੂੰ ਭੁੱਖੇ ਰਹਿਣਾ ਪਿਆ ਜਾਂ ਬਾਹਰੋਂ ਖਾਣਾ ਪਿਆ, ਜਿਸ ਕਾਰਨ ਸਿਹਤ ਖ਼ਰਾਬ ਹੋ ਗਈ ਅਤੇ ਰਿਕਵਰ ਹੋਣ ਵਿੱਚ ਡੇਢ ਸਾਲ ਦਾ ਸਮਾਂ ਲੱਗ ਗਿਆ।

ਦੂਜੇ ਪਾਸੇ, ਰਿਲਾਇੰਸ ਫਾਊਂਡੇਸ਼ਨ ਵੱਲੋਂ ਖਿਡਾਰੀਆਂ ਨੂੰ ਰੋਜ਼ਾਨਾ ਤਕਰੀਬਨ 2000 ਰੁਪਏ ਦੀ ਡਾਇਟ ਅਤੇ ਅਤਿ-ਆਧੁਨਿਕ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੇ ਪੁਰਾਣੇ ਕੋਚ ਸਰਬਜੀਤ ਸਿੰਘ ਹੈਪੀ ਨੇ ਦੱਸਿਆ ਕਿ ਪੰਜਾਬ ਵਿੱਚ ਮੁੱਖ ਕੋਚ ਤਾਂ ਮਿਲ ਜਾਂਦਾ ਹੈ ਪਰ ਸਹਾਇਕ ਕੋਚ ਨਹੀਂ ਮਿਲਦੇ। ਇੱਕ ਸਮਾਂ ਅਜਿਹਾ ਵੀ ਸੀ ਜਦੋਂ ਜਲੰਧਰ ਵਿੱਚ ਸਿੰਥੈਟਿਕ ਟਰੈਕ ਨਾ ਹੋਣ ਕਾਰਨ ਪ੍ਰੈਕਟਿਸ ਲਈ ਕਈ ਕਿਲੋਮੀਟਰ ਦੂਰ ਤਰਨ ਤਾਰਨ ਜਾਣਾ ਪੈਂਦਾ ਸੀ।?'

ਕੋਚ ਸਰਬਜੀਤ ਸਿੰਘ ਨੇ ਦੱਸਿਆ ਕਿ ਲੋਕ ਗੁਰਿੰਦਰਵੀਰ ਨੂੰ ਕਹਿੰਦੇ ਸਨ ਕਿ 100 ਮੀਟਰ ਦੌੜ ਉੱਤਰੀ ਭਾਰਤ ਦੇ ਲੋਕਾਂ ਲਈ ਸਫ਼ਲ ਨਹੀਂ ਹੈ ਅਤੇ ਇਹ ਸਿਰਫ਼ ਦੱਖਣੀ ਭਾਰਤੀ ਲੋਕਾਂ ਦੀ ਖੇਡ ਹੈ। ਲੋਕਾਂ ਨੇ ਉਸਨੂੰ 200 ਜਾਂ 400 ਮੀਟਰ ਦੌੜ ਚੁਣਨ ਦੀ ਸਲਾਹ ਦਿੱਤੀ ਸੀ। ਪਰ ਗੁਰਿੰਦਰ ਨੇ ਆਪਣੀ ਸਖ਼ਤ ਮਿਹਨਤ ਅਤੇ ਪੱਕੇ ਇਰਾਦੇ ਸਦਕਾ ਇਸ ਮਿੱਥ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਹੈ।

### ਜਦੋਂ ਪੈਸੇ ਨਾ ਹੋਣ ਕਾਰਨ ਵੇਚਣਾ ਪਿਆ ਸਾਮਾਨ

ਗੁਰਿੰਦਰਵੀਰ ਦੇ ਸਫ਼ਰ ਵਿੱਚ ਕਈ ਆਰਥਿਕ ਤੰਗੀਆਂ ਵੀ ਆਈਆਂ। ਕੋਚ ਨੇ ਇੱਕ ਕਿੱਸਾ ਸਾਂਝਾ ਕਰਦਿਆਂ ਦੱਸਿਆ ਕਿ ਇੱਕ ਵਾਰ ਹੈਦਰਾਬਾਦ ਤੋਂ ਵਾਪਸ ਆਉਂਦੇ ਸਮੇਂ ਏਅਰਪੋਰਟ ਜਾਣ ਲਈ ਪੈਸੇ ਘੱਟ ਗਏ ਸਨ, ਜਿਸ ਕਾਰਨ ਉਨ੍ਹਾਂ ਨੂੰ ਟੈਕਸੀ ਵਾਲੇ ਨੂੰ ਆਪਣਾ ਸਾਮਾਨ ਦੇ ਕੇ ਏਅਰਪੋਰਟ ਤੱਕ ਦਾ ਸਫ਼ਰ ਤੈਅ ਕਰਨਾ ਪਿਆ ਸੀ। ਇੱਥੋਂ ਤੱਕ ਕਿ ਖ਼ਰਾਬ ਪ੍ਰਦਰਸ਼ਨ ਦੇ ਦੌਰ ਵਿੱਚ ਗੁਰਿੰਦਰ ਨੇ ਵਿਦੇਸ਼ ਜਾਣ ਦਾ ਮਨ ਵੀ ਬਣਾ ਲਿਆ ਸੀ, ਪਰ ਉਨ੍ਹਾਂ ਦੇ ਪਿਤਾ (ਪੰਜਾਬ ਪੁਲਿਸ ਦੇ ਏ.ਐੱਸ.ਆਈ. ਕਮਲਜੀਤ ਸਿੰਘ) ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ ਅਤੇ ਮਿਹਨਤ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

### ਸੋਸ਼ਲ ਮੀਡੀਆ 'ਤੇ ਮਿਲਿਆ 'ਫਲਾਈਂਗ ਸਿੱਖ' ਦਾ ਖਿਤਾਬ

ਸੋਸ਼ਲ ਮੀਡੀਆ 'ਤੇ ਪ੍ਰਸ਼ੰਸਕ ਗੁਰਿੰਦਰਵੀਰ ਦੀ ਤੁਲਨਾ ਮਹਾਨ ਦੌੜਾਕ ਮਿਲਖਾ ਸਿੰਘ ਨਾਲ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਨਵਾਂ 'ਫਲਾਈਂਗ ਸਿੱਖ' ਕਹਿ ਕੇ ਬੁਲਾ ਰਹੇ ਹਨ। ਗੁਰਿੰਦਰ ਨੇ ਇਸ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਅਜਿਹੇ ਮਹਾਨ ਇਨਸਾਨ ਨਾਲ ਤੁਲਨਾ ਹੋਣਾ ਮਾਣ ਵਾਲੀ ਗੱਲ ਹੈ।

ਗੁਰਿੰਦਰਵੀਰ ਸਿੰਘ ਨੇ ਆਪਣੇ ਭਵਿੱਖ ਦੇ ਟੀਚਿਆਂ ਬਾਰੇ ਦੱਸਿਆ :

ਏਸ਼ੀਅਨ ਚੈਂਪੀਅਨਸ਼ਿਪ: ਅਗਲਾ ਮੁੱਖ ਟੀਚਾ ਏਸ਼ੀਅਨ ਚੈਂਪੀਅਨਸ਼ਿਪ ਵਿੱਚੋਂ ਗੋਲਡ ਮੈਡਲ ਜਿੱਤਣਾ ਹੈ।

ਟਾਈਮਿੰਗ ਵਿੱਚ ਸੁਧਾਰ: ਇਸੇ ਸਾਲ 100 ਮੀਟਰ ਦੀ ਦੌੜ ਨੂੰ 10.01 ਸੈਕਿੰਡ ਵਿੱਚ ਪੂਰੀ ਕਰਨਾ। ਓਲੰਪਿਕ ਵਿੱਚ ਭਾਰਤ ਲਈ ਮੈਡਲ ਜਿੱਤਣਾ ਅਤੇ ਆਪਣੀ ਟਾਈਮਿੰਗ ਨੂੰ 9 ਤੋਂ ਸਾਢੇ 9 ਸੈਕਿੰਡ ਤੱਕ ਲੈ ਕੇ ਜਾਣਾ।

# 1984 ਸਿੱਖ ਕਤਲੇਆਮ: ਸੱਜਣ ਕੁਮਾਰ ਨੂੰ ਬਰੀ ਕਰਨ ਖ਼ਿਲਾਫ਼ ਹਾਈ ਕੋਰਟ ਨੇ ਜਾਰੀ ਕੀਤਾ ਨੋਟਿਸ

## ✪ 29 ਸਤੰਬਰ ਨੂੰ ਹੋਵੇਗੀ ਅਗਲੀ ਸੁਣਵਾਈ

ਨਵੀਂ ਦਿੱਲੀ-1984 ਦੇ ਸਿੱਖ ਵਿਰੋਧੀ ਕਤਲੇਆਮ ਮਾਮਲੇ ਵਿੱਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਦੀਆਂ ਮੁਸ਼ਕਲਾਂ ਇੱਕ ਵਾਰ ਫਿਰ ਵਧਦੀਆਂ ਨਜ਼ਰ ਆ ਰਹੀਆਂ ਹਨ। ਦਿੱਲੀ ਹਾਈ ਕੋਰਟ ਨੇ ਜਨਕਪੁਰੀ ਅਤੇ ਵਿਕਾਸਪੁਰੀ ਥਾਣਿਆਂ ਵਿੱਚ ਦਰਜ ਐੱਫ.ਆਈ.ਆਰ. ਨਾਲ ਸਬੰਧਤ ਮਾਮਲੇ ਵਿੱਚ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਖ਼ਿਲਾਫ਼ ਦਾਇਰ ਕੀਤੀ ਅਪੀਲ 'ਤੇ ਨੋਟਿਸ ਜਾਰੀ ਕਰ ਦਿੱਤਾ ਹੈ। ਜਸਟਿਸ ਪ੍ਰਤਿਭਾ ਐੱਮ. ਸਿੰਘ ਅਤੇ ਜਸਟਿਸ ਮਧੂ ਜੈਨ ਦੇ ਡਿਵੀਜ਼ਨ ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 29 ਸਤੰਬਰ 2026 ਦੀ ਤਾਰੀਖ਼ ਤੈਅ ਕੀਤੀ ਹੈ।

### ਪੀੜਤ ਧਿਰ ਵੱਲੋਂ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਚੁਣੌਤੀ

ਇਹ ਅਪੀਲ 1984 ਕਤਲੇਆਮ ਦੇ ਪੀੜਤ ਮਨਜੀਤ ਸਿੰਘ ਵੱਲੋਂ ਦਾਇਰ ਕੀਤੀ ਗਈ ਹੈ। ਅਦਾਲਤ ਵਿੱਚ ਪੀੜਤ ਧਿਰ ਦਾ ਪੱਖ ਐਡਵੋਕੇਟ ਕਾਮਨਾ ਵੋਹਰਾ, ਗੁਰਬਖ਼ਸ਼ ਸਿੰਘ ਅਤੇ ਸੁਰਪ੍ਰੀਤ ਕੌਰ ਵੱਲੋਂ ਰੱਖਿਆ ਗਿਆ। ਦੱਸਣਯੋਗ ਹੈ ਕਿ ਇਸ ਸਾਲ 22 ਜਨਵਰੀ 2026 ਨੂੰ ਰਾਊਜ਼ ਐਵੇਨਿਊ ਅਦਾਲਤ ਨੇ ਸੱਜਣ ਕੁਮਾਰ ਨੂੰ ਇਹ ਕਹਿੰਦਿਆਂ ਬਰੀ ਕਰ ਦਿੱਤਾ ਸੀ ਕਿ ਘਟਨਾ ਵਾਲੀ ਥਾਂ 'ਤੇ ਉਸ ਦੀ ਮੌਜੂਦਗੀ ਜਾਂ ਕਿਸੇ ਗੈਰ-ਕਾਨੂੰਨੀ ਭੀੜ ਦਾ ਹਿੱਸਾ ਹੋਣ ਦੇ ਕੋਈ ਪੁਖ਼ਤਾ ਸਬੂਤ ਨਹੀਂ ਮਿਲੇ ਹਨ। ਹੁਣ ਇਸੇ ਫ਼ੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ।

### ਅਪੀਲ ਵਿੱਚ ਚੁੱਕੇ ਗਏ ਅਹਿਮ ਨੁਕਤੇ

ਗਵਾਹਾਂ ਦੀ ਅਣਦੇਖੀ: ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਹੇਠਲੀ ਅਦਾਲਤ ਇਹ ਸਮਝਣ ਵਿੱਚ ਨਾਕਾਮ ਰਹੀ ਕਿ ਘਟਨਾ ਵਾਲੀ ਥਾਂ 'ਤੇ ਸੱਜਣ ਕੁਮਾਰ ਦੀ ਮੌਜੂਦਗੀ ਦੀ ਪੁਸ਼ਟੀ ਚਸ਼ਮਦੀਦ ਗਵਾਹਾਂ- ਹਰਜੀਤ ਕੌਰ, ਤੇਜਿੰਦਰ ਸਿੰਘ ਅਤੇ ਹੋਰਨਾਂ ਵੱਲੋਂ ਸਪੱਸ਼ਟ ਰੂਪ ਵਿੱਚ ਕੀਤੀ ਗਈ ਸੀ, ਪਰ ਅਦਾਲਤ ਨੇ ਉਨ੍ਹਾਂ ਦੀਆਂ ਗਵਾਹੀਆਂ 'ਤੇ ਵਿਚਾਰ ਹੀ ਨਹੀਂ ਕੀਤਾ।

ਮਕੈਨੀਕਲ ਤਰੀਕੇ ਨਾਲ ਫ਼ੈਸਲਾ: ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਹੇਠਲੀ ਅਦਾਲਤ ਨੇ ਰਿਕਾਰਡ 'ਤੇ ਮੌਜੂਦ ਸਬੂਤਾਂ ਨੂੰ ਚੰਗੀ ਤਰ੍ਹਾਂ ਪਰਖੇ ਬਿਨਾ ਹੀ 'ਮਕੈਨੀਕਲ ਤਰੀਕੇ' ਨਾਲ ਫ਼ੈਸਲਾ ਸੁਣਾਇਆ ਹੈ, ਜਿਸ ਕਾਰਨ ਇਸ ਨੂੰ ਖਾਰਜ ਕੀਤਾ ਜਾਣਾ ਚਾਹੀਦਾ ਹੈ।


ਸ਼ੱਕ ਦਾ ਗ਼ਲਤ ਲਾਭ: ਅਪੀਲਕਰਤਾ ਅਨੁਸਾਰ ਗੁਰਚਰਨ ਸਿੰਘ, ਸੋਹਣ ਸਿੰਘ ਅਤੇ ਅਵਤਾਰ ਸਿੰਘ ਦੀ ਮੌਤ ਵਿੱਚ ਸੱਜਣ ਕੁਮਾਰ ਦੀ ਭੂਮਿਕਾ ਚਸ਼ਮਦੀਦਾਂ ਅਤੇ ਹਾਲਾਤ ਦੇ



ਸਬੂਤਾਂ ਰਾਹੀਂ ਸਾਬਤ ਹੋ ਚੁੱਕੀ ਸੀ। ਸੁਣਵਾਈ ਦੌਰਾਨ ਕੋਈ ਵਿਰੋਧਾਭਾਸ ਨਾ ਹੋਣ ਦੇ ਬਾਵਜੂਦ ਅਦਾਲਤ ਨੇ ਕਾਨੂੰਨ ਦੇ ਬੁਨਿਆਦੀ ਸਿਧਾਂਤਾਂ ਦੀ ਉਲੰਘਣਾ ਕਰਦਿਆਂ ਮੁਲਜ਼ਮ ਨੂੰ 'ਸ਼ੱਕ ਦਾ ਲਾਭ' ਦੇ ਦਿੱਤਾ, ਜੋ ਕਿ ਕਾਨੂੰਨੀ ਤੌਰ 'ਤੇ ਰੱਦ ਕੀਤੇ ਜਾਣ ਯੋਗ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ 29 ਸਤੰਬਰ ਨੂੰ ਹੋਣ ਵਾਲੀ ਅਗਲੀ ਸੁਣਵਾਈ 'ਤੇ ਟਿਕੀਆਂ ਹੋਈਆਂ ਹਨ, ਜਿੱਥੇ ਹਾਈ ਕੋਰਟ ਇਸ ਮਾਮਲੇ 'ਤੇ ਅਗਲੇਰੀ ਕਾਰਵਾਈ ਕਰੇਗੀ।

# ਸਮਾਜ ਸੇਵੀ ਧਾਰਮਿਕ ਬਿਰਤੀ ਵਾਲੇ ਮਾਸਟਰ ਗੁਰਮੇਲ ਸਿੰਘ

**ਮੇਜਰ ਸਿੰਘ ਨਾਭਾ**



ਸਿੱਖਿਆ ਖੇਤਰ ਵਿੱਚ ਸਨਮਾਨਿਤ, ਮਿਹਨਤੀ, ਦ੍ਰਿੜ ਇਰਾਦੇ ਵਾਲਾ ਅਤੇ ਲਗਨ ਨਾਲ ਕੰਮ ਕਰਨ ਵਾਲਾ ਗੁਰਮੇਲ ਸਿੰਘ ਆਰਟ ਕਰਾਫਟ ਅਧਿਆਪਕ ਆਪਣੇ ਸਕੂਲ ਦੀ ਬਿਹਤਰੀ ਲਈ ਹਮੇਸ਼ਾਂ ਤੱਤਪਰ ਰਿਹਾ ਹੈ।ਉਸ ਦਾ ਸਕੂਲ ਪ੍ਰਤੀ ਏਨਾ ਮੋਹ ਸੀ ਕਿ ਉਹ ਸਕੂਲ ਦੇ ਕੰਮਾਂ ਲਈ ਅਕਸਰ ਛੁੱਟੀ ਵਾਲੇ ਦਿਨਾਂ ਵਿੱਚ ਜਾ ਕੇ ਅਤੇ ਸਕੂਲ ਸਮੇਂ ਤੋਂ ਬਾਅਦ ਵੀ ਅਧੂਰੇ ਕੰਮ ਕਰਦਾ ਰਿਹਾ ਹੈ। ਉਸ ਨੇ ਪਿਛਲੇ ਵੀਹ ਸਾਲਾਂ ਤੋਂ ਸਰਕਾਰੀ ਮਿਡਲ ਸਕੂਲ ਜਾਹਲਾਂ (ਪਟਿਆਲਾ) ਵਿਖੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ ਹੈ।

ਉਸ ਨੇ ਸ਼ੁਰੂ ਵਿੱਚ ਸਾਖਰਤਾ ਮੁਹਿੰਮ ਵਿੱਚ ਆਨ ਡਿਊਟੀ ਜਿਲ੍ਹਾ ਪੱਧਰ ਤੇ ਵਧੀਕ ਡਿਪਟੀ ਕਮਿਸ਼ਨਰ ਦੇ ਦਫਤਰ ਬਤੌਰ ਜਿਲ੍ਹਾ ਕੋਆਰਡੀਨੇਟਰ ਕੰਮ ਬਹੁਤ ਹੀ ਲਗਨ ਅਤੇ ਮਿਹਨਤ ਨਾਲ ਕੀਤਾ। ਸਿੱਖਿਆ ਵਿਭਾਗ ਵਲੋਂ ਉਸ ਨੂੰ ਸਟੇਟ ਰਿਸੋਰਸ ਗਰੁੱਪ (ਆਰਟ ਅਤੇ ਕਰਾਫਟ) ਵਿੱਚ ਉਸ ਦੇ ਕੰਮ ਕਰਨ ਦੀ ਗੁਣਵੱਤਾ ਅਤੇ ਯੋਗਤਾ ਨੂੰ ਦੇਖਦੇ ਹੋਏ ਸ਼ਾਮਲ ਕੀਤਾ ਗਿਆ, ਜਿਸ ਵਿੱਚ ਉਸ ਨੇ ਗਰੁੱਪ ਦੇ ਮੈਂਬਰਾਂ ਨਾਲ ਮਿਲ ਕੇ ਸਰਾਹਨਾਯੋਗ ਕੰਮ ਕੀਤਾ। ਉਸ ਨੇ ਡਰਾਇੰਗ ਵਿਸ਼ੇ ਨੂੰ ਹੋਰਾਂ ਵਿਸ਼ਿਆਂ ਦਾ ਸਹਿਯੋਗੀ ਬਣਾਉਣ ਲਈ ਨਵੇਂ ਨਵੇਂ ਸੁਝਾਅ ਦੇ ਕੇ ਇਸ ਵਿਸ਼ੇ ਦੀ ਘੱਟ ਰਹੀ ਅਹਿਮੀਅਤ ਨੂੰ ਮੁੜ ਸੁਰਜੀਤ ਕਰਵਾਇਆ। ਉਸ ਨੇ ਸਟੇਟ ਰਿਸੋਰਸ ਪਰਸਨ ਦੇ ਤੌਰ ਤੇ ਵਧੀਆ ਸੇਵਾਵਾਂ ਸੈਮੀਨਾਰਾਂ ਵਿੱਚ ਅਧਿਆਪਕਾਂ ਨੂੰ ਪ੍ਰਦਾਨ ਕੀਤੀਆਂ ਹਨ, ਜਿਸ ਦੀ ਉੱਚ ਅਧਿਕਾਰੀਆਂ ਨੇ ਪ੍ਰਸ਼ੰਸ਼ਾ ਕੀਤੀ ਹੈ।

ਬਤੌਰ ਰਿਸੋਰਸ ਪਰਸਨ ਉਸ ਨੂੰ ਸਟੇਟ ਪੱਧਰ ਦੀਆਂ ਵਰਕਸ਼ਾਪਾਂ ਵਿੱਚ ਵਧੀਆਂ ਸੇਵਾਵਾਂ ਦੇਣ ਬਦਲੇ ਸਕੱਤਰ ਸਕੂਲੀ ਸਿੱਖਿਆ ਪੰਜਾਬ ਸ਼੍ਰੀ ਕ੍ਰਿਸ਼ਨ ਕੁਮਾਰ ਵਲੋਂ ਪ੍ਰਸ਼ੰਸ਼ਾ-ਪੱਤਰ ਦੇ ਕੇ ਸਨਮਾਨਿਤ ਕੀਤਾ ਹੈ। ਇਸ ਨਾਲ ਇਲਾਕੇ ਦੇ ਸਕੂਲਾਂ ਵਿੱਚ ਸ. ਮਿ. ਸ. ਜਾਹਲਾਂ ਦਾ ਨਾਂ ਉੱਚਾ ਹੋਇਆ ਹੈ। ਆਪਣੇ ਸਕੂਲ ਅੰਦਰ ਮਾਟੋ, ਨਕਸ਼ੇ ਆਦਿ ਉਸ ਨੇ ਆਪ ਬਣਾਏ ਹਨ। ਸਕੂਲ ਦੇ ਵਰਾਂਡੇ ਨੂੰ ਰੰਗਾਂ ਨਾਲ ਸ਼ਜਾਉਣ ਦਾ ਕੰਮ ਵੀ ਉਸ ਨੇ ਕੀਤਾ ਹੈ। ਉਸ ਵਲੋਂ ਦਫਤਰ ਅੰਦਰ ਬੜੇ ਵਧੀਆ ਅਤੇ ਕਲਾਤਮਕ ਢੰਗ ਨਾਲ ਸਕੂਲ ਦੀਆਂ ਪ੍ਰਾਪਤੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਉਸ ਦੇ ਸਕੂਲ ਦੇ ਬੱਚੇ ਪੋਸਟਰ ਮੁਕਾਬਲਿਆਂ ਵਿੱਚ ਸਟੇਟ ਪੱਧਰ ਤੇ ਜੇਤੂ ਰਹਿੰਦੇ ਰਹੇ ਹਨ। ਉਹ ਆਪਣੇ ਵਿਸ਼ੇ ਤੋਂ ਇਲਾਵਾ ਹੋਰ ਵਿਸ਼ੇ ਵਧੀਆ ਢੰਗ ਨਾਲ ਪੜ੍ਹਾਉਣ ਲਈ ਨੇੜਲੇ ਸਕੂਲਾਂ ਵਿਚ ਉਤਸ਼ਾਹਿਤ ਕਰਦਾ ਰਿਹਾ ਹੈ। ਇੱਕ ਸਾਲ ਅੱਠਵੀਂ ਦਾ ਗਣਿਤ ਪੜ੍ਹਾਉਣ ਦਾ ਉਸ ਨੂੰ ਮੌਕਾ ਮਿਲਿਆ ਤਾਂ ਬੋਰਡ ਦੇ ਨਤੀਜੇ ਤੋਂ ਵੱਧ ਸਕੂਲ ਦਾ ਨਤੀਜਾ ਲਿਆ ਕੇ ਨਵਾਂ ਇਤਿਹਾਸ ਸਿਰਜਿਆ। ਸੇਵਾ ਮੁਕਤੀ ਉਪਰੰਤ ਵਾਧੇ ਦੌਰਾਣ ਉਸ ਦੀ ਡਿਊਟੀ ਤਿੰਨ ਦਿਨ ਸ.ਹ.ਸ.ਧਬਲਾਨ (ਕੰਪਲੈਕਸ ਸਕੂਲ) ਵਿਖੇ ਲੱਗਣ ਨਾਲ ਉਸ ਸਕੂਲ ਦੀ ਦਿੱਖ ਬਦਲਣ ਅਤੇ ਬੱਚਿਆਂ ਨੂੰ ਹਰੇਕ ਵਿਸ਼ੇ ਦੀ ਪੜ੍ਹਾਈ ਲਈ ਪ੍ਰੇਰਨਾ ਕਰਨ ਦਾ ਗੰਭੀਰਤਾ ਨਾਲ ਉਸਨੇ ਯਤਨ ਕੀਤਾ। ਇਸੇ ਕੋਸ਼ਿਸ਼ ਸਦਕਾ ਪਿਛਲੇ ਸਾਲ ਦੇ ਨਤੀਜਿਆਂ ਨਾਲੋਂ ਸਕੂਲ ਦਾ ਬਿਹਤਰ ਨਤੀਜਾ ਅਇਆ। ਇਸੇ ਕਰਕੇ ਸਿੱਖਿਆ ਸਕੱਤਰ ਵਲੋਂ ਗੁਰਮੇਲ ਸਿੰਘ ਨੂੰ ਉਸ ਦੀ ਵਧੀਆ ਕਾਰਗੁਜ਼ਾਰੀ ਸਦਕਾ ਇੱਕ ਹੋਰ ਪ੍ਰਸ਼ੰਸ਼ਾ-ਪੱਤਰ ਦਿੱਤਾ ਗਿਆ।

ਗੁਰਮੇਲ ਸਿੰਘ ਦਾ ਜਨਮ ਮੱਧ ਵਰਗੀ ਕਿਸਾਨ ਸ਼੍ਰ. ਜੰਗੀਰ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਚੰਦ ਕੌਰ ਦੀ ਕੁੱਖੋਂ 30 ਜਨਵਰੀ 1960 ਨੂੰ ਲੋਪੇ (ਭੋੜੇ) ਜਿਲ੍ਹਾ ਪਟਿਆਲਾ ਵਿਖੇ ਹੋਇਆ। ਉਸ ਨੇ ਪ੍ਰਾਇਮਰੀ ਸਿੱਖਿਆ ਸ.ਪ੍ਰ.ਸ.ਭੋੜੇ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸ.ਹ.ਸ. ਮੱਲ੍ਹੇਵਾਲ ਵਿਖੇ ਪੜ੍ਹਾਈ ਕਰਨ ਉਪਰੰਤ ਇਥੋਂ ਮਾਰਚ 1976 'ਚ ਦਸਵੀਂ ਪਾਸ ਕਰ ਲਈ।

ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ 1980 ਵਿੱਚ ਬੀ.ਏ. ਪਾਸ ਕਰਨ ਉਪਰੰਤ ਸਰਕਾਰੀ ਆਰਟ ਅਤੇ ਕਰਾਫਟ ਟੀਚਰਜ ਟ੍ਰੇਨਿੰਗ ਸੰਸਥਾ ਨਾਭਾ ਤੋਂ ਦੋ ਸਾਲਾ ਡਿਪਲੋਮਾ 1982 ਵਿੱਚ ਪ੍ਰਾਪਤ ਕਰ ਲਿਆ। ਉਸ ਨੇ ਵੀਰ ਹਕੀਕਤ ਰਾਏ ਮਾਡਲ ਸਕੂਲ ਪਟਿਆਲਾ ਵਿਖੇ 13 ਦਸੰਬਰ 1983 ਤੋਂ 14 ਸਤੰਬਰ 1987 ਤੱਕ ਬਤੌਰ ਆਰਟ / ਕਰਾਫਟ ਟੀਚਰ ਸੇਵਾ ਨਿਭਾਈ। ਇਸ ਦੌਰਾਣ 10 ਮਈ 1986 ਨੂੰ ਸ਼੍ਰ. ਸੁਖਦੇਵ ਸਿੰਘ ਪਿੰਡ ਫਤਿਹਗੜ੍ਹ ਭਾਦਸੋਂ (ਸੰਗਰੂਰ) ਦੀ ਪੁੱਤਰੀ ਬਲਜਿੰਦਰ ਕੌਰ ਨਾਲ ਵਿਆਹ ਹੋ ਗਿਆ। ਉਸ ਨੇ ਆਰਮੀ ਸਕੂਲ ਪਟਿਆਲਾ ਵਿਖੇ 15 ਸਤੰਬਰ 1987 ਤੋਂ 25 ਅਕਤੂਬਰ 1994 ਤੱਕ ਬਤੌਰ ਡਰਾਇੰਗ ਅਧਿਆਪਕ ਲਗਨ ਅਤੇ ਮਿਹਨਤ ਨਾਲ ਕੰਮ ਕੀਤਾ। ਇਥੋਂ ਉਸ ਨੇ ਜ਼ਿੰਦਗੀ ਜਿਉਣ ਲਈ ਬਹੁਤ ਕੁਝ ਸਿੱਖਿਆ। ਇਸ ਦੌਰਾਣ ਹੀ ਉਸ ਨੂੰ ਆਤਮਾ ਰਾਮ ਕੁਮਾਰ ਸਭਾ ਸੀ.ਸੈ.ਸ. ਪਟਿਆਲਾ ਦੇ ਏਡਿਡ ਸਕੂਲ ਵਿਖੇ ਬਤੌਰ ਆਰਟ / ਕਰਾਫਟ ਟੀਚਰ ਨੌਕਰੀ ਮਿਲ ਗਈ। ਇਸ ਸਕੂਲ ਵਿੱਚ ਉਸ ਨੇ ਆਪਣੇ ਪਿਛਲੇ ਸਕੂਲਾਂ ਦੇ ਤਜਰਬਿਆ ਸਦਕਾ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਈ ਸ਼ੁਰੂ ਕਰਵਾਈ।



ਇਥੇ ਉਸ ਦੀ ਕਲਾਸ ਦੇ ਦੋ ਬੱਚੇ ਪੀ. ਐਮ. ਟੀ. ਪਾਸ ਕਰ ਚੁੱਕੇ ਹਨ। ਉਸ ਨੇ ਸਰਕਾਰੀ ਨੌਕਰੀ ਵਿੱਚ ਬਤੌਰ ਅ / ਕ ਟੀਚਰ ਨਿਯੁਕਤੀ ਹੋਣ ਉਪਰੰਤ ਸ.ਹ.ਸ. ਲਾਛੜੂ (ਪਟਿਆਲਾ) ਵਿਖੇ 10 ਜਨਵਰੀ 1997 ਨੂੰ ਹਾਜ਼ਰੀ ਦਿੱਤੀ। ਇਥੋਂ ਗੁਰਮੇਲ ਸਿੰਘ ਨੇ 7 ਜੁਲਾਈ 2000 ਨੂੰ ਬਦਲੀ ਹੋਣ ਕਾਰਣ ਸ. ਮਿ. ਸ. ਜਾਹਲਾਂ ਕੰਪਲੈਕਸ ਸ. ਹ. ਸ. ਧਬਲਾਨ ਵਿਖੇ ਹਾਜ਼ਰੀ ਦਿੱਤੀ ਅਤੇ ਸੇਵਾ ਮੁਕਤੀ ਤੱਕ ਇਥੇ ਹੀ ਵਿਲੱਖਣ ਅਧਿਆਪਕ ਦੇ ਤੌਰ ਤੇ ਆਪਣੀਆਂ ਸੇਵਾਵਾਂ ਨਿਭਾਈਆਂ। ਉਹ ਸਕੂਲ ਦੀ ਦਿੱਖ ਸੰਵਾਰਨ ਲਈ ਮੋਹਰੀ ਹੋ ਕੇ ਕੰਮ ਕੀਤਾ। ਸਕੂਲ ਦਾ ਰਿਕਾਰਡ ਉਸ ਵਲੋਂ ਵਧੀਆ ਤਰੀਕੇ ਨਾਲ ਸੰਭਾਲਣ ਲਈ ਉੱਚ ਅਧਿਕਾਰੀਆਂ ਵਲੋਂ ਨਿਰੀਖਣ ਸਮੇਂ ਪ੍ਰਸ਼ੰਸ਼ਾਯੋਗ ਪਾਇਆ ਜਾਂਦਾ ਰਿਹਾ ਹੈ। ਉਹ ਅਧਿਆਪਕ ਯੂਨੀਅਨ ਜੀ. ਟੀ. ਯੂ. ਦਾ ਸਰਗਰਮ ਮੈਂਬਰ ਹੈ।

ਪਟਿਆਲਾ ਵਿਖੇ ਅਧਿਆਪਕਾਂ ਦਾ ਕੋਈ ਵੀ ਧਰਨਾ/ ਰੈਲੀ ਆਦਿ ਹੋਵੇ ਤਾਂ ਉਹ ਮੋਹਰੀ ਹੋ ਕੇ ਲਗਾਈ ਜ਼ਿੰਮੇਵਾਰੀ ਨੂੰ ਨਿਭਾਉਂਦਾ ਹੈ। ਉਹ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦਾ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਹੈ। ਉਹ ਦਫਤਰੀ ਕੰਮਾਂ ਨੂੰ ਕਰਨ ਅਤੇ ਕਰਵਾਉਣ ਦਾ ਮਾਹਿਰ ਹੈ। ਉਹ ਧਾਰਮਿਕ ਥਾਵਾਂ ਦੇ ਦਰਸ਼ਨਾਂ ਲਈ ਅਕਸਰ ਜਾਂਦਾ ਰਹਿੰਦਾ ਹੈ ਕਿਉਂ ਕਿ ਉਸ ਦਾ ਪਾਲਣ ਪੋਸ਼ਣ ਇੱਕ ਧਾਰਮਿਕ ਬਿਰਤੀ ਵਾਲੇ ਪਰਿਵਾਰ 'ਚ ਹੋਇਆ। ਉਹ ਦਸ਼ਮੇਸ਼ ਖਾਲਸਾ ਸ਼ੇਰੇ ਦਲ (ਰਜਿ:) ਸ਼੍ਰੀ ਫਤਿਹਗੜ੍ਹ ਸਾਹਿਬ ਨਾਲ ਨਿਸ਼ਕਾਮ ਸੇਵਾ ਲਈ ਜੁੜਿਆ ਹੋਇਆ ਹੈ। ਉਹ ਇਸ ਦਲ ਨਾਲ ਹਰ ਮਹੀਨੇ ਸੰਗਰਾਂਦ ਅਤੇ ਸਾਲਾਨਾ ਸ਼ਹੀਦੀ ਜੋੜਮੇਲ ਸਮੇਂ ਫਤਿਹਗੜ੍ਹ ਸਾਹਿਬ ਵਿਖੇ ਆਪਣੇ ਜੱਥੇ ਨਾਲ ਨਿਸ਼ਕਾਮ ਸੇਵਾ ਕਰਦਾ ਹੈ। ਵਿਸਾਖੀ ਨੂੰ ਸ਼੍ਰੀ ਆਨੰਦਪੁਰ ਸਾਹਿਬ, ਸ਼ਹੀਦੀ ਪੰਦਰਵਾੜੇ ਸਮੇਂ ਚਮਕੌਰ ਸਾਹਿਬ , ਹੋਰ ਕਿਸੇ ਵੀ ਵੱਡੀ ਸ਼ਤਾਬਦੀ ਮਨਾਉਣ ਸਮੇਂ ਉਥੇ ਜਾ ਕੇ ਸੇਵਾ ਜੱਥੇ ਨਾਲ ਨਿਭਾਉਂਦਾ ਹੈ। ਉਹ ਤਕਰੀਬਨ ਹਰ ਰੋਜ਼ ਰਜਿੰਦਰਾ ਹਸਪਤਾਲ ਸਾਮੀਂ ਜਾ ਲੰਗਰ ਦੀ ਸੇਵਾ ਕਰਦਾ ਹੈ।

ਉਹ ਹਮੇਸ਼ਾਂ ਹਰੇਕ ਦੇ ਦੁੱਖ-ਸੁੱਖ ਦਾ ਸਾਂਝੀਵਾਲ ਬਣ ਕੇ ਵਿਚਰਦਾ ਹੈ। ਉਸ ਦੇ ਦੋ ਭਰਾ ਗੁਰਚਰਨ ਸਿੰਘ ਅਤੇ ਗੁਰਦਰਸ਼ਨ ਸਿੰਘ ਜੱਦੀ ਪਿੰਡ ਲੋਪੇ ਅਤੇ ਭਰਾ ਗਿਆਨ ਸਿੰਘ 'ਲੋਪੇ' ਨਾਭਾ ਵਿਖੇ ਰਹਿ ਰਹੇ ਹਨ। ਉਹ ਆਪਣੇ ਪਰਿਵਾਰ ਨਾਲ ਪ੍ਰਤਾਪ ਨਗਰ ਪਟਿਆਲਾ ਵਿਖੇ ਰਹਿ ਰਿਹਾ ਹੈ। ਵਾਹਿਗੁਰੂ ਜੀ ਹਮੇਸ਼ਾ ਉਸ ਨੂੰ ਸਮਾਜ ਲਈ ਹੋਰ ਵੀ ਵਧੀਆ ਸੇਵਾਵਾਂ ਦੇਣ ਲਈ ਤੰਦਰੁਸਤੀ ਅਤੇ ਚੜ੍ਹਦੀਕਲਾ ਬਖਸ਼ਣ।

## ਦੁਨੀਆ ਲਈ ਵੱਡੀ ਰਾਹਤ: ਤੇਲ-ਗੈਸ ਸੰਕਟ ਹੋਵੇਗਾ ਖ਼ਤਮ

# ਈਰਾਨ ਨੇ 'ਹੋਰਮੁਜ਼ ਸਟ੍ਰੇਟ' ਮੁੜ ਖੋਲ੍ਹਣ ਦੇ ਦਿੱਤੇ ਸੰਕੇਤ

ਨਿਊਯਾਰਕ-ਵਿਸ਼ਵ ਭਰ ਵਿੱਚ ਛਾਏ ਗੰਭੀਰ ਊਰਜਾ (ਤੇਲ ਅਤੇ ਗੈਸ) ਸੰਕਟ ਦੇ ਵਿਚਕਾਰ ਇੱਕ ਬਹੁਤ ਹੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਅਮਰੀਕਾ, ਈਰਾਨ ਅਤੇ ਇਸ ਪੂਰੇ ਮਾਮਲੇ ਵਿੱਚ ਵਿਚੋਲੇ ਦੀ ਭੂਮਿਕਾ ਨਿਭਾ ਰਹੇ ਪਾਕਿਸਤਾਨ ਵੱਲੋਂ ਮਿਲੇ ਸੰਕੇਤਾਂ ਅਨੁਸਾਰ, ਦੋਵਾਂ ਦੇਸ਼ਾਂ ਵਿਚਾਲੇ ਜੰਗਬੰਦੀ ਸਮਝੌਤੇ 'ਤੇ ਸਹਿਮਤੀ ਬਣ ਗਈ ਹੈ। ਇਸ ਇਤਿਹਾਸਕ ਸਮਝੌਤੇ ਨਾਲ ਵਿਸ਼ਵ ਦੀ ਤੇਲ ਸਪਲਾਈ ਲਈ ਸਭ ਤੋਂ ਅਹਿਮ ਲਾਂਘਾ ਮੰਨੇ ਜਾਣ ਵਾਲੇ 'ਹੋਰਮੁਜ਼ ਸਟ੍ਰੇਟ' ਨੂੰ ਆਵਾਜਾਈ ਲਈ ਦੁਬਾਰਾ ਖੋਲ੍ਹਿਆ ਜਾ ਰਿਹਾ ਹੈ।

30 ਦਿਨਾਂ 'ਚ ਹਾਲਾਤ ਹੋਣਗੇ ਪਹਿਲਾਂ ਵਰਗੇ-ਈਰਾਨ ਨੇ ਇੱਕ ਵੱਡਾ ਐਲਾਨ ਕਰਦਿਆਂ ਕਿਹਾ ਕਿ ਹੋਰਮੁਜ਼ ਸਟ੍ਰੇਟ ਤੋਂ ਗੁਜ਼ਰਨ ਵਾਲੇ ਜਹਾਜ਼ਾਂ ਦੀ ਗਿਣਤੀ ਅਗਲੇ 30 ਦਿਨਾਂ ਦੇ ਅੰਦਰ ਜੰਗ ਤੋਂ ਪਹਿਲਾਂ ਵਾਲੇ ਪੱਧਰ 'ਤੇ ਆ ਜਾਵੇਗੀ। ਈਰਾਨੀ ਸਮਾਚਾਰ ਏਜੰਸੀ 'ਤਸਨੀਮ' ਅਨੁਸਾਰ ਅਧਿਕਾਰੀਆਂ ਨੂੰ ਉਮੀਦ ਹੈ ਕਿ ਇੱਕ ਮਹੀਨੇ ਦੇ ਅੰਦਰ ਇਸ ਸਮੁੰਦਰੀ ਰਸਤੇ ਤੋਂ ਜਹਾਜ਼ ਅਤੇ ਤੇਲ ਟੈਂਕਰ ਉਸੇ ਤਰ੍ਹਾਂ ਗੁਜ਼ਰਨ ਲੱਗਣਗੇ, ਜਿਵੇਂ 28 ਫਰਵਰੀ ਨੂੰ ਸੰਘਰਸ਼ ਸ਼ੁਰੂ ਹੋਣ ਤੋਂ ਪਹਿਲਾਂ ਗੁਜ਼ਰਦੇ ਸਨ।

ਹੋਰਮੁਜ਼ ਸਟ੍ਰੇਟ ਦੇ ਬੰਦ ਹੋਣ ਕਾਰਨ ਭਾਰਤ ਅਤੇ ਇਸ ਦੇ ਗੁਆਂਢੀ ਦੇਸ਼ਾਂ ਨੂੰ ਖਾੜੀ ਦੇਸ਼ਾਂ ਤੋਂ ਤੇਲ ਅਤੇ ਗੈਸ ਦੀ ਸਪਲਾਈ ਬੰਦ ਹੋ ਗਈ ਸੀ, ਜਿਸ ਕਾਰਨ ਇਨ੍ਹਾਂ ਦੇਸ਼ਾਂ ਨੂੰ ਭਾਰੀ ਊਰਜਾ ਸੰਕਟ ਦਾ ਸਾਹਮਣਾ ਕਰਨਾ ਪਿਆ। ਜ਼ੰਗ ਸ਼ੁਰੂ ਹੋਣ ਤੋਂ ਪਹਿਲਾਂ ਇਸ ਰਸਤੇ ਰਾਹੀਂ ਰੋਜ਼ਾਨਾ 125 ਤੋਂ 140 ਜਹਾਜ਼ ਗੁਜ਼ਰਦੇ ਸਨ।

ਅਮਰੀਕੀ ਵਿਦੇਸ਼ ਮੰਤਰੀ ਦਾ ਬਿਆਨ: ਭਾਰਤ ਦੌਰੇ 'ਤੇ ਆਏ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਵੀ ਉਮੀਦ ਜਤਾਈ ਹੈ ਕਿ ਇਸ ਸਮਝੌਤੇ ਨਾਲ ਜਲਦ ਹੀ ਚੰਗੀ ਖ਼ਬਰ ਮਿਲੇਗੀ ਅਤੇ ਤੇਲ ਦੀ ਸਪਲਾਈ ਬਹਾਲ ਹੋਵੇਗੀ।

ਇਸ ਸਮਝੌਤੇ ਨੂੰ ਨੇਪਰੇ ਚਾੜ੍ਹਨ ਵਿੱਚ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਅਸੀਮ ਮੁਨੀਰ ਨੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਸ਼ਨੀਵਾਰ ਨੂੰ ਤੇਹਰਾਨ ਵਿੱਚ ਸੀਨੀਅਰ ਈਰਾਨੀ ਅਧਿਕਾਰੀਆਂ ਨਾਲ ਉੱਚ-ਪੱਧਰੀ ਬੈਠਕਾਂ ਕੀਤੀਆਂ। ਪਾਕਿਸਤਾਨੀ ਫ਼ੌਜ ਵੱਲੋਂ ਜਾਰੀ ਬਿਆਨ ਅਨੁਸਾਰ, ਇਸ ਗੱਲਬਾਤ ਦੌਰਾਨ ਸਮਝੌਤੇ ਦੀ ਦਿਸ਼ਾ ਵਿੱਚ ਬਹੁਤ ਹੀ 'ਉਤਸ਼ਾਹਜਨਕ ਪ੍ਰਗਤੀ' ਹੋਈ ਹੈ।

ਵਿਸ਼ਵ ਭਰ ਦੇ ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਅਗਲੇ ਇੱਕ ਮਹੀਨੇ ਵਿੱਚ ਇਹ ਰਸਤਾ ਪੂਰੀ ਤਰ੍ਹਾਂ ਖੁੱਲ੍ਹ ਜਾਂਦਾ ਹੈ, ਤਾਂ ਕੌਮਾਂਤਰੀ ਬਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵੱਡੀ ਗਿਰਾਵਟ ਦੇਖਣ ਨੂੰ ਮਿਲੇਗੀ, ਜਿਸ ਨਾਲ ਭਾਰਤ ਵਰਗੇ ਵੱਡੇ ਆਯਾਤਕ ਦੇਸ਼ਾਂ ਨੂੰ ਸਭ ਤੋਂ ਵੱਧ ਫ਼ਾਇਦਾ ਹੋਵੇਗਾ।

# ਇੱਥੇ ਤਾਂ ਪੰਜਾਬੀ ਭੁੱਖੇ ਮਰਦੇ ਆ !

ਸਰਬਜੀਤ ਸਿੰਘ ਜਰਮਨੀ
Tirthsingh3@yahoo.com

ਪੰਜਾਬ ਸਾਡੇ ਗੁਰੂਆਂ ਪੀਰਾਂ ਦੀ ਧਰਤੀ ਹੈ ਤੇ ਉਸ ਦੀ ਮਿੱਟੀ ਵਿੱਚ ਉਹ ਮੋਹ ਪਿਆਰ ਹੈ ਜੋ ਸਾਨੂੰ ਹਰ ਵਕਤ ਆਪਣੇ ਵੱਲ ਨੂੰ ਖਿੱਚਦਾ ਹੈ। ਬਾਕੀ ਜਿੱਥੇ ਸਾਡਾ ਦਾਣਾ ਪਾਣੀ ਲਿਖਿਆ ਹੁੰਦਾ ਸਾਨੂੰ ਉਸ ਥਾਂ ਖਿੱਚ ਲਿਆਉਂਦਾ ਹੈ। ਸਾਨੂੰ ਪੰਜਾਬੀਆਂ ਨੂੰ ਸਾਡੇ ਗੁਰੂ ਸਾਹਿਬਾਨਾਂ ਨੇ ਇੱਕ ਵੱਖਰੀ ਪਹਿਚਾਣ ਤੇ ਵੱਖਰੀ ਤਾਕਤ ਦਿੱਤੀ ਹੈ ਜਿਸ ਨਾਲ ਅਸੀਂ ਜਿੱਥੇ ਵੀ ਜਾਂਦੇ ਹਾਂ ਉੱਥੇ ਆਪਣੀ ਮਿਹਨਤ ਨਾਲ ਆਪਣੀ ਵੱਖਰੀ ਪਹਿਚਾਣ ਕਾਇਮ ਕਰ ਲੈਂਦੇ ਹਾਂ। ਹਰ ਥਾਂ ਪੰਜਾਬੀਆਂ ਦੀ ਜਿੱਤ ਦੇ, ਆਪਸੀ ਭਾਈਚਾਰਕ ਸਾਂਝ ਦੇ ਨਿਸ਼ਾਨ ਝੂਲ ਰਹੇ ਹਨ। ਹਾਂ ਇਹ ਵੀ ਪੰਜਾਬੀਆਂ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਜਦੋਂ ਵੀ ਪੰਜਾਬੀਆਂ ਦੀ ਹਾਰ ਹੋਈ, ਜਦੋਂ ਵੀ ਪੰਜਾਬੀਆਂ ਨਾਲ ਧੱਕਾ ਹੋਇਆ ਉੱਥੇ ਸਾਡੇ ਆਪਣੇ ਹੀ ਪੰਜਾਬੀ ਗ਼ੱਦਾਰਾਂ ਦੀ ਮਿਲੀ ਭੁਗਤ ਕਰਕੇ ਹੋਇਆ।

ਜਦੋਂ ਵੀ ਪੰਜਾਬ ਵਿੱਚੋਂ ਕੋਈ ਬਾਹਰ ਦੇ ਕਿਸੇ ਦੇਸ਼ ਨੂੰ ਜਾਂਦਾ ਹੈ ਤਾਂ ਉਹ ਪਹਿਲਾਂ ਤੋਂ ਉੱਥੇ ਰਹਿੰਦੇ ਆਪਣੇ ਰਿਸ਼ਤੇਦਾਰਾਂ ਜਾਂ ਮਿੱਤਰਾਂ ਦੋਸਤਾਂ ਤੋਂ ਉਸ ਦੇਸ਼ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਫੇਰ ਹੀ ਉਸ ਦੇਸ਼ ਲਈ ਉਡਾਰੀ ਮਾਰਦਾ ਹੈ। ਕਿਹੜਾ ਦੇਸ਼ ਹੈ ਜਿੱਥੇ ਪੰਜਾਬੀਆਂ ਨੇ ਆਪਣੀ ਮਿਹਨਤ ਨਾਲ ਵਾਹ ਵਾਹ ਨਹੀਂ ਖੱਟੀ? ਪੰਜਾਬੀਆਂ ਦੀ ਮਿਹਨਤ ਨੂੰ ਦੇਖ ਕੇ ਤਾਂ ਦੂਜੀਆਂ ਕੌਮਾਂ ਦੇ ਲੋਕ ਹੈਰਾਨ ਹਨ ਕਿ ਪਤਾ ਨਹੀਂ ਇਹ ਸੱਤੇ ਦਿਨ 16-16 ਘੰਟੇ ਕੰਮ ਕੀ ਖਾ ਕੇ ਕਰ ਲੈਂਦੇ ਹਨ! ਸ਼ਾਇਦ ਸਾਨੂੰ ਇਹ ਵੱਖਰੀ ਤਾਕਤ ਸਾਡੇ ਗੁਰੂ ਸਾਹਿਬਾਨਾਂ ਦੀ ਬਖਸ਼ਿਸ਼, ਕਿਰਪਾ ਹੈ।

ਜਿਵੇਂ ਪਰਿਵਾਰ ਵਿੱਚ ਇੱਕ ਜੀਅ ਜ਼ਿਆਦਾ ਮਿਹਨਤ ਕਰਦਾ ਹੈ ਜਾਂ ਕਹਿ ਲਓ ਜਿਆਦਾ ਤਾਕਤਵਰ ਹੁੰਦਾ ਹੈ ਉਹ ਪਰਿਵਾਰ ਵਿੱਚ ਸਭ ਦੀ ਮਦਦ ਕਰਦਾ ਹੈ। ਠੀਕ ਇਸੇ ਤਰ੍ਹਾਂ ਯੂਰਪੀਅਨ ਸੰਘ ਦੇ 27 ਦੇਸ਼ ਹਨ ਜੋ ਇੱਕ ਦੂਜੇ ਦੀ ਮਦਦ ਕਰਦੇ ਹਨ। ਜੇਕਰ ਤੁਹਾਡੇ ਕੋਲ ਇਹਨਾਂ 27 ਦੇਸ਼ਾਂ ਵਿੱਚੋਂ ਕਿਸੇ ਇੱਕ ਦੇਸ਼ ਦਾ ਵੀਜ਼ਾ ਹੈ ਤਾਂ ਤੁਸੀਂ ਕਨੂੰਨੀ ਤੌਰ ਤੇ ਹਵਾਈ ਜਹਾਜ਼, ਬੱਸ, ਰੇਲਗੱਡੀ ਰਾਹੀਂ ਬਾਕੀ ਦੇ 26 ਦੇਸ਼ਾਂ ਵਿੱਚ ਬਿਨਾਂ ਕਿਸੇ ਰੁਕਾਵਟ ਘੁੰਮਣ ਲਈ ਜਾ ਸਕਦੇ ਹੋ। ਹਾਂ ਜੇਕਰ ਤੁਸੀਂ ਇੱਕ ਦੇਸ਼ ਦੇ ਵੀਜ਼ੇ ਤੇ ਦੂਜੇ ਦੇਸ਼ ਵਿੱਚ ਕੰਮ ਕਰਨਾ ਚਾਹੁੰਦੇ ਹੋ ਤਾਂ ਹਰ ਦੇਸ਼ ਦੇ ਕਨੂੰਨ ਵੱਖਰੇ ਹਨ। ਜੇਕਰ ਤੁਹਾਡੇ ਕੋਲ ਇੱਕ ਦੇਸ਼ ਦਾ ਪਾਸਪੋਰਟ ਹੈ ਤਾਂ ਵੀ ਤੁਸੀਂ ਬਾਕੀ ਦੇ ਸਾਰੇ ਦੇਸ਼ਾਂ ਵਿੱਚੋ ਕਿਸੇ ਵੀ ਦੇਸ਼ ਵਿੱਚ ਕਨੂੰਨੀ ਤੌਰ ਤੇ ਰਹਿ ਸਕਦੇ ਹੋ ਤੇ ਕੰਮ ਕਰ ਸਕਦੇ ਹੋ। ਇਹ 27 ਦੇਸ਼ ਜਰਮਨੀ, ਪੁਰਤਗਾਲ, ਆਸਟ੍ਰੀਆ, ਬੈਲਜੀਅਮ, ਬੁਲਗਾਰੀਆ, ਪੋਲੈਂਡ, ਕਰੋਏਸ਼ੀਆ, ਸਪੇਨ, ਸਲੋਵੇਨੀਆ, ਸਵੀਡਨ, ਸਾਇਪ੍ਰਸ,ਚੈਕ ਗਣਰਾਜ, ਰੋਮਾਨੀਆ, ਸਲੋਵਾਕੀਆ, ਨੀਦਰਲੈਂਡ, ਡੈਨਮਾਰਕ, ਇਸਟੋਨੀਆ, ਫਿਨਲੈਂਡ, ਫਰਾਂਸ, ਗ੍ਰੀਸ, ਹੰਗਰੀ, ਆਇਰਲੈਂਡ, ਇਟਲੀ, ਲਾਤਵੀਆ, ਲਿਥੁਆਨੀਆ, ਲਕਜ਼ਮਬਰਗ, ਮਾਲਟਾ ਹਨ।

ਜਦੋਂ ਅਸੀਂ ਕਿਸੇ ਵੀ ਦੇਸ਼ ਦੀ ਆਰਥਿਕਤਾ ਅਤੇ ਸਮਾਜਿਕ ਵਿਕਾਸ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਉਸ ਦੇਸ਼ ਵਿੱਚ ਰਹਿ ਰਹੇ ਲੋਕਾਂ ਤੋਂ ਨਾ ਕਿ ਇੱਕ ਤੋਂ ਸਗੋਂ ਜਿਆਦਾ ਲੋਕਾਂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਾਂ। ਗੱਲ ਕਰਦੇ ਹਾਂ ਕੁਝ ਦਿਨ ਪਹਿਲਾਂ ਇੱਕ ਵਿਹਲੜ ਪੰਜਾਬੀ ਸਫ਼ਰੀ ਜੋੜਾ ਜਿਸ ਨੂੰ ਲੋਕ ਸ਼ੋਸ਼ਲ ਮੀਡੀਆ ਤੇ punjabi travel couple ਦੇ ਨਾਮ ਨਾਲ ਜਾਣਦੇ ਹਨ। ਉਹਨਾਂ ਵਲੋਂ ਪੁਰਤਗਾਲ ਵਿੱਚ ਰਹਿੰਦੇ ਪੰਜਾਬੀ ਭਾਈਚਾਰੇ ਦੀ ਜ਼ਿੰਦਗੀ ਨੂੰ ਸਿਰਫ਼ ਕੁਝ ਮਾੜੇ ਦ੍ਰਿਸ਼ ਦਿਖਾ ਕੇ ਪੇਸ਼ ਕਰਨਾ ਸਾਰੇ ਪੰਜਾਬੀਆਂ ਨਾਲ ਨਿਆਂ ਨਹੀਂ ਹੈ। ਹਰ ਦੇਸ਼ ਵਿੱਚ ਚੰਗੇ ਤੇ ਮਾੜੇ ਹਾਲਾਤ ਹੁੰਦੇ ਹਨ, ਹਰ ਦੇਸ਼ ਵਿੱਚ ਗਰੀਬ ਤੇ ਅਮੀਰ ਲੋਕ ਹੁੰਦੇ ਹਨ। ਹਜ਼ਾਰਾਂ ਪੰਜਾਬੀ ਵੀਰ ਇੱਥੇ ਆਪਣੀ ਸਖ਼ਤ ਮਿਹਨਤ ਨਾਲ ਆਪਣਾ ਘਰ ਪਰਿਵਾਰ ਬਹੁਤ ਵਧੀਆ ਪਾਲ ਰਹੇ ਹਨ, ਬਹੁਤੇ ਪੰਜਾਬੀ ਆਪਣੇ ਵੱਡੇ ਕਾਰੋਬਾਰ ਚਲਾ ਰਹੇ ਹਨ ਅਤੇ ਆਪਣੇ ਬੱਚਿਆਂ ਦਾ ਭਵਿੱਖ ਸਵਾਰਨ ਦੇ ਨਾਲ ਨਾਲ ਪਿੱਛੇ ਪੰਜਾਬ ਵਿੱਚ ਦੂਜੇ ਲੋੜਵੰਦ ਪਰਿਵਾਰਾਂ ਦੀ ਮਦਦ ਵੀ ਕਰ ਰਹੇ ਹਨ। ਕਿਸੇ ਇੱਕ ਜਾਂ ਦੋ ਲੋਕਾਂ ਦੀ ਮੁਸ਼ਕਲ ਨੂੰ ਪੂਰੇ ਪੰਜਾਬੀ ਭਾਈਚਾਰੇ ਦੀ ਤਸਵੀਰ ਬਣਾਕੇ ਦਿਖਾਉਣਾ ਬਹੁਤ ਜ਼ਿਆਦਾ ਗਲਤ ਹੈ। ਅਸਲ ਹਕੀਕਤ ਉਹ ਲੋਕ ਜਾਣਦੇ ਹਨ ਜੋ ਸਾਲਾਂ ਤੋਂ ਪੁਰਤਗਾਲ ਵਿੱਚ ਰਹਿ ਰਹੇ ਹਨ, ਸਰਕਾਰੀ ਟੈਕਸ ਭਰਦੇ ਹਨ, ਆਪਣੀ ਇਮਾਨਦਾਰੀ, ਮਿਹਨਤ ਤੇ ਇੱਜ਼ਤ ਨਾਲ ਕੰਮ ਕਰਦੇ ਹਨ ਅਤੇ ਸਮਾਜ ਵਿੱਚ ਆਪਣਾ ਵੱਡਾ ਯੋਗਦਾਨ ਪਾ ਰਹੇ ਹਨ। ਮੈਨੂੰ ਇੱਥੇ ਇਹ ਲਿਖਣ ਲਈ ਕੋਈ ਵੀ ਅਚੰਭਾ ਨਹੀਂ ਲੱਗ ਰਿਹਾ ਕਿ ਅੱਜ ਪੁਰਤਗਾਲ ਦੀ ਧਰਤੀ ਤੇ ਪੰਜਾਬੀ ਸਿਰਫ਼ ਮਜ਼ਦੂਰ ਨਹੀਂ, ਸਗੋਂ ਵੱਡੇ ਕਾਰੋਬਾਰੀ, ਆਪਣੇ ਪਰਿਵਾਰਾਂ ਦੇ ਸਹਾਰੇ ਅਤੇ ਆਪਣੀ ਕੌਮ ਦੀ ਸ਼ਾਨ ਬਣ ਕੇ ਜ਼ਿੰਦਗੀ ਬਤੀਤ ਕਰ ਰਹੇ ਹਨ। ਕੁਝ ਇੱਕ ਮੁਸ਼ਕਲਾਂ ਹਰ ਦੇਸ਼ ਵਿੱਚ ਹੁੰਦੀਆਂ ਹਨ, ਪਰ ਪੰਜਾਬੀ ਹੀ ਇੱਕ ਐਸੀ ਕੌਮ ਹੈ ਜੋ ਹਨੇਰੇ ਵਿੱਚ ਵੀ ਚਾਨਣ ਲੱਭ ਲੈਣ ਦਾ ਦਮ ਰੱਖਦੀ ਹੈ। ਸੁਣਨ ਵਿੱਚ ਆਇਆ ਹੈ ਕਿ ਇਸ ਸਰਦਾਰ ਬੰਦੇ ਨੇ ਪੁਰਤਗਾਲ ਵਿੱਚ ਪੱਕੇ ਤੌਰ ਤੇ ਵੱਸਦੇ ਵੱਡੇ ਵੱਡੇ ਕਾਰੋਬਾਰੀ ਮਾਲਕਾ ਨੂੰ ਆਪਣੀ ਮਸ਼ਹੂਰੀ ਕਰਨ ਦੀ ਪੇਸ਼ਕਸ਼ ਕੀਤੀ ਸੀ ਪਰ ਉਹਨਾਂ ਨੂੰ ਇਸ ਬੰਦੇ ਦੀ ਬਿਲਕੁਲ ਵੀ ਲੋੜ ਨਹੀਂ ਹੈ ਕਿਉਂਕਿ ਉਹਨਾਂ ਦੇ ਕਾਰੋਬਾਰ ਕਈ ਕਈ ਦਹਾਕਿਆਂ ਤੋਂ ਬਹੁਤ ਵਧੀਆ ਚੱਲ ਰਹੇ ਹਨ ਤੇ ਚੰਗਾ ਪੈਸਾ ਵੀ ਕਮਾ ਰਹੇ ਹਨ ਤੇ ਨਵੇਂ ਆਏ ਪੰਜਾਬੀਆਂ ਦੀ ਲੋੜੀਂਦੀ ਮਦਦ ਵੀ ਕਰਦੇ ਹਨ। ਦੁਨੀਆਂ ਵਿੱਚ ਵੱਸਦੇ ਸਾਰੇ ਪੰਜਾਬੀਆਂ ਨੂੰ ਮੇਰੀ ਬੇਨਤੀ ਹੈ ਕਿ ਇਸ ਇੱਕ ਵੀਡੀਓ ਨਾਲ ਪੁਰਤਗਾਲ ਵਿੱਚ ਵੱਸਦੇ ਪੂਰੇ ਪੰਜਾਬੀਆਂ ਨੂੰ ਨਾ ਤੋਲੋ, ਕਿਉਂਕਿ ਮਿਹਨਤ ਦੀਆਂ ਅਸਲ ਕਹਾਣੀਆਂ ਤਾਂ ਉਹਨਾਂ ਚਿਹਰਿਆਂ ਤੇ ਲਿਖੀਆਂ ਹੁੰਦੀਆਂ ਹਨ ਜੋ ਹਰ ਸਵੇਰ ਮਿਹਨਤ ਨਾਲ ਆਪਣੀ ਕਿਸਮਤ ਬਦਲ ਕੇ ਦੇਰ ਰਾਤ ਘਰ ਪਰਤਦੇ ਹਨ। ਪੁਰਤਗਾਲ ਵਿੱਚ ਪੰਜਾਬੀ ਭਾਈਚਾਰਾ ਜਿਆਦਾਤਰ ਰੈਸਟੋਰੈਂਟ, ਕਰਿਆਨੇ ਦੀਆਂ ਥੋਕ ਦੀਆਂ ਦੁਕਾਨਾਂ, ਟਰਾਂਸਪੋਰਟ ਕੰਪਨੀਆਂ, ਟੈਕਸੀ, ਫਲਾਂ ਅਤੇ ਸਬਜ਼ੀਆਂ ਦੀ ਖੇਤੀ, ਕਨਸਟ੍ਰਕਸ਼ਨ ਕੰਪਨੀਆਂ, ਮਿੰਨੀ ਮਾਰਕੀਟ ਅਤੇ ਕਨਵੀਨੀਅੰਸ ਸਟੋਰ, ਸੈਲੂਨ, ਮੋਬਾਈਲ ਅਤੇ ਇਲੈਕਟ੍ਰਾਨਿਕਸ ਦੀਆਂ ਦੁਕਾਨਾਂ, ਖੇਤੀਬਾੜੀ ਅਤੇ ਛੋਟੇ ਵਪਾਰਾਂ ਵਿੱਚ ਕੰਮ ਹਨ। ਖਾਸ ਕਰਕੇ ਲਿਸਬਨ, ਪੋਰਟੋ, ਅਲਬੁਫੇਰਾ ਅਤੇ ਫਾਰੋ ਇਲਾਕਿਆਂ ਵਿੱਚ ਪੰਜਾਬੀਆਂ ਦੇ ਕਈ ਕਾਰੋਬਾਰ ਹਨ। ਪੁਰਤਗਾਲ ਵਿੱਚ ਪੰਜਾਬੀਆਂ ਦੀ ਤਰੱਕੀ ਇਸ ਗੱਲ ਦੀ ਵੀ ਗਵਾਹੀ ਭਰਦੀ ਹੈ ਕਿ ਪੰਜਾਬੀ ਭਾਈਚਾਰੇ ਕੋਲ ਆਪਣੇ ਲਈ ਸਰਕਾਰੀ ਡਾਕਟਰ ਸਾਹਿਬ ਵੀ ਪੰਜਾਬੀ ਹਨ।

ਜਿੱਥੇ ਜਿੱਥੇ ਵੀ ਪੰਜਾਬੀ ਭਾਈਚਾਰਾ ਵੱਸਦਾ ਹੈ ਉੱਥੇ ਉਹਨਾਂ ਸਖ਼ਤ ਮਿਹਨਤ ਕਰਕੇ ਜਿੱਥੇ ਆਪਣਾ ਘਰ ਪਰਿਵਾਰ ਬਣਾਇਆ ਉੱਥੇ ਸ਼ੁਕਰਾਨਾ ਕਰਨ ਤੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਦਰਸ਼ਨ ਕਰਨ ਲਈ ਗੁਰਦੁਆਰਾ ਸਾਹਿਬ ਵੀ ਬਣਾਏ। ਪੁਰਤਗਾਲ ਵਿੱਚ ਹੁਣ ਤੱਕ 6 ਪ੍ਰਸਿੱਧ ਗੁਰਦੁਆਰਾ ਸਾਹਿਬ ਖੁੱਲ ਚੁੱਕੇ ਹਨ ਜਿਹਨਾਂ ਵਿੱਚ ਆਏ ਦਿਨ ਰੌਣਕਾਂ ਵੇਖੀਆਂ ਜਾਂਦੀਆਂ ਹਨ। ਜਿਸ ਗੁਰਦੁਆਰਾ ਸਾਹਿਬ ਵਿਖੇ ਇਸ ਸਰਦਾਰ ਨੇ ਵੀਡੀਓ ਬਣਾਈ ਹੈ ਉੱਥੇ ਸੰਗਤਾਂ ਨੂੰ ਫੋਟੋ ਜਾਂ ਵੀਡੀਓ ਬਣਾਉਣ ਤੇ ਪਾਬੰਦੀ ਹੈ, ਇੱਥੋਂ ਤੱਕ ਕਿ ਗੁਰਦੁਆਰਾ ਸਾਹਿਬ ਦੇ ਬਾਹਰ ਸੜਕ ਤੇ ਜਾ ਕੇ ਜਿੱਥੋ ਪਿੱਛੇ ਕੇਵਲ ਗੁਰਦੁਆਰਾ ਸਾਹਿਬ ਦਾ ਮੁੱਖ ਦਰਵਾਜ਼ਾ ਦਿਖਾਈ ਦਿੰਦਾ ਹੈ ਖੜ ਕੇ ਫੋਟੋ ਖਿੱਚਣ ਦੀ ਵੀ ਮਨਾਹੀ ਹੈ। ਮਨਾਹੀ ਬਾਰੇ ਗੁਰਦੁਆਰਾ ਸਾਹਿਬ ਦੇ ਅੰਦਰ ਮੋਟਾ ਮੋਟਾ ਲਿਖਿਆ ਵੀ ਗਿਆ ਹੈ।

੧ ਗੁਰਦੁਆਰਾ ਸਿੱਖ ਸੰਗਤ ਸਾਹਿਬ (ਓਡੀਵੇਲਾਸ, ਲਿਸਬਨ, ਪੁਰਤਗਾਲ)

੨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ(ਅਲਬੁਫੇਰਾ, ਪੁਰਤਗਾਲ)

੩ ਗੁਰਦੁਆਰਾ ਗੁਰੂ ਨਾਨਕ ਦਰਬਾਰ( ਬੋਵਿਸਟਾ, ਪੁਰਤਗਾਲ)

੪ ਗੁਰਦੁਆਰਾ ਸ਼੍ਰੀ ਗੁਰੂ ਰਾਮਦਾਸ ਜੀ( ਮੋਇਤਾ, ਪੁਰਤਗਾਲ)

੫ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ(ਪੋਰਟੋ, ਪੁਰਤਗਾਲ)

੬ ਗੁਰਦੁਆਰਾ ਸਿੱਖ ਸੈਂਟਰ( ਓਡੀਵੇਲਾਸ , ਲਿਸਬਨ, ਪੁਰਤਗਾਲ)

ਪੁਰਤਗਾਲ ਵਿੱਚ ਗੁਰਦੁਆਰਾ ਸਿੱਖ ਸੰਗਤ ਸਾਹਿਬ, ਲਿਸਬਨ ਪੰਜਾਬੀ ਭਾਈਚਾਰੇ ਦੀ ਕਾਰੋਬਾਰੀ ਸਾਂਝ ਦਾ ਮੁੱਖ ਕੇਂਦਰ ਵੀ ਮੰਨਿਆ ਜਾਂਦਾ ਹੈ। ਪੁਰਤਗਾਲ ਵਿੱਚ ਕੁਝ ਪੰਜਾਬੀ ਭਾਈਚਾਰੇ ਦੇ ਪੜ੍ਹੇ ਲਿਖੇ ਨੌਜਵਾਨ ਸਮਾਜਕ ਅਤੇ ਸਿੱਖਿਅਕ ਕਾਰਜਾਂ ਲਈ ਵੀ ਜਾਣੇ ਜਾਂਦੇ ਹਨ। ਉਹ ਆਪਣੇ ਪੰਜਾਬੀ ਭਾਈਚਾਰੇ ਨੂੰ ਅੱਗੇ ਲੈ ਜਾਣ ਅਤੇ ਪੰਜਾਬੀ ਨੌਜਵਾਨਾਂ ਨੂੰ ਪੜ੍ਹਾਈ ਅਤੇ ਕਾਰੋਬਾਰ ਵੱਲ ਪ੍ਰੇਰਿਤ ਕਰਨ ਦਾ ਕੰਮ ਕਰ ਰਹੇ ਹਨ।

ਪੰਜਾਬੀਆਂ ਦੀ ਇੱਕ ਵੱਡੀ ਖਾਸੀਅਤ ਇਹ ਹੈ ਕਿ ਉਹ ਆਪਸੀ ਸਹਿਯੋਗ ਨਾਲ ਅੱਗੇ ਵਧਦੇ ਹਨ। ਇੱਕ ਵਿਅਕਤੀ ਦੁਕਾਨ ਜਾਂ ਕੰਪਨੀ ਖੋਲ੍ਹਦਾ ਹੈ ਤਾਂ ਬਾਅਦ ਵਿੱਚ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਵੀ ਕੰਮ ਤੇ ਲਾ ਲੈਂਦਾ ਹੈ। ਇਸ ਤਰ੍ਹਾਂ ਇੱਕੋ ਕਾਰੋਬਾਰ ਨਾਲ ਹੌਲੀ-ਹੌਲੀ ਕਈ ਪਰਿਵਾਰ ਅਮੀਰ ਅਤੇ ਸਥਾਪਿਤ ਹੋ ਜਾਂਦੇ ਹਨ।

ਅਖੀਰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਮੇਰੀ ਹੱਥ ਜੋੜ ਬੇਨਤੀ ਹੈ ਕਿ ਸ਼ੋਸ਼ਲ ਮੀਡੀਆ ਤੇ ਇਸ ਤਰ੍ਹਾਂ ਦੇ ਲੋਕਾਂ ਨੂੰ ਲਾਇਕ, ਸ਼ੇਅਰ ਜਾਂ ਟਿੱਪਣੀ ਕਰਨ ਦੀ ਥਾਂ ਰਿਪੋਰਟ ਕਰਿਆ ਕਰੋ ਤਾਂ ਜੋ ਅਸੀਂ ਦੁਨੀਆਂ ਨੂੰ ਕੁਝ ਚੰਗਾ ਸੰਦੇਸ਼ ਦੇਈਏ ਤੇ ਚੰਗੇ ਪਾਸੇ ਵੱਲ ਤੋਰੀਏ। ਸ਼ੋਸ਼ਲ ਮੀਡੀਆ ਤੇ ਪੰਜਾਬੀ ਰੀਲਾਂ ਤੇ ਬਲੋਗ ਬਣਾਉਣ ਵਾਲੇ ਕੁਝ ਇਸ ਤਰ੍ਹਾਂ ਦੇ ਗ਼ਲਤ ਲੋਕਾਂ ਕਰਕੇ ਅਸੀਂ ਨਾਮ ਨਹੀਂ ਕਮਾ ਰਹੇ ਸਗੋਂ ਬੇ-ਵਜ੍ਹਾ ਬਦਨਾਮ ਹੋ ਰਹੇ ਹਾਂ। ਇਸ ਸਰਦਾਰ ਨੇ ਪੁਰਤਗਾਲ ਦੇ ਪ੍ਰਸਿੱਧ ਫੁੱਟਬਾਲ ਖਿਡਾਰੀ ਕ੍ਰਿਸਟੀਆਨੋ ਰੋਨਾਲਡੋ ਦਾ ਘਰ ਤਾਂ ਵੀਡੀਓ ਵਿੱਚ ਵਿਖਾਇਆ ਪਰ ਉਸੇ ਪਿੰਡ ਵਿੱਚ ਉਸ ਦੇ ਘਰ ਲਾਗੇ ਪੰਜਾਬੀ ਵੀਰ ਦੇ ਘਰ ਬਾਰੇ ਬਿਲਕੁਲ ਵੀ ਨਹੀਂ ਦੱਸਿਆ। ਕੀ ਇਹ ਗਲਤੀ ਨਹੀਂ? ਪੁਰਤਗਾਲ ਵਿੱਚ ਰਹਿਣ ਵਾਲੇ ਸ਼ੋਸ਼ਲ ਮੀਡੀਆ ਦੇ ਨਾਮਵਰ ਲੋਕਾਂ ਨੂੰ ਵੀ ਇਸ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕੁੱਲ 12 ਮਿਸਲਾਂ ਸਨ, ਉਹਨਾਂ ਦੇ ਆਪਸੀ ਵਿਚਾਰ ਭਿੰਨ ਹੋਣ ਕਰਕੇ ਹਮੇਸ਼ਾ ਲੜਦੇ ਰਹਿੰਦੇ ਪਰ ਜਦੋਂ ਗੱਲ ਆਪਣੀ ਕੌਮ ਤੇ ਦੇਸ਼ ਦੀ ਆਉਂਦੀ ਤਾਂ ਇਕੱਠੇ ਹੋ ਕੇ ਸਾਹਮਣਾ ਕਰਦੇ ਸਨ।

ਪੁਰਤਗਾਲ ਦੇ ਸਾਰੇ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਵੀ ਇਸ ਬਾਰੇ ਸਾਂਝਾ ਵਿਚਾਰ ਕਰਕੇ ਕੋਈ ਨਿਰਣਾ ਜ਼ਰੂਰ ਲੈਣਾ ਚਾਹੀਦਾ ਹੈ। ਯੂਰਪ ਦੇ ਕਈ ਦੇਸ਼ਾਂ ਤੋਂ ਨੌਜਵਾਨ ਪੁਰਤਗਾਲ ਵਿੱਚ ਕਨੂੰਨੀ ਪੇਪਰ ਲੈ ਕੇ ਕੰਮ ਕਰਦੇ ਹਨ। ਜੇਕਰ ਇਹ ਵੀਡੀਓ ਪੁਰਤਗਾਲ ਦੇ ਕਿਸੇ ਸਰਕਾਰੀ ਅਦਾਰੇ ਵਿੱਚ ਪਹੁੰਚੀ ਤਾਂ ਹੋ ਸਕਦਾ ਸਰਕਾਰ ਚੁਕੰਨੀ ਹੋ ਜਾਵੇ ਤੇ ਸਾਡੇ ਪੰਜਾਬੀ ਭਾਈਚਾਰੇ ਲਈ ਸਮੱਸਿਆ ਖੜ੍ਹੀਆਂ ਕਰੇ।

ਕਦੇ ਵੀ ਕਿਸੇ ਦੇਸ਼ ਨੂੰ ਇਸ ਤਰ੍ਹਾਂ ਨਿੰਦਣਾ ਨਹੀਂ ਚਾਹੀਦਾ! ਜੇਕਰ ਇਹ ਪੰਜਾਬ ਦੇ ਜਾਂ ਭਾਰਤ ਦੇ ਅਸਲ ਹਾਲਾਤ ਵੀ ਇਸ ਤਰ੍ਹਾਂ ਆਪਣੀ ਵੀਡੀਓ ਵਿੱਚ ਦਿਖਾਵੇ ਤਾਂ ਨਾਲ ਹੀ ਇਸ ਦੇ ਚੈਨਲ ਤੇ ਪਾਬੰਦੀ ਲੱਗ ਜਾਵੇਗੀ, ਇਸੇ ਕਰਕੇ ਇਹ ਆਪਣੇ ਸਵਾਰਥ ਲਈ ਦੂਜੇ ਦੇਸ਼ਾਂ ਵਿੱਚ ਜਾ ਕੇ ਪੰਜਾਬੀਆਂ ਲਈ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਅੱਜ ਇਸ ਸਰਦਾਰ ਨੇ ਪੁਰਤਗਾਲ ਦੇ ਉਸ ਗੁਰਦੁਆਰੇ ਦੇ ਲੰਗਰ ਹਾਲ ਵਿੱਚ ਖੜ੍ਹਾ ਹੋ ਕੇ ਵੀਡੀਓ ਵਿੱਚ ਕਿਹਾ "ਇੱਥੇ ਪੰਜਾਬੀ ਭੁੱਖੇ ਮਰਦੇ ਆ" ਜਿੱਥੇ ਸੰਗਤਾਂ ਦੀ ਐਨੀ ਜਿਆਦਾ ਗਿਣਤੀ ਹੁੰਦੀ ਹੈ ਕਿ ਲੰਗਰ ਛਕਣ ਲਈ ਕਤਾਰਾਂ ਵਿੱਚ ਲੱਗਣਾ ਪੈਂਦਾ ਹੈ। ਇਸ ਨੂੰ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਵੀ ਡਰ ਨਹੀਂ ਰਿਹਾ! ਅੱਜ ਇਸ ਨੇ ਪੁਰਤਗਾਲ ਦੇ ਪੰਜਾਬੀਆਂ ਦੇ ਨਾਲ ਨਾਲ ਸਮੁੱਚੀ ਸਿੱਖ ਕੌਮ ਨੂੰ ਬਦਨਾਮ ਕੀਤਾ ਹੈ। ਕੱਲ ਨੂੰ ਇਸ ਦਾ ਨਿਸ਼ਾਨਾ ਤੁਹਾਡਾ ਘਰ, ਪਰਿਵਾਰ, ਦੇਸ਼ ਵੀ ਹੋ ਸਕਦਾ ਹੈ! ਆਸ ਕਰਦੀ ਹਾਂ ਕਿ ਤੁਸੀਂ ਚੰਗਿਆਈ ਤੇ ਸਹੀ ਦਾ ਸਾਥ ਦੇਵੋਗੇ ਤੇ ਇਸ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੋਗੇ ਜੀ। ਆਪਣੀਵੀਡੀਓ ਚਲਾਉਣ ਲਈ ਸ਼ਾਇਦ ਇਸ ਸਰਦਾਰ ਲਈ ਇਹ ਕਹਾਵਤ ਬਿਲਕੁਲ ਢੁਕਵੀਂ ਹੈ।

ਨਾ ਘਸੁੰਨ ਮਾਰਦਾ, ਨਾ ਲੱਤ ਮਾਰਦਾ,
ਜਦੋਂ ਵੀ ਮਾਰਦਾ, ਰੱਬ ਬੰਦੇ ਦੀ ਮੱਤ ਮਾਰਦਾ!

# ਸਿੱਦਕੀ ਤੇ ਸੰਘਰਸ਼ੀ ਕਿਤਾਬ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਲਈ ਬਣੀ ਚਰਚਾ ਦਾ ਵਿਸ਼ਾ


## ਕਿ ਸਰਕਾਰ ਅਤੇ ਮਹਿਕਮੇ ਨੂੰ ਸੰਘਰਸ਼ੀਆਂ ਦੀ ਕਲਮ ਤੋਂ ਵੀ ਖ਼ਤਰਾ ਮਹਿਸੂਸ ਹੁੰਦਾ ਹੈ

**ਰਸ਼ਪਿੰਦਰ ਕੌਰ ਗਿੱਲ**

9888697078



ਇੱਕ ਨਾਮੀ ਖਾੜਕੂ ਲਵਸ਼ਿੰਦਰ ਸਿੰਘ ਡੱਲੇਵਾਲ ਜੋ ਕਿ ਇਸ ਸਮੇਂ ਯੂ.ਕੇ ਦੇ ਵਿੱਚ ਪਿਛਲੇ ਤਕਰੀਬਨ 30 ਸਾਲ ਤੋਂ ਜਲਾਵਤਨੀ ਜੀਵਨ ਬਤੀਤ ਕਰ ਰਹੇ ਹਨ। ਉਨਾਂ ਦੀਆਂ ਲਿਖੀਆਂ ਦੋ ਕਿਤਾਬਾਂ ਨੇ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਵਿੱਚ ਖਲਬਲੀ ਮਚਾ ਦਿੱਤੀ ਹੈ। 1984 ਦੇ ਦੌਰ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਤੋਂ ਪ੍ਰਭਾਵਿਤ ਹੋ ਕੇ ਖਾੜਕੂ ਸੰਘਰਸ਼ ਦੇ ਪਾਂਧੀ ਬਣੇ ਭਬਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਤਕਰੀਬਨ 30 ਸਾਲ ਤੋਂ ਦੇਸ਼ ਖਾਲਿਸਤਾਨ ਦੀ ਅਜ਼ਾਦੀ ਦੀ ਖਵਾਇਸ਼ ਦਿਲ ਵਿੱਚ ਲੈ ਕੇ ਯੂ.ਕੇ ਵਿੱਚ ਜਲਾਵਤਨੀ ਜੀਵਨ ਬਤੀਤ ਕਰ ਰਹੇ ਹਨ। ਯੂ.ਕੇ ਵਿੱਚ ਰਹਿ ਕਿ ਖਾਲਿਸਤਾਨ ਦੇਸ਼ ਦੀ ਅਜ਼ਾਦੀ ਲਈ ਮੁਜਹਾਰੇ ਕਰਦੇ ਹਨ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ 1984 ਤੋਂ ਲੈ ਕੇ ਹੁਣ ਤੱਕ ਭਾਰਤੀ ਸਟੇਟ ਵੱਲੋਂ ਸਿੱਖਾਂ ਦੇ ਕੀਤੇ ਜਾ ਰਹੇ ਕਤਲੋਗਾਰਦ ਖ਼ਿਲਾਫ਼ ਅਵਾਜ ਬੁਲੰਦ ਕਰਦੇ ਹਨ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਯੂ.ਕੇ ਵਿੱਚ ਪਿਛਲੇ 30 ਸਾਲ ਤੋਂ ਰਹਿ ਰਹੇ ਹਨ ਪਰ ਯੂ.ਕੇ ਦੀ ਸਰਕਾਰ ਨੂੰ ਉਨਾਂ ਤੋਂ ਕੋਈ ਪਰੇਸ਼ਾਨੀ ਨਹੀਂ ਹੈ ਤੇ ਨਾ ਹੀ ਯੂ.ਕੇ ਵਿੱਚ ਉਨਾਂ ਖਿਲਾਫ਼ ਕਿਸੇ ਵੀ ਤਰਾਂ ਦਾ ਕੋਈ ਕੇਸ ਦਰਜ ਹੈ। ਯੂ.ਕੇ ਦੀ ਸਰਕਾਰ ਰਿਗਹਟੋ ਡ ਸਪਏਚਹ ਦੇ ਹੱਕ ਦੇ ਤਹਿਤ ਉਨਾਂ ਨੂੰ ਮੁਜ਼ਹਾਰਾ ਵੀ ਕਰਣ ਦਿੰਦੀ ਹੈ, ਮਾਰਚ ਵੀ ਕਰਨ ਦਿੰਦੀ ਹੈ ਅਤੇ ਕਦੇ ਉਨਾਂ ਖਿਲਾਫ ਕੋਈ ਪਰਚਾ ਵੀ ਦਰਜ ਨਹੀਂ ਕਰਦੀ। ਯੂ.ਕੇ ਦੀ ਸਰਕਾਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੂੰ ਇੱਕ ਇਮਾਨਦਾਰ ਚਿਟਿਜ਼ਇਨ ਵਜੋਂ ਜਾਣਦੀ ਹੈ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਉਮਰ ਦੇ ਇਸ ਪੜਾਅ ਵਿੱਚ ਆ ਕੇ ਆਪਣੇ ਹਿੱਸੇ ਦੇ ਸੰਘਰਸ਼ ਨੂੰ ਕਲਮਬੱਧ ਕਰਨਾ ਸ਼ੁਰੂ ਕੀਤਾ। ਉਨਾਂ ਵੱਲੋਂ ਆਪਣੇ ਸਾਥੀ ਸ਼ਹਿਦ ਸਿੰਘਾਂ ਦੇ ਜੀਵਨ ਕਾਲ ਉੱਤੇ ਪਹਿਲੀ ਕਿਤਾਬ 2024 ਵਿੱਚ ਲਿਖੀ "ਸੰਘਰਸ਼ ਦਾ ਦੌਰ" ਅਤੇ ਦੂਸਰੀ ਕਿਤਾਬ 2026 ਵਿੱਚ ਉਨਾਂ ਬੀਬੀਆਂ ਦੇ ਜੀਵਨਕਾਲ ਉੱਤੇ ਲਿਖੀ ਜਿੰਨਾਂ ਦੇ ਸਿੰਘ ਖਾੜਕੂ ਸੰਘਰਸ਼ ਵਿੱਚ ਸ਼ਹੀਦ ਹੋ ਗਏ ਅਤੇ ਉਨਾਂ ਬੀਬੀਆਂ ਨੇ ਆਪਣੀ ਸਾਰੀ ਜ਼ਿੰਦਗੀ ਆਪਣੇ ਸਿੰਘਾਂ ਦੇ ਨਾਮ ਦੇ ਸਿੱਦਕ ਨਾਲ ਉਨਾਂ ਦੇ ਬੱਚਿਆਂ ਅਤੇ ਉਨਾਂ ਦੇ ਮਾਪਿਆਂ ਦੀ ਸੇਵਾ ਸੰਭਾਲ ਵਿੱਚ ਬਤੀਤ ਕਰ ਦਿੱਤੀ। ਇਸ ਕਿਤਾਬ ਵਿੱਚ ਉਨਾਂ ਸੰਘਰਸ਼ੀ ਸਿੰਘਾਂ ਦਾ ਵੀ ਜ਼ਿਕਰ ਕੀਤਾ ਗਿਆ ਜੋ ਜਲਾਵਤਨੀ ਜੀਵਨ ਬਤੀਤ ਕਰਦੇ ਹੋਏ ਜਾਂ ਤਾਂ ਸ਼ਹੀਦ ਹੋ ਗਏ ਜਾਂ ਅਕਾਲਪੁਰਖ ਦੇ ਚਰਨਾਂ ਵਿੱਚ ਜਾ ਨਿਵਾਜੇ। ਕਿ ਭਾਰਤ ਸਟੇਟ ਨੂੰ ਜਾਂ ਪੁਲਿਸ ਮਹਿਕਮੇ ਨੂੰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੇ ਹੱਥ ਫੜੀ ਕਲਮ ਅਸਾਲਟ ਵਰਗੀ ਜਾਪਦੀ ਹੈ ? ਜਾਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਵੱਲੋਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਦਿੱਤਾ ਜਾ ਰਿਹਾ ਮਾਨ ਸਤਿਕਾਰ ਅੱਖਾਂ ਵਿੱਚ ਰੜਕਦਾ ਹੈ ? ਕਿਉਂਕਿ ਜਿੰਨਾਂ ਮੈਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਵਿੱਚ ਵਿਚਰਦੀ ਹਾਂ ਤਾਂ ਮੈਂ ਦੇਖਿਆ ਹੈ ਕਿ ਸਿੰਘਾਂ ਦੇ ਸ਼ਹੀਦ ਹੋਣ ਤੋਂ ਬਾਅਦ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਨੇ ਇੰਨਾਂ ਪਰਿਵਾਰਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ। ਇੰਨਾਂ ਪਰਿਵਾਰਾਂ ਨੂੰ ਇਸ ਕਦਰ ਤੰਗ ਪ੍ਰੇਸ਼ਾਨ ਕੀਤਾ ਗਿਆ ਕਿ ਇਹ ਪਰਿਵਾਰ ਇੱਕ ਇੱਕ ਜ਼ਰੂਰਤ ਲਈ ਮੋਹਤਾਜ ਹੋ ਗਏ। ਇੰਨਾਂ ਪਰਿਵਾਰਾਂ ਦੇ ਪੱਲੇ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਨੇ ਥਾਣੇ ਕਚਹਿਰੀਆਂ ਦੇ ਤਸ਼ਦੱਦ, ਤਸੀਹੇ ਅਤੇ ਖ਼ਰਚੇ ਪਾ ਕੇ ਆਪ ਅਫਸਰਸ਼ਾਹੀ ਦੀਆਂ ਤਰੱਕੀ ਦੀਆਂ ਕੁਰਸੀਆਂ ਦਾ ਨਿੱਘ ਮਾਨਿਆ। ਪਰ ਇੰਨਾਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦਾ ਸਾਥ ਦਿੱਤਾ ਜਲਾਵਤਨੀ ਯੋਧਿਆ ਨੇ, ਉਨਾਂ ਇੰਨਾਂ ਪਰਿਵਾਰਾਂ ਦੀ ਬਾਂਹ ਫੜੀ। ਸ਼ਹੀਦ ਸਿੰਘਾਂ ਦੇ ਬੱਚਿਆਂ ਨੂੰ ਚੰਗੀ ਵਿੱਦਿਆ ਦੇਣ ਵਿੱਚ ਯੋਗਦਾਨ ਪਾਇਆ, ਉਨਾਂ ਦੇ ਪਰਿਵਾਰਾਂ ਦੇ ਘਰ ਤੱਕ ਰਾਸ਼ਨ ਪਹੁੰਚਦਾ ਕੀਤਾ, ਉਨਾਂ ਦੇ ਮਾਪਿਆ ਦੀ ਦਵਾਈ ਦਾਰੂ ਦਾ ਇੰਤਜ਼ਾਮ ਕੀਤਾ, ਉਨਾਂ ਦੇ ਧੀਆਂ ਪੁੱਤਾਂ ਦੇ ਵਿਆਹ ਤੱਕ ਦੇ ਖ਼ਰਚੇ ਵਿੱਚ ਸਹਿਯੋਗ ਕੀਤਾ। ਇੰਨਾਂ ਸਭ ਜਲਾਵਤਨੀ ਯੋਧਿਆਂ ਨੇ ਇਹ ਧਾਰ ਲਿਆ ਕਿ ਜਿਹੜੇ ਸਿੰਘ ਕੌਮ ਲਈ ਸ਼ਹੀਦ ਹੋ ਗਏ ਉਨਾਂ ਪਰਿਵਾਰਾਂ ਨੂੰ ਸੰਭਾਲਣਾ ਸਾਡਾ ਫਰਜ ਵੀ ਹੈ ਤੇ ਸਾਡੀ ਜ਼ਿੰਮੇਵਾਰੀ ਵੀ ਹੈ। ਇੰਨਾਂ ਯੋਧਿਆਂ ਦੀ ਇਸ ਸੋਚ ਅੱਗੇ ਸਾਡਾ ਸਿਰ ਇੰਜ ਨਿਉ ਜਾਂਦਾ ਹੈ ਕਿ ਸਾਡੀ ਕਲਮ ਕੋਲ ਸ਼ਬਦ ਹੀ ਮੁੱਕ ਜਾਂਦੇ ਹਨ। ਜਿੱਥੇ ਸਰਕਾਰਾਂ ਤੇ ਪੁਲਿਸ ਮਹਿਕਮਾ ਚਾਹੁੰਦਾ ਹੈ ਕਿ ਸੰਘਰਸ਼ੀ ਪਰਿਵਾਰ ਇੱਕ ਵਿਚਾਰਗੀ ਭਰਿਆ ਜੀਵਨ ਬਤੀਤ ਕਰਨ, ਉੱਥੇ ਇਹ ਜਲਾਵਤਨੀ ਯੋਧੇ ਪ੍ਰਦੇਸਾਂ ਵਿੱਚ ਆਪਣੀ ਦੱਸਾਂ ਨੂਹਾਂ ਦੀ ਕਮਾਈ ਕਰਕੇ ਆਪਣੀ ਕਮਾਈ ਦਾ ਦਸਵੰਧ ਇੰਨਾਂ ਸੰਘਰਸ਼ੀ ਪਰਿਵਾਰਾਂ ਨੂੰ ਮਾਨ ਨਾਲ ਸਿਰ ਚੁੱਕ ਕੇ ਜੀਵਨ ਬਤੀਤ ਕਰਨ ਲਈ ਮਦਦ ਕਰਦੇ ਹਨ। ਇਸ ਕਾਰਜ ਲਈ ਇਹ ਜਲਾਵਤਨੀ ਯੋਧੇ ਅਲੱਗ-ਅਲੱਗ ਟਰੱਸਟ ਰਾਹੀਂ ਕਾਫੀ ਵੱਡੀ ਰਾਸ਼ੀ ਇੰਨਾਂ ਪਰਿਵਾਰਾਂ ਲਈ ਭੇਜਦੇ ਹਨ। ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਦੇ ਇੰਨਾਂ ਤਸ਼ਦੱਦਾਂ ਦੇ ਖੁਲਾਸੇ ਹੁਣ ਅਲੱਗ-ਅਲੱਗ ਅਦਾਲਤਾਂ ਵਿੱਚ ਸਾਬਿਤ ਵੀ ਹੋ ਚੁੱਕੇ ਹਨ, ਕਈ ਮੁਲਾਜ਼ਮਾਂ ਅਤੇ ਸਿਆਸਤਦਾਨਾਂ ਨੂੰ ਸਜ਼ਾਵਾਂ ਵੀ ਹੋ ਚੁੱਕੀਆਂ ਹਨ ਅਤੇ ਕਈਆਂ ਦੇ ਨਾਮ ਉਜਾਗਰ ਵੀ ਹੋ ਚੁੱਕੇ ਹਨ। ਕਈ ਚੈਨਲਾਂ ਉੱਪਰ ਪਿੰਕੀ ਕੈਟ ਵਰਗੇ ਪੁਲਿਸ ਕਰਮਚਾਰੀਆਂ ਨੇ ਖੁਦ ਇੰਟਰਵਿਉ ਵਿੱਚ ਦੱਸਿਆ ਹੈ ਕਿ ਕਿਸ ਤਰਾਂ ਕਿਹੜਾ-ਕਿਹੜਾ ਪੁਲਿਸ ਮੁਲਾਜ਼ਮ ਖਾੜਕੂ ਸਿੰਘਾਂ ਨੂੰ ਅਤੇ ਉਨਾਂ ਦੇ ਪਰਿਵਾਰਾਂ ਨੂੰ ਤਸੀਹੇ ਦਿੰਦੇ ਸਨ ਅਤੇ ਕਿਸ ਤਰਾਂ ਉਨਾਂ ਨੂੰ ਸ਼ਹੀਦ ਕਰਦੇ ਸਨ। ਕਿਸ ਤਰਾਂ ਉਨਾਂ ਦੇ ਘਰਾਂ ਦੀਆਂ ਔਰਤਾਂ ਨੂੰ ਜ਼ਲੀਲ ਕਰਦੇ ਸਨ। ਇਹ ਸਭ ਨੂੰ ਨ ਰਣਚੋਰਦ ਹੈ ਅਤੇ ਭਾਰਤ ਸਟੇਟ ਅਤੇ ਪੁਲਿਸ ਮਹਿਕਮਾ ਇਸ ਸਭ ਤੋਂ ਮੁਨਕਰ ਨਹੀਂ ਹੋ ਸਕਦਾ। ਹੁਣ ਭਾਰਤ ਸਟੇਟ ਅਤੇ ਪੁਲਿਸ ਮਹਿਕਮੇ ਨੂੰ ਇੰਨਾਂ ਸੰਘਰਸ਼ੀ ਪਰਿਵਾਰਾਂ ਉੱਪਰ ਸਤਿਕਾਰ ਸਹਿਤ ਲਿਖੀਆਂ ਜਾ ਰਹੀਆਂ ਕਿਤਾਬਾਂ ਉੱਤੇ ਵੀ




ਇਤਰਾਜ਼ ਹੋ ਰਿਹਾ ਹੈ ਅਤੇ ਇੰਨਾਂ ਪਰਿਵਾਰਾਂ ਦੀਆਂ ਔਰਤਾਂ ਨੂੰ ਵੱਖ-ਵੱਖ ਥਾਣਿਆਂ ਵਿੱਚ ਬੁਲਾ ਕੇ ਡਰਾਇਆ ਧਮਕਾਇਆ ਜਾ ਰਿਹਾ ਹੈ ਕਿ ਤੁਸੀਂ ਇੰਨਾਂ ਜਲਾਵਤਨੀ ਯੋਧਿਆਂ ਨਾਲ ਗੱਲ ਬਾਤ ਨਾ ਕਰੋ, ਇੰਨਾਂ ਕੋਲੋ ਮਾਇਆ ਦੀ ਸਹਾਇਤਾ ਨਾ ਲਓ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਆਪ ਖੁਦ ਸਰਕਾਰੀ ਨੌਕਰੀਆਂ ਦਾ ਨਿੱਘ ਮਾਨ ਕੇ, ਆਪਣੇ ਬੱਚਿਆਂ ਨੂੰ ਮਹਿੰਗੇ ਸਕੂਲਾਂ ਵਿੱਚ ਪੜਾ ਕੇ, ਆਪਣੇ ਪਰਿਵਾਰਾਂ ਨੂੰ ਐਸ਼ੋ ਅਰਾਮ ਦੀ ਜ਼ਿੰਦਗੀ ਦੇ ਕੇ ਕੋਈ ਕਿਸ ਤਰਾਂ ਇੰਨਾਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਧਮਕਾ ਸਕਦਾ ਹੈ ਕਿ ਤੁਸੀਂ ਜਲਾਵਤਨੀ ਯੋਧਿਆ ਤੋਂ ਕਿਸੇ ਤਰਾਂ ਦੀ ਮਾਲੀ ਸਹਾਇਤਾ ਨਾ ਲਓ। ਕੀ ਭਾਰਤੀ ਸਟੇਟ ਜਾਂ ਪੁਲਿਸ ਮਹਿਕਮਾ ਇੰਨਾਂ ਸ਼ਹੀਦ ਸਿੰਘਾਂ ਦੇ ਬੱਚਿਆਂ ਦੀਆਂ ਫ਼ੀਸਾਂ ਦੇਣਗੇ ? ਕੀ ਇੰਨਾਂ ਨੂੰ ਹਰ ਮਹੀਨੇ ਕੱਪੜਾ ਜਾਂ ਰਾਸ਼ਨ ਦੇਣਗੇ ? ਕੀ ਇੰਨਾਂ ਦੇ ਬਜ਼ੁਰਗਾਂ ਦੀ ਦਵਾਈ ਜਾਂ ਇਲਾਜ ਕਰਾਉਣਗੇ ? ਕੀ ਇੰਨਾਂ ਸ਼ਹੀਦ ਸਿੰਘਾਂ ਦੇ ਬੱਚਿਆਂ ਦੇ ਵਿਆਹ ਕਰਣਗੇ ? ਭਾਰਤੀ ਸਟੇਟ ਅਤੇ ਪੁਲਿਸ ਮੁਲਾਜ਼ਮਾਂ ਨੇ ਤਾਂ ਸਿੰਘਾਂ ਨੂੰ ਸ਼ਹੀਦ ਕਰਕੇ ਉਨਾਂ ਦੇ ਪਰਿਵਾਰਾਂ ਨੂੰ ਯਤੀਮ ਬਣਾ ਦਿੱਤਾ। ਇੰਨਾਂ ਪਰਿਵਾਰਾਂ ਦੀ ਸਾਰ ਇੰਨਾਂ ਜਲਾਵਤਨੀ ਯੋਧਿਆਂ ਨੇ ਹੀ ਲਈ। ਇਹ ਜਲਾਵਤਨੀ ਯੋਧੇ ਕਿਸੇ ਤਰਾਂ ਦਾ ਹਥਿਆਰ ਨਹੀਂ ਚੁੱਕ ਰਹੇ ਪਰ ਫਿਰ ਵੀ ਭਾਰਤੀ ਸਟੇਟ ਅਤੇ ਪੁਲਿਸ ਮਹਿਕਮੇ ਨੂੰ ਰੜਕਦੇ ਹਨ ਕਿਉਂਕਿ ਇਹ ਕਲਮ ਰਾਹੀਂ ਇੰਨਾਂ ਪਰਿਵਾਰਾਂ ਦੀ ਕਹਾਣੀ ਬਿਆਨ ਕਰ ਰਹੇ ਹਨ ਅਤੇ ਮਾਇਆ ਨਾਲ ਇੰਨਾਂ ਦੀਆ ਜ਼ਰੂਰਤਾਂ ਪੂਰੀਆਂ ਕਰ ਰਹੇ ਹਨ। ਜਦਕਿ ਭਾਰਤੀ ਸਟੇਟ ਅਤੇ ਪੁਲਿਸ ਮਹਿਕਮਾ ਤਾਂ ਇੰਨਾਂ ਪਰਿਵਾਰਾਂ ਨੂੰ ਤਾਂ ਸਿਰਫ ਤਰਸਯੋਗ ਹਾਲਤ ਵਿੱਚ ਦੇਖਣਾ ਚਾਹੁੰਦੇ ਸਨ। ਸਮਝ ਨਹੀਂ ਲੱਗਦੀ ਕਿ ਕਿਹੜੀ ਸੋਚ ਨੂੰ ਤੁਰ ਪਏ ਹਨ। ਕਿਹੜ-ਕਿਹੜੇ ਰਾਹ ਲੱਭਦੇ ਹਨ ਡਰਾਉਣ ਧਮਕਾਉਣ ਲਈ, ਬਹਾਨੇ ਲੱਭਦੇ ਹਨ ਪਰਚੇ ਦਰਜ ਕਰਣ ਲਈ, ਮੌਕਾ ਭਾਲਦੇ ਹਨ ਸ਼ਹੀਦ ਕਰਣ ਲਈ। ਸੋਸ਼ਲ ਮੀਡੀਆ ਦੇ ਇਸ ਜ਼ਮਾਨੇ ਵਿੱਚ ਜਦੋਂ ਸਾਰੇ ਦੇਸ਼ ਤਰੱਕੀ ਦੀਆਂ ਨਵੀਆਂ ਉਡਾਰੀਆਂ ਭਰ ਰਹੇ ਹਨ, ਭਾਰਤ ਸਟੇਟ ਅਤੇ ਪੁਲਿਸ ਮਹਿਕਮਾ ਸੰਘਰਸ਼ੀਆਂ ਦੇ ਪਰਿਵਾਰਾਂ ਨੂੰ ਹੀ ਬਾਰ-ਬਾਰ ਥਾਣੇ ਵਿੱਚ ਬੁਲਾ ਕੇ, ਡਰਾ ਧਮਕਾ ਕੇ ਜਾਂ ਉਨਾਂ ਨੂੰ ਅੱਤਵਾਦੀ ਘੋਸ਼ਿਤ ਕਰਕੇ ਆਪਣੀ ਓਚਹਿਏਵਏਮਏਨਟ ਸਮਝ ਰਹੇ ਹਨ। ਅਸਲ ਵਿੱਚ ਦੇਸ਼ ਪੰਜਾਬ ਦੇ ਸੁਧਾਰ ਲਈ ਬਹੁਤ ਕਾਰਜ ਹਨ ਕਰਣ ਲਈ, ਜੇਕਰ ਉਨਾਂ ਵੱਲ ਧਿਆਨ ਕਰ ਲਿਆ ਜਾਵੇ ਤਾਂ ਦੇਸ਼ ਪੰਜਾਬ ਇੱਕ ਖੁਸ਼ਹਾਲ ਦੇਸ਼ ਬਣ ਸਕਦਾ ਹੈ। ਜਿਸ ਦੇ ਨਾਗਰਿਕ ਪੁਲਿਸ ਮਹਿਕਮੇ ਨੂੰ ਆਪਣੇ ਹੱਤਿਆਰੇ ਨਾ ਸਮਝ ਕੇ ਆਪਣੇ ਹਮਦਰਦੀ ਸਮਝਣ। ਅਸੀਂ ਪੁਲਿਸ ਮਹਿਕਮੇ ਦੇ ਹਰ ਅਫਸਰ ਨੂੰ ਇੱਥੇ ਸ਼ੱਕ ਦੀ ਨਜ਼ਰ ਨਾਲ ਨਹੀਂ ਦੇਖ ਸਕਦੇ। ਮੈਂ ਖੁਦ ਕਈ ਅਫਸਰਾਂ ਨੂੰ ਇਸ ਕਿਤਾਬ ਸਬੰਧੀ ਮਿਲੀ ਹਾਂ ਬਹੁਤ ਹੀ ਸਲੀਕੇ ਅਤੇ ਤਰੀਕੇ ਨਾਲ ਉਨਾਂ ਨੇ ਮੇਰੇ ਨਾਲ ਗੱਲਬਾਤ ਕੀਤੀ। ਪਰ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੇ ਮੈਨੂੰ ਦੱਸਿਆ ਕਿ ਪੁਲਿਸ ਮਹਿਕਮੇ ਦੇ ਕਈ ਅਫਸਰਾਂ ਨੇ ਉਨਾਂ ਨਾਲ ਮਾੜੀ ਬੋਲਬਾਣੀ ਵਰਤੀ ਅਤੇ ਉਨਾਂ ਨੂੰ ਡਰਾਇਆ ਧਮਕਾਇਆ ਵੀ ਅਤੇ ਅੱਗੇ ਤੋਂ ਜਲਾਵਤਨੀ ਯੋਧਿਆ ਨਾਲ ਗੱਲਬਾਤ ਕਰਨ ਤੋਂ ਵੀ ਵਰਜਿਆ ਅਤੇ ਕਿਸੇ ਤਰਾਂ ਦੀ ਮਾਲੀ ਸਹਾਇਤਾ ਲੈਣ ਤੋਂ ਵੀ ਮਨਾ ਕੀਤਾ। ਇਸ ਗੱਲ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਨੀ ਬਣਦੀ ਹੈ। ਜਲਾਵਤਨੀ ਯੋਧੇ ਜਦੋਂ ਇੰਨਾਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਮਾਲੀ ਸਹਾਇਤਾ ਕਰਣ ਜਾਂ ਇੰਨਾਂ ਨਾਲ ਗੱਲਬਾਤ ਕਰਨ ਤਾਂ ਉਨਾਂ ਨੂੰ ਭਾਰਤ ਸਟੇਟ ਅਤੇ ਪੁਲਿਸ ਮਹਿਕਮਾ ਘਾਤਕ ਸਾਬਿਤ ਕਰਨ ਤੇ ਲੱਗ ਜਾਂਦੇ ਹਨ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੀਆਂ ਕਿਤਾਬਾਂ "ਸੰਘਰਸ਼ ਦਾ ਦੌਰ" ਅਤੇ "ਸਿੱਦਕੀ ਤੇ ਸੰਘਰਸ਼ੀ" ਨੇ ਖਲਬਲੀ ਤਾਂ ਮਚਾ ਦਿੱਤੀ ਹੈ ਪਰ ਇਸ ਨਾਲ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨਾਲ ਅੱਜ ਵੀ ਭਾਰਤ ਸਟੇਟ ਅਤੇ ਪੁਲਿਸ ਮਹਿਕਮਾ ਜੋ ਵਤੀਰਾ ਵਰਤ ਰਿਹਾ ਹੈ ਉਸਨੂੰ international level ਤੱਕ ਉਜਾਗਰ ਕਰਕੇ ਰੱਖ ਦਿੱਤਾ ਹੈ। ਬੇਸ਼ੱਕ ਇੰਨਾਂ ਕਿਤਾਬਾਂ ਵਿੱਚ ਭਾਰਤ ਦੇਸ਼ ਵਿਰੋਧੀ ਕੁਝ ਵੀ ਨਹੀਂ ਲਿਖਿਆ ਗਿਆ ਪਰ ਸ਼ਹੀਦ ਸਿੰਘਾਂ ਦਾ ਸਤਿਕਾਰ ਅਤੇ ਉਨਾਂ ਪਰਿਵਾਰਾਂ ਲਈ ਜੋ ਪਿਆਰ ਜਲਾਵਤਨੀ ਯੋਧਿਆਂ ਦੇ ਦਿਲਾਂ ਵਿੱਚ ਹੈ ਉਸ ਨਾਲ ਭਾਰਤੀ ਸਟੇਟ ਅਤੇ ਪੁਲਿਸ ਮਹਿਕਮੇ ਲਈ ਇਹ ਦੋਨੋ ਕਿਤਾਬਾਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇੱਕ ਲੇਖਕ ਹੋਣ ਦੇ ਨਾਤੇ ਇੰਨਾਂ ਪਰਿਵਾਰਾਂ ਦੀ ਤਕਲੀਫ਼ ਨੂੰ ਕਲਮਬੱਧ ਕਰਨਾ ਮੈਂ ਆਪਣਾ ਫਰਜ਼ ਸਮਝਿਆ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਦੀ ਜਨਰਲ ਸਕੱਤਰ ਪੰਜਾਬ ਹੋਣ ਦੇ ਨਾਤੇ ਇੰਨਾਂ ਪਰਿਵਾਰਾਂ ਉੱਤੇ ਹੋ ਰਹੇ ਅੱਜ ਦੇ ਸਮੇਂ ਵਿੱਚ ਤਸ਼ਦੱਦਾਂ ਖ਼ਿਲਾਫ਼ ਵੀ ਅਵਾਜ ਬੁਲੰਦ ਕਰਣ ਦਾ ਫੈਂਸਲਾ ਕੀਤਾ ਹੈ। ਸਾਡੇ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਹਰ ਸੰਘਰਸ਼ੀ ਦੇ ਪਰਿਵਾਰ ਦਾ ਦਿਲੋਂ ਸਤਿਕਾਰ ਕਰਦੇ ਹਨ ਅਤੇ ਹਮੇਸ਼ਾਂ ਸਾਨੂੰ ਪ੍ਰੇਰਿਤ ਕਰਦੇ ਹਨ ਕਿ ਜਿੰਨਾਂ ਪੰਥ ਅਤੇ ਪੰਜਾਬ ਲਈ ਆਪਾ ਵਾਰ ਦਿੱਤਾ ਹੈ ਉਨਾਂ ਦੇ ਪਰਿਵਾਰਾਂ ਨਾਲ ਚੱਟਾਨ ਵਾਂਗ ਡੱਟੇ ਰਹਿਣਾ ਹੈ। ਸ਼ਹੀਦ ਸਿੰਘਾਂ ਦੇ ਪਰਿਵਾਰ ਸਾਡੀ ਕੌਮ ਦਾ ਉਹ ਸਰਮਾਇਆ ਹਨ ਜਿੰਨਾਂ ਨੂੰ ਅਸੀਂ ਹਮੇਸ਼ਾਂ ਸਤਿਕਾਰ ਦਿੰਦੇ ਰਹਾਂਗੇ।

*ਲੇਖਕ, ਸੰਪਾਦਕ, ਸਿਆਸਤਦਾਨ*

*ਪ੍ਰਧਾਨ ਪੰਥਿਕ ਸੋਚ ਦੀਆਂ ਮੰਚ*

# ਡੇਟਨ ਓਹਾਇਓ ਵਿਖੇ ਰੀਜਨਲ 'ਸਿਆਨਾ ਸਿੱਖ ਯੂਥ ਸਿਮਪੋਜ਼ੀਅਮ 2026' ਕਰਵਾਇਆ ਗਿਆ



ਰੀਜਨਲ ਸਿੱਖ ਯੂਥ ਸਿਮਪੋਜ਼ੀਅਮ 2026 ਵਿਚ ਸ਼ਮੂਲੀਅਤ ਕਰਨ ਵਾਲੇ ਬੱਚੇ, ਪਰਿਵਾਰਕ ਮੈਂਬਰ ਅਤੇ ਸੇਵਾਦਾਰ।

**ਸਮੀਪ ਸਿੰਘ ਗੁਮਟਾਲਾ**
ਓਹਾਇਓ, ਅਮਰੀਕਾ
+1-937-654-8873

ਡੇਟਨ, ਓਹਾਇਓ: ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ), ਸੰਸਥਾ ਵਲੋਂ ਕਰਵਾਏ ਜਾਂਦੇ ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2026 ਸੰਬੰਧੀ ਓਹਾਇਓ ਅਤੇ ਪੈਨਸਿਲਵੇਨੀਆ ਸੂਬਿਆਂ ਦੇ ਖੇਤਰੀ (ਰੀਜਨਲ) ਪੱਧਰ ਦੇ ਭਾਸ਼ਣ ਹਾਲ ਹੀ ਵਿੱਚ ਅਮਰੀਕਾ ਦੇ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਸਥਿਤ ਸਿੱਖ ਸੋਸਾਇਟੀ ਆਫ ਡੇਟਨ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ। ਇਸ ਰੀਜਨਲ ਸਿਮਪੋਜ਼ੀਅਮ ਵਿੱਚ ਡੇਟਨ, ਸਿਨਸਿਨਾਟੀ, ਕੋਲੰਬਸ, ਕਲੀਵਲੈਂਡ ਅਤੇ ਪਿਟਸਬਰਗ ਸ਼ਹਿਰਾਂ ਦੇ 6 ਤੋਂ 22 ਸਾਲ ਤੱਕ ਦੇ 37 ਬੱਚਿਆਂ ਅਤੇ ਨੌਜਵਾਨਾਂ ਨੇ ਭਾਗ ਲਿਆ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਡੇਟਨ ਅਤੇ ਸਿਨਸਿਨਾਟੀ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਥਾਨਕ ਪੱਧਰ 'ਤੇ ਹੋਏ ਸਿਮਪੋਜ਼ੀਅਮ ਦੇ ਜੇਤੂ ਬੱਚੇ ਰੀਜਨਲ ਸਿਮਪੋਜ਼ੀਅਮ ਵਿੱਚ ਭਾਗ ਲੈਂਦੇ ਹਨ। ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਕੁਝ ਮਹੀਨੇ ਪਹਿਲਾਂ ਇੱਕ ਕਿਤਾਬ ਜਾਂ ਵਿਸ਼ਾ ਅਤੇ ਤਿੰਨ ਸਵਾਲ ਦਿੱਤੇ ਜਾਂਦੇ ਹਨ, ਜਿਨ੍ਹਾਂ ਦੇ ਜਵਾਬ ਭਾਸ਼ਣ ਦੇ ਰੂਪ ਵਿੱਚ ਪੇਸ਼ ਕੀਤੇ ਜਾਂਦੇ ਹਨ। ਸਾਲ 2026 ਦੇ ਸਿਮਪੋਜ਼ੀਅਮ ਲਈ ਪਹਿਲੇ ਗਰੁੱਪ ਨੂੰ "ਮਾਈ ਗੁਰੂਜ਼ ਬਲੈਸਿੰਗਜ਼ - ਬੁੱਕ 6", ਦੂਜੇ ਗਰੁੱਪ ਨੂੰ "ਦੀ ਵਾਰੀਅਰ ਪ੍ਰਿੰਸੈਸ - ਪਾਰਟ 2", ਤੀਜੇ ਗਰੁੱਪ ਨੂੰ "ਟੀਚਿੰਗ ਸਿੱਖ ਹੈਰੀਟੇਜ ਟੂ ਦੀ ਯੂਥ" ਅਤੇ ਚੌਥੇ ਗਰੁੱਪ ਨੂੰ "ਦੀ ਮੈਸੇਜ ਆਫ ਗੁਰਬਾਣੀ - ਆਨੰਦ" ਪੁਸਤਕਾਂ ਦਿੱਤੀਆਂ ਗਈਆਂ। ਪੰਜਵੇਂ ਗਰੁੱਪ ਦਾ ਵਿਸ਼ਾ "ਗੁਰੂਜ਼ ਵੀਊ ਆਫ ਏ ਜਸਟ ਵਰਲਡ - ਬੇਗਮਪੁਰਾ ਸਹਰ ਕੋ ਨਾਉ" ਰੱਖਿਆ ਗਿਆ, ਜਿਸ ਰਾਹੀਂ ਨੌਜਵਾਨਾਂ ਨੇ ਬਰਾਬਰੀ, ਮਨੁੱਖੀ ਮਰਿਆਦਾ, ਸਮਾਜਿਕ ਨਿਆਂ, ਲੰਗਰ ਅਤੇ ਗੁਰੂ ਸਾਹਿਬ ਦੀ ਨਿਆਂਪੂਰਨ ਸੰਸਾਰ ਬਾਰੇ ਦ੍ਰਿਸ਼ਟੀ 'ਤੇ ਆਪਣੇ ਵਿਚਾਰ ਪੇਸ਼ ਕੀਤੇ।

ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਭਾਗ ਲੈਣ ਵਾਲੇ ਬੱਚਿਆਂ ਅਤੇ ਨੌਜਵਾਨਾਂ ਨੇ ਸਿੱਖ ਧਰਮ, ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਨਾਲ ਸੰਬੰਧਤ ਵੱਖ-ਵੱਖ ਵਿਸ਼ਿਆਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਭਾਸ਼ਣਾਂ ਵਿੱਚ ਆਤਮ-ਵਿਸ਼ਵਾਸ, ਸਪੱਸ਼ਟਤਾ ਅਤੇ ਤਿਆਰੀ ਦੇ ਨਾਲ-ਨਾਲ ਸਿੱਖੀ ਪ੍ਰਤੀ ਉਹਨਾਂ ਦਾ ਪਿਆਰ ਵੀ ਸਪੱਸ਼ਟ ਝਲਕਦਾ ਸੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ, ਸੇਵਾਦਾਰਾਂ, ਮਾਪਿਆਂ ਅਤੇ ਸੰਗਤ ਦੇ ਸਹਿਯੋਗ ਨਾਲ ਇਹ ਸਿਮਪੋਜ਼ੀਅਮ ਸਫਲਤਾਪੂਰਵਕ ਸੰਪੰਨ ਹੋਇਆ। ਸਥਾਨਕ ਅਤੇ ਦੂਰੋਂ ਆਈਆਂ ਸੰਗਤਾਂ ਲਈ ਸਾਰਾ ਦਿਨ ਲੰਗਰ ਦੀ ਸੇਵਾ ਕੀਤੀ ਗਈ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਉਹਨਾਂ ਦੀ ਮਿਹਨਤ ਅਤੇ ਸਮਰਪਣ ਲਈ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਸਿਆਨਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਇਹ ਸਿਮਪੋਜ਼ੀਅਮ ਪਹਿਲਾਂ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਥਾਨਕ ਪੱਧਰ 'ਤੇ ਕਰਵਾਏ ਜਾਂਦੇ ਹਨ, ਫਿਰ ਰੀਜਨਲ ਪੱਧਰ ਦੇ ਸਿਮਪੋਜ਼ੀਅਮ ਹੁੰਦੇ ਹਨ ਅਤੇ ਉਸ ਤੋਂ ਬਾਅਦ ਰੀਜਨਲ ਪੱਧਰ ਦੇ ਜੇਤੂ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ ਵਿੱਚ ਭਾਗ ਲੈਂਦੇ ਹਨ। ਉਨ੍ਹਾਂ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਨੂੰ ਕੁੱਲ 13 ਹਿੱਸਿਆਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਵਿੱਚ ਓਹਾਇਓ-ਪੈਨਸਿਲਵੇਨੀਆ ਰੀਜਨ ਵੀ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ, ਗੁਰਬਾਣੀ ਅਤੇ ਸਿੱਖ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਉਹਨਾਂ ਨੂੰ ਭਾਸ਼ਣ ਲਿਖਣ, ਵਿਚਾਰ ਕਰਨ ਅਤੇ ਆਤਮ-ਵਿਸ਼ਵਾਸ ਨਾਲ ਬੋਲਣ ਦੀ ਕਲਾ ਵੀ ਸਿੱਖਣ ਦਾ ਮੌਕਾ ਮਿਲਦਾ ਹੈ। ਰੀਜਨਲ ਸਿਮਪੋਜ਼ੀਅਮ ਦੇ ਜੇਤੂ ਹੁਣ 30 ਜੁਲਾਈ ਤੋਂ 2 ਅਗਸਤ, 2026 ਤੱਕ ਐਟਲਾਂਟਾ, ਜਾਰਜੀਆ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ ਵਿੱਚ ਭਾਗ ਲੈਣਗੇ।

# ਰੁੱਖਾਂ ਤੋਂ ਖਾਲੀ ਹੁੰਦਾ ਪੰਜਾਬ: ਚੇਤਾਵਨੀਆਂ ਅਣਸੁਣੀਆਂ ਕਰਨ ਦੀ ਕੀਮਤ ਕੌਣ ਭਰੇਗਾ ?



ਸਵਾਲ ਇਹ ਨਹੀਂ ਕੇ ਤੁਸੀਂ ਲੱਖੇ ਸਿਧਾਣੇ ਨੂੰ ਪਸੰਦ ਕਰਦੇ ਹੋ ਜਾਂ ਨਹੀਂ.. ਉਸਦੇ ਵਿਚਾਰਾਂ ਨਾਲ ਸਹਿਮਤੀ ਅਸਹਿਮਤੀ ਹੋ ਸਕਦੀ ਹੈ..ਹੋ ਸਕਦਾ ਓਹ ਬਹੁਤਾ ਗੂੜ ਗਿਆਨੀ ਨਹੀਂ ਪਰ ਉਸਦੇ ਕੁਝ ਵਿਚਾਰ ਅਤੇ ਕਰਮ ਜਰੂਰ ਗੌਰ ਕਰਨ ਵਾਲੇ ਹਨ..

ਕੁਦਰਤ, ਰੁੱਖ, ਮਿੱਟੀ ਅਤੇ ਪਾਣੀ ਬਾਰੇ ਉਸਦਾ ਨਜ਼ਰੀਆ ਬੜਾ ਸਾਫ ਹੈ ਜਿਸ ਕਰਕੇ ਇਨਸਾਨੀ ਜ਼ਾਮੇ ਚ ਓਹ ਕਿੰਨੀ ਇੱਜ਼ਤ ਸ਼ੋਹਰਤ ਜਾਂ ਨਿੰਦਾ ਬਦਨਾਮੀ ਖੱਟਦਾ ਓਹ ਤਾਂ ਸਮੇਂ ਦੀ ਗੱਲ ਹੈ ਪਰ ਧੁਰ ਦਰਗਾਹ ਚ ਉਸਦੀਆਂ ਭੁੱਲਾਂ ਵੀ ਬਖਸ਼ੀਆਂ ਜਾ ਸਕਦੀਆਂ ਹਨ..

ਤੇ ਇੱਕ ਗੱਲ ਹੋਰ.. ਲੱਖੇ ਦੀ ਇਸ ਗੱਲਬਾਤ ਵਿੱਚੋਂ ਇੱਕ ਚੀਜ਼ ਪ੍ਰਤੱਖ ਤੌਰ ਉੱਤੇ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜੇਕਰ ਤੁਸੀਂ ਪੰਜਾਬ ਚ ਕੋਈ ਵੀ ਚੰਗਾ ਕੰਮ ਕਰਨਾ ਜਿਵੇਂ ਰੁੱਖ ਲਾਉਣੇ ਤੇ ਬਚਾਉਣੇ.. ਪਾਣੀ ਦੀ ਸਹੀ ਵਰਤੋਂ ਕਰਵਾਉਣੀ ਤਾਂ ਛਿੱਤਰ ਵੀ ਕਾਇਮ ਹੋਣਾ ਜਰੂਰੀ ਹੈ..

ਪਿਆਰ ਨਾਲ ਕੁਦਰਤ ਨਹੀਂ ਬਚਣੀ ਵਰਨਾ ਜਿੰਨ੍ਹਾਂ ਰੌਲਾ ਅੱਜ ਤੋਂ 60 ਸਾਲ ਪਹਿਲਾਂ ਭਗਤ ਪੂਰਣ ਸਿੰਘ ਨੇ ਪਾਇਆ ਤੇ ਲਿਖਿਆ ਜੇ ਲੋਕ ਉਹਨਾਂ ਦੀਆਂ ਚੇਤਾਵਨੀਆਂ ਅਤੇ ਭਵਿੱਖ ਬਾਣੀਆਂ ਨੂੰ 20% ਗੰਭੀਰਤਾ ਨਾਲ ਵੀ ਲੈਂਦੇ ਤਾਂ ਪੰਜਾਬ ਸਵਰਗ ਹੋਣਾ ਸੀ.. ਏਥੇ ਵੀ ਭੂਟਾਨ ਅਤੇ ਰਾਜਿਸਥਾਨ ਵਾਂਗ ਜੰਮਣ, ਮਰਣ, ਵਿਆਹ ਅਤੇ ਹੋਰ ਖੁਸ਼ੀਆਂ ਗਮੀਆਂ ਦੇ ਮੌਕੇ ਲਾਜ਼ਮੀ ਰੁੱਖ ਲਾਉਣ ਦੀ ਪਿਰਤ ਅਤੇ ਕਨੂੰਨ ਹੋਣਾ ਸੀ..

ਕੁੱਲ ਰਕਬੇ ਚੋਂ 33% ਜੰਗਲ ਹੋਣਾ ਲਾਜ਼ਮੀ ਹੁੰਦਾ ਪਰ ਪੰਜਾਬ ਚ ਹੁਣ ਸਿਰਫ 4-6% ਰਹਿ ਗਿਆ ਜੋ ਹਵਾ ਦਾ ਜ਼ਹਿਰ ਨਹੀਂ ਚੂਸ ਸਕਦਾ..

ਸੁਪਰ ਅਲ ਨੀਨੋ ਦੇ ਖਤਰੇ ਵਾਲੇ ਵਰੇ ਵਿੱਚ ਕੰਕਰੀਟ ਜੰਗਲ ਵਿੱਚ ਬੈਠਾ ਮਨੁੱਖ ਬਿਜਲੀ ਅਤੇ ਏਸੀਆਂ ਦੇ ਸਿਰ ਉੱਤੇ ਪ੍ਰਚੰਡ ਗਰਮੀ ਅਤੇ ਹੁੰਮਸ ਦਾ ਸਾਹਮਣਾ ਕਰਨ ਦਾ ਭਰਮ ਪਾਲੀ ਬੈਠਾ ਹੈ..

ਗੱਲ ਦਰਅਸਲ ਇਹ ਹੈ ਕਿ ਕੁਦਰਤ ਤਮਾਮ ਬੇਵਕੂਫੀਆਂ ਅਤੇ ਲਾਪ੍ਰਵਾਹੀ ਦੇ ਬਾਵਜੂਦ ਪੰਜਾਬ ਦਾ ਲਿਹਾਜ਼ ਕਰ ਹੀ ਜਾਂਦੀ ਹੈ.. ਨਿੱਕੇ ਨਿੱਕੇ ਝਟਕੇ ਦੇਕੇ ਫਿਰ ਇਸ ਧਰਤੀ ਦੀ ਲਾਜ ਰੱਖਦੀ ਹੈ ਪਰ ਲੋਕ ਬੇਸ਼ਰਮ ਅਤੇ ਢੀਠ ਹੋ ਗਏ ਹਨ..

ਵੱਡਾ ਝਟਕਾ ਅਤੇ ਕਿਆਮਤ ਦੀ ਉਡੀਕ ਚ ਹਨ..

ਜਿਵੇਂ ਲੱਖੇ ਨੇ ਵਿਅੰਗ ਚ ਕਿਹਾ ਕੇ ਰੱਬਾ ਕਰਦੇ 55 ਡਿਗਰੀ ਪਤਾ ਫਿਰ ਹੀ ਲੱਗਣਾ ਕਿਉਂਕ ਮਾਈਨਸ 55 ਡਿਗਰੀ ਤੋਂ ਪਲੱਸ 55 ਡਿਗਰੀ ਨੂੰ ਝੱਲਣ ਦਾ ਤਜ਼ਰਬਾ ਸਿਰਫ ਫੌਜ ਕੋਲ ਹੈ ਓਹ ਵੀ ਤਾਂ ਕਿਉਂਕ ਹਰ ਵੇਲੇ ਕੁਦਰਤ ਦੀ ਰਜ਼ਾ ਅਤੇ ਸਮਰਪਣ ਚ ਰਹਿੰਦੇ ਹਨ..

ਕੁਝ ਸ਼ਹਿਰਾਂ ਦੇ ਫੇਫੜੇ ਫੌਜੀ ਛਾਉਣੀਆਂ ਹੀ ਹਨ..

ਲੁਧਿਆਣੇ ਚੋਂ ਜੇਕਰ ਪੰਜਾਬ ਖੇਤਬਾੜੀ ਯੂਨੀਵਰਸਿਟੀ ਦਾ 1200 ਕਿੱਲਾ ਅਤੇ ਕੈਂਟ ਦੇ ਰੁੱਖ ਖ਼ਤਮ ਕਰ ਦਿਓ ਤਾਂ ਰਹਿਣ ਦੇ ਲਾਇਕ ਨਹੀਂ ਰਹੇਗਾ..

ਕਹਿਣਾ ਤਾਂ ਨਹੀਂ ਚਾਹੀਦਾ ਪਰ ਲੱਗਦਾ ਚਾਈਨਾ ਵਾਂਗ ਮਿੱਟੀ, ਪਾਣੀ ਅਤੇ ਰੁੱਖਾਂ ਵਾਲਾ ਮਸਲਾ ਵੀ ਫੌਜ ਹੀ ਹੱਲ ਕਰੇਗੀ.. ਅਖੌਤੀ ਲੋਕਤੰਤਰ ਤਾਂ ਮੁਸ਼ਕ ਮਾਰਨ ਲੱਗ ਪਿਆ ਹੈ..

-ਗੁਰਵਿੰਦਰ ਸਿੰਘ ਬਾਜਵਾ

# ਰਸਕਿਨ ਬਾਂਡ ਵਿਚ ਅਜਿਹਾ ਕੀ ਹੈ ?

ਪ੍ਰੋ. ਕੁਲਬੀਰ ਸਿੰਘ



ਉਹ ਅੱਠ ਸਾਲ ਦਾ ਸੀ ਜਦ ਉਸਦੇ ਮਾਂ-ਬਾਪ ਅਲੱਗ ਹੋ ਗਏ। ਮਾਂ ਨੇ ਦੂਸਰੀ ਸ਼ਾਦੀ ਕਰ ਲਈ। ਉਹ ਆਪਣੇ ਪਿਤਾ ਨੂੰ ਬਹੁਤ ਪਿਆਰ ਕਰਦਾ ਸੀ। ਪਰ ਦੋ ਸਾਲ ਬਾਅਦ 10 ਸਾਲ ਦੀ ਉਮਰ ਵਿਚ ਪਿਤਾ ਦੀ ਮੌਤ ਹੋ ਗਈ। ਨਾਮ ਤਾਂ ਬਹੁਤ ਸੁਣਿਆ ਸੀ ਪਰ ਨੇੜੇ ਤੋਂ ਜਾਣ ਪਛਾਣ ਉਦੋਂ ਹੋਈ ਜਦੋਂ ਮਸੂਰੀ ਫੇਰੀ ਦੌਰਾਨ ਹੋਟਲ ਦੇ ਕਮਰੇ ਦੇ ਟੇਬਲ 'ਤੇ ਖੂਬਸੂਰਤ 'ਕੌਫੀ ਟੇਬਲ ਬੁੱਕ' ਪਈ ਦੇਖੀ 'ਦਾ ਮਸੂਰੀ ਯੀਅਰਸ' ਟਾਈਟਲ 'ਤੇ ਟਾਈਪ ਰਾਈਟਰ ਅੱਗੇ ਬੈਠੇ ਰਸਕਿਨ ਬਾਂਡ ਦੀ ਵੱਡੀ ਤਸਵੀਰ ਸੀ। ਟਾਈਪ ਰਾਈਟਰ ਦੇ ਆਸ ਪਾਸ ਕਿਤਾਬਾਂ ਪਈਆਂ ਸਨ। ਅਸੀਂ ਜਿੰਨੇ ਦਿਨ ਮਸੂਰੀ ਰਹੇ ਮੈਂ ਉਸ ਕੌਫ਼ੀ ਟੇਬਲ ਬੁੱਕ ਨੂੰ ਖੋਲ੍ਹਦਾ-ਫਿਰੋਲਦਾ ਰਿਹਾ। ਘਰ ਆ ਕੇ ਜਦੋਂ ਤੱਕ ਉਹ ਕਿਤਾਬ ਦਿੱਲੀ ਤੋਂ ਮੰਗਵਾ ਨਾ ਲਈ, ਉਦੋਂ ਤੱਕ ਚੈਨ ਨਾ ਆਇਆ।

ਰਸਕਿਨ ਬਾਂਡ ਮੈਨੂੰ ਬਹੁਤ ਪਿਆਰਾ ਹੈ। ਇਸ ਲਈ ਨਹੀਂ ਕਿ ਵਿਸ਼ਵ ਪ੍ਰਸਿੱਧ ਲੇਖਕ ਹੈ। ਇਸ ਲਈ ਵੀ ਨਹੀਂ ਕਿ ਅੰਗਰੇਜ਼ ਅਫ਼ਸਰ ਦਾ ਬੇਟਾ ਹੈ। ਸਗੋਂ ਇਸ ਲਈ ਕਿ ਬਚਪਨ ਵਿਚ ਅਨੇਕ ਝੱਖੜ ਝੁੱਲਣ ਦੇ ਬਾਵਜੂਦ ਉਸਨੇ ਆਪਣਾ ਵਜੂਦ ਬਚਾ ਕੇ ਰੱਖਿਆ। ਜ਼ਿੰਦਗੀ ਆਪਣੀਆਂ ਸ਼ਰਤਾਂ 'ਤੇ ਸਹਿਜ, ਸ਼ਾਂਤ ਬਸਰ ਕੀਤੀ। ਅਖੀਰ ਆਪਣੀ ਲੇਖਣੀ ਦਾ ਲੋਹਾ ਮਨਵਾਇਆ। ਮਈ 2026 ਵਿਚ ਉਸਨੇ ਜ਼ਿੰਦਗੀ ਦੇ ਮਾਣਮੱਤੇ 92 ਸਾਲ ਪੂਰੇ ਕਰ ਲਏ ਹਨ।

ਮਾਂ ਬਾਪ ਦਾ ਹੱਥ ਸਿਰ 'ਤੇ ਨਹੀਂ ਸੀ। ਗਾਰਡੀਅਨ ਦੇ ਸਖ਼ਤ ਵਿਵਹਾਰ ਨੇ ਉਸਨੂੰ ਹੋਰ ਪ੍ਰੇਸ਼ਾਨ ਕਰ ਦਿੱਤਾ। ਇਕ ਦਿਨ ਕੁੱਟ ਖਾਣ ਤੋਂ ਬਾਅਦ ਰਸਕਿਨ ਗੁੱਸੇ ਵਿਚ ਘਰ ਤੋਂ ਭੱਜ ਗਿਆ। ਜੀਵਨ ਦੀਆਂ ਇਨ੍ਹਾਂ ਦੁਖਦ ਸਥਿਤੀਆਂ ਨੇ 'ਰਸ਼ਟੀ' ਨਾਂ ਦੇ ਕਿਰਦਾਰ ਨੂੰ ਜਨਮ ਦਿੱਤਾ। ਰਸ਼ਟੀ ਕਿਰਦਾਰ ਦਾ ਇਸਤੇਮਾਲ ਉਸਨੇ ਆਪਣੇ ਬਚਪਨ ਅਤੇ ਜਵਾਨੀ ਦੀਆਂ ਪ੍ਰਸਥਿਤੀਆਂ ਨੂੰ ਦਰਸਾਉਣ ਲਈ ਕੀਤਾ।

ਅੰਗਰੇਜ਼ੀ ਮੂਲ ਦਾ ਹੋਣ ਦੇ ਬਾਵਜੂਦ ਉਸਦਾ ਦਿਲ ਭਾਰਤੀ ਹੈ। ਉਸਦਾ ਜਨਮ ਭਾਰਤ ਵਿਚ ਹੋਇਆ। ਮੁੱਢਲੀ ਪੜ੍ਹਾਈ ਇਥੇ ਹੋਈ ਪਰ ਬਿਹਤਰ ਜੀਵਨ ਲਈ ਆਪਣੀ ਮਾਸੀ ਕੋਲ ਇੰਗਲੈਂਡ ਚਲਾ ਗਿਆ। ਥੋੜ੍ਹੀ ਦੇਰ ਬਾਅਦ ਉਸਨੂੰ ਅਹਿਸਾਸ ਹੋਇਆ ਕੀ ਉਹ ਭਾਰਤ ਬਿਨਾਂ ਨਹੀਂ ਰਹਿ ਸਕਦਾ ਅਤੇ ਹਮੇਸ਼ਾ ਲਈ ਭਾਰਤ ਆ ਗਿਆ।

ਗੁੰਮਸੁਮ ਰਹਿਣ ਵਾਲਾ ਨੌਜਵਾਨ ਜਦ ਆਪਣੀ ਇਕੱਲਤਾ ਦੂਰ ਕਰਨ ਲਈ ਪਹਾੜਾਂ ਵੱਲ ਗਿਆ ਤਾਂ ਉਥੋਂ ਦਾ ਹੀ ਹੋ ਕੇ ਰਹਿ ਗਿਆ। ਪਿਛਲੇ 64 ਸਾਲਾਂ ਤੋਂ ਉਹ ਮਸੂਰੀ ਵਿਖੇ ਰਹਿ ਰਿਹਾ ਹੈ। ਉਸਨੂੰ ਪਹਾੜ ਖਿੱਚਦੇ ਹਨ। ਵਾਦੀਆਂ, ਝਰਨੇ, ਰੁੱਖ ਚੰਗੇ ਲੱਗਦੇ ਹਨ ਕਿਉਂਕਿ ਉਸਦਾ ਬਚਪਨ ਪਹਾੜਾਂ ਵਿਚ ਬੀਤਿਆ ਸੀ।

ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ ਲਈ ਰਸਕਿਨ ਕੁਝ ਸਾਲ ਦਿੱਲੀ ਅਤੇ ਡੇਹਰਾਦੂਨ ਦੀਆਂ ਪ੍ਰਮੁੱਖ ਅਖ਼ਬਾਰਾਂ ਲਈ ਆਰਟੀਕਲ ਲਿਖਦਾ ਰਿਹਾ।

21 ਸਾਲ ਦੀ ਉਮਰ ਵਿਚ ਉਸਨੇ ਆਪਣਾ ਪਹਿਲਾ ਨਾਵਲ 'ਰੂਮ ਆਨ ਦਾ ਰੂਫ਼' ਪ੍ਰਕਾਸ਼ਿਤ ਕਰਵਾਇਆ। ਇਸ ਨਾਵਲ ਲਈ ਉਸਨੂੰ 'ਜਾਨ ਲੇਵੇਨਿਨ ਰਾਈਸ ਪੁਰਸਕਾਰ ਮਿਲਿਆ। ਇਸ ਪੁਰਸਕਾਰ ਨਾਲ ਮਿਲੀ ਰਕਮ ਨੂੰ ਉਸਨੇ ਭਾਰਤ ਆ ਕੇ ਡੇਹਰਾਦੂਨ ਵਿਖੇ ਵੱਸ ਜਾਣ ਲਈ ਵਰਤਿਆ। 1963 ਉਹ ਸਾਲ ਸੀ ਜਦੋਂ ਉਸਨੇ 'ਹੋਲ ਟਾਈਮਰ' ਲੇਖਕ ਬਣਨ ਦਾ ਫੈਸਲਾ ਕੀਤਾ ਅਤੇ ਮਸੂਰੀ ਰਹਿਣ ਲਈ ਚਲਾ ਗਿਆ। ਮਸੂਰੀ ਦੇ ਮਾਹੌਲ, ਸ਼ਾਂਤ ਵਾਤਾਵਰਨ ਅਤੇ ਵਾਦੀਆਂ ਤੋਂ ਉਸਨੂੰ ਪ੍ਰੇਰਨਾ ਮਿਲਦੀ ਹੈ।

ਰਸਕਿਨ ਜਿਵੇਂ ਜਿਵੇਂ ਜੀਵਨ ਵਿਚ ਅੱਗੇ ਵਧਿਆ ਤਿਵੇਂ ਤਿਵੇਂ ਉਸਦੇ ਅਨੁਭਵਾਂ ਨੇ ਉਸਦੀ ਕਹਾਣੀ ਕਹਿਣ ਦੀ ਕਲਾ, ਸ਼ੈਲੀ ਤੇ ਸਮਝ ਨੂੰ ਪ੍ਰਭਾਵਤ ਕੀਤਾ। ਉਸਦੀਆਂ ਲਿਖਤਾਂ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਵਿਚ ਹਿਮਾਲਾ ਦੀ ਗੋਦ ਵਿਚ ਵੱਸਦੀ ਸਾਧਾਰਨ ਜ਼ਿੰਦਗੀ, ਪ੍ਰਕਿਰਤੀ ਅਤੇ ਬੱਚਿਆਂ ਦਾ ਬਚਪਨ ਧੜਕਦਾ ਹੈ। ਉਸਦੀ ਸਵੈ-ਜੀਵਨੀ 'ਲੋਨ ਫਾਕਸ ਡਾਂਸਿੰਗ' ਉਸਦੇ ਬਚਪਨ, ਪੜ੍ਹਨ ਲਿਖਣ ਦੇ ਪ੍ਰੇਮ ਤੇ ਪ੍ਰੇਰਨਾ ਦਾ ਵਰਨਣ ਕਰਦੀ ਹੈ। 17 ਸਾਲ ਦੀ ਉਮਰ ਵਿਚ ਲਿਖਣਾ ਆਰੰਭ ਕੀਤਾ ਅਤੇ ਜਦ ਤੱਕ ਸਰੀਰ ਸਾਥ ਦਿੰਦਾ ਰਹੇਗਾ ਤਦ ਤੱਕ ਉਸਦਾ ਲਿਖਦੇ ਰਹਿਣ ਦਾ ਇਰਾਦਾ ਹੈ। ਹੁਣ ਤੱਕ ਰਸਕਿਨ 150 ਤੋਂ ਵਧੇਰੇ ਕਿਤਾਬਾਂ ਲਿਖ ਚੁੱਕਾ ਹੈ। ਲਿਖਣਾ ਉਸਦਾ ਸ਼ੌਕ ਜਾਂ ਰੁਝੇਵਾਂ ਹੀ ਨਹੀਂ ਬਲਕਿ ਜਨੂੰਨ ਅਤੇ ਸੱਭ ਤੋਂ ਪਸੰਦੀਦਾ ਕੰਮ ਹੈ।

'ਏਕ ਥਾ ਰਸ਼ਟੀ' ਉਪਰ ਟੈਲੀਵਿਜ਼ਨ ਸ਼ੋਅ ਬਣ ਚੁੱਕਾ ਹੈ। 'ਫਲਾਈਟ ਆਫ਼ ਪੀਜਿਂਸ' ਨਾਵਲ 'ਤੇ ਆਧਾਰਿਤ 'ਜਨੂੰਨ' ਫ਼ਿਲਮ ਬਣੀ ਸੀ। ਇਸੇ ਤਰ੍ਹਾਂ ਉਨ੍ਹਾਂ ਦੇ ਨਾਵਲ 'ਸੁਸਾਨਾ ਕੇ ਸੈਵਨ ਹਸਬੈਂਡ' 'ਤੇ ਹਿੰਦੀ ਫ਼ਿਲਮ 'ਸਾਤ ਖੂਨ ਮਾਫ਼' ਬਣ ਚੁੱਕੀ ਹੈ।

ਰਸਕਿਨ ਬਾਂਡ ਦੀਆਂ ਲਿਖਤਾਂ ਕੋਮਲ, ਭਾਵਪੂਰਤ ਅਤੇ ਸ਼ਾਂਤ ਹਨ। ਮਨ ਨੂੰ ਸਕੂਨ ਦੇਣ ਵਾਲੀਆਂ। ਜਿਹੜੀਆਂ ਸਹਿਜ ਢੰਗ ਨਾਲ ਜੀਵਨ ਦੇ ਸਬਕ ਸਿਖਾ ਜਾਂਦੀਆਂ ਹਨ। ਇਸੇ ਲਈ ਉਸਦੇ ਪਾਠਕਾਂ ਵਿਚ ਹਰ ਉਮਰ ਦੇ ਲੋਕ ਸ਼ਾਮਿਲ ਹਨ। ਪ੍ਰਕਿਰਤੀ ਅਤੇ ਪਾਠਕਾਂ ਅਤੇ ਪਹਾੜਾਂ ਦੇ ਸੁੰਦਰ ਵਰਨਣ ਕਾਰਨ ਉਸਨੂੰ 'ਪਹਾੜਾਂ ਦਾ ਲੇਖਕ' ਵੀ ਕਿਹਾ ਜਾਂਦਾ ਹੈ। ਉਸਦੀਆਂ ਲਿਖਤਾਂ ਦੇ ਬਹੁਤ ਸਾਰੇ ਅਸਲੀ ਪਾਤਰ ਮਸੂਰੀ ਦੀਆਂ ਸੜਕਾਂ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਤੁਰਦੇ ਫਿਰਦੇ ਵੇਖੇ ਜਾ ਸਕਦੇ ਹਨ।

ਮਸੂਰੀ ਵਿਚ ਆਰੰਭਲੇ ਦਿਨਾਂ ਵਿਚ ਲੋਕ ਉਸਨੂੰ ਪਹਿਚਾਣ ਲੈਂਦੇ ਅਤੇ ਲੰਚ ਜਾਂ ਡਿੰਨਰ ਲਈ ਘਰ ਆਉਣ ਲਈ ਕਹਿੰਦੇ। ਇੰਝ ਹੌਲੀ-ਹੌਲੀ ਰਸਕਿਨ ਬਾਂਡ ਮਸੂਰੀ ਦਾ ਚਰਚਿਤ ਚਿਹਰਾ ਬਣ ਗਿਆ। ਸਮੇਂ ਨਾਲ ਉਸਦੀਆਂ ਰਚਨਾਵਾਂ ਨੇ ਉਸਨੂੰ ਪੂਰੇ ਭਾਰਤ, ਪੂਰੀ ਦੁਨੀਆਂ ਵਿਚ ਪ੍ਰਸਿੱਧ ਕਰ ਦਿੱਤਾ।

ਮਸੂਰੀ ਵਿਚ ਰਸਕਿਨ ਬਾਂਡ ਨੇ ਸ਼ਾਨਦਾਰ ਜੀਵਨ ਬਤੀਤ ਕੀਤਾ। ਉਹ ਮਸੂਰੀ ਨੇੜੇ ਲੈਂਡੋਰ ਵਿਚ ਰਹਿੰਦਾ ਹੈ। ਮਸੂਰੀ ਸ਼ਹਿਰ ਉਸਨੂੰ ਬਹੁਤ ਪਿਆਰਾ ਹੈ। ਉਸਨੂੰ ਵੱਡੇ ਸ਼ਹਿਰਾਂ ਦਾ ਭੱਜ ਦੌੜ ਵਾਲਾ ਜੀਵਨ ਪਸੰਦ ਨਹੀਂ। ਪਹਾੜਾਂ, ਪੰਛੀਆਂ, ਪੇੜਾਂ ਅਤੇ ਪ੍ਰਕਿਰਤੀ ਤੋਂ ਉਸਨੂੰ ਲਿਖਣ ਲਈ ਪ੍ਰੇਰਨਾ ਮਿਲਦੀ ਹੈ। ਉਨ੍ਹਾਂ ਦੀ ਸਿਆਸਤ ਵਿਚ ਭੋਰਾ ਦਿਲਚਸਪੀ ਨਹੀਂ। ਰਵਿੰਦਰਨਾਥ ਟੈਗੋਰ ਅਤੇ ਚਾਰਲਸ ਡਿੱਕਨਸ ਉਸਦੇ ਪਸੰਦੀਦਾ ਲੇਖਕ ਹਨ। ਉਹ ਸਵੇਰੇ ਸ਼ਾਮ ਟਹਿਲਦੇ ਹਨ। ਸਾਦਾ ਭੋਜਨ ਖਾਂਦੇ ਹਨ। ਰਾਤ ਨੂੰ ਜਲਦੀ ਸੌਂ ਜਾਂਦੇ ਹਨ। ਉਹ ਦਿਨ ਵਿਚ ਦੋ ਵਾਰ ਆਪਣੀ ਮਰਜ਼ੀ, ਆਪਣੀ ਇੱਛਾ ਅਨੁਸਾਰ ਲਿਖਣ ਲਈ ਬੈਠਦੇ ਹਨ। ਉਨ੍ਹਾਂ ਦੀ ਲਿਖੀ ਹੋਈ ਸਮੱਗਰੀ ਭਾਵੇਂ ਪ੍ਰਕਾਸ਼ਿਤ ਨਾ ਹੋ ਰਹੀ ਹੋਵੇ ਤਦ ਵੀ ਉਹ ਲਗਾਤਾਰ ਲਿਖਦੇ ਹਨ। ਉਹ ਆਪਣੇ ਜਨਮ ਦਿਨ 'ਤੇ ਸਵੇਰੇ ਆਪਣੇ ਘਰ ਅਤੇ ਸ਼ਾਮ ਨੂੰ ਕੁਲੜੀ ਵਿਖੇ ਕੈਂਬਰਿਜ ਬੁੱਕ ਡੀਪੂ ਵਿਚ ਆਪਣੇ ਪ੍ਰਸ਼ੰਸਕਾਂ ਨਾਲ ਕੇਕ ਕੱਟਦੇ ਹਨ। ਭਾਵੇਂ ਰਸਕਿਨ ਕੋਲ ਇਕ ਦੋ ਮਿਲੀਅਨ ਦੇ ਕਰੀਬ ਅਮਰੀਕੀ ਡਾਲਰ ਜਾਇਦਾਦ ਹੈ ਪਰੰਤੂ ਉਨ੍ਹਾਂ ਨੇ ਸਾਰੀ ਉਮਰ ਸਾਦਾ ਜੀਵਨ ਬਤੀਤ ਕੀਤਾ। ਇਹ ਪੈਸਾ ਉਨ੍ਹਾਂ ਨੇ ਆਪਣੀਆਂ ਲਿਖਤਾਂ ਤੋਂ ਕਮਾਇਆ। ਉਹ ਕਹਿੰਦੇ ਹਨ ਮੈਂ ਆਪਣਾ ਪੈਸਾ ਕਿਤਾਬਾਂ ਅਤੇ ਦੋਸਤਾਂ ਤੇ ਖਰਚ ਕਰਦਾ ਹਾਂ। ਮੇਰੇ ਕੋਲ ਪੱਥਰ ਅਤੇ ਇੱਟਾਂ ਲਈ ਪੈਸੇ ਨਹੀਂ ਹਨ।

ਉਸਨੇ ਸਾਰੀ ਉਮਰ ਸ਼ਾਦੀ ਨਹੀਂ ਕਰਵਾਈ। ਦਰਅਸਲ ਉਸਦੀ ਤਬੀਅਤ ਵਿਵਹਾਰਕ ਨਹੀਂ। ਉਹ ਫ਼ਿਲਮੀ ਸ਼ੈਲੀ ਵਾਲੀ, ਅਨੇਕਾਂ ਮੁਸ਼ਕਲਾਂ ਰੁਕਾਵਟਾਂ ਚੋਂ ਲੰਘ ਕੇ ਸ਼ਾਦੀ ਕਰਵਾਉਣੀ ਚਾਹੁੰਦਾ ਸੀ ਜਾਂ ਫਿਰ ਭਾਰਤੀ ਮਰਯਾਦਾ ਅਨੁਸਾਰ ਮਾਪਿਆਂ ਦੇ ਕਹੇ ਮੁਤਾਬਿਕ। ਫ਼ਿਲਮੀ ਸ਼ੈਲੀ ਵਾਲੀ ਸ਼ਾਦੀ ਦਾ ਸਬੱਬ ਨਾ ਬਣਿਆ ਅਤੇ ਉਹਦੇ ਲਈ ਬੋਲਣ ਵਾਲੇ, ਕੋਸ਼ਿਸ਼ ਕਰਨ ਵਾਲੇ ਮਾਪੇ ਮੌਜੂਦ ਨਹੀਂ ਸਨ। ਦੋ ਵਾਰ ਸ਼ਾਦੀ ਹੁੰਦੀ ਹੁੰਦੀ ਰਹਿ ਗਈ। ਰਿਸ਼ਤਾ ਟੁੱਟ ਗਿਆ। ਰਸਕਿਨ ਕਹਿੰਦਾ ਹੈ, "ਸ਼ਾਇਦ ਮੈਂ ਚਿਹਰੇ ਮੁਹਰੇ ਪੱਖੋਂ ਕੋਈ ਬਹੁਤਾ ਆਕਰਸ਼ਕ ਵਿਅਕਤੀ ਨਹੀਂ, ਇਸ ਲਈ।"

ਅਸਲੀਅਤ ਇਹ ਹੈ ਕਿ ਜਦ ਉਹ 8 ਸਾਲ ਦਾ ਬੱਚਾ ਸੀ ਤਦ ਉਸਦੇ ਮਾਂ ਬਾਪ ਅਲੱਗ ਹੋ ਗਏ। ਉਸਦਾ ਬਚਪਨ ਬੇਹੱਦ ਉਦਰੇਵੇਂ ਵਿਚ ਬੀਤਿਆ। ਉਸਦੇ ਮਨ ਵਿਚ ਸ਼ਾਦੀ ਦੇ ਸੰਕਲਪ ਦਾ ਜੋ ਅਕਸ ਬਣਿਆ ਸੀ ਉਹ ਸਦਾ ਸਦਾ ਲਈ ਤਿੜਕ ਗਿਆ। ਇਸ ਖਿਲਾਅ ਨੂੰ ਭਰਨ ਲਈ ਉਸਨੇ ਇਕ ਪਰਿਵਾਰ ਗੋਦ ਲੈ ਲਿਆ, ਜਿਹੜਾ ਉਸਦੀ ਦੇਖ ਭਾਲ ਕਰ ਰਿਹਾ ਹੈ।

ਜਵਾਨੀ ਵੇਲੇ ਰਸਕਿਨ ਹਸਪਤਾਲ ਦੀਆਂ ਨਰਸਾਂ ਵਿਚ ਬੜੀ ਦਿਲਚਸਪੀ ਲੈਂਦਾ। ਆਨੇ ਬਹਾਨੇ ਚੈੱਕਅਪ ਲਈ ਹਸਪਤਾਲ ਚਲਾ ਜਾਂਦਾ ਅਤੇ ਪੰਜ ਦਿਨਾਂ ਬਾਅਦ ਮੁੜਦਾ। ਉਹ ਸਾਰੀ ਉਮਰ ਗੋਲਕੀਪਰ ਹੀ ਬਣਿਆ ਰਿਹਾ। ਬਚਾਉਂਦਾ ਹੋਇਆ, ਰੋਕਦਾ ਹੋਇਆ, ਮੁਹੱਈਆ ਕਰਦਾ ਹੋਇਆ। ਉਹ ਕਦੇ ਮੋਹਰਲੀਆਂ ਸਫ਼ਾਂ ਵਿਚ ਉਤਸ਼ਾਹ ਨਾਲ ਭਰਿਆ ਹੋਇਆ ਗੋਲ ਕਰਦਾ ਨਜ਼ਰ ਨਹੀਂ ਆਇਆ। ਉਹ ਅਕਸਰ ਗੰਭੀਰ, ਚਿੰਤਨਸ਼ੀਲ ਮੁਦਰਾ ਵਿਚ ਬੈਠਾ, ਖੜ੍ਹਾ, ਤੁਰਦਾ ਨਜ਼ਰ ਆਉਂਦਾ ਹੈ ਉਸਨੂੰ ਬਲੈਕ ਐਂਡ ਵਾਈਟ ਫੋਟੋਗ੍ਰਾਫ਼ੀ ਦਾ ਬੜਾ ਸ਼ੌਕ ਹੈ। ਉਹ ਕਹਿੰਦਾ ਹੈ ਪਾਣੀ ਵਰਗੇ ਬਣੋ। ਪਾਣੀ ਕਿਧਰੇ ਰੁਕਦਾ ਨਹੀਂ। ਭਾਵੇਂ ਚਾਲ ਧੀਮੀ ਹੀ ਹੋਵੇ, ਉਹ ਜ਼ਰੂਰ ਕਿਤੇ ਨਾ ਕਿਤੇ ਪਹੁੰਚਦਾ ਆਪਣੇ ਕੰਮ ਵਿਚੋਂ ਖੁਸ਼ੀ ਲੱਭੋ ਅਤੇ ਇਧਰ ਉਧਰ ਥੋੜ੍ਹੀ-ਥੋੜ੍ਹੀ ਰੌਸ਼ਨੀ ਬਖੇਰਦੇ ਰਹੋ। ਪਿਆਰ, ਖੁਸ਼ੀ ਅਤੇ ਸ਼ਾਂਤੀ ਉਸਦੇ ਮਨਭਾਉਂਦੇ ਸ਼ਬਦ ਹਨ।

ਇਕ ਵਾਰ ਉਹ ਦੇਹਰਾਦੂਨ ਜਾਣ ਲਈ ਸਾਂਝੀ ਕੈਬ ਵਿਚ ਬੈਠਾ ਸੀ। ਅਚਾਨਕ ਉਸਨੇ ਵੇਖਿਆ ਕਿ ਨਾਲ ਵਾਲਾ ਯਾਤਰੀ ਉਸਦੀ ਇਕ ਪੁਸਤਕ ਪੜ੍ਹ ਰਿਹਾ ਸੀ। ਗੱਲਬਾਤ ਸ਼ੁਰੂ ਕਰ ਲਈ ਉਸਨੇ ਕਿਹਾ, "ਆਹ! ਇਹ ਮੇਰੀਆਂ ਕਿਤਾਬਾਂ ਵਿਚੋਂ ਇਕ ਹੈ।" "ਤੁਹਾਡਾ ਕੀ ਮਤਲਬ, ਤੁਹਾਡੀ ਕਿਤਾਬ?" ਯਾਤਰੀ ਚਿਲਾਇਆ, "ਮੈਂ ਹੁਣੇ ਹੁਣੇ ਇਹ ਮਸੂਰੀ ਤੋਂ ਕਿਤਾਬਾਂ ਦੀ ਦੁਕਾਨ ਤੋਂ ਖਰੀਦੀ ਹੈ।"

19 ਜਨਵਰੀ 1958 ਨੂੰ ਉਸਨੇ ਆਪਣੀ ਡਾਇਰੀ ਵਿਚ ਲਿਖਿਆ, "ਜਿਹੜੀਆਂ ਚੀਜ਼ਾਂ, ਜਿਹੜੇ ਕੰਮ ਮੈਂ ਆਪਣੇ ਆਪ, ਇਕੱਲਿਆਂ, ਬਿਨਾਂ ਕਿਸੇ ਦੀ ਸਲਾਹ, ਮਨਜ਼ੂਰੀ ਜਾਂ ਮਦਦ ਦੇ ਕੀਤੇ, ਉਹ ਮੈਂ ਬਿਹਤਰੀਨ ਢੰਗ ਨਾਲ ਕਰ ਸਕਿਆ।"

ਉਹ ਕਹਿੰਦਾ, "ਜ਼ਿੰਦਗੀ ਗੁਲਾਬ ਦੇ ਫੁੱਲਾਂ ਦੀ ਸੇਜ ਨਹੀਂ। ਬਾਵਜੂਦ ਇਸਦੇ ਮੈਨੂੰ ਅਨੇਕ ਬੇਮੌਸਮੀ ਗੁਲਾਬ ਮਿਲਦੇ ਰਹੇ ਹਨ।" ਉਸਨੇ ਜੀਵਨ ਵਿਚ ਜੋ ਕੁਝ ਗਵਾਇਆ ਉਸਦਾ ਹਿਸਾਬ ਨਹੀਂ ਪਰ ਜੋ ਕੁਝ ਪ੍ਰਾਪਤ ਕੀਤਾ ਉਸ ਨਾਲ ਉਹ ਖੁਸ਼ ਤੇ ਸੰਤੁਸ਼ਟ ਹੈ।

ਨਵੇਂ ਲੇਖਕਾਂ ਨੂੰ ਸਲਾਹ ਦਿੰਦਾ ਹੋਇਆ ਉਹ ਕਹਿੰਦਾ ਹੈ, "ਲਿਖਣਾ ਕੇਵਲ ਸ਼ਬਦਾਂ ਦੀ ਖੇਡ ਨਹੀਂ ਹੈ। ਕੀ ਤੁਸੀਂ ਨਿਗਰਾਨੀ ਕਰਨ ਵਾਲੇ ਹੋ? ਕੀ ਤੁਸੀਂ ਚਿੜੀ ਅਤੇ ਚਿੜੀਬਾਜ਼ ਵਿਚਲਾ ਅੰਤਰ ਦੱਸ ਸਕਦੇ ਹੋ? ਲਿਖਣ ਲਈ ਇਹ ਜ਼ਰੂਰੀ ਹੈ।"

"ਕੀ ਤੁਸੀਂ ਬਤੌਰ ਲੇਖਕ ਪਹਿਚਾਣ ਲਈ ਸਾਲਾਂ ਤੱਕ ਉਡੀਕ ਕਰ ਸਕਦੇ ਹੋ? ਹੋ ਸਕਦਾ ਉਮਰ ਭਰ। ਜੇਕਰ ਤੁਸੀਂ ਝੱਟਪਟ ਪਛਾਣ ਲੋਚਦੇ ਹੋ ਤਾਂ ਮਾਡਲ ਬਣੋ।"

ਰੈੱਡ ਸਮਿੱਥ ਦੇ ਹਵਾਲੇ ਨਾਲ ਰਸਕਿਨ ਬਾਂਡ ਲਿਖਦੇ ਹਨ, "ਲਿਖਣਾ ਬੇਹੱਦ ਅਸਾਨ ਹੈ। ਤੁਸੀਂ ਕੇਵਲ ਏਨਾ ਕਰਨਾ ਹੈ ਕਿ ਟਾਈਪ ਰਾਈਟਰ ਦੇ ਸਾਹਮਣੇ ਬੈਠ ਜਾਣਾ ਹੈ। ਉਦੋਂ ਤੱਕ ਜਦ ਤੱਕ ਤੁਹਾਡੇ ਮੱਥੇ ਵਿਚੋਂ ਛੋਟਾ ਜਿਹਾ ਖੂਨ ਦਾ ਕਤਰਾ ਨਾ ਸਿਮ ਨਾ ਜਾਵੇ।

ਰਸਕਿਨ ਬਾਂਡ ਦਾ ਇਕ ਪ੍ਰਸ਼ੰਸਕ ਉਸਨੂੰ ਕਹਿੰਦਾ, "ਮੈਂ ਤੁਹਾਡੇ ਵਾਂਗ ਇਕ ਲੇਖਕ ਬਣਨਾ ਚਾਹੁੰਦਾ ਹਾਂ, ਤਾਂ ਜੋ ਘਾਹ 'ਤੇ ਲੰਮਾ ਪਿਆ ਰਿਹਾਂ ਅਤੇ ਕੁਝ ਵੀ ਨਾ ਕਰਾਂ।"

ਉਸਨੂੰ ਨਹੀਂ ਸੀ ਪਤਾ ਕਿ ਘਾਹ 'ਤੇ ਲੰਮੇ ਪੈ ਕੇ ਕੋਈ 50 ਸਾਲ ਤੱਕ ਕੁਲਵਕਤੀ ਲੇਖਕ ਨਹੀਂ ਬਣਿਆ ਰਹਿ ਸਕਦਾ। ਉਹਦੇ ਲਈ ਉੱਠਣਾ ਪੈਂਦਾ ਹੈ, ਕੱਪੜਿਆਂ ਤੋਂ ਘਾਹ ਦੇ ਤਿਣਕੇ ਝਾੜ ਕੇ, ਹੱਥ ਮੂੰਹ ਧੋ ਕੇ, ਲਿਖਣ ਲਈ ਮੇਜ਼ 'ਤੇ ਟਾਈਪ ਰਾਈਟਰ ਦੇ ਸਾਹਮਣੇ ਬਹਿਣਾ ਪੈਂਦਾ ਹੈ। ਉਹ ਤਕਨੀਕ ਦੀ ਬਹੁਤ ਘੱਟ ਵਰਤੋਂ ਕਰਦਾ ਹੈ। ਕਾਗਜ਼, ਕਲਮ ਅਤੇ ਸ਼ਾਂਤ ਸਮਾਂ ਉਸਦੀ ਤਰਜੀਹ ਹੈ। ਬਹੁਤ ਮਾਣ ਸਨਮਾਨ ਮਿਲਣ ਦੇ ਬਾਵਜੂਦ ਉਹ ਨਿਮਰ ਅਤੇ ਮਿਲਣਸਾਰ ਤਬੀਅਤ ਦਾ ਮਾਲਕ ਹੈ। ਸਾਰੀ ਉਮਰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਕਾਰਨ ਉਸਦੀਆਂ ਲਿਖਤਾਂ ਵਿਚ ਵੀ ਉਹ ਗਹਿਰਾਈ ਸਹਿਜ ਸੁਭਾਵਕ ਆ ਗਈ। 1992 ਵਿਚ ਰਸਕਿਨ ਬਾਂਡ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। 1999 ਵਿਚ ਪਦਮ ਸ੍ਰੀ ਅਤੇ 2014 ਵਿਚ ਪਦਮ ਭੂਸ਼ਨ। ਵਿਅਕਤੀ ਮਹੱਤਵਪੂਰਨ ਨਹੀਂ ਹੁੰਦਾ। ਉਸਦਾ ਯੋਗਦਾਨ ਮਹੱਤਵਪੂਰਨ ਹੁੰਦਾ ਹੈ। ਜਸ਼ਨ ਯੋਗਦਾਨ ਦਾ ਮਨਾਇਆ ਜਾਂਦਾ। ਆਓ ਰਸਕਿਨ ਬਾਂਡ ਦੇ ਯੋਗਦਾਨ ਦਾ ਜਸ਼ਨ ਮਨਾਈਏ।

# ਕਵਿਤਾਵਾਂ / ਅਮਰਜੀਤ ਟਾਂਡਾ (ਸੰਪਰਕ+61 412913021)

## ਰੁੱਖ

ਰੁੱਖ ਸਿਰਫ਼ ਲੱਕੜ ਨਹੀਂ ਹੁੰਦਾ,
ਉਹ ਧਰਤੀ ਦੀ ਲੰਮੀ ਉਮਰ ਦਾ
ਹਰਿਆ ਭਰਿਆ ਦਸਤਖ਼ਤ ਹੁੰਦਾ ਹੈ

ਮਿੱਟੀ ਦੇ ਸੀਨੇ ਵਿੱਚ ਗੱਡੀਆਂ
ਅਦਿੱਖ ਉਂਗਲਾਂ ਨਾਲ
ਸਮੇਂ ਦੀ ਨਬਜ਼ ਟਟੋਲਦਾ ਹੈ ਉਹ

ਉਸ ਦੀਆਂ ਜੜ੍ਹਾਂ–
ਧਰਤੀ ਦੇ ਅੰਦਰ ਲਿਖੀਆਂ
ਚੁੱਪ ਕਵਿਤਾਵਾਂ ਹਨ
ਜਿਨ੍ਹਾਂ ਨੂੰ ਕੇਵਲ ਮੀਂਹ ਹੀ ਪੜ੍ਹ ਸਕਦਾ ਹੈ

ਉਹ ਖੜ੍ਹਾ ਰਹਿੰਦਾ ਹੈ
ਜਿਵੇਂ ਕੋਈ ਸੰਤ
ਸਦੀਆਂ ਤੋਂ ਇੱਕੋ ਅਰਦਾਸ ਵਿੱਚ
ਲੀਨ ਹੋਵੇ
ਅਤੇ ਪੱਤੇ ਉਸ ਦੀ ਮਾਲਾ ਦੇ ਹਰੇ ਮਣਕੇ
ਹਵਾ ਦੇ ਹੋਠਾਂ ਉੱਤੇ
ਵਾਹਿਗੁਰੂ ਵਾਂਗ ਖੜਕਦੇ ਰਹਿੰਦੇ ਹਨ

ਰੁੱਖ ਧੁੱਪ ਦਾ ਅਨੁਵਾਦ ਕਰਦਾ ਹੈ
ਹਵਾ ਨੂੰ ਸਾਹ ਬਣਾਉਂਦਾ ਹੈ
ਪੰਛੀਆਂ ਦੇ ਡਰਾਂ ਪਰਾਂ ਨੂੰ
ਆਪਣੀ ਛਾਂ ਵਿੱਚ ਆਲ੍ਹਣਾ ਦਿੰਦਾ ਹੈ
ਜਦੋਂ ਕੋਈ ਥੱਕਿਆ ਮਨੁੱਖ
ਉਸ ਹੇਠ ਬਹਿੰਦਾ ਹੈ,
ਰੁੱਖ ਆਪਣੇ ਤਣੇ ਦੀਆਂ ਨਸਾਂ ਵਿੱਚੋਂ
ਇਕ ਅਦਿੱਖ ਠੰਡਕ
ਉਸ ਦੀ ਰੂਹ ਵਿੱਚ ਵਿਛਾਉਂਦਾ ਹੈ

ਕਿੰਨਾ ਅਜੀਬ ਹੈ–
ਮਨੁੱਖ ਤੁਰ ਸਕਦਾ ਹੈ
ਫਿਰ ਵੀ ਬੇਚੈਨ ਹੈ
ਰੁੱਖ ਤੁਰ ਨਹੀਂ ਸਕਦਾ,
ਫਿਰ ਵੀ ਅਸਮਾਨ ਤੱਕ ਪਹੁੰਚ ਜਾਂਦਾ ਹੈ
ਰੁੱਖ
ਧਰਤੀ ਦਾ ਉਹ ਫ਼ਕੀਰ ਹੈ
ਜੋ ਕਦੇ ਭਿੱਖ ਨਹੀਂ ਮੰਗਦਾ,
ਪਰ ਸਾਰੀ ਉਮਰ
ਛਾਂ, ਸਾਹ, ਫ਼ਲ, ਫੁੱਲ
ਅਤੇ ਚਿੜੀਆਂ ਦੇ ਘਰ ਵੰਡਦਾ ਹੈ

ਜਦੋਂ ਕੁਹਾੜੀ ਉਸ ਦੇ ਜਿਸਮ ਵਿੱਚ ਡੁੱਬਦੀ ਹੈ
ਤਾਂ ਕੇਵਲ ਲੱਕੜ ਨਹੀਂ ਚੀਰਦੀ–
ਉਹ ਮੌਸਮਾਂ ਦੀਆਂ ਰਗਾਂ ਕੱਟਦੀ ਹੈ
ਹਵਾਵਾਂ ਦੀ ਜ਼ਬਾਨ ਜਖ਼ਮੀ ਕਰਦੀ ਹੈ,
ਅਤੇ ਧਰਤੀ ਦੀਆਂ ਅੱਖਾਂ ਵਿੱਚ
ਬੁਰਾਦੇ ਵਰਗਾ ਦੁੱਖ ਭਰ ਦਿੰਦੀ ਹੈ

ਹਰ ਡਿੱਗਦਾ ਰੁੱਖ
ਅਸਲ ਵਿੱਚ ਇੱਕ ਖਾਮੋਸ਼
ਆਕਾਸ਼ ਦਾ ਕਤਲ ਹੁੰਦਾ ਹੈ

ਰੁੱਖਾਂ ਕੋਲ
ਕੋਈ ਸੰਸਦ ਨਹੀਂ ਫੌਜ ਨਹੀਂ
ਕੋਈ ਧਰਮ ਗ੍ਰੰਥ ਨਹੀਂ–
ਫਿਰ ਵੀ ਉਹ
ਸਭ ਤੋਂ ਵੱਡੇ ਦਾਰਸ਼ਨਿਕ ਹਨ
ਉਹ ਸਿਖਾਉਂਦੇ ਹਨ ਉੱਚਾ ਹੋਣਾ
ਅਸਮਾਨ ਨੂੰ ਛੂਹਣਾ ਨਹੀਂ
ਸਗੋਂ ਜੜ੍ਹਾਂ ਨੂੰ ਹੋਰ ਡੂੰਘਾ ਕਰਨਾ
ਅਤੇ ਅਖੀਰ ਵਿੱਚ
ਜਦੋਂ ਇੱਕ ਰੁੱਖ ਸੁੱਕ ਜਾਂਦਾ ਹੈ
ਉਹ ਮਰਦਾ ਨਹੀਂ–
ਉਹ ਆਪਣੇ ਅੰਦਰ ਸੰਭਾਲਿਆ ਹੋਇਆ ਸਾਰਾ ਸੂਰਜ
ਲੱਕੜ ਦੀਆਂ ਰਗਾਂ ਵਿੱਚ ਰੱਖ ਕੇ
ਚੁੱਪਚਾਪ ਅੱਗ ਨੂੰ ਵਾਰਸ ਬਣਾ ਜਾਂਦਾ ਹੈ



## ਮਿੱਟੀ

ਮਿੱਟੀ ਉਸ ਮਾਂ ਵਰਗੀ ਹੈ
ਜੋ ਆਪਣੇ ਬੱਚਿਆਂ ਦੇ ਹਰ ਪਾਪ ਨੂੰ
ਚੁੱਪਚਾਪ ਆਪਣੇ ਅੰਦਰ ਦਫ਼ਨ ਕਰ ਲੈਂਦੀ ਹੈ

ਇਸ ਦੀ ਖ਼ੁਸ਼ਬੂ ਇਉਂ ਲੱਗਦੀ ਹੈ
ਜਿਵੇਂ ਸਦੀਆਂ ਪੁਰਾਣੀ ਕੋਈ ਯਾਦ
ਅਚਾਨਕ ਰੂਹ ਦੇ ਬੂਹੇ ਤੇ ਦਸਤਕ ਕਰ ਗਈ ਹੋਵੇ

ਕਿਸੇ ਫ਼ਕੀਰ ਦੀ ਝੋਲੀ ਵਰਗੀ ਹੈ ਇਹ
ਜਿਸ ਵਿੱਚ ਹਰ ਦੁੱਖ ਦੁਆ ਬਣ ਜਾਂਦਾ ਹੈ

ਮਿੱਟੀ ਧਰਤੀ ਦਾ ਸਿਰਫ਼ ਚਿਹਰਾ ਹੀ ਨਹੀਂ ਹੁੰਦੀ
ਇਹ ਬੁੱਢੀ ਮਾਂ ਦਾਦੀ ਵਰਗਾ ਜਹਾਨ ਹੁੰਦਾ ਹੈ
ਜੋ ਆਪਣੇ ਝੁਰੜੀਆਂ ਵਾਲੇ ਹੱਥਾਂ ਵਿੱਚ
ਸਮੇਂ ਦੇ ਟੁੱਟੇ ਹੋਏ ਕੰਗਣ ਕੜੇ ਛੁਪਾ ਸਾਂਭ ਕੇ ਰੱਖਦੀ ਹੈ

ਇਸ ਦੀ ਖਾਮੋਸ਼ੀ ਵਿੱਚ
ਅਣਗਿਣਤ ਮਰ ਚੁੱਕੇ ਸੂਰਜਾਂ ਦੀ ਰਾਖ ਪਈ ਹੁੰਦੀ ਹੈ
ਅਤੇ ਹਰ ਬੀਜ ਇਸ ਦੇ ਸੀਨੇ ਵਿੱਚ
ਇੱਕ ਅਧੂਰਾ ਖ਼ੁਆਬ ਬਣ ਕੇ ਧੜਕਦਾ ਉਗਮਦਾ ਉੱਗਦਾ ਹੈ

ਮਿੱਟੀ
ਕੋਈ ਜ਼ਮੀਨ ਨਹੀਂ ਹੁੰਦੀ
ਇਹ ਰੱਬ ਦੀ ਥੱਕੀ ਹੋਈ ਪਲਕ ਉੱਤੇ
ਟਿਕਿਆ ਹੋਇਆ ਸਿਤਾਰੇ ਵਰਗਾ ਆਖ਼ਰੀ ਹੰਝੂ ਹੁੰਦਾ ਹੈ

ਜਦੋਂ ਮੀਂਹ ਵਰ੍ਹਦਾ ਹੈ
ਤਾਂ ਅਸਮਾਨ ਇਸ ਦੇ ਮੱਥੇ ਨੂੰ ਚੁੰਮ ਕੇ
ਆਪਣੇ ਪਾਪ ਧੋਂਦਾ ਹੈ
ਤੇ ਜਦੋਂ ਕਿਸਾਨ ਹਲ ਦੀ ਨੋਕ ਨਾਲ
ਇਸ ਦੇ ਸਰੀਰ ਨੂੰ ਚੀਰਦਾ ਹੈ ਸਿਆੜਾਂ ਵਿਚ
ਤਾਂ ਦਰਦ ਦੀਆਂ ਲਹਿਰਾਂ ਵਿੱਚੋਂ
ਰੋਟੀ ਟੁੱਕ ਦੇ ਡੋਡੀਆਂ ਫੁੱਲ ਖਿੜ ਪੈਂਦੇ ਹਨ

ਮੈਂ ਵੇਖਿਆ ਹੈ
ਮਿੱਟੀ ਦੇ ਕਣਾਂ ਵਿੱਚ
ਚਿਰਾਂ ਤੋਂ ਸੁੱਤੇ ਪੁਰਖਿਆਂ ਦੀਆਂ ਉਂਗਲਾਂ ਕੰਬਦੀਆਂ ਹਨ
ਜਿਵੇਂ ਉਹ ਅਜੇ ਵੀ
ਸਾਡੇ ਪੈਰਾਂ ਦੀਆਂ ਆਵਾਜ਼ਾਂ ਨੂੰ ਪਛਾਣਦੇ ਹੋਣ ਤੇ ਪੈੜਾਂ ਕੱਢਦੇ ਹੋਣ

ਇਹ ਉਹ ਅਦਭੁੱਤ ਕਿਤਾਬ ਹੈ
ਜਿਸ ਦੇ ਹਰ ਸਫ਼ੇ ਉੱਤੇ
ਇਨਸਾਨ ਨੇ ਆਪਣੀ ਹਵਸ ਦਾ ਖ਼ੂਨ ਡੋਲ੍ਹਿਆ ਤੇ ਅਹੰਕਾਰ ਵਿਛਾਇਆ ਲਿਖਿਆ ਹੁੰਦਾ ਹੈ
ਪਰ ਮਿੱਟੀ ਨੇ
ਹਰ ਵਾਰੀ ਉਸ ਖ਼ੂਨ ਦੇ ਤੁਪਕਿਆਂ ਨੂੰ
ਗੁਲਾਬਾਂ ਤੇ ਕਲੀਆਂ ਦੀ ਸੁਗੰਧਤ ਬਣਾ ਪਵਨ ਨੂੰ ਖ਼ੁਸ਼ਬੂ ਨਾਲ ਭਰ ਦਿੱਤਾ
ਤਾਂ ਕਿ ਮੇਰੇ ਬੱਚਿਆਂ ਨੂੰ ਸਾਹ ਮਹਿਕਦੇ ਆਉਣ

ਕਿੰਨੀ ਅਜ਼ੀਬ ਫ਼ਿਲਾਸਫ਼ੀ ਹੈ
ਅਸੀਂ ਸਾਰੀ ਉਮਰ
ਉੱਚੇ ਹੋਣ ਦੀਆਂ ਪੌੜ੍ਹੀਆਂ ਚੜ੍ਹਦੇ ਰਹਿੰਦੇ ਹਾਂ
ਪਰ ਆਖ਼ਰਕਾਰ
ਮਿੱਟੀ ਦੀ ਗੋਦ ਵਿੱਚ ਆ ਕੇ ਹੀ
ਆਪਣੇ ਅਸਲੀ ਕੱਦ ਨੂੰ ਜਾਣਦੇ ਮਿਣਦੇ ਹਾਂ

ਮਿੱਟੀ ਸੂਫ਼ੀ ਦਰਵੇਸ਼ ਵਾਂਗ
ਸਭ ਕੁਝ ਆਪਣੇ ਅੰਦਰ ਦਫ਼ਨ ਕਰਕੇ ਵੀ ਖ਼ਾਮੋਸ਼ ਰਹਿੰਦੀ ਹੈ
ਨਾ ਕੋਈ ਸ਼ਿਕਾਇਤ ਨਾ ਕੋਈ ਬਦਲਾ
ਸਿਰਫ਼ ਉਗਾਉਣਾ ਰੂਪ ਬਖਸ਼ਣਾ
ਜਨਮ ਦੇਣਾਂ ਰੂਹਾਂ ਨੂੰ

ਮਿੱਟੀ ਉੱਤੇ ਤੁਰਦੇ ਪੈਰ ਇਉਂ ਲੱਗਦੇ ਹਨ
ਜਿਵੇਂ ਵਕਤ ਆਪਣੀ ਹੀ ਛਾਤੀ ਉੱਤੇ ਕੋਈ ਕਥਾ ਕਹਾਣੀ ਲਿਖ ਰਿਹਾ ਹੋਵੇ

ਖੇਤ ਚ ਹਲ ਦੀਆਂ ਲਕੀਰਾਂ ਇੰਝ ਲੱਗਦੀਆਂ ਹਨ
ਜਿਵੇਂ ਕੋਈ ਸ਼ਾਇਰ
ਗ਼ਮ ਦੀ ਸਿਆਹੀ ਨਾਲ ਨਜ਼ਮ ਉਣ ਰਿਹਾ ਹੋਵੇ

ਮਿੱਟੀ ਦਾ ਹਰ ਕਣ ਬੁੱਢੇ ਦਰਵੇਸ਼ ਦੀ
ਅੱਖ ਵਰਗਾ ਜਾਪਦਾ ਹੈ
ਜਿਸ ਵਿੱਚ ਸਦੀਆਂ ਦੀ ਚੁੱਪ ਸੁੱਤੀ ਪਈ ਹੋਵੇ
ਮੀਂਹ ਜਦ ਮਿੱਟੀ ਨੂੰ ਛੂੰਹਦਾ ਹੈ
ਤਾਂ ਧਰਤੀ
ਇਉਂ ਮਹਿਕਦੀ ਹੈ
ਜਿਵੇਂ ਪ੍ਰੇਮਿਕਾ ਨੇ ਸਦੀਆਂ ਬਾਅਦ
ਪਹਿਲੀ ਵਾਰ ਖ਼ਤ ਖੋਲ੍ਹ ਕੇ ਚੁੰਮਣ ਦਿਤਾ ਹੋਵੇ

ਮਿੱਟੀ ਕਬਰ ਦੀ ਚੁੱਪ ਵਰਗੀ ਹੁੰਦੀ ਹੈ
ਜਿਵੇਂ ਕਿਸੇ ਦੇ ਆਖਰੀ ਸਾਹਾਂ ਦਾ
ਰਾਜ ਆਪਣੇ ਹੋਠਾਂ ਵਿੱਚ ਛੁਪਾਈ ਬੈਠੀ ਹੋਵੇ

ਮਿੱਟੀ ਦੀ ਗੋਦ
ਕਿਸੇ ਸੂਫ਼ੀ ਦੀਆਂ ਬਾਂਹਾਂ ਵਰਗੀ ਹੁੰਦੀ ਹੈ
ਜਿੱਥੇ ਹਰ ਥੱਕੀ ਹੋਈ ਰੂਹ ਨੂੰ
ਸਕੂਨ ਮਿਲ ਜਾਂਦਾ ਹੈ

ਇੱਕ ਦਿਨ
ਜਦੋਂ ਸ਼ਹਿਰਾਂ ਮਹਿਲਾਂ ਦੇ ਸ਼ੀਸ਼ੇ
ਅਹੰਕਾਰ ਦੇ ਭਾਰ ਨਾਲ ਟੁੱਟ ਜਾਣਗੇ
ਜਦੋਂ ਮਸ਼ੀਨਾਂ ਦੇ ਸਾਹ
ਲੋਹੇ ਵਿੱਚ ਜਾਮ ਹੋ ਜਾਣਗੇ
ਤਾਂ ਆਖ਼ਰ ਵਿੱਚ
ਬਚੇਗੀ ਸਿਰਫ਼ ਮਿੱਟੀ

ਉਹੀ ਮਿੱਟੀ
ਜੋ ਮਨੁੱਖ ਦੇ ਪਹਿਲੇ ਕਦਮ ਦੀ ਵੀ ਗਵਾਹ ਸੀ
ਅਤੇ ਆਖ਼ਰੀ ਚੀਖ਼ ਦੀ ਵੀ

*ਅੰਤਰਰਾਸ਼ਟਰੀ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ*
*ਡਾਇਰੈਕਟਰ*
*ਵਿਸ਼ਵ ਪੰਜਾਬੀ ਸਾਹਿਤ ਪੀਠ*